# ਰਵਿਦਾਸ ਬਾਣੀ ਦਾ ਪੌਰਾਣਿਕ ਅਧਿਐਨ

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ
ਭਾਸ਼ਾ ਫ਼ੈਕਲਟੀ ਵਿਚ ਪੀ-ਐਚ. ਡੀ. ਦੀ ਡਿਗਰੀ ਲਈ
ਪ੍ਰਸਤੁਤ ਕੀਤਾ ਗਿਆ

**ਸ਼ੋਧ-ਪ੍ਰਬੰਧ**

[redacted]

**ਖੋਜਾਰਥੀ :**
ਸੁਖਵਿੰਦਰ ਕੌਰ

**ਗੁਰੂ ਰਵਿਦਾਸ ਚੇਅਰ**
**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**

1992

PANJAB UNIVERSITY LIBRARY

# ਵਿਸ਼ਾ-ਸੂਚੀ

ਭੂਮਿਕਾ

ਅਧਿਆਇ ਪਹਿਲਾ

ਪੌਰਾਣਿਕ ਸਾਹਿਤ ਦੀ ਪਰਿਭਾਸ਼ਾ ਤੇ ਪੌਰਾਣਿਕਤਾ: ਸਿਧਾਂਤਕ ਪਰਿਪੇਖ

ਅਧਿਆਇ ਦੂਜਾ

ਰਵਿਦਾਸ ਬਾਣੀ: ਸਾਹਿਤਕ ਪ੍ਰਵਿਰਤੀਆਂ ਦੇ ਸੰਦਰਭ ਵਿਚ ਪੌਰਾਣਿਕਤਾ

ਅਧਿਆਇ ਤੀਜਾ

ਰਵਿਦਾਸ ਬਾਣੀ: ਪੌਰਾਣਿਕ ਤੱਤ

ਅਧਿਆਇ ਚੌਥਾ

ਰਵਿਦਾਸ ਬਾਣੀ: ਕਥਾਨਕੀ ਜੁਗਤਾਂ ਅਧੀਨ ਪੌਰਾਣਿਕ ਹਵਾਲੇ

ਅਧਿਆਇ ਪੰਜਵਾਂ

ਗੁਰਮਤਿ ਫਲਸਫਾ ਅਤੇ ਰਵਿਦਾਸ ਬਾਣੀ: ਨਿਰਗੁਣਧਾਰਾ ਦੇ ਵਿਸ਼ੇਸ਼
ਸੰਦਰਭ ਵਿਚ

ਸਾਰ ਅਤੇ ਸਥਾਪਨਾਵਾਂ

ਪੁਸਤਕ-ਸੂਚੀ

# ਭੂਮਿਕਾ

ਮਨੁੱਖੀ ਚੇਤਨਾ ਪਿਛਲੇ ਸੈਂਕੜੇ-ਹਜ਼ਾਰਾਂ ਵਰ੍ਹਿਆਂ ਤੋਂ ਆਪਣੇ ਅਸਲੇ ਅਤੇ ਮੂਲ ਦੀ ਜਾਣਕਾਰੀ ਲਈ ਯਤਨਸ਼ੀਲ ਹੈ। ਇਸ ਰੁਚੀ ਦੀ ਅਭਿਵਿਅਕਤੀ ਸਮੇਂ-ਸਮੇਂ ਵੱਖ-ਵੱਖ ਆਯਾਮਾਂ ਰਾਹੀਂ ਹੁੰਦੀ ਆਈ ਹੈ। ਮਨੁੱਖ ਭਾਵੇਂ ਪ੍ਰਕਿਰਤੀ ਨਾਲ ਲਗਾਤਾਰ ਸੰਘਰਸ਼ ਸਥਿਤੀ ਵਿਚ ਰਹਿੰਦਾ ਹੈ। ਪਰ ਆਪਣੀ ਸਮਝਣ ਪਛਾਣਨ ਦੀ ਰੁਚੀ ਸਦਕਾ ਉਹ ਅਭਿਵਿਅਕਤੀਆਂ ਦੇ ਨਵੇਂ-ਨਵੇਂ ਮਾਰਗ ਲੱਭ ਲੈਂਦਾ ਹੈ। ਇਸੇ ਲਈ ਮਨੁੱਖ, ਮਨੁੱਖ ਪ੍ਰਤੀ ਵਿਅਕਤੀਗਤ ਅਤੇ ਸਭਿਆਚਾਰਕ ਪੱਧਰ ਤੇ ਸਮੂਹਕ ਰੂਪ ਵਿਚ ਸਾਹਿਤ, ਕਲਾ ਵਰਗੇ ਮਾਧਿਅਮਾਂ ਰਾਹੀਂ ਮੁਖ਼ਾਤਬ ਹੁੰਦਾ ਆਇਆ ਹੈ। ਸਾਹਿਤ, ਕਲਾ ਦੇ [illegible] ਸਾਰੇ ਰੂਪ ਅਤੇ ਆਧਾਰ ਹਨ। ਪਰ ਅਨੇਕ ਅਜਿਹੇ ਪਾਸਾਰ ਜਿੱਥੇ ਅਭਿਵਿਅਕਤੀ ਦਾ ਮਾਧਿਅਮ ਸੌਖਾ ਪ੍ਰਤੀਤ ਹੋਵੇ, ਉਥੇ ਕਵਿਤਾ ਆਪਣੀ ਪੂਰੀ ਪ੍ਰਭੁਤਾ ਨਾਲ ਪ੍ਰਗਟ ਹੁੰਦੀ ਹੈ।

ਮੱਧਕਾਲੀ ਪੰਜਾਬੀ ਕਵਿਤਾ ਵਜੋਂ ਗੁਰੂ ਰਵਿਦਾਸ ਬਾਣੀ ਭਾਰਤੀ ਕਾਵਿ-ਪਰੰਪਰਾ ਦਾ ਗੌਰਵਸ਼ਾਲੀ ਵਿਰਸਾ ਹੈ। ਚਿੰਤਕਾਂ, ਖੋਜੀਆਂ ਨੇ ਗੁਰੂ ਰਵਿਦਾਸ ਬਾਣੀ ਉਪਰ ਨਿਰੰਤਰ ? ਖੋਜ ਕਰ ਕਰਕੇ ਇਸ ਬਾਣੀ ਦੇ ਸੌਂਦਰਯ ਨੂੰ ਉਜਾਗਰ ਕੀਤਾ ਹੈ।

ਅਜੋਕੇ ਵਿਗਿਆਨਕ ਯੁੱਗ ਵਿਚ ਸਾਹਿਤ-ਸਮੀਖਿਆ ਲਈ ਅਨੇਕ ਵਿਗਿਆਨਕ ਵਿਧੀਆਂ ਅਤੇ ਸਮੀਖਿਆ ਪ੍ਰਣਾਲੀਆਂ ਦ੍ਰਿਸ਼ਟੀਗੋਚਰ ਹੋਈਆਂ ਹਨ। ਸਮਾਜਿਕਤਾ ਦੇ ਸੰਦਰਭ ਵਿਚ ਮਨੋਵਿਗਿਆਨਕ-ਅਸਤਿਤ੍ਵੀ ਅਤੇ ਭਾਸ਼ਾਈ ਆਧਾਰਾਂ ਨੂੰ ਸਨਮੁੱਖ ਰਖ ਕੇ ਸਿਧਾਂਤ ਅਤੇ ਵਿਹਾਰਿਕਤਾ ਦੇ ਪ੍ਰਸੰਗ ਵਿਚ ਮੱਧਕਾਲੀ ਪੰਜਾਬੀ ਸਾਹਿਤ, ਖ਼ਾਸ ਕਰਕੇ ਕਵਿਤਾ ਦੇ ਸੌਂਦਰਯ ਨੂੰ ਜਾਣਨ ਅਤੇ ਸਮਝਣ ਦੀ ਇਕ ਨਵੀਨ ਪੰਜਾਬੀ ਚਿੰਤਨ ਨੂੰ ਲੋੜ ਹੈ। ਸਾਡਾ ਹਥਲਾ ਕਾਰਜ ਵੀ ਇਸੇ ਸੇਧ ਦਾ ਇਕ ਹਿੱਸਾ ਹੈ ਜੋ ਇਕ ਕਵੀ ਵਜੋਂ ਰਵਿਦਾਸ ਚੇਤਨਾ ਨੂੰ ਸਮਝਣ ਵਿਚ

ਆਏਗਾ। ਹੱਥਲਾ ਅਧਿਐਨ ਇਸੇ ਵਿਧੀ ਵਿਗਿਆਨਕ ਸੇਧ ਦਾ ਸਿੱਟਾ ਹੈ।

ਸਮੁੱਚੇ ਖੋਜ-ਕਾਰਜ ਨੂੰ ਅਸੀਂ ਪੰਜ ਹਿੱਸਿਆਂ ਵਿਚ ਵੰਡਿਆ ਹੈ। ਪਹਿਲੇ ਦੋ ਅਧਿਆਇ ਸਿਧਾਂਤਕ ਪੱਖਾਂ ਦੇ ਹਨ ਅਤੇ ਤੀਸਰਾ ਅਤੇ ਚੌਥਾ ਵਿਚਾਰਕ ਪਰਿਪੇਖ ਨੂੰ ਸਮਰਪਿਤ ਹਨ। ਪੰਜਵਾਂ ਅਤੇ ਅੰਤਿਮ ਅਧਿਆਇ ਰਵਿਦਾਸ ਬਾਣੀ ਦੀ ਸਾਰਥਕਤਾ ਨੂੰ ਗੁਰਮਤਿ ਚੇਤਨਾ ਰਾਹੀਂ ਅੰਤਰ-ਅਨੁਸ਼ਾਸਨੀ ਦ੍ਰਿਸ਼ਟੀ ਅਧੀਨ ਸਮਝਣ ਦੇ ਯਤਨ ਵਜੋਂ ਹੈ।

ਸਮੁੱਚਾ ਖੋਜ ਕਾਰਜ ਵਿਧੀ ਦੀ ਵਿਹਾਰਕਤਾ ਅਤੇ ਵਿਗਿਆਨਕ ਢੰਗਾਂ ਉੱਪਰ ਆਧਾਰਿਤ ਹੈ। ਵਿਗਿਆਨਕ ਵਿਧੀ ਅਧੀਨ ਤਰਜੀਹਾਂ ਵੀ ਗੁਰੂ ਰਵਿਦਾਸ ਬਾਣੀ ਦੀ ਦਾਰਸ਼ਨਿਕਤਾ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਗਿਆ, ਸਗੋਂ ਰਵਿਦਾਸ ਬਾਣੀ ਦੇ ਸੰਦੇਸ਼ ਨੂੰ ਉਜਾਗਰ ਕਰਨ ਲਈ ਸਿਧਾਂਤਾਂ ਨੂੰ ਇਕ ਸੇਧ ਵਜੋਂ ਵਰਤਿਆ ਹੈ।

ਇਸ ਖੋਜ-ਪ੍ਰਕਿਰਿਆ ਵਿਚ ਮੇਰੇ ਨਿਗਰਾਨ ਡਾ. ਧਰਮਪਾਲ ਸਿੰਗਲ, ਮੇਰੇ ਅਧਿਆਪਕ ਘੱਟ ਹੀ ਨਹੀਂ ਸਹਿਯੋਗੀ ਵਧੇਰੇ ਰਹੇ, ਸਗੋਂ ਇਸ ਖੋਜ-ਕਾਰਜ ਵਿਚ ਇਕ ਸਹਿਯਾਤਰੀ ਵਾਂਗ ਮੇਰੇ ਨਾਲ ਤੁਰੇ ਹਨ। ਖੋਜ ਦੀ ਹਰ ਔਖੀ ਘਾਟੀ ਉਨ੍ਹਾਂ ਆਪਣੀ ਰਾਹਨੁਮਾਈ ਰਾਹੀਂ ਪਾਰ ਕਰਵਾਈ ਹੈ। ਇਸੇ ਲਈ "ਰਵਿਦਾਸ ਬਾਣੀ ਦਾ ਪੌਰਾਣਿਕ ਅਧਿਐਨ" ਵਰਗੇ ਵਿਸ਼ੇ ਉੱਪਰ ਮੇਰੇ ਜਿਹੀ ਨਿਮਨ ਬੁੱਧ ਇਹ ਖੋਜ ਕਾਰਜ ਸਿਰੇ ਲਾ ਸਕੀ ਹੈ। ਆਪਣੇ ਪਿਤਾ ਸਮਾਨ ਗੁਰੂ ਦਾ ਕੋਟਿ ਕੋਟਿ ਧੰਨਵਾਦ। ਮੈਂ ਉਨ੍ਹਾਂ ਪ੍ਰਤੀ ਨਤਮਸਤਕ ਹਾਂ। ਆਪਣੇ ਪਿਤਾ ਪ੍ਰੋਫੈਸਰ ਜਸਵੰਤ ਸਿੰਘ ਵਿਰਦੀ, ਮਾਤਾ ਜੀ ਅਤੇ ਆਪਣੇ ਸਹੁਰਾ ਸਾਹਿਬ, ਡਾ. ਕੁਲਬੀਰ ਸਿੰਘ ਕਾਂਗ, ਸ੍ਰੀਮਤੀ ਕਾਂਗ ਅਤੇ ਪਤੀ ਡਾ. ਮਹਿੰਦਰ ਸਿੰਘ ਕਾਂਗ ਹੋਰਾਂ ਦਾ ਸਮੂਹਕ ਧੰਨਵਾਦ।

ਮੇਰਾ ਇਹ ਖੋਜ-ਕਾਰਜ ਗੁਰੂ ਰਵਿਦਾਸ ਬਾਣੀ ਦੇ ਸੰਦੇਸ਼ ਨੂੰ ਸਮਝਣ-ਪਛਾਣਨ ਵਿਚ ਖੋਜੀਆਂ ਅਤੇ ਚਿੰਤਕਾਂ ਦੇ ਕੰਮ ਆਵੇ, ਇਸੇ ਆਸ ਨਾਲ,

ਸੁਖਵਿੰਦਰ ਕੌਰ

# ਅਧਿਆਇ ਪਹਿਲਾ

## ਪੌਰਾਣਿਕ ਸਾਹਿਤ ਦੀ ਪਰਿਭਾਸ਼ਾ ਤੇ ਪੌਰਾਣਿਕਤਾ: ਸਿਧਾਂਤਕ ਪਰਿਪੇਖ

ਪਰਿਭਾਸ਼ਾ, ਸਰੂਪ

ਲੱਛਣ ਤੇ ਵਰਣਿਤ ਵਿਸ਼ੇ

ਵਰਗੀਕਰਣ

ਮਹੱਤਵ ਤੇ ਉਪਯੋਗਤਾ

ਸਥਾਪਨਾਵਾਂ

# ਅਧਿਆਇ ਪਹਿਲਾ

## ਪੌਰਾਣਿਕ ਸਾਹਿਤ ਦੀ ਪਰਿਭਾਸ਼ਾ ਅਤੇ ਪੌਰਾਣਿਕਤਾ: ਸਿਧਾਂਤਕ ਪਰਿਪੇਖ

### ਪਰਿਭਾਸ਼ਾ, ਸਰੂਪ ਅਤੇ ਲੱਛਣ

ਪੁਰਾਣ ਸਾਹਿਤ ਭਾਰਤ ਦੀ ਪ੍ਰਾਚੀਨ ਸੱਭਿਆਤਾ ਅਤੇ ਸੰਸਕ੍ਰਿਤੀ ਨੂੰ ਸਮੁੱਚੇ ਰੂਪ ਵਿਚ ਪੇਸ਼ ਕਰਨ ਵਾਲਾ ਅਤਿ ਵਿਸ਼ਿਸ਼ਟ ਸਾਹਿਤਕ ਵਿਰਸਾ ਹੈ। ਇਹ ਵਿਰਸਾ ਅਠਾਰ੍ਹਾਂ ਪੁਰਾਣਾਂ ਦੇ ਵਿਸ਼ਾਲ ਰੂਪ ਵਿਚ ਫੈਲਿਆ ਹੋਇਆ ਹੈ।

ਪੁਰਾਣਾਂ ਦੁਆਰਾ ਭਾਰਤੀ ਸੱਭਿਆਤਾ ਅਤੇ ਸੰਸਕ੍ਰਿਤੀ ਦੇ ਦੂਸਰੇ ਮਹੱਤਵਪੂਰਨ ਯੁੱਗ ਦਾ ਆਰੰਭ ਹੁੰਦਾ ਹੈ। ਭਾਰਤੀ ਸੱਭਿਆਤਾ ਦਾ ਪਹਿਲਾ ਮਹੱਤਵਪੂਰਨ ਯੁੱਗ ਵੇਦਾਂ ਦੇ ਅਵਤਰਨ ਦੁਆਰਾ ਆਰੰਭ ਹੋਇਆ ਸੀ। ਇਹ ਵੇਦ ਅਤੇ ਪੁਰਾਣ ਭਾਰਤੀ ਜਨ-ਮਾਨਸ ਦੁਆਰਾ ਧਰਮ-ਅਰਥ-ਕਾਮ-ਮੋਕਸ਼ ਪ੍ਰਾਪਤ ਕਰਨ ਲਈ ਪੂਜੇ ਜਾਂਦੇ ਹਨ। ਵੈਦਿਕ ਕਥਾਵਾਂ ਦੇ ਬੀਜ ਰੂਪ ਤੋਂ ਹੀ ਉਪਨਿਸ਼ਦ ਅਤੇ ਪੁਰਾਣ-ਸਾਹਿਤ ਵਿਕਸਿਤ ਹੋਇਆ ਹੈ। ਪਰ ਅੱਜ ਪੁਰਾਣ-ਸਾਹਿਤ ਅਜੋਕੇ ਹਿੰਦੂ ਜੀਵਨ ਦਾ ਇਕ ਅਟੁੱਟ ਅੰਗ ਹੈ। ਇਸ ਨੇ ਸਦੀਆਂ ਤੋਂ ਹਿੰਦੂ ਜੀਵਨ ਵਿਚ ਨਵੀਨ ਚੇਤਨਾ ਦਾ ਸੰਚਾਰ ਕੀਤਾ ਹੈ। ਇਸ ਲਈ ਪੁਰਾਣ, ਹਿੰਦੂ ਸਮਾਜ ਦੁਆਰਾ ਸਦੀਆਂ ਤੋਂ ਪਵਿੱਤਰ ਮੰਨੇ ਜਾਂਦੇ ਹਨ। ਇਨ੍ਹਾਂ ਵਿਚਲੀਆਂ ਕਦਰਾਂ-ਕੀਮਤਾਂ ਉੱਤੇ ਅੱਜ ਦੇ ਹਿੰਦੂ ਧਰਮ ਦੀ ਠੋਸ ਨੀਂਹ ਰੱਖੀ ਗਈ ਹੈ। ਇਨ੍ਹਾਂ ਵਿਚ ਵਰਣਿਤ ਕਥਾਵਾਂ ਦਾ ਭਾਰਤੀ ਜਨ-ਜੀਵਨ 'ਤੇ ਅਤਿਅੰਤ ਡੂੰਘਾ ਪ੍ਰਭਾਵ ਪਿਆ ਹੈ। ਪੁਰਾਣ

ਸਾਹਿਤ ਰਚਿਤਾ ਦੇ ਉੱਤਮ ਨਮੂਨੇ ਵਜੋਂ ਵੀ ਪੇਸ਼ ਹੋਇਆ ਹੈ ਅਤੇ ਇਹ ਸਾਹਿਤ ਆਉਣ ਵਾਲੇ ਕਵੀਆਂ ਲਈ ਪ੍ਰੇਰਣਾ ਦਾ ਸੋਮਾ ਵੀ ਹੈ। ਹਰ ਜੁਗ ਦੇ ਜੀਵਨ ਨਾਲ ਇਸ ਦੀ ਜਾਗਰੂਕ ਸਾਂਝ ਨੇ ਇਸ ਸਾਹਿਤ ਨੂੰ ਹਰਮਨਪਿਆਰਾ ਬਣਾਈ ਰੱਖਿਆ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਇਹ [illegible] ਸਿਰਫ਼ ਕਿਸੇ ਵਿਸ਼ੇਸ਼ ਜਾਤੀ ਨਾਲ ਹੀ ਸੰਬੰਧ ਨਹੀਂ ਰਖਦੇ ਸਗੋਂ ਇਨ੍ਹਾਂ ਵਿਚੋਂ ਬਹੁਤ ਕੁਝ ਅਜਿਹਾ ਲੱਭਿਆ ਜਾ ਸਕਦਾ ਹੈ ਜਿਸ ਨਾਲ ਸਮੁੱਚੀ ਮਾਨਵਤਾ ਦਾ ਭਲਾ ਹੋ ਸਕਦਾ ਹੈ। "ਪਰਉਪਕਾਰ, ਦਇਆ, ਕਰੁਣਾ, ਤਪ, ਸ਼ਰਧਾ, ਆਤਮ-ਵਿਸ਼ਵਾਸ, ਇਸਤ੍ਰੀ-ਪੁਰਸ਼ ਜੀਵਨ ਮਰਿਆਦਾ, ਵੀਰਤਾ, ਚਰਿਤ੍ਰ ਰੱਖਿਆ, ਸਭ ਧਰਮਾਂ ਪ੍ਰਤਿ ਸਮਾਨ ਦ੍ਰਿਸ਼ਟੀ ਆਦਿ ਸਦਗੁਣਾਂ ਨੂੰ ਸਥਾਪਤ ਕਰਨ ਵਿਚ ਪੁਰਾਣ-ਕਥਾਵਾਂ ਵਿਸ਼ਵ ਸਾਹਿਤ ਵਿਚ ਸ੍ਰੇਸ਼ਠ ਸਥਾਨ ਰਖਦੀਆਂ ਹਨ।"[1]

ਪਰਿਭਾਸ਼ਾ

ਵਿਉਤਪੱਤੀ: 'ਪੁਰਾਣ' ਸ਼ਬਦ ਪੁਰਾ ਅਵਯਯਪੂਰਵਕ ਣੀਞ (ਪ੍ਰਾਪਣੇ) ਧਾਤੂ ਤੋਂ 'ਡ' ਪ੍ਰਤੇਯ ਲਾਉਣ ਨਾਲ ਬਣਦਾ ਹੈ।[2]

ਇਸ ਤੋਂ ਪਹਿਲਾਂ ਕਿ 'ਪੁਰਾਣ' ਸ਼ਬਦ ਦੇ ਅਰਥਾਂ ਦੀ ਤਹਿ ਵਿਚ ਜਾਈਏ, ਇੱਥੇ ਵਿਦਵਾਨਾਂ ਵੱਲੋਂ ਦਿੱਤੀਆਂ ਗਈਆਂ ਕੁਝ ਪਰਿਭਾਸ਼ਾਵਾਂ ਦੀ ਜੋਖ-ਪਰਖ ਕਰਨੀ ਅਨਿਵਾਰੀ ਹੋਵੇਗੀ। ਹਿੰਦੂ ਧਰਮ ਕੋਸ਼ ਅਨੁਸਾਰ, "ਪੁਰਾਣ ਪ੍ਰਾਚੀਨ ਕਾਲ ਦੀਆਂ ਕਥਾਵਾਂ ਦਾ ਬੋਧਕ ਹੁੰਦਾ ਹੈ। ਇਹ ਸ਼ਬਦ 'ਇਤਿਹਾਸ-ਪੁਰਾਣ' ਦੇ ਜੋੜਵੇਂ ਸਮਾਸ ਦੇ ਰੂਪ ਵਿਚ ਵਰਤਿਆ ਗਿਆ ਹੈ। ਇਕੱਲੇ ਵੀ ਇਸ ਦਾ ਪ੍ਰਯੋਗ ਹੁੰਦਾ ਹੈ,

ਪਰੰਤੂ ਅਰਥ ਉਹੋ ਹੈ। ਸਾਇਣ ਨੇ ਪਰਿਭਾਸ਼ਾ ਕਰਦੇ ਹੋਏ ਕਿਹਾ ਹੈ ਕਿ 'ਪੁਰਾਣ' ਉਹ ਹਨ ਜੋ ਵਿਸ਼ਵ ਸ੍ਰਿਸ਼ਟੀ ਦੀ ਆਦਿਮ ਦਸ਼ਾ ਦਾ ਵਰਣਨ ਕਰਦੇ ਹਨ।"[3]

ਹਿੰਦੀ ਵਿਸ਼ਵਕੋਸ਼ ਅਨੁਸਾਰ, "ਪੁਰਾਣ ਸ਼ਬਦ ਦਾ ਅਰਥ ਹੈ ਪ੍ਰਾਚੀਨ ਅਥਵਾ ਪੁਰਾਣੀਆਂ ਕਥਾਵਾਂ ਤਥਾ ਕਥਾ-ਕਹਾਣੀਆਂ ਦਾ ਸੰਗ੍ਰਹਿ।"

ਸਰਗਸ਼ਚ ਪ੍ਰਤਿਸਰਗਸ਼ਚ ਵੰਸ਼ੋ ਮਨਵੰਤਰਾਣਿ ਚ।
ਵੰਸ਼ਾਨੁਚਰਿਤ ਚੈਤਿ ਪੁਰਾਣ ਪੰਚਲਕਸ਼ਣਮ।

ਅਰਥਾਤ ਜਿਸ ਗ੍ਰੰਥ ਵਿਚ ਸਰਗ ਅਰਥਾਤ ਸ੍ਰਿਸ਼ਟੀ ਦਾ ਆਰੰਭ, ਪ੍ਰਤਿਸਰਗ ਅਰਥਾਤ ਸ੍ਰਿਸ਼ਟੀ ਦਾ ਵਿਕਾਸ ਅਤੇ ਪਾਸਾਰ, ਵੰਸ਼ ਅਰਥਾਤ ਸ੍ਰਿਸ਼ਟੀ ਦੇ ਆਦਿਮ ਕਾਲ ਦੀ ਵੰਸ਼ਾਵਲੀ ਮਨਵੰਤਰ ਅਰਥਾਤ ਕਿਸ-ਕਿਸ ਮਨੂ ਦਾ ਅਧਿਕਾਰ ਕਦ ਤਕ ਰਿਹਾ ਅਤੇ ਉਸ ਕਾਲ ਵਿਚ ਕਿਹੜੀਆਂ-ਕਿਹੜੀਆਂ ਮਹੱਤਵਪੂਰਨ ਘਟਨਾਵਾਂ ਹੋਈਆਂ ਅਤੇ ਵੰਸ਼ਾਨੁਚਰਿਤ ਅਰਥਾਤ ਸੂਰਜ ਅਤੇ ਚੰਦਰਵੰਸ਼ੀ ਰਾਜਿਆਂ ਦਾ ਸੰਖੇਪ ਵਰਣਨ ਹੋਵੇ, ਪੁਰਾਣ ਅਖਵਾਉਂਦਾ ਹੈ।[4]

ਪੌਰਾਣਿਕ ਕੋਸ਼ ਨੇ 'ਪੁਰਾਣ' ਸ਼ਬਦ ਦੀ ਪਰਿਭਾਸ਼ਾ ਦਾ ਵਿਵੇਚਨ ਕਰਦਿਆਂ ਲਿਖਿਆ ਹੈ ਕਿ "ਗ੍ਰੰਥ ਵਿਸ਼ੇਸ਼ ਜਿਸ ਵਿਚ ਸ੍ਰਿਸ਼ਟੀ, ਮਨੁੱਖ, ਦੇਵਾਂ, ਦਾਨਵਾਂ, ਰਾਜਿਆਂ, ਮਹਾਤਮਾਵਾਂ, ਰਿਸ਼ੀਆਂ ਤਥਾ ਮੁਨੀਆਂ ਆਦਿ ਦੇ ਪ੍ਰਾਚੀਨ ਬਿਰਤਾਂਤ ਸੰਮਿਲਿਤ ਹਨ, ਪੁਰਾਣ ਅਖਵਾਉਂਦਾ ਹੈ।"[5]

ਇਸ ਕਥਨ ਅਨੁਸਾਰ ਪੁਰਾਣ ਭਾਰਤੀ ਜੀਵਨ ਦੇ ਬਹੁ-ਦਿਸ਼ਾਵੀ ਪਾਸਾਰ ਦੇ ਦਰਸ਼ਨ ਕਰਵਾਉਣ ਵਾਲੇ ਗ੍ਰੰਥ ਹਨ। ਉਨ੍ਹਾਂ ਵਿਚ ਤਤਕਾਲੀਨ ਯੁਗ ਦੀਆਂ ਕਦਰਾਂ-ਕੀਮਤਾਂ ਦਾ ਬੜੇ ਠੋਸ ਰੂਪ ਵਿਚ ਵਰਣਨ ਹੋਇਆ ਹੈ ਅਤੇ ਉਹ ਕਦਰਾਂ-ਕੀਮਤਾਂ ਅੱਜ ਵੀ ਉਨੀਆਂ ਹੀ ਸਾਰਥਕ ਹਨ। ਇਸ ਤੱਥ ਨੂੰ ਹਿੰਦੂ ਮਿਥਿਹਾਸ ਕੋਸ਼ ਦੇ ਰਚਨਾਕਾਰ ਨੇ ਵੀ

ਸੂਤ੍ਰਕਾਰ ਕੀਤਾ ਹੈ। ਇਸ ਅਨੁਸਾਰ "ਜਿਸ ਵਿਚ ਪੁਰਾਤਨ ਸਮੇਂ ਦੀਆਂ ਪ੍ਰਾਚੀਨ ਮਿਥਿਹਾਸਿਕ ਕਹਾਣੀਆਂ ਦਾ ਵਰਣਨ ਹੋਵੇ, ਉਸ ਨੂੰ ਪੁਰਾਣ ਕਹਿੰਦੇ ਹਨ।"[6] ਇਸੇ ਤਰ੍ਹਾਂ ਡਾ. ਵੀਰੇਂਦ੍ਰ ਸਿੰਘ[7] ਪੁਰਾਣ ਸ਼ਬਦ ਦਾ ਅਰਥ ਪ੍ਰਾਚੀਨ ਜਾਂ ਆਦਿਤਮ ਮੰਨਦੇ ਹਨ ਜੋ ਸਾਂਸਕ੍ਰਿਤਕ ਪ੍ਰਕ੍ਰਿਆ ਵਿਚ ਕਿਸੇ ਨਾ ਕਿਸੇ ਰੂਪ ਵਿਚ ਜੀਵਤ ਰਹਿੰਦੇ ਹਨ। ਪੁਰਾਣ ਸ਼ਬਦ ਤੋਂ ਇਕ ਵਿਸ਼ੇਸ਼ ਪ੍ਰਕਾਰ ਦੇ ਮਾਰਗ ਦਰਸ਼ਕ ਸਾਹਿਤ ਦਾ ਬੋਧ ਹੁੰਦਾ ਹੈ, ਜਿਸ ਵਿਚ ਕਥਾਵਾਂ ਆਦਿ ਦੁਆਰਾ ਵੈਦਿਕ ਪਰੰਪਰਾ ਤੋਂ ਪ੍ਰਾਪਤ ਤੱਤ ਗਿਆਨ ਨੂੰ ਸਹਿਜ ਢੰਗ ਨਾਲ ਵਖਾਉਣ ਦੇ ਪ੍ਰਯਤਨ ਪ੍ਰਾਪਤ ਹੁੰਦੇ ਹਨ।[8]

ਪਿਆਰਾ ਸਿੰਘ ਪਦਮ[9] ਅਨੁਸਾਰ ਪੁਰਾਣ ਸੰਸਕ੍ਰਿਤ ਵਿਚ ਲਿਖੇ ਉਹ ਗ੍ਰੰਥ ਹਨ ਜਿਨ੍ਹਾਂ ਵਿਚ ਭਾਰਤ ਵਰਸ਼.ਦਾ ਬਹੁ-ਭਾਂਤਾ ਗਿਆਨ-ਭੰਡਾਰ ਸੰਚਿਤ ਹੈ।

ਕੁਝ ਵਿਦਵਾਨ ਪੁਰਾਣ ਸ਼ਬਦ ਦੀ ਪਰਿਭਾਸ਼ਾ ਕਰਦੇ ਹੋਏ ਪੁਰਾਣ ਨੂੰ ਪੁਰਾਣੇ ਦਾ ਸਮਾਨਾਰਥਕ ਸ਼ਬਦ ਮੰਨਦੇ ਹਨ। ਇਹ ਅਰਥ ਪ੍ਰਾਚੀਨ ਕਾਲ ਤੋਂ ਹੀ ਸਵੀਕਾਰਿਆ ਜਾਂਦਾ ਰਿਹਾ ਹੈ ਪਰੰਤੂ ਇਸ ਨਾਲ ਇਕ ਸਵਾਲ ਉਭਰ ਕੇ ਸਾਡੇ ਸਾਹਮਣੇ ਆਉਂਦਾ ਹੈ ਕਿ ਪੁਰਾਣ ਕੌਣ ਕੀ ਹੈ? ਪੁਰਾਣ, ਜੋ ਕਿ ਪੁਰਾਣੇ ਹੋ ਚੁੱਕੇ ਹਨ, ਪਰ ਆਪਣੀ ਰਚਨਾ-ਕਾਲ ਵਿਚ ਕਦੀ ਨਾ ਕਦੀ ਤਾਂ ਨਵੇਂ ਰਹੇ ਹੀ ਹੋਣਗੇ। ਪੁਰਾਣਾਂ ਵਿਚ ਇਕ ਭਵਿਸ਼ਤ ਪੁਰਾਣ ਵੀ ਹੈ। ਉਸ ਦੇ ਨਾਮ ਦਾ ਮੂਲ ਪਦ ਭਵਿਸ਼ਤ ('ਭਾਵੀ' ਜੋ ਅੱਗੇ ਬੀਤਣ ਵਾਲਾ ਹੈ) ਤੇ ਪੁਰਾਣ (ਪੁਰਾਣਾ, ਜੋ ਬੀਤ ਗਿਆ ਹੈ) ਸ਼ਬਦ ਦਾ ਸਪਸ਼ਟ ਵਿਰੋਧ ਹੁੰਦਾ ਪ੍ਰਤੀਤ ਹੁੰਦਾ ਹੈ। ਇਸ ਲਈ ਇਹ ਮੰਨਣਾ ਪਵੇਗਾ ਕਿ ਪੁਰਾਣ ਸ਼ਬਦ ਪ੍ਰਾਚੀਨ ਕਾਲ ਵਿਚ ਇਕ ਵਿਸ਼ੇਸ਼ ਪਰਿਭਾਸ਼ਿਤ ਅਰਥ ਵਿਚ ਪ੍ਰਚਲਿਤ ਰਿਹਾ ਹੈ।[10]

ਇਹ ਗੱਲ ਤਾਂ ਨਿਸ਼ਚਿਤ ਹੀ ਹੈ ਕਿ ਕਿਸੇ ਵੀ ਸ਼ਬਦ ਦੀ ਅਜਿਹੀ ਪਰਿਭਾਸ਼ਾ ਦੇਣੀ, ਜਿਹੜੀ ਕਿ ਸਾਰੇ ਵਿਦਵਾਨਾਂ ਅਤੇ ਆਮ ਲੋਕਾਂ ਨੂੰ ਸਵੀਕ੍ਰਿਤ ਹੋਵੇ, ਇਕ ਕਠਿਨ ਕਾਰਜ ਹੈ। ਪਰੰਤੂ ਫੇਰ ਵੀ ਉਪਰੋਕਤ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਤੋਂ ਇਸ ਸਿੱਟੇ ਤੇ ਪੁਜਿਆ ਜਾ ਸਕਦਾ ਹੈ ਕਿ ਪੁਰਾਣ ਸ਼ਬਦ ਵਰਤਮਾਨ ਅਠਾਰ੍ਹਾਂ ਪੁਰਾਣਾਂ ਲਈ ਹੀ ਵਰਤਿਆ ਜਾਂਦਾ ਹੈ। ਇਨ੍ਹਾਂ ਵਿਚ ਬ੍ਰਹਿਮੰਡ ਦੀ ਰਚਨਾ, ਸ੍ਰਿਸ਼ਟੀ ਰਚਨਾ, ਪ੍ਰਾਚੀਨ ਰਾਜਿਆਂ ਅਤੇ ਰਿਸ਼ੀਆਂ-ਮੁਨੀਆਂ ਦੀਆਂ ਕਥਾਵਾਂ, ਦੇਵੀ-ਦੇਵਤਿਆਂ ਦੀਆਂ ਪੂਜਾ ਵਿਧੀਆਂ, ਨੀਤੀ, ਦਰਸ਼ਨ ਅਤੇ ਕਈ ਪ੍ਰਕਾਰ ਦੇ ਰਾਜਨੀਤਿਕ ਵਿਧਾਨ ਮੌਜੂਦ ਹਨ। ਜਿਸ ਕਰਕੇ ਕਿਹਾ ਜਾ ਸਕਦਾ ਹੈ ਕਿ ਪੁਰਾਣ ਇਸ ਦੇਸ ਦੇ ਕੁਲ ਲੋਕਾਂ ਦੀ ਜੀਵਨ-ਵਿਧੀ ਦਾ ਭਰਪੂਰ ਵਿਖਿਆਨ ਪੇਸ਼ ਕਰਨ ਵਿਚ ਸਮਰੱਥ ਹਨ।

## ਪ੍ਰਾਚੀਨਤਾ

ਪੁਰਾਣਾਂ ਦੀ ਪ੍ਰਾਚੀਨਤਾ ਬਾਰੇ ਵੀ ਵਿਦਵਾਨ ਇਕ ਮੱਤ ਨਹੀਂ ਹਨ। ਕੁਝ ਪੁਰਾਣ ਬਹੁਤ ਪ੍ਰਾਚੀਨ ਅਤੇ ਕੁਝ ਵਿਚ ਬਹੁਤ ਸਾਰੀ ਸਮੱਗਰੀ ਦਾ ਬਾਅਦ ਵਿਚ ਸਮਾਵੇਸ਼ ਹੋ ਜਾਣ ਕਾਰਣ, ਉਨ੍ਹਾਂ ਦੀ ਪ੍ਰਾਚੀਨਤਾ ਨੂੰ ਸੰਦਿਗਧ ਬਣਾ ਦੇਂਦਾ ਹੈ। ਇਹ ਗੱਲ ਤਾਂ ਨਿਸ਼ਚਿਤ ਹੀ ਹੈ ਕਿ ਕੁਝ ਪੁਰਾਣਾਂ ਵਿਚ ਬਹੁਤ ਸਾਰੀਆਂ ਕਥਾ-ਕਹਾਣੀਆਂ ਨੂੰ ਬਾਅਦ ਵਿਚ ਜੋੜਿਆ ਗਿਆ ਹੈ ਜਿਸ ਨਾਲ ਉਨ੍ਹਾਂ ਦੇ ਮੂਲ ਰੂਪ ਵਿਚ ਵੀ ਪਰਿਵਰਤਨ ਆ ਗਿਆ ਹੈ। ਪਰੰਤੂ ਅਜਿਹਾ ਪਰਿਪੇਖ ਸਾਰੇ ਪੁਰਾਣਾਂ ਵਿਚ ਨਹੀਂ ਕੀਤਾ

ਗਿਆ ਹੈ। 'ਭਾਗਵਤ ਪੁਰਾਣ' ਵਾਂਗ ਜਿਨ੍ਹਾਂ ਪੁਰਾਣਾਂ ਦਾ ਕਿਸੇ ਵਿਸ਼ੇਸ਼ ਸੰਪ੍ਰਦਾਇ ਨਾਲ ਸੰਬੰਧ ਸੀ, ਉਨ੍ਹਾਂ ਵਿਚ ਇਸ ਤਰ੍ਹਾਂ ਦੇ ਪਰਿਵਰਤਨ ਦੀ ਗੁੰਜਾਇਸ਼ ਬਹੁਤ ਘੱਟ ਸੀ।[11]

ਪੁਰਾਣਾਂ ਨੂੰ ਪੰਚਮ ਵੇਦ ਵੀ ਕਿਹਾ ਜਾਂਦਾ ਹੈ। ਪੁਰਾਣਾਂ ਦਾ ਪ੍ਰਾਚੀਨ ਉਲੇਖ ਵੇਦਾਂ ਵਿਚ ਵੀ ਮਿਲਦਾ ਹੈ। ਰਿਗਵੇਦ ਵਿਚ ਪੁਰਾਣ ਸ਼ਬਦ ਕੇਵਲ ਪ੍ਰਾਚੀਨਤਾ ਦੇ ਹੀ ਅਰਥਾਂ ਵਿਚ ਆਇਆ ਹੈ। ਪਰੰਤੂ ਅਥਰਵਵੇਦ ਵਿਚ ਇਸ ਦਾ ਪ੍ਰਯੋਗ ਇਤਿਹਾਸ ਗਾਥਾ ਆਦਿ ਦੇ ਰੂਪ ਵਿਚ ਹੋਇਆ ਹੈ।[12] ਅਥਰਵਵੇਦ ਵਿਚ ਤਾਂ ਇਕ ਸਥਾਨ ਤੇ 'ਪੁਰਾਣ' ਦੀ ਰਚਨਾ ਦਾ ਉਲੇਖ ਚਾਰਾਂ ਵੇਦਾਂ ਦੀ ਰਚਨਾ ਦੇ ਨਾਲ ਹੀ ਹੋਇਆ ਹੈ। ਮਤਸਯ ਪੁਰਾਣ[13] ਵਿਚ ਇਹ ਸਪਸ਼ਟ ਉਲੇਖ ਹੈ ਕਿ ਪੂਰਵ-ਕਲਪ ਵਿਚ ਪੁਰਾਣ ਇਕ ਹੀ ਸੀ ਅਤੇ ਬ੍ਰਹਮਾ ਨੇ ਵੇਦਾਂ ਤੋਂ ਵੀ ਪਹਿਲਾਂ ਪੁਰਾਣਾਂ ਦਾ ਗਾਇਨ ਕੀਤਾ ਸੀ ਅਰਥਾਤ ਵੇਦਾਂ ਦੀ ਰਚਨਾ ਸਮੇਂ ਪੁਰਾਣਾਂ ਦਾ ਅਸਤਿਤ੍ਵ ਸੀ। ਬ੍ਰਾਹਮਣ ਅਤੇ ਆਰਣਯਕ ਗ੍ਰੰਥਾਂ ਵਿਚ ਪੁਰਾਣ ਸ਼ਬਦ ਦੇ ਪ੍ਰਯੋਗ ਤੋਂ ਵੀ ਇਸ ਦੀ ਪ੍ਰਾਚੀਨਤਾ ਸਿੱਧ ਹੁੰਦੀ ਹੈ। ਸੰਭਵ ਹੈ ਕਿ ਉਸ ਸਮੇਂ ਪੁਰਾਣ ਨਾਮ ਦੀ ਕੋਈ ਸੰਹਿਤਾ ਰਹੀ ਹੋਵੇ, ਜਿਸ ਵਿਚ ਪ੍ਰਾਚੀਨ ਕਥਾਵਾਂ ਦਾ ਸੰਗ੍ਰਹਿ ਹੋਵੇ ਅਤੇ ਉਸ ਦਾ ਉਪਯੋਗ ਵੈਦਿਕ ਮੰਤਰਾਂ ਦੇ ਅਰਥ ਕਰਨ ਵਿਚ ਕੀਤਾ ਜਾਂਦਾ ਹੋਵੇ।[14]

ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਸੈਂਕੜੇ ਅਜਿਹੀਆਂ ਪੌਰਾਣਿਕ ਕਥਾਵਾਂ ਹਨ, ਜੋ ਮਹਾਭਾਰਤ ਵਿਚ ਵੀ ਮੌਜੂਦ ਹਨ। ਕੁਝ ਕਥਾਵਾਂ ਦਾ ਮੂਲ ਵੇਦਾਂ ਵਿਚ ਵੀ ਪਾਇਆ ਜਾਂਦਾ ਹੈ, ਕਿਤੇ ਸਮਾਨਤਾ ਹੈ ਤਾਂ ਕਿਤੇ ਅੰਤਰ ਵੀ ਹੈ। ਮਹਾਭਾਰਤ ਅਤੇ ਵੇਦਾਂ ਦਾ ਰਚਨਾ-ਕਾਲ ਈਸਵੀ ਸੰਨ ਤੋਂ ਪੂਰਵ ਦਾ ਮੰਨਿਆ ਜਾਂਦਾ ਹੈ। ਡਾ. ਫਿਛੇ[15] ਦਾ ਕਥਨ ਵੀ ਸਾਡੇ ਇਸ ਮਤ ਦੀ ਪੁਸ਼ਟੀ ਕਰਦਾ ਜਾਪਦਾ ਹੈ ਕਿ ਪੌਰਾਣਿਕ ਪਰੰਪਰਾ

ਅਠਾਰ੍ਹਾਂ ਪੁਰਾਣਾਂ ਦੇ ਰੂਪ ਵਿਚ ਆਉਣ ਤੋਂ ਪਹਿਲਾਂ ਵੀ ਲੋਕ ਜੀਵਨ ਦਾ ਅਨਿੱਖੜਵਾਂ ਅੰਗ ਰਹੀ ਸੀ। ਇਸ ਦਾ ਕਾਰਣ ਇਹ ਸੀ ਕਿ ਆਦਿਮ ਮਨ ਜਦੋਂ ਵੀ ਬ੍ਰਹਿਮੰਡੀ ਰਹੱਸ ਨੂੰ ਆਪਣੀ ਕਲਪਨਾ ਰਾਹੀਂ ਜੜ੍ਹ ਵਸਤੂ ਵਿਚੋਂ ਕਿਸੇ ਚੇਤੰਨ ਆਤਮਾ ਨੂੰ ਮਹਿਸੂਸਦਾ ਸੀ ਤਾਂ ਉਸ ਵੇਲੇ ਕਲਪ ਦੇ ਸੰਚੇ ਵਿਚ ਢਲ ਕੇ ਆਏ ਵਿਚਾਰ ਮਿਥਿਹਾਸ ਜਾਂ ਪੁਰਾਣ ਕਥਾਵਾਂ ਹੀ ਸਨ।

ਵਿਦਵਾਨਾਂ ਦਾ ਮਤ ਹੈ ਕਿ ਵੈਦਿਕ ਵਿਚਾਰਧਾਰਾ ਨੂੰ ਸੌਖੇ ਢੰਗ ਨਾਲ ਲੋਕਾਂ ਤਕ ਪਹੁੰਚਾਉਣ ਲਈ ਹੀ ਪੁਰਾਣਾਂ ਦੀ ਰਚਨਾ ਹੋਈ ਸੀ। ਡਾ. ਜਸਵੰਤ ਗੋਇਲ[16] ਨੇ ਆਪਣੇ ਸ਼ੋਧ-ਪ੍ਰਬੰਧ ਵਿਚ ਇਸ ਸੰਬੰਧੀ ਲਿਖਿਆ ਹੈ ਕਿ ਪ੍ਰਭੂ ਮਿਲਣ ਦਾ ਸੌਖਾ ਰਾਹ (ਗਿਆਨ, ਕਰਮ ਤੇ ਉਪਾਸਨਾ) ਵੇਦਾਂ ਤੋਂ ਹੀ ਆਇਆ ਸੀ ਤੇ ਬਾਅਦ ਵਿਚ ਪੁਰਾਣਾਂ ਵਿਚ ਆ ਕੇ ਇਹ ਰਾਹ ਜ਼ਿਆਦਾ ਕੁਸ਼ਲਦਾਰ ਹੋ ਗਿਆ। ਇਹ ਵੇਦ ਹੀ ਸਨ ਜਿਨ੍ਹਾਂ ਵਿਚ ਇੱਕੋ ਬ੍ਰਹਮ (ਪਰਮਾਤਮਾ) ਦੀ ਉਪਾਸਨਾ ਕਰਨ ਦਾ ਜ਼ਿਕਰ ਹੈ। ਪਰੰਤੂ ਸਾਡੇ ਵਿਚਾਰ ਅਨੁਸਾਰ ਪ੍ਰਭੂ ਮਿਲਣ ਦਾ ਜਿਹੜਾ ਰਸਤਾ ਵੇਦਾਂ, ਉਪਨਿਸ਼ਦਾਂ ਆਦਿ ਵਿਚ ਪਾਇਆ ਜਾਂਦਾ ਹੈ, ਉਹ ਆਮ ਆਦਮੀ ਦੀ ਸਮਝ ਤੋਂ ਪਰ੍ਹੇ ਦੀ ਗੱਲ ਹੈ। ਉਸ ਨੂੰ ਸਿਰਫ਼ ਪੰਡਿਤ, ਵਿਦਵਾਨ ਹੀ ਸਮਝ ਸਕਦੇ ਹਨ ਕਿਉਂਕਿ ਵੇਦਾਂ ਵਿਚ ਗੱਲ ਪ੍ਰਤੀਕਾਤਮਕ ਅਰਥਾਂ ਵਿਚ ਕਹੀ ਗਈ ਹੈ ਜਦ ਕਿ ਪੁਰਾਣਾਂ ਵਿਚ ਉਹੀ ਗੱਲ ਸਰਲ, ਰੋਚਕ ਅਤੇ ਕਾਵਮਈ ਸ਼ੈਲੀ ਵਿਚ ਬਿਆਨ ਕੀਤੀ ਗਈ ਹੈ, ਜਿਸ ਨੂੰ ਕਿ ਆਮ ਆਦਮੀ ਬੜੀ ਸੌਖੀ ਤਰ੍ਹਾਂ ਸਮਝ ਸਕਦਾ ਹੈ। ਡਾ. ਰਾਮੇਸ਼ਵਰ ਦਿਆਲ[17] ਦਾ ਵੀ ਇਹੀ ਮਤ ਹੈ ਕਿ ਕ੍ਰਿਸ਼ਨ ਦ੍ਵੈਪਾਇਨ ਵੇਦ ਵਿਆਸ ਨੇ ਵੇਦਾਂ ਵਿਚ ਵਰਣਿਤ ਪਰਮ ਤੱਤ ਪਰਮਾਤਮਾ ਦੇ ਸਰੂਪ ਨੂੰ ਸਰਲ, ਸੁਬੋਧ ਅਤੇ ਰਸਮਈ ਸ਼ੈਲੀ ਵਿਚ ਲਿਖ ਕੇ ਪੁਰਾਣਾਂ ਦੀ ਰਚਨਾ ਕੀਤੀ। ਸਾਡੀ ਧਾਰਨਾ ਹੈ

ਕਿ ਵੈਦਿਕ ਵਿਚਾਰਧਾਰਾ ਦਾਰਸ਼ਨਿਕ ਅਨੁਭੂਤੀਆਂ ਦੀ ਪ੍ਰਧਾਨਤਾ ਹੋਣ ਕਾਰਨ ਜਨ-ਮਾਨਸ ਵਿਚ ਆਪਣਾ ਵਿਸ਼ੇਸ਼ ਸਥਾਨ ਨਹੀਂ ਬਣਾ ਸਕੀ ਜਦ ਕਿ ਪੁਰਾਣ ਜਨ-ਮਾਨਸ ਵਿਚ ਹਰਮਨਪਿਆਰੇ ਖੂਬ ਮੰਨੇ ਜਾਂਦੇ ਹਨ।

ਪੁਰਾਣ, ਵੇਦਾਂ ਨਾਲੋਂ ਇਸ ਗੱਲ ਵਿਚ ਵੀ ਭਿੰਨਤਾ ਰਖਦੇ ਹਨ ਕਿ ਵੇਦ ਇਕ ਅਜਿਹੇ ਧਰਮ ਨੂੰ ਦਰਸਾਉਂਦੇ ਹਨ ਜਿਸ ਵਿਚ ਉਸ ਸਮੇਂ ਦੇ ਸਾਰੇ ਹਿੰਦੂ ਸਮਾਜ ਦੀ ਆਸਥਾ ਸੀ ਜਦ ਕਿ ਹਰੇਕ ਪੁਰਾਣ, ਕਿਸੇ ਦੇਵਤਾ ਵਿਸ਼ੇਸ਼ ਨਾਲ ਸੰਬੰਧਿਤ ਹੈ, ਜਿਸ ਦਾ ਗੌਰਵਗਾਨ ਦੂਸਰਿਆਂ ਦੇਵਤਿਆਂ ਦੇ ਮੁਕਾਬਲੇ ਵਿਚ ਕੀਤਾ ਗਿਆ ਹੈ। ਮੁੱਖ ਰੂਪ ਵਿਚ, ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ (ਸ਼ਿਵ), ਇਨ੍ਹਾਂ ਤਿੰਨਾਂ ਦੇਵਤਿਆਂ ਨੂੰ ਮਹਾਨ ਦਰਸਾ ਕੇ ਉਨ੍ਹਾਂ ਦੀ ਉਸਤਤ ਕੀਤੀ ਗਈ ਹੈ। ਪਰੰਤੂ ਪੁਰਾਣਾਂ ਦਾ ਅਧਿਐਨ ਕਰਨ ਉਪਰੰਤ ਇਹ ਗੱਲ ਵੀ ਸਪਸ਼ਟ ਹੋ ਜਾਂਦੀ ਹੈ ਕਿ ਪੁਰਾਣਾਂ ਵਿਚ ਮੁੱਖ ਦੇਵਤਿਆਂ ਦੇ ਨਾਲ ਹੋਰ ਦੇਵਤੇ, ਰਿਸ਼ੀ-ਮੁਨੀ ਅਤੇ ਰਾਜਿਆਂ ਦੀਆਂ ਕਥਾਵਾਂ ਨੂੰ ਵੀ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਜਿਸ ਦਾ ਕਾਰਨ ਡਬਲਯੂ. ਜੇ. ਵਿਲਕਨ[18] ਨੇ ਲਿਖਦਿਆਂ ਕਿਹਾ ਹੈ ਕਿ ਮੂਲ ਰੂਪ ਵਿਚ ਪੁਰਾਣ ਇਨ੍ਹਾਂ ਤਿੰਨਾਂ ਦੇਵਤਿਆਂ ਦੀ ਉਸਤਤ ਲਈ ਹੀ ਲਿਖੇ ਗਏ ਹੋਣਗੇ, ਪਰ ਜਿਉਂ-ਜਿਉਂ ਹਿੰਦੂ ਰਾਜਿਆਂ ਦਾ ਰਾਜ ਭਾਰਤਵਰਸ਼ ਵਿਚ ਫੈਲਦਾ ਗਿਆ, ਸੰਪ੍ਰਦਾਇਕਤਾ ਕਾਰਨ ਆਪਣੇ-ਆਪਣੇ ਦੇਵਤਿਆਂ ਦਾ ਗੌਰਵ ਸਥਾਪਿਤ ਕਰਨ ਲਈ ਉਨ੍ਹਾਂ ਨਾਲ ਸੰਬੰਧਿਤ ਕਥਾ ਕਹਾਣੀਆਂ ਉਨ੍ਹਾਂ ਵਿਚ ਜੋੜ ਦਿੱਤੀਆਂ ਗਈਆਂ ਹੋਣ। ਇਸ ਗੱਲ ਦਾ ਜ਼ਿਕਰ ਅਸੀਂ ਪਹਿਲਾਂ ਵੀ ਕਰ ਚੁੱਕੇ ਹਾਂ ਕਿ ਪੁਰਾਣਾਂ ਵਿਚ ਬਹੁਤ ਸਾਰੀ ਸਮੱਗਰੀ ਦਾ ਬਾਅਦ ਵਿਚ ਸਮਾਵੇਸ਼ ਹੋ ਜਾਣ ਕਾਰਨ, ਉਨ੍ਹਾਂ ਦੇ ਮੂਲ ਰੂਪ ਵਿਚ ਅੰਤਰ ਆ ਗਿਆ ਹੈ।

ਜਿਵੇਂ ਕਿ ਪਹਿਲਾਂ ਵੀ ਲਿਖ ਚੁੱਕੇ ਹਾਂ ਕਿ 'ਪੁਰਾਣ' ਸ਼ਬਦ ਵੇਦਾਂ ਵਿਚ ਵੀ ਉਪਲੱਬਧ ਹੈ। "ਵੈਦਿਕ ਸਾਹਿਤ ਵਿਚ ਅਨੇਕ ਸਥਾਨਾਂ ਤੇ 'ਪੁਰਾਣ' ਸ਼ਬਦ ਇਕ ਵਚਨ ਵਿਚ ਪ੍ਰਯੁਕਤ ਹੋਇਆ ਹੈ। ਇਸ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਆਰੰਭ ਵਿਚ ਪੁਰਾਣ ਇਕ ਹੀ ਰਿਹਾ ਹੋਵੇਗਾ ਅਤੇ ਉਸੇ ਦਾ ਹੀ ਸਮਾਂ ਪਾ ਕੇ ਅਨੇਕ ਰੂਪਾਂ ਵਿਚ ਵਿਸਤਾਰ ਹੁੰਦਾ ਗਿਆ ਹੋਵੇ।"[19] ਇਸ ਦਾ ਕਾਰਣ ਇਹ ਵੀ ਹੋ ਸਕਦਾ ਹੈ ਕਿ ਵੱਖ-ਵੱਖ ਸਮੇਂ ਤੇ ਵੱਖ-ਵੱਖ ਦੇਵਤਿਆਂ ਦੀ ਪ੍ਰਧਾਨਤਾ ਰਹੀ ਹੋਵੇ। ਜਿਸ ਸਮੇਂ 'ਤੇ ਜਿਸ ਦੇਵਤਾ ਦੀ ਪੂਜਾ ਕੀਤੀ ਜਾਂਦੀ ਸੀ, ਉਸ ਦੇਵਤੇ ਦੀ ਵਡਿਆਈ ਕਰਨ ਹਿਤ ਉਸ ਦੀ ਮਹਾਨਤਾ ਨੂੰ ਉੱਤਮ ਸਿੱਧ ਕਰਨ ਲਈ ਵੱਖਰੇ ਸਮੇਂ ਤੇ ਵੱਖ-ਵੱਖ ਰੂਪਾਂ ਦੀ ਰਚਨਾ ਕੀਤੀ ਗਈ। ਜਿਸ ਰੂਪ ਵਿਚ ਜਿਸ ਦੇਵਤਾ ਨੂੰ ਮੁੱਖ ਵਿਸ਼ੇ ਦੇ ਰੂਪ ਵਿਚ ਪੇਸ਼ ਕੀਤਾ ਗਿਆ, ਉਸ ਰੂਪ ਨੂੰ ਉਹੀ ਨਾਮ ਦਿੱਤਾ ਗਿਆ ਜਿਵੇਂ ਬ੍ਰਹਮ ਪੁਰਾਣ, ਵਿਸ਼ਨੂ ਪੁਰਾਣ, ਸ਼ਿਵ ਪੁਰਾਣ ਆਦਿ। ਡਾ. ਰਾਮੇਸ਼ਵਰ[20] ਦਯਾਲ ਦਾ ਕਥਨ ਵੀ ਸਾਡੇ ਇਸ ਮਤ ਦੀ ਪੁਸ਼ਟੀ ਕਰਦਾ ਹੈ ਕਿ ਪੁਰਾਣਾਂ ਵਿਚ ਬਹੁਦੇਵਵਾਦ ਦਾ ਪ੍ਰਤਿਪਾਦਨ ਕੀਤਾ ਗਿਆ ਹੈ। ਪੁਰਾਣ ਕਿਸੇ ਧਾਰਮਿਕ ਸੰਪ੍ਰਦਾਇ ਦਾ ਪ੍ਰਤਿਪਾਲਨ ਕਰਨ ਦੇ ਕਾਰਣ ਕਿਸੇ ਇਕ ਵਿਸ਼ੇਸ਼ ਦੇਵਤਾ ਦਾ ਮਹੱਤਵ ਪ੍ਰਤਿਪਾਦਨ ਸੰਪੂਰਨ ਪ੍ਰਾਣਵੇਗ ਨਾਲ ਕਰਦੇ ਹਨ। ਇਸ ਤਰ੍ਹਾਂ ਸ੍ਰੀਮਦ੍ਭਾਗਵਤ ਪੁਰਾਣ ਵਿਚ ਵਿਸ਼ਨੂ ਨੂੰ ਹੀ ਸਰਵੋਤਮ ਦੇਵਤਾ ਸਿੱਧ ਕੀਤਾ ਗਿਆ ਹੈ। ਪੁਰਾਣਾਂ ਦੇ ਨਾਮ ਤੋਂ ਵੀ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ।

ਪੁਰਾਣਾਂ ਦੀ ਪ੍ਰਾਚੀਨਤਾ ਸੰਬੰਧੀ ਇਕ ਮਤ ਇਹ ਵੀ ਹੈ ਕਿ ਮਹਾਂਭਾਰਤ ਇਕ ਸੂਤ ਦੁਆਰਾ, ਇਕ ਸਾਧੂ ਦੀ ਹਾਜ਼ਰੀ ਵਿਚ ਨੈਮਿਸ਼ੀ ਜੰਗਲ ਵਿਚ ਸੁਣਾਈ ਗਈ, ਉਸ ਸੂਤ ਦਾ ਨਾਂ ਉਗ੍ਰਸ਼੍ਰਵਾ ਸੀ। ਸ਼ੌਨਕ ਰਿਸ਼ੀ ਜੋ ਕਿ ਸਾਧੂਆਂ ਦਾ ਮੁਖੀ ਸੀ, ਨੇ ਉਸ ਸੂਤ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਤੇਰਾ ਪਿਤਾ ਲੋਮਹਰਸ਼ਣ ਪੁਰਾਣ

ਸੁਣਾ ਰਿਹਾ ਹੈ। ਸੋ ਪੁਰਾਣਾਂ ਨੂੰ ਸੁਣਾਉਣ ਵਾਲਾ ਲੋਮਹਰਸ਼ਣ ਸੀ, ਜਿਸ ਦਾ ਪੁੱਤਰ ਮਹਾਭਾਰਤ ਸੁਣਾ ਰਿਹਾ ਸੀ। ਮਹਾਭਾਰਤ ਨੂੰ ਵੀ ਪੁਰਾਣ ਹੀ ਕਿਹਾ ਜਾਂਦਾ ਹੈ।[21] ਮਹਾਭਾਰਤ ਵਿਚਲੀਆਂ ਘਟਨਾਵਾਂ ਪੁਰਾਣਾਂ ਵਿਚ ਵੀ ਮਿਲਦੀਆਂ ਹਨ। ਇਸ ਵਿਚਾਰ ਦੇ ਆਧਾਰ ਤੇ ਸਹਿਜੇ ਹੀ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਮਹਾਭਾਰਤ ਅਤੇ ਪੁਰਾਣ ਇੱਕੋ ਹੀ ਸਮੇਂ ਵਿਚ ਲਿਖੀਆਂ ਰਚਨਾਵਾਂ ਹਨ। ਵਾਯੂ ਪੁਰਾਣ ਦਾ ਉਲੇਖ ਮਹਾਭਾਰਤ ਵਿਚ ਵੀ ਮਿਲਦਾ ਹੈ। ਪੁਰਾਣਾਂ ਵਾਂਗ ਹੀ ਮਹਾਭਾਰਤ ਦੀ ਰਚਨਾ ਵੀ ਸੰਹਿਤਾ ਸ਼ੈਲੀ ਦੇ ਅਨੁਰੂਪ ਹੀ ਹੋਈ ਹੈ। ਇਸ ਲਈ ਜਾਂ ਤਾਂ ਕਿਸੇ ਵਿਸ਼ੇਸ਼ ਪੁਰਾਣ ਨੂੰ ਅਤੇ ਜਾਂ ਹੀ ਮਹਾਭਾਰਤ ਨੂੰ ਹੀ ਲਿਖਿਤ ਸਮੇਂ ਦੀ ਸੀਮਾ ਵਿਚ ਰਖਿਆ ਜਾ ਸਕਦਾ ਹੈ।

ਰਚੇਤਾ

ਪੁਰਾਣਾਂ ਦੇ ਰਚਨਹਾਰ ਸੰਬੰਧੀ ਪੁਰਾਣਾਂ ਵਿਚ ਤਕਰੀਬਨ ਇੱਕੋ ਜਿਹੇ ਵਿਚਾਰ ਪਾਏ ਜਾਂਦੇ ਹਨ। ਇਕ ਪ੍ਰਚਲਿਤ ਧਾਰਨਾ ਅਨੁਸਾਰ ਪੁਰਾਣਾਂ ਦੀ ਉਤਪੱਤੀ ਬ੍ਰਹਮਾ ਦੇ ਮੁੱਖ ਤੋਂ ਹੋਈ ਮੰਨੀ ਜਾਂਦੀ ਹੈ। ਜਾਣੇ ਜੀ ਵਿਦਵਾਨਾਂ ਦੇ ਮਤ ਅਨੁਸਾਰ ਪੁਰਾਣ ਸੰਹਿਤਾ ਦੇ ਰਚਨਹਾਰ ਪਰੰਪਰਾ ਅਨੁਸਾਰ ਮਹਾਰਿਸ਼ੀ ਵੇਦ ਵਿਆਸ ਸਨ। ਉਨ੍ਹਾਂ ਨੇ ਲੋਮਹਰਸ਼ਣ ਨਾਮਕ ਆਪਣੇ ਸੂਤ ਜਾਤੀ ਸ਼ਿਸ਼ ਨੂੰ ਇਹ ਸੰਹਿਤਾ ਸਿਖਾ ਦਿੱਤੀ। ਲੋਮਹਰਸ਼ਣ ਦੇ ਛੇ ਸ਼ਿਸ਼ ਹੋਏ ਅਤੇ ਅੱਗੋਂ ਉਨ੍ਹਾਂ ਦੇ ਵੀ ਸ਼ਿਸ਼ ਹੋਏ ਹਨ। ਸੰਭਾਵਨਾ ਹੈ ਕਿ ਇਸੇ ਸ਼ਿਸ਼ ਪਰੰਪਰਾ ਨੇ ਅਠਾਰ੍ਹਾਂ ਪੁਰਾਣਾਂ ਦੀ ਰਚਨਾ ਕੀਤੀ। ਆਚਾਰਯ ਬਲਦੇਵ ਉਪਾਧਿਆਇ[22] ਦੇ ਮਤ ਅਨੁਸਾਰ ਵਿਆਸ ਜੀ ਨੇ ਪੁਰਾਣ ਸੰਹਿਤਾ ਦੀ ਮੂਲ

ਸਿਰਜਣਾ ਕਰਕੇ ਲੋਮਹਰਸ਼ਣ ਸੂਤ ਨੂੰ ਉਸ ਸੰਹਿਤਾ ਨੂੰ ਪੜ੍ਹਾਇਆ ਅਤੇ ਉਸ ਦੇ ਪ੍ਰਚਾਰ ਦਾ ਸਾਧਕ ਵੀ ਉਸ ਨੂੰ ਹੀ ਬਣਾਇਆ। ਹਿੰਦੂ ਧਰਮ ਕੋਸ਼[23] ਦਾ ਇਹ ਮਤ ਹੈ ਕਿ ਵੇਦ ਵਿਆਸ ਦੁਆਰਾ ਪ੍ਰਸਤੁਤ ਪੁਰਾਣ ਸੰਹਿਤਾ ਦੇ ਅਠਾਰ੍ਹਾਂ ਭਾਗ ਰਹੇ ਹੋਣ, ਜਿਸ ਦੇ ਆਧਾਰ ਤੇ ਇਨ੍ਹਾਂ ਸ਼ਿਸ਼ਾਂ ਨੇ ਵੱਖ-ਵੱਖ ਪੁਰਾਣ ਨਿਰਮਿਤ ਕੀਤੇ ਹੋਣ। ਫਿਰ ਉਨ੍ਹਾਂ ਦੇ ਪਰਿਸ਼ਿਸ਼ਟ ਸਰੂਪ ਅਨੇਕ ਉਪ-ਪੁਰਾਣ ਰਚੇ ਗਏ। ਇਨ੍ਹਾਂ ਵਿਚਾਰਾਂ ਨਾਲ ਮਿਲਦੇ-ਜੁਲਦੇ ਵਿਚਾਰ ਡਾ. ਰਤਨ ਸਿੰਘ ਜੱਗੀ[24] ਨੇ ਰਾਮਦਾਸ ਗੌੜ ਦੇ ਹਵਾਲੇ ਨਾਲ ਦਿੱਤੇ ਹਨ। ਆਪ ਅਨੁਸਾਰ ਕੁਝ ਵਿਦਵਾਨਾਂ ਦੀ ਧਾਰਨਾ ਹੈ ਕਿ ਸੰਹਿਤਾ ਜਾਂ ਸੂਤ ਨੇ ਸੰਗ੍ਰਹਿ ਵਿਆਸ ਨੇ ਤਿਆਰ ਕੀਤਾ ਸੀ, ਭਾਵਿਸ਼ ਉਸ ਦੇ ਅਠਾਰ੍ਹਾਂ ਭਾਗ ਹੀ ਅਧਿਆਇ ਰਹੇ ਹੋਣਗੇ ਜਿਨ੍ਹਾਂ ਨੂੰ ਆਧਾਰ ਬਣਾ ਕੇ ਉਨ੍ਹਾਂ ਦੀ ਸ਼ਿਸ਼ ਪਰੰਪਰਾ ਨੇ ਵਰਤਮਾਨ ਅਠਾਰ੍ਹਾਂ ਪੁਰਾਣਾਂ ਦੀ ਰਚਨਾ ਕਰ ਦਿੱਤੀ ਹੋਵੇਗੀ। ਪਰੰਤੂ ਅਜਿਹਾ ਕੁਝ ਸਾਰਾ ਉਪ-ਪੁਰਾਣ ਸਾਹਿਤ ਅੱਜ ਸਾਨੂੰ ਉਪਲੱਬਧ ਨਹੀਂ ਸੀ। ਜਿਸ ਕਰਕੇ ਕੇਵਲ ਅਨੁਮਾਨ ਨਾਲ ਹੀ ਗੱਲ ਹੋ ਸਕਦੀ ਹੈ। ਪਰ ਅਨੁਮਾਨ ਦੀ ਗੱਲ ਵਿਗਿਆਨਿਕ ਢੰਗ ਨੂੰ ਉਜਾਗਰ ਕਰਨ ਲਈ ਆਧਾਰ ਨਹੀਂ ਬਣ ਸਕਦੀ।

ਪੁਰਾਣਾਂ ਦੇ ਆਰੰਭ ਵਿਚ ਵੀ ਸੰਬੰਧਿਤ ਪੁਰਾਣਾਂ ਦੀ ਉਤਪੱਤੀ ਅਤੇ ਕਰਤਾ ਸੰਬੰਧੀ ਸੰਕੇਤ ਮਿਲਦੇ ਹਨ। ਸ੍ਰੀਮਦਭਾਗਵਤ ਪੁਰਾਣ ਦੇ ਆਰੰਭ ਵਿਚ ਇਸ ਪੁਰਾਣ ਦੀ ਉਤਪੱਤੀ ਅਤੇ ਕਰਤਾ ਸੰਬੰਧੀ ਇਉਂ ਲਿਖਿਆ ਹੈ, "ਅਠਾਸੀ ਹਜ਼ਾਰ ਸ਼ੌਨਕਾਦਿਕ ਰਿਸ਼ੀਆਂ ਨੇ ਨੈਮਖਾਰ ਤੀਰਥ ਤੇ ਸੂਤ ਜੀ ਪੰਡਿਤ ਸਿੱਖ ਵੇਦ ਵਿਆਸ ਜੀ ਨੂੰ ਪੁਛਿਆ ਸੀ ਕਿ ਤੁਸੀਂ ਪਰਮੇਸ਼ਵਰ ਦੀ ਕੋਈ ਅਜਿਹੀ ਕਥਾ ਅਤੇ ਲੀਲ੍ਹਾ ਵਰਣਨ ਕਰੋ ਜਿਸ ਵਿਚ

ਭਗਤੀ, ਗਿਆਨ ਅਤੇ ਵੈਰਾਗ ਵਧੇਰੇ ਹੋਵੇ। ਇਹ ਗੱਲ ਸੂਤ ਨੇ ਸ਼ੁਕ ਜੀ ਕੋਲ — ਇਹ ਤੁਸੀਂ ਬਹੁਤ ਚੰਗੀ ਗੱਲ ਕਲਜੁਗ ਵਾਸੀਆਂ ਦੇ ਉਧਾਰ ਕਰਨ ਵਾਸਤੇ ਪੁੱਛੀ ਹੈ, ਜੋ ਕਾਲ ਰੂਪੀ ਸੱਪ ਦੇ ਮੂੰਹ 'ਚ ਪਏ ਹੋਏ ਹਨ। ਜੋ ਉਹ ਕਥਾ ਸ੍ਰੀਮਦਭਾਗਵਤ ਹੈ ਜੋ ਸੁਖਦੇਵ ਜੀ ਮਹਾਰਾਜ ਨੇ ਰਾਜਾ ਪਰੀਖਸ਼ਤ ਨੂੰ ਕਹੀ ਸੀ।[25] ਇਸੇ ਤਰ੍ਹਾਂ ਵਿਸ਼ਨੂੰ ਪੁਰਾਣ ਦੇ ਆਰੰਭ ਵਿਚ ਇਸ ਪੁਰਾਣ ਦੇ ਜਨਮ ਅਤੇ ਵਿਕਾਸ ਦੀ ਕਥਾ ਦਿੱਤੀ ਹੋਈ ਹੈ। ਇਸ ਪ੍ਰਸੰਗ ਦੀ ਅੰਤਿਮ ਪੰਕਤੀ ਇਸ ਪ੍ਰਕਾਰ ਹੈ, "ਹੇ ਬੇਟਾ! ਤੂੰ ਪੁਰਾਣ-ਸੰਹਿਤਾ ਦਾ ਕਰਤਾ ਹੋਵੇਂਗਾ ਅਤੇ ਦੇਵਤਾ (ਪਰਮਾਤਮਾ) ਦੇ ਵਾਸਤਵਿਕ ਸਰੂਪ ਨੂੰ ਠੀਕ-ਠੀਕ ਜਾਣੇਂਗਾ।"[26] ਇਹ ਸਾਰਾ ਪ੍ਰਸੰਗ ਪਰਾਸ਼ਰ ਮੁਨੀ ਨਾਲ ਸੰਬੰਧਿਤ ਹੈ ਅਤੇ ਇਨ੍ਹਾਂ ਨੂੰ ਵਰਦਾਨ ਦੇਣ ਵਾਲੇ ਬ੍ਰਹਮਾ ਦੇ ਪੁੱਤਰ ਪੁਲਸਤ੍ਯ ਜੀ ਹਨ। ਵਿਸ਼ਨੂੰ ਪੁਰਾਣ ਦੇ ਲੇਖਕ ਨੂੰ ਇਸ ਪੁਰਾਣ ਦੇ ਨਿਰਮਾਣ ਦਾ ਵਰਦਾਨ ਬ੍ਰਹਮਾ ਦੇ ਪੁੱਤਰ ਕੋਲੋਂ ਪ੍ਰਾਪਤ ਹੋਇਆ ਸੀ।

ਲਗਭਗ ਸਾਰੇ ਪੁਰਾਣਾਂ ਵਿਚ ਸੂਤ ਜੀ ਕਥਾ ਵਾਚਕ ਰਹੇ ਹਨ। ਕਿਤੇ-ਕਿਤੇ ਉਨ੍ਹਾਂ ਦੇ ਉਤਰੋਤਰ ਸ਼ਿਸ਼ਾਂ ਅਤੇ ਪਰਸ਼ਿਸ਼ਾਂ ਦੇ ਨਾਂ ਵੀ ਮਿਲਦੇ ਹਨ, ਜਿਨ੍ਹਾਂ ਰਾਹੀਂ ਇਹ ਪਰੰਪਰਾ ਮੌਖਿਕ ਰੂਪ ਵਿਚ ਵਿਕਾਸ ਕਰਦੀ ਰਹੀ। ਪਰ ਇਹ ਇਕ ਪਰੰਪਰਾ ਜ਼ਰੂਰ ਸੀ। ਪਰੰਪਰਾ ਤੋਂ ਬਗ਼ੈਰ ਕੋਈ ਵੀ ਕਾਰਜ ਸੰਪੂਰਨ ਨਹੀਂ ਹੁੰਦਾ ਅਤੇ ਇਹ ਵੀ ਸੱਚ ਹੈ ਕਿ ਕੁਝ ਚਿਰ ਮਗਰੋਂ ਹਰ ਪਰੰਪਰਾ ਆਪਣੇ ਹੀ ਨਿਯਮ ਬਣਾ ਲੈਂਦੀ ਹੈ। ਇਸ ਵਿਵੇਚਨ ਦੇ ਆਧਾਰ ਤੇ ਇਹ ਗੱਲ ਆਖੀ ਜਾ ਸਕਦੀ ਹੈ ਕਿ ਪ੍ਰਾਪਤ ਅਠਾਰ੍ਹਾਂ ਪੁਰਾਣਾਂ ਦੇ ਪ੍ਰੇਰਕ ਵਿਆਸ ਸਨ ਅਤੇ ਮੂਲ ਵਕਤਾ ਸੂਤ।

ਇਸ ਇੱਕ ਕਥਨ ਤੋਂ ਜਾਪਦਾ ਕਿ ਪੁਰਾਣਾਂ ਦੀ ਰਚਨਾ ਵਿਚ 'ਸੂਤ' ਦਾ ਬਹੁਤ ਵੱਡਾ ਯੋਗਦਾਨ ਹੈ, ਇੱਥੇ 'ਸੂਤ' ਸ਼ਬਦ ਦਾ ਅਰਥ ਵੀ ਸਪਸ਼ਟ ਕਰ ਦੇਣਾ ਉਚਿੱਤ ਜਾਪਦਾ ਹੈ। ਸੂਤ ਦਾ ਅਰਥ ਹੈ:

1. ਇਕ ਕਵੱਈਆ ਜਾਂ ਭੱਟ ਜੋ ਕਿ ਕਵਿਤਾਵਾਂ ਸੁਣਾਉਂਦਾ ਹੈ।
2. ਇਕ ਸਾਰਥੀ।
3. ਬ੍ਰਾਹਮਣ ਪਿਤਾ ਅਤੇ ਖਤਰਾਣੀ ਮਾਤਾ ਦਾ ਪੁੱਤਰ।

ਇਕ ਸਾਰਥੀ ਦਾ ਇਹ ਕਰਤੱਵ ਹੈ ਕਿ ਉਹ ਆਪਣੇ ਮਾਲਕ ਦੇ ਬਹਾਦਰੀ ਦੇ ਕਾਰਨਾਮੇ ਸਰੋਤਿਆਂ ਨੂੰ ਸੁਣਾਵੇ। ਬ੍ਰਾਹਮਣ ਪਿਤਾ ਅਤੇ ਖਤਰਾਣੀ ਮਾਤਾ ਦਾ ਪੁੱਤਰ ਹੋਣ ਦੇ ਨਾਤੇ, ਉਹ ਬ੍ਰਾਹਮਣ ਅਤੇ ਖਤਰੀ ਦੋਵਾਂ ਦੇ ਬਹਾਦਰੀ ਭਰਪੂਰ ਕਾਰਨਾਮਿਆਂ ਨੂੰ ਸੁਣਾਉਂਦਾ ਹੈ।[27] ਪ੍ਰਾਚੀਨ ਕਾਲ ਦੀ ਇਹ ਪਰੰਪਰਾ ਮੱਧਕਾਲੀ ਦੌਰ ਵਿਚ ਵੀ ਪ੍ਰਚਲਿਤ ਰਹੀ ਸੀ। ਭੱਟ ਸਾਹਿਬਾਨ ਦੇ ਅਧਿਆਤਮਿਕ ਵਾਰਾਂ ਦੀ ਰਚਨਾ ਇਸੇ ਪਰੰਪਰਾ ਅਨੁਸਾਰ ਹੀ ਹੋਈ ਸੀ।

ਜਿਸ ਤਰ੍ਹਾਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ ਕਿ ਹਰੇਕ ਪੁਰਾਣ ਕਿਸੇ ਇਕ ਦੇਵਤਾ ਵਿਸ਼ੇਸ਼ ਨਾਲ ਸੰਬੰਧਿਤ ਹੈ, ਜਿਸ ਦਾ ਸੰਖਿਪਤ ਜਿਹਾ ਚਿਤਰਨ ਕੀਤਾ ਗਿਆ ਹੈ, ਜਦੋਂ ਕਿ ਹੋਰ ਦੇਵਤਾ, ਜਿਹੜਾ ਕਿ ਕਿਸੇ ਹੋਰ ਪੁਰਾਣ ਦਾ ਵਿਸ਼ੇਸ਼ ਆਧਾਰ ਹੈ, ਉਸ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ ਗਿਆ ਅਤੇ ਕਈ ਥਾਵੀਂ ਤਾਂ ਉਹਨੂੰ ਵੀ ਪ੍ਰਮੁੱਖ ਦੇਵਤਾ ਦੀ ਹੀ ਸਹਾਇਕ ਕੀਤੀ ਗਈ ਹੈ। ਇਸ ਤੱਥ ਦੇ ਆਧਾਰ ਤੇ ਡਬਲਯੂ. ਜੇ. ਵਿਲਕਨਸ[28] ਇਹ ਸਿੱਟਾ ਕੱਢਦੇ ਹਨ ਕਿ "ਇਹ ਗ੍ਰੰਥ ਵੱਖ-ਵੱਖ ਸਮਿਆਂ ਵਿਚ ਅਤੇ ਵੱਖ-ਵੱਖ ਥਾਵਾਂ ਤੇ ਲਿਖੇ

ਕਰਦੇ ਹਨ। ਜਦੋਂ ਕਿ ਬਹੁਸੰਮਤ ਰਾਇ ਇਹ ਹੈ ਕਿ ਸਾਰੇ ਹੀ ਪੁਰਾਣ ਕਿਸੇ ਵਿਆਸ ਦੇ ਲਿਖੇ ਹਨ, ਜਿਹਨਾਂ ਵਿਚ ਵੇਦਾਂ ਅਤੇ ਮਹਾਭਾਰਤ ਦਾ ਸਾਰਤਾ ਹੈ।" ਸੰਭਵ ਹੈ ਕਿ ਕਿਸੇ ਵੇਦ ਵਿਆਸ ਨੇ ਇਨ੍ਹਾਂ ਵੇਦਾਂ ਅਤੇ ਪੁਰਾਣਾਂ ਨੂੰ ਲਿਖਤੀ ਰੂਪ ਨਾ ਦਿੱਤਾ ਹੋਵੇ। ਇਹ ਵੇਦ ਅਤੇ ਪੁਰਾਣ ਰਿਸ਼ੀਆਂ ਨੇ ਆਪਣੇ ਸ਼ਿਸ਼ ਸੰਪਰਦਾਇ ਨੂੰ ਸੁਣਾਏ ਅਤੇ ਰਿਸ਼ੀਆਂ ਦੇ ਸ਼ਿਸ਼ਾਂ ਅਤੇ ਪਰਸ਼ਿਸ਼ਾਂ ਨੇ ਇਨ੍ਹਾਂ ਦਾ ਪ੍ਰਚਾਰ ਕੀਤਾ ਹੋਵੇ। ਅੱਜ ਤਕ ਜੋ ਵੀ ਪੁਰਾਤਨ ਇਤਿਹਾਸ ਸਾਡੇ ਕੋਲ ਮੌਜੂਦ ਹੈ ਉਹ 'ਸ਼ਰੁਤਿ' ਅਰਥਾਤ 'ਸੁਣੀ ਪਰੰਪਰਾ' ਤੇ ਆਧਾਰਿਤ ਹੈ। ਸਮੇਂ ਅਨੁਸਾਰ ਇਨ੍ਹਾਂ ਵਿਚ ਹੋਰ ਗੱਲਾਂ ਦਾ ਰਲਾਉ ਹੋਣ ਨਾਲ ਇਨ੍ਹਾਂ ਦੇ ਮੂਲ ਰੂਪ ਵਿਚ ਅੰਤਰ ਆਉਂਦਾ ਗਿਆ ਹੈ।

ਇਸ ਤਰ੍ਹਾਂ ਇਸ ਸਾਰੇ ਵਿਵਰਣ ਨੂੰ ਪੇਸ਼ ਕਰਨ ਤੋਂ ਬਾਅਦ ਵੀ ਕਿਸੇ ਠੋਸ ਨਤੀਜੇ ਤੇ ਨਹੀਂ ਪੁੱਜਿਆ ਜਾ ਸਕਦਾ। ਇਹ ਗੱਲ ਜ਼ਰੂਰ ਕਹਿ ਸਕਦੇ ਹਾਂ ਕਿ ਪੁਰਾਣਾਂ ਦਾ ਪ੍ਰਚਾਰ ਵਿਆਸ ਜੀ ਨੇ ਆਪ ਨਹੀਂ ਕੀਤਾ ਸਗੋਂ ਰਿਸ਼ੀਆਂ ਦੇ ਪ੍ਰਧਾਨ ਸ਼ਿਸ਼ ਸੰਪਰਦਾਇ ਨੇ ਕੀਤਾ ਸੀ। ਸੋ, ਪੁਰਾਣਾਂ ਦੇ ਪ੍ਰਚਾਰ ਵਿਚ ਸ਼ਿਸ਼ ਪਰੰਪਰਾ ਦਾ ਬਹੁਤ ਵੱਡਾ ਯੋਗਦਾਨ ਹੈ।

ਪੁਰਾਣ ਇਤਿਹਾਸ

ਇਤਿਹਾਸ ਦੇ ਨਾਲ ਵੀ ਪੁਰਾਣਾਂ ਦਾ ਡੂੰਘਾ ਸੰਬੰਧ ਹੋਣ ਦੇ ਨਾਤੇ ਪ੍ਰਾਚੀਨ ਸੰਸਕ੍ਰਿਤ ਸਾਹਿਤ ਵਿਚ ਦੋਹਾਂ ਨੂੰ 'ਪੁਰਾਣ-ਇਤਿਹਾਸ' ਦੇ ਜੋੜਵੇਂ ਸਮਾਸ ਦੇ ਰੂਪ ਵਿਚ ਵਰਤਿਆ ਗਿਆ। ਛਾਂਦੋਗ੍ਯ ਉਪਨਿਸ਼ਦ ਵਿਚ ਇਤਿਹਾਸ ਪੁਰਾਣ ਨੂੰ ਪੰਚਮ ਵੇਦ ਕਿਹਾ

ਕਿਹਾ ਹੈ ਅਤੇ ਇਹ ਮੈਤ੍ਰਯ ਨਾਮ ਉਪਨਿਸ਼ਦ ਤੱਕ ਤਕ ਆ ਕੇ ਸਾਰੀ ਪ੍ਰਸਿੱਧੀ ਪ੍ਰਾਪਤ ਕਰ ਲਿਆ ਸੀ।[29] ਇਸੇ ਤੱਥ ਨੂੰ ਆਧਾਰ ਬਣਾ ਕੇ ਡਾ. ਪੁਸਾਲਕਰ[30] ਨੇ ਕਿਹਾ ਹੈ ਇਹ ਅਜਿਹਾ ਅਨੁਮਾਨ ਵੀ ਹੈ ਕਿ ਉੱਤਰ-ਵੈਦਿਕ ਕਾਲ ਵਿਚ ਇਤਿਹਾਸ ਅਤੇ ਪੁਰਾਣ ਪ੍ਰਚਲਿਤ ਹੋ ਚੁੱਕੇ ਸਨ ਅਤੇ ਪੁਰਾਣ ਨਾਲੋਂ ਇਤਿਹਾਸ ਦਾ ਸਥਾਨ ਪਹਿਲਾ ਹੈ। ਪਰੰਤੂ ਇਸ ਮਤ ਨੂੰ ਕੋਈ ਠੋਸ ਆਧਾਰ ਵਾਲਾ ਨਹੀਂ ਮੰਨਿਆ ਜਾ ਸਕਦਾ। ਸਿਰਫ਼ ਇੰਨਾ ਹੀ ਕਿਹਾ ਜਾ ਸਕਦਾ ਹੈ ਕਿ ਪੁਰਾਣਾਂ ਦੀ ਸੰਰਚਨਾ ਵਿਚ ਜਿਸ ਸ਼ੈਲੀ ਦਾ ਅਨੁਸਰਣ ਕੀਤਾ ਗਿਆ, ਉਸ ਦਾ ਪ੍ਰਕਾਰ ਹੀ ਕੁਝ ਅਜਿਹਾ ਸੀ ਕਿ ਇਤਿਹਾਸ ਅਤੇ ਪੁਰਾਣ ਵਿਚ ਸਪਸ਼ਟ ਭੇਦ ਦੀ ਸੰਭਾਵਨਾ ਨਹੀਂ ਸੀ। ਪਰ ਇਸ ਨਿਖੇੜੇ ਤੋਂ ਬਗੈਰ ਇਤਿਹਾਸ ਨੂੰ ਪੁਰਾਣ ਨਾਲੋਂ ਵੱਖ ਕਰਨਾ ਸੰਭਵ ਨਹੀਂ ਸੀ।

ਰਾਮਾਇਣ ਅਤੇ ਮਹਾਭਾਰਤ ਨੂੰ ਵੀ ਇਤਿਹਾਸ ਦੀ ਸ਼੍ਰੇਣੀ ਵਿਚ ਰਖਿਆ ਜਾਂਦਾ ਹੈ। ਕੋਸ਼ਾਂ ਵਿਚ ਵਿਸ਼ੇ-ਵਸਤੂ ਦੀ ਪ੍ਰਕ੍ਰਿਤੀ ਅਨੁਸਾਰ ਕਾਫ਼ੀ ਸਮਾਨਤਾ ਪਾਈ ਜਾਂਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਪੁਰਾਣ ਮਹਾਭਾਰਤ ਦਾ ਹੀ ਫੈਲਿਆ ਹੋਇਆ ਰੂਪ ਹਨ।[31] ਪੁਰਾਣਾਂ ਅਤੇ ਮਹਾਭਾਰਤ ਦਾ ਕਰਤਾ ਵੀ ਇੱਕੋ ਹੀ ਮੰਨਿਆ ਜਾਂਦਾ ਹੈ ਅਰਥਾਤ ਰਿਸ਼ੀ ਵੇਦ ਵਿਆਸ। ਜਿਹੀ ਸਮੱਗਰੀ ਜਿਹੜੀ ਕਿ ਪੁਰਾਣਾਂ ਵਿਚ ਮਿਲਦੀ ਹੈ, ਇਨ੍ਹਾਂ ਦੋਹਾਂ ਇਤਿਹਾਸਾਂ ਵਿਚ ਵੀ ਮਿਲਦੀ ਹੈ। ਸਿਰਫ਼ ਪੇਸ਼ਕਾਰੀ ਦਾ ਹੀ ਅੰਤਰ ਹੈ। ਰਾਮਾਇਣ ਅਤੇ ਮਹਾਭਾਰਤ ਵਿਚ ਮਹਾਨ ਨਾਇਕਾਂ ਦੀ ਗਾਥਾ ਮੁੱਖ ਰੂਪ ਵਿਚ ਪੇਸ਼ ਕੀਤੀ ਗਈ ਹੈ, ਜਦ ਕਿ ਪੁਰਾਣਾਂ ਵਿਚ ਪੁਰਾਤਨ ਸਭਿਆਚਾਰ ਇਕ ਮੁੱਖ

ਵਿਸ਼ੇ ਵਜੋਂ ਪ੍ਰਸਤੁਤ ਹੋਈ ਹੈ। ਇਸ ਤਰ੍ਹਾਂ ਪੁਰਾਤਨ ਸਾਹਿਤ ਦੀ ਪੇਸ਼ਕਾਰੀ ਨੂੰ ਵੀ ਪੁਰਾਣਾਂ ਵਿਚ ਮਹੱਤਵ ਦਿੱਤਾ ਗਿਆ ਹੈ। ਪੌਰਾਣਿਕ ਕਹਾਣੀਆਂ ਸਾਡੇ ਭਾਰਤੀ ਸਾਹਿਤ ਦਾ ਉੱਤਮ ਨਮੂਨਾ ਹਨ। ਸਮਾਂ ਬੀਤਣ ਨਾਲ ਪੁਰਾਣ ਅਤੇ ਇਤਿਹਾਸ ਦੇ ਅਰਥਾਂ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ। ਪੁਰਾਣਾਂ ਵਿਚ ਇਤਿਹਾਸ ਸ਼ਬਦ ਪ੍ਰਸੰਗ ਜਾਂ ਵਿਰਤਾਂਤ ਦਾ ਵਾਚਕ ਹੁੰਦਾ ਗਿਆ ਅਤੇ ਧਾਰਮਿਕ ਕਥਾ ਲਈ ਪੁਰਾਣ ਅਤੇ ਰਾਜਨੀਤਿਕ ਘਟਨਾ ਲਈ ਇਤਿਹਾਸ ਸ਼ਬਦ ਦਾ ਪ੍ਰਯੋਗ ਹੋਣ ਲੱਗ ਪਿਆ। ਇਸ ਤਰ੍ਹਾਂ ਦੋਵਾਂ ਦੇ ਅਰਥ ਭੇਦ ਦੀ ਸੀਮਾ ਨਿਰਧਾਰਿਤ ਕਰ ਦਿੱਤੀ ਗਈ।[32] ਇਸ ਸੰਬੰਧ ਵਿਚ ਡਾ. ਜਸ ਸਿੰਘ ਤ੍ਰਿਪਾਠੀ ਸਾਹਿਤ-ਮੀਮਾਂਸਾ ਦੇ ਹਵਾਲੇ ਨਾਲ ਲਿਖਦੇ ਹਨ ਕਿ ਵੈਦਿਕ ਕਾਲ ਦੀਆਂ ਦੇਵਾਸੁਰ-ਕਥਾਵਾਂ ਪੁਰਾਣ ਹਨ ਅਤੇ ਮਨੁੱਖ ਕਥਾ ਇਤਿਹਾਸ ਹੈ। ਇਕ ਕਬੀਰ ਦੀ ਕਥਾ ਜੋ ਵਾਰਤਾ ਅਦਭੁੱਤ ਪ੍ਰਸੰਗਾਂ ਨਾਲ ਭਰੀਆਂ ਹੋਈਆਂ ਸੀ, ਦੂਸਰਾ ਰੂਪ ਹੈ ਬੀਤੇ ਹੋਏ ਮਨੁੱਖ ਦੇ ਵਿਆਪਾਰਾਂ ਦੀ ਕਥਾ ਸੀ ਅਤੇ ਉਸ ਦੇ ਪ੍ਰਸੰਗ ਨਿਸ਼ਚਿਤ ਰੂਪ ਨਾਲ ਜਿਸ ਤਰ੍ਹਾਂ ਵਾਪਰੇ ਸਨ, ਉਸੇ ਤਰ੍ਹਾਂ ਹੀ ਕਹੇ ਜਾਂਦੇ ਸਨ, ਇਸ ਲਈ ਇਸ ਨੂੰ ਇਤਿਹਾਸ (ਇਤਿ-ਹ-ਆਸ) ਕਿਹਾ ਗਿਆ। ਪੁਰਾਣ ਦੀ ਹੀ ਇਕ ਵਿਧਾ ਇਹ ਇਤਿਹਾਸ ਸੀ।[33] ਆਧੁਨਿਕ ਸਮੇਂ ਵਿਚ ਇਤਿਹਾਸ ਤੋਂ ਇਸ ਤੱਥਾਤਮਕ ਘਟਿਤ ਸੱਚ ਦਾ ਬੋਧ ਹੁੰਦਾ ਹੈ, ਉਸ ਦ੍ਰਿਸ਼ਟੀ ਤੋਂ ਪੁਰਾਣ ਨੂੰ ਇਤਿਹਾਸ-ਭਿੰਨ ਕਹਿਣਾ ਹੀ ਠੀਕ ਹੈ।[34] ਪ੍ਰਾਚੀਨ ਕਾਲ ਵਿਚ ਇਤਿਹਾਸ ਅਤੇ ਪੁਰਾਣ ਸ਼ਬਦ ਦੀ ਵਿਭਾਜਨ-ਰੇਖਾ ਬਹੁਤ ਬਾਰੀਕ ਸੀ ਅਤੇ ਹੌਲੀ-ਹੌਲੀ ਅੱਗੇ ਚੱਲ ਕੇ ਦੋਵਾਂ ਸ਼ਬਦਾਂ ਦੀ ਵਿਸ਼ੇਸ਼ਤਾ ਨਿਸ਼ਚਿਤ ਕਰ ਦਿੱਤੀ ਗਈ।[35]

ਇਸ ਸਮੁੱਚੇ ਵਿਵੇਚਨ ਤੋਂ ਬਾਅਦ ਇਹ ਗੱਲ ਆਖੀ ਜਾ ਸਕਦੀ ਹੈ ਕਿ ਪੁਰਾਣ ਅਤੇ ਇਤਿਹਾਸ ਵੱਖ-ਵੱਖ ਪਾਰਿਭਾਸ਼ਿਕ ਸ਼ਬਦ ਹਨ ਅਤੇ ਵਿਸ਼ੇ-ਵਸਤੂ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਦੀ ਭਿੰਨਤਾ ਅਨਿਵਾਰੀ ਹੈ। ਇਸ ਭਿੰਨਤਾ ਤੋਂ ਬਗੈਰ ਇਨ੍ਹਾਂ ਦੀ ਆਪਣੀ ਵੱਖਰੀ

ਧਾਰਮਿਕਤਾ ਪ੍ਰਾਪਤ ਨਹੀਂ ਹੋ ਸਕਦੀ। ਦੇਵੀ-ਦੇਵਤਿਆਂ ਦੀਆਂ ਕਥਾਵਾਂ ਪੁਰਾਣ ਹਨ ਅਤੇ ਮਨੁੱਖ-ਜਾਤੀ ਦਾ ਇਤਿਹਾਸ ਹੈ। ਪੁਰਾਣਾਂ ਵਿਚ ਕਲਪਨਾ ਦੀ ਪ੍ਰਧਾਨਤਾ ਹੈ ਜਦ ਕਿ ਇਤਿਹਾਸ ਕਿਸੇ ਦੇਸ਼ ਜਾਤੀ ਦੇ ਯਥਾਰਥਿਕ ਹੁੰਦਾ ਹੈ। ਪਰ ਪੁਰਾਣ ਵਿਸ਼ੇਸ਼ ਆਪਣੇ ਪ੍ਰਾਚੀਨ ਰੂਪ ਵਿਚ ਇਤਿਹਾਸ ਨਾਲੋਂ ਵਧੇਰੇ ਵਿਸ਼ਾਲ ਹਨ। ਇਸ ਤਰਾਂ ਰੂਪ ਵੇਦਾਂ ਵਿਚ ਇਤਿਹਾਸ ਨਾਲੋਂ ਵਧੇਰੇ ਰਸ-ਸੰਪੂਰਨ ਹਨ।

ਪੁਰਾਣਾਂ ਨੂੰ ਮਹਾਂਕਾਵਿ ਦੀ ਸ਼੍ਰੇਣੀ ਵਿਚ ਵੀ ਰੱਖਿਆ ਜਾਂਦਾ ਹੈ ਕਿਉਂਕਿ ਇਨ੍ਹਾਂ ਵਿਚ ਪੁਰਾਣ ਅਤੇ ਮਹਾਂਕਾਵਿ ਦੋਹਾਂ ਦਾ ਅੰਸ਼ ਸ਼ਾਮਲ ਹੁੰਦਾ ਹੈ, ਇਸ ਲਈ ਪੁਰਾਣਾਂ ਨੂੰ ਮਹਾਂਕਾਵਿ ਤੋਂ ਨਿਖੇੜਨਾ ਵੀ ਜ਼ਰੂਰੀ ਹੈ। ਮਹਾਂਕਾਵਿ ਵਿਚ ਪਰਾਮਾਨਵੀ ਪੁਰਸ਼ਾਂ ਦੇ ਜੀਵਨ ਦਾ ਹੀ ਅੰਤਿਮ ਮਨੁੱਖਾਂ ਦੇ ਰੂਪ ਵਿਚ ਵਰਣਨ ਕੀਤਾ ਹੁੰਦਾ ਹੈ ਪਰ ਪੁਰਾਣਾਂ ਵਿਚ ਨਿਸ਼ਚਿਤ ਰੂਪ ਵਿਚ ਦੇਵਤਿਆਂ ਦੇ ਬਲ ਤੇ ਕਾਰਨਾਮਿਆਂ ਦਾ ਵਰਣਨ ਮਿਲਦਾ ਹੈ।[36] ਇਸ ਤਰ੍ਹਾਂ ਪੁਰਾਣ ਅਤੇ ਮਹਾਂਕਾਵਿ ਦੋਵੇਂ ਹੀ ਵੱਖ-ਵੱਖ ਪਰਿਭਾਸ਼ਿਕ ਸ਼ਬਦ ਹਨ ਅਤੇ ਦੋਵਾਂ ਦੀ ਆਪੋ ਆਪਣੀ ਵਿਸ਼ੇਸ਼ਤਾ ਹੈ।

ਪੁਰਾਣਾਂ ਦੀ ਰਚਨਾ ਸਰਲ ਸੰਸਕ੍ਰਿਤ ਦੇ ਛੰਦ ਰੂਪ ਵਿਚ ਹੋਈ ਹੈ। ਕੁਝ ਪੁਰਾਣਾਂ ਵਿਚ ਕਿਤੇ-ਕਿਤੇ ਵਾਰਤਕ ਦਾ ਪ੍ਰਯੋਗ ਵੀ ਕੀਤਾ ਮਿਲਦਾ ਹੈ। ਇਨ੍ਹਾਂ ਵਿਚ ਹਰੇਕ ਵਿਸ਼ੇ ਨੂੰ ਬਹੁਤ ਸਰਲ ਅਤੇ ਰੋਚਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਪੁਰਾਣਾਂ ਵਿਚ ਕਲਪਨਾ ਦੀ ਰੰਗਤ ਵੀ ਵੇਖਣ ਨੂੰ ਮਿਲਦੀ ਹੈ। ਇਕ ਹੀ ਕਥਾ ਨੂੰ ਕਈ ਪੁਰਾਣਾਂ ਵਿਚ ਵੱਖ-ਵੱਖ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਕ ਪੁਰਾਣ ਦੀ ਸਮੱਗਰੀ ਦਾ ਦੂਸਰੇ ਪੁਰਾਣ ਦੀ ਸਮੱਗਰੀ ਨਾਲ ਸਮਾਨਤਾ ਹੋਣੀ, ਮਨ ਵਿਚ ਇਹ ਪ੍ਰਤੀਕ ਜਾਪਦਾ ਹੈ ਕਿ ਇਹ ਸਭ ਵਿਚ

ਪੁਰਾਣ ਨੇ ਦੂਸਰੇ ਦੀ ਨਕਲ ਕੀਤੀ ਹੈ ਜਾਂ ਫਿਰ ਦੋਵਾਂ ਨੇ ਕਿਸੇ ਇੱਕ ਸਾਂਝੇ ਸ੍ਰੋਤ ਤੋਂ ਸਮੱਗਰੀ ਪ੍ਰਾਪਤ ਕੀਤੀ ਹੈ। ਕਥਾਵਾਂ ਦਾ ਮਹੱਤਵ ਕਿਸੇ ਉੱਚੇ ਆਦਰਸ਼ ਮਕਸਦ ਉਦੇਸ਼ ਨੂੰ ਪੇਸ਼ ਕਰਨਾ ਹੈ ਜਿਸ ਤੋਂ ਜਨ-ਸਾਧਾਰਨ ਨੇਕੀ ਜਾਂ ਚੰਗੀ ਸਿੱਖਿਆ ਪ੍ਰਾਪਤ ਕਰ ਸਕਦਾ ਹੈ।

## ਲੌਕਿਕ ਅਤੇ ਧਾਰਮਿਕ ਵਿਸ਼ੇ

ਪੁਰਾਣਾਂ ਦੇ ਪੰਜ ਪ੍ਰਧਾਨ ਲੱਛਣ ਮੰਨੇ ਜਾਂਦੇ ਹਨ। ਜਿਨ੍ਹਾਂ ਵਿਚ ਸਰਗ, ਪ੍ਰਤਿਸਰਗ, ਵੰਸ਼, ਮਨਵੰਤਰ ਅਤੇ ਵੰਸ਼ਾਨੁਚਰਿਤ ਆਉਂਦੇ ਹਨ।[37] ਸਰਗ ਸ਼ਬਦ ਤੋਂ ਸ੍ਰਿਸ਼ਟੀ ਦੇ ਮੂਲ ਅਤੇ ਵਿਕਾਸ ਦਾ ਬੋਧ ਹੁੰਦਾ ਹੈ। ਇਸ ਸਾਰੀ ਸ੍ਰਿਸ਼ਟੀ ਅਰਥਾਤ ਸਾਰੇ ਜੀਵਿਤ ਪਦਾਰਥਾਂ ਦੀ ਉਤਪੱਤੀ ਹੀ ਸਰਗ ਹੈ।

ਪ੍ਰਤਿਸਰਗ, ਸਰਗ ਦਾ ਵਿਪਰੀਤ ਅਰਥ ਰੱਖਦਾ ਹੈ। ਇਸ ਲਈ 'ਪ੍ਰਲੈ' ਸ਼ਬਦ ਦੀ ਵੀ ਵਰਤੋਂ ਕੀਤੀ ਜਾਂਦੀ ਹੈ। ਵਿਸ਼ਨੂੰ ਪੁਰਾਣ (1/4/25) ਵਿਚ ਇਸ ਲਈ 'ਪ੍ਰਤਿਸੰਚਰ' ਸ਼ਬਦ ਇਸਤੇਮਾਲ ਕੀਤਾ ਗਿਆ ਹੈ ਜਦ ਕਿ ਭਾਗਵਤ ਪੁਰਾਣ (12/7/17) ਵਿਚ ਇਸ ਲਈ 'ਸੰਸਥਾ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਵੰਸ਼ ਦਾ ਅਰਥ ਕੁਲ, ਬ੍ਰਹਮਾ ਤੋਂ ਉਤਪੰਨ ਰਾਜਿਆਂ ਦੀਆਂ ਵੰਸ਼ ਪਰੰਪਰਾਵਾਂ ਤੋਂ ਹੈ, ਜਿਨ੍ਹਾਂ ਦਾ ਸੰਬੰਧ ਪੁਰਾਣਾਂ ਨਾਲ ਹੈ। ਇਸ ਵਿਚ ਦੇਵ-ਵੰਸ਼ ਅਤੇ ਰਿਸ਼ੀ ਵੰਸ਼ ਆ ਜਾਂਦੇ ਹਨ। ਇਹ ਵਿਚਾਰ ਹੈ ਕਿ ਮਹਾਰਿਸ਼ੀਆਂ ਦੇ ਚਰਿਤ੍ਰ ਚਿਤਰਣ ਨਾਲੋਂ ਪੁਰਾਣਾਂ ਵਿਚ ਰਾਜਿਆਂ ਦਾ ਹੀ ਅਧਿਕ ਵਰਣਨ ਮਿਲਦਾ ਹੈ।[38] ਮਨਵੰਤਰ ਤੋਂ ਕਾਲ-ਚੱਕਰ ਦਾ ਬੋਧ ਹੁੰਦਾ ਹੈ। ਮਨਵੰਤਰ ਚੌਦਾਂ ਹਨ ਅਤੇ ਹਰੇਕ ਮਨਵੰਤਰ ਦੇ ਸ਼ਾਸਕ ਨੂੰ ਮਨੂ ਕਹਿੰਦੇ ਹਨ। ਇਸ ਤਰ੍ਹਾਂ ਮਨੂ ਵੀ ਅਨੇਕ ਹਨ।

'ਵੰਸ਼ਾਨੁਚਰਿਤ' ਵਿਚ ਸੂਰਜ ਅਤੇ ਚੰਦਰਵੰਸ਼ੀ ਰਾਜਿਆਂ ਦੀ ਵੰਸ਼ਾਵਲੀ ਦਾ ਸੰਖੇਪ ਵਰਣਨ ਸ਼ਾਮਿਲ ਹੈ।

ਡਾ. ਰਾਜਵੰਸ਼ ਸਹਾਏ 'ਹੀਰਾ' ਅਤੇ ਆਚਾਰੀਆ ਬਲਦੇਵ ਉਪਾਧਿਆਇ[39] ਨੇ ਇਨ੍ਹਾਂ ਪੰਜ ਲੱਛਣਾਂ ਦਾ ਵਿਸਤਾਰਪੂਰਵਕ ਵਰਣਨ ਕੀਤਾ ਹੈ।

ਸਰਗ: ਸਰਗ ਪੁਰਾਣਾਂ ਦਾ ਪਹਿਲਾ ਵਿਸ਼ਾ ਹੈ। ਇਸ ਨੂੰ ਸ੍ਰਿਸ਼ਟੀ ਵਿਗਿਆਨ ਵੀ ਕਹਿੰਦੇ ਹਨ। ਪੌਰਾਣਿਕ ਸ੍ਰਿਸ਼ਟੀ ਕ੍ਰਮ ਦੂਜੇ ਸਾਂਖ੍ਯ ਦਰਸ਼ਨ ਵਿਚ ਦਿੱਤੇ ਗਏ ਸ੍ਰਿਸ਼ਟੀ-ਕ੍ਰਮ ਦਾ ਹੀ ਪ੍ਰਕਾਰ ਜਿਹਾ ਹੈ। ਪਰ ਕਈ ਪੱਖਾਂ ਤੋਂ ਇਹਦਾ ਆਪਣਾ ਵੱਖਰਾ ਅਸਤਿਤ੍ਵ ਵੀ ਹੈ। ਸਾਂਖ੍ਯ ਦੀ ਸ੍ਰਿਸ਼ਟੀ ਵਿਗਿਆਨ ਨਿਰੀਸ਼੍ਵਰ (ਈਸ਼ਵਰ ਰਹਿਤ) ਹੈ ਪਰੰਤੂ ਪੌਰਾਣਿਕ ਸ੍ਰਿਸ਼ਟੀ ਵਿਗਿਆਨ ਵਿਚ ਸੇਸ਼੍ਵਰ (ਈਸ਼ਵਰ ਸਹਿਤ) ਤੱਤ ਦੀ ਪ੍ਰਧਾਨਤਾ ਹੈ।

'ਵਿਸ਼ਨੂੰ ਪੁਰਾਣ' ਨੇ ਸਪਸ਼ਟ ਰੂਪ ਵਿਚ ਇਹ ਗੱਲ ਮੰਨੀ ਹੈ ਕਿ ਵਿਸ਼ਨੂੰ ਦੇ ਰੂਪ ਨਾਲ ਹੀ ਪ੍ਰਧਾਨ ਅਤੇ ਪੁਰਸ਼ ਦੇ ਰੂਪ ਹੁੰਦੇ ਹਨ ਅਤੇ ਵਿਸ਼ਨੂੰ ਦੇ ਤੀਸਰੇ ਰੂਪ — ਕਾਲਾਤਮਕ ਰੂਪ ਨਾਲ ਹੀ ਇਹ ਸ੍ਰਿਸ਼ਟੀ ਸਮੇਂ ਇਕੱਠੇ ਹੁੰਦੇ ਅਤੇ ਪਰਲੋ ਸਮੇਂ ਵਿਖਰ ਜਾਂਦੇ ਹਨ।

> ਵਿਸ਼ਨੋ: ਸ੍ਵਰੂਪਾਤ ਪਰਤੋ ਹਿਤੇ ਦ੍ਵੇ ਰੂਪੇ ਪ੍ਰਧਾਨੰ ਪੁਰਸ਼ਸ਼ ਵਿਪ੍ਰ।
> ਤਸ੍ਯੈਵ ਤੇ'ਨ੍ਯੇਨ ਧ੍ਰਿਤੇ ਵਿਯੁਕ੍ਤੇ ਰੂਪਾਂਤਰੰ ਤਦ੍ਵ ਦ੍ਵਿਜ ਕਾਲ ਸੰਗਯਮ।

ਪੁਰਾਣਾਂ ਵਿਚ ਸ੍ਰਿਸ਼ਟੀ ਦੇ ਦੋ ਪ੍ਰਕਾਰ ਮੰਨੇ ਗਏ ਹਨ। ਸਰਗ ਦੇ ਤਿੰਨ ਪ੍ਰਕਾਰ ਹਨ: ਪ੍ਰਾਕ੍ਰਿਤ, ਵੈਕ੍ਰਿਤ ਤਥਾ ਪ੍ਰਾਕ੍ਰਿਤ-ਵੈਕ੍ਰਿਤ ਸਰਗ। ਪ੍ਰਾਕ੍ਰਿਤ ਸਰਗ ਤਿੰਨ ਤਰ੍ਹਾਂ ਦਾ, ਵੈਕ੍ਰਿਤ ਪੰਜ ਤਰ੍ਹਾਂ ਦਾ, ਪ੍ਰਾਕ੍ਰਿਤ-ਵੈਕ੍ਰਿਤ ਇੱਕ ਤਰ੍ਹਾਂ ਦਾ ਹੁੰਦਾ ਹੈ। ਪ੍ਰਾਕ੍ਰਿਤ ਸਰਗ ਦੇ ਤਿੰਨ ਪ੍ਰਕਾਰ ਹਨ — ਬ੍ਰਹਮ ਸਰਗ, ਭੂਤ ਸਰਗ ਅਤੇ ਵੈਕਾਰਿਕ ਸਰਗ।

ਬ੍ਰਹਮ ਸਰਗ: ਮਹਤੱਤ ਦਾ ਸਰਗ ਹੀ ਬ੍ਰਹਮ ਸਰਗ ਹੈ।

ਭੂਤ ਸਰਗ: ਪੰਜ ਤਨਮਾਤਰਾਵਾਂ ਦੀ ਸ੍ਰਿਸ਼ਟੀ ਭੂਤ ਸਰਗ ਹੈ।

ਵੈਕਾਰਿਕ ਸਰਗ: ਗਿਆਰ੍ਹਾਂ ਇੰਦਰੀਆਂ ਨਾਲ ਸੰਬੰਧਿਤ ਸ੍ਰਿਸ਼ਟੀ ਵੈਕਾਰਿਕ ਸਰਗ ਹੈ।

ਵੈਕ੍ਰਿਤ ਸਰਗ: ਵੈਕ੍ਰਿਤ ਸਰਗ ਦੇ ਪੰਜ ਪ੍ਰਕਾਰ ਹਨ — ਮੁਖ ਸਰਗ, ਤਿਰ੍ਯਕ ਸਰਗ, ਦੇਵ ਸਰਗ, ਮਾਨੁਸ਼ ਸਰਗ ਅਤੇ ਅਨੁਗ੍ਰਹਿ ਸਰਗ।

ਮੁੱਖ ਸਰਗ: ਜੜ੍ਹ ਸ੍ਰਿਸ਼ਟੀ ਨੂੰ ਹੀ ਮੁੱਖ ਸਰਗ ਕਹਿੰਦੇ ਹਨ। ਦਰਖਤ, ਗੁਲਮ (ਵੇਲ), ਲਤਾ, ਤ੍ਰਿਣ ਅਤੇ ਵੀਰੁਧ ਦੀ ਗਿਣਤੀ ਇਸ ਵਿਚ ਹੁੰਦੀ ਹੈ। ਇਸ ਨੂੰ ਮੁੱਖ ਸਰਗ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਧਰਤੀ ਤੇ ਸਜਿੰਦਤਾ ਦੇ ਵਿਚਾਰ ਨਾਲ ਦਰਖਤਾਂ ਦੀ ਹੀ ਪ੍ਰਧਾਨਤਾ ਹੈ।

ਮੁਖ੍ਯਾ ਵੈ ਸਥਾਵਰਾ: ਸਮ੍ਰਿਤਾ।[41]

ਸ੍ਰਿਸ਼ਟੀ ਦੇ ਆਰੰਭ ਵਿਚ ਪਹਿਲਾਂ ਵਾਰ ਬ੍ਰਹਮਾ ਦੁਆਰਾ ਸ੍ਰਿਸ਼ਟੀ ਬਾਰੇ ਸੋਚਣ ਉਪਰੰਤ, ਫੇਰ ਧਾਰਨ ਕਰਨ ਤੇ ਜੋ ਸ੍ਰਿਸ਼ਟੀ ਹੋਈ, ਉਸ ਨੂੰ ਮੁੱਖ ਸਰਗ ਕਿਹਾ ਗਿਆ ਹੈ।

ਤਿਰਯਕ ਸਰਗ: ਮੁੱਖ ਸ੍ਰਿਸ਼ਟੀ ਨੂੰ ਉਪਯੋਗੀ ਨਾ ਸਮਝ ਕੇ ਜਦੋਂ ਬ੍ਰਹਮਾ ਨੇ ਉਸ ਨੂੰ ਮਿਹਨਤ ਕਰਨ ਦੇ ਯੋਗ ਨਾ ਸਮਝਿਆ ਤਾਂ ਫੇਰ ਧਿਆਨ ਲਗਾਇਆ ਉਸ ਸਮੇਂ ਤਿਰਯਕ ਯੋਨੀ ਦੇ ਜੀਵ ਪੈਦਾ ਹੋਏ। ਇਸ ਵਰਗ ਵਿਚ ਪਸ਼ੂ, ਪੰਛੀ ਆਉਂਦੇ ਹਨ। ਜੋ ਅਗਿਆਨੀ, ਤਮੋਗੁਣ ਯੁਕਤ ਅਤੇ ਵਿਵੇਕਹੀਣ ਹੁੰਦੇ ਹਨ। ਸਥਾਵਰ ਤੋਂ ਬਾਅਦ ਇਨ੍ਹਾਂ ਦੀ ਸ੍ਰਿਸ਼ਟੀ ਜੰਗਮ ਦੇ ਰੂਪ ਵਿਚ ਹੋਈ।

ਦੇਵ ਸਰਗ: ਤਿਰ੍ਯਕ ਸ੍ਰਿਸ਼ਟੀ ਤੋਂ ਸੰਤੁਸ਼ਟ ਨਾ ਹੋਕੇ ਬ੍ਰਹਮਾ ਨੇ ਦੇਵ ਸਰਗ ਜਾਂ ਪਰਮ ਪੁਰਸ਼ਾਰਥ ਜਾਂ ਮੋਕਸ਼ ਦੇ ਸਾਧਕ ਦੀ ਸ੍ਰਿਸ਼ਟੀ ਕੀਤੀ। ਇਹ ਪ੍ਰਾਣੀ ਉਪਰਲੇ ਲੋਕ ਵਿਚ ਰਹਿਣ ਵਾਲਾ ਹੈ।

ਮਾਨੁਸ਼ ਸਰਗ: ਇਸ ਸਰਗ ਦੇ ਪ੍ਰਾਣੀ ਧਰਤੀ ਤੇ ਨਿਵਾਸ ਕਰਨ ਵਾਲੇ ਅਤੇ ਸਤੋ, ਰਜੋ, ਤਮੋ ਗੁਣ ਨਾਲ ਯੁਕਤ ਹੁੰਦੇ ਹਨ। ਇਸੇ ਕਰਕੇ ਇਹ ਪ੍ਰਾਣੀ ਵਧੇਰੇ ਦੁਖ ਭੋਗਦੇ ਹਨ। ਇਹ ਸਦਾ ਹੀ ਕ੍ਰਿਆਸ਼ੀਲ ਅਤੇ ਬਾਹਰਲੇ ਅੰਦਰਲੇ ਗਿਆਨ ਤੋਂ ਮੁਕਤ ਹੁੰਦੇ ਹਨ। ਇਨ੍ਹਾਂ ਨੂੰ ਮਨੁੱਖ ਕਿਹਾ ਜਾਂਦਾ ਹੈ।

ਅਨੁਗ੍ਰਹਿ ਸਰਗ: ਸਾਰਾ ਪ੍ਰਾਕ੍ਰਿਤ ਸਰਗ ਹੀ ਅਨੁਗ੍ਰਹਿ ਸਰਗ ਹੈ।

ਕੌਮਾਰ ਸਰਗ: ਕੁਝ ਵਿਦਵਾਨਾਂ ਅਨੁਸਾਰ ਇਹ ਸ੍ਰਿਸ਼ਟੀ, ਦੇਵ ਅਤੇ ਮਨੁੱਖ ਦੋਹਾਂ ਦੀ ਹੈ। ਸ੍ਰਿਸ਼ਟੀ ਕ੍ਰਮ ਵਿਚ ਇਹ ਵਿਚਾਰ ਵੀ ਕੀਤਾ ਜਾਂਦਾ ਹੈ ਕਿ ਤਮੋ ਗੁਣ ਦੇ ਵਧੇਰੇ ਹੋਣ ਕਰਕੇ ਬ੍ਰਹਮਾ ਨੇ ਅਸੁਰਾਂ ਦੀ ਸ੍ਰਿਸ਼ਟੀ ਕੀਤੀ, ਜੋ ਬ੍ਰਹਮਾ ਦੇ ਜੰਘਾਂ (ਪੱਟਾਂ) 'ਚੋਂ ਉਤਪੰਨ ਹੋਏ। ਉਹਦੇ ਬਾਅਦ ਬ੍ਰਹਮਾ ਨੇ ਤਾਮਸੀ ਦੇਹ ਦਾ ਤਿਆਗ ਕਰਕੇ ਸਾਤਵਿਕ ਸਰੀਰ ਧਾਰਨ ਕੀਤਾ ਅਤੇ ਆਪਣੇ ਮੂੰਹ ਤੋਂ ਦੇਵਤਿਆਂ ਨੂੰ ਪੈਦਾ ਕੀਤਾ। ਫੇਰ ਰਜੋ ਗੁਣ ਵਾਲੀ ਦੇਹ ਧਾਰਨ ਕਰਕੇ ਰਜੋ ਗੁਣ ਦੀ ਪ੍ਰਧਾਨਤਾ ਵਾਲੇ ਮਨੁੱਖਾਂ ਦਾ ਨਿਰਮਾਣ ਕੀਤਾ ਗਿਆ। ਉਨ੍ਹਾਂ ਨੇ ਸੰਧਿਕ ਰੂਪ ਵਿਚ ਸਤੋ ਗੁਣੀ ਦੇਹ ਨਾਲ ਪਿਤਰਾਂ ਦੀ ਸ੍ਰਿਸ਼ਟੀ ਕੀਤੀ। ਇਨ੍ਹਾਂ ਚਾਰ ਪ੍ਰਾਣੀ ਵਰਗਾਂ ਦਾ ਸੰਬੰਧ ਚਾਰ ਕਾਲਾਂ ਨਾਲ ਵੀ ਹੈ — ਅਸੁਰਾਂ ਦਾ ਰਾਤ ਨਾਲ, ਦੇਵਤਿਆਂ ਦਾ ਦਿਨ ਨਾਲ, ਪਿਤਰਾਂ ਦਾ ਸ਼ਾਮ ਨਾਲ ਅਤੇ ਮਨੁੱਖਾਂ ਦਾ ਸਵੇਰ ਨਾਲ।

ਪ੍ਰਤਿਸਰਗ: ਪ੍ਰਤਿਸਰਗ ਜਾਂ ਪ੍ਰਲਯ ਲਈ ਪੁਰਾਣਾਂ ਵਿਚ ਕਈ ਸ਼ਬਦ ਵਰਤੇ ਗਏ ਹਨ — ਅੰਤਰ ਪ੍ਰਲਯ, ਅੰਤਰਾਲਾ - ਉਪਸੰਹਿਤੀ, ਆਕ੍ਰਤ ਸੰਪ੍ਰਲਵ, ਹਾਪ੍ਰਲਤ, ਨਿਰੋਧ, ਸੰਸ੍ਰਯਾ, ਉਪਸੰਹ੍ਰਤੀ, ਏਕਾਰਣਵਾਸ੍ਰਯਾ, ਤੱਤਪ੍ਰਤਿਸੰਯਮ ਆਦਿ। ਪ੍ਰਲਯ ਦੇ ਚਾਰ ਪ੍ਰਕਾਰ ਮੰਨੇ ਗਏ ਹਨ —

ਨੈਮਿੱਤਕ, ਪ੍ਰਾਕ੍ਰਿਤ, ਆਤ੍ਯੰਤਿਕ ਅਤੇ ਨਿਤ੍ਯ।

ਨੈਮਿੱਤਕ ਪ੍ਰਲਯ: ਪ੍ਰਲਯ ਦੇ ਮੌਕੇ ਤੇ ਜਦੋਂ ਬ੍ਰਹਮਾ ਅਤੇ ਸ਼ੇਸ਼ਨਾਗ ਦੀ ਸੇਜ ਤੇ ਸੌਣ ਵਾਲੇ ਵਿਸ਼ਨੂੰ ਸੰਸਾਰ ਨੂੰ ਆਪਣੇ ਵਿਚ ਲੀਨ ਕਰਕੇ ਸੌਂ ਜਾਂਦੇ ਹਨ ਤਦ ਉਨ੍ਹਾਂ ਦੀ ਨੀਂਦ ਨੂੰ ਕਾਰਣ ਮੰਨ ਕੇ ਜੋ ਪ੍ਰਲਯ ਹੁੰਦਾ ਹੈ। ਜੋ ਬ੍ਰਹਮਾ ਦੇ ਇਕ ਦਿਨ ਬੀਤਣ ਤੇ ਹੁੰਦਾ ਹੈ।

ਪ੍ਰਾਕ੍ਰਿਤ ਪ੍ਰਲਯ: ਬ੍ਰਹਮਾ ਦੀ ਉਮਰ ਸੌ ਸਾਲ ਹੋਣ ਤੇ ਇਹ ਪ੍ਰਲਯ ਹੁੰਦਾ ਹੈ। ਇਸ ਸਥਿਤੀ ਵਿਚ ਸੱਤ ਪ੍ਰਕ੍ਰਿਤੀਆਂ, ਪੰਜ ਤਨਮਾਤਰਾਵਾਂ ਅਹੰਕਾਰ ਅਤੇ ਮਹਤੱਤ ਅਵਿਅਕਤ ਪ੍ਰਕ੍ਰਿਤੀ ਵਿਚ ਲੀਨ ਹੋ ਜਾਂਦੇ ਹਨ ਅਤੇ ਸੰਸਾਰ ਵਿਚ ਭਿਆਨਕ ਸੰਹਾਰ ਦੇ ਦ੍ਰਿਸ਼ ਦਿੱਸਣ ਲੱਗਦੇ ਹਨ।

ਆਤ੍ਯੰਤਿਕ ਪ੍ਰਲਯ: ਇਸ ਦੇ ਸਮੇਂ ਦੀ ਕੋਈ ਸੀਮਾ ਨਹੀਂ ਹੈ। ਇਹ ਕਦੀ ਵੀ ਹੋ ਸਕਦਾ ਹੈ। ਇਸ ਦੇ ਉਤਪੰਨ ਹੋਣ ਦੀ ਸਾਧਨ ਸਮੱਗਰੀ ਜਦੋਂ ਵੀ ਉਪਸਥਿਤ ਹੋ ਜਾਂਦੀ ਹੈ, ਉਦੋਂ ਹੀ ਇਹ ਸੰਭਵ ਹੁੰਦਾ ਹੈ। ਘੋਰ ਦੁੱਖਾਂ ਤੋਂ ਛੁਟਕਾਰੇ ਨੂੰ ਹੀ ਆਤ੍ਯੰਤਿਕ ਪ੍ਰਲਯ ਕਹਿੰਦੇ ਹਨ।

ਨਿਤ੍ਯ ਪ੍ਰਲਯ: ਪੁਰਾਣਾਂ ਵਿਚ ਕਿਹਾ ਗਿਆ ਹੈ ਕਿ ਸ੍ਰਿਸ਼ਟੀ ਅਤੇ ਪ੍ਰਲਯ ਦੋਵੇਂ ਹੀ ਨਿਤ੍ਯ ਹਨ। ਬ੍ਰਹਮਾ ਤੋਂ ਲੈ ਕੇ ਹਰੇਕ ਪ੍ਰਾਣੀ ਅਤੇ ਤੀਲੇ ਤਕ ਵੀ ਜੰਮਦੇ ਅਤੇ ਮਰਦੇ ਹਨ। ਇਸ ਤਰ੍ਹਾਂ ਸਿਰਜਣਾ ਅਤੇ ਸੰਹਾਰ ਦੀ ਲੀਲ੍ਹਾ ਸਦਾ ਚਲਦੀ ਰਹਿੰਦੀ ਹੈ।

ਮਨਵੰਤਰ: ਚਾਰ ਯੁਗਾਂ ਦਾ ਮਾਪ 4320000 ਸਾਲਾਂ ਦਾ ਹੈ। ਜਦ ਚਾਰੋਂ ਯੁਗ ਇਕ ਹਜ਼ਾਰ ਵਾਰੀ ਬੀਤ ਜਾਂਦੇ ਹਨ, ਤਦ ਬ੍ਰਹਮਾ ਦਾ ਇਕ ਦਿਨ ਹੁੰਦਾ ਹੈ। ਬ੍ਰਹਮਾ ਦੇ ਇਕ ਦਿਨ ਨੂੰ ਹੀ ਕਲਪ ਕਹਿੰਦੇ ਹਨ। ਇਕ ਕਲਪ ਵਿਚ ਚੌਦ੍ਹਾਂ ਮਨੂ ਸ਼ਾਸਨ ਕਰਦੇ ਹਨ। ਇਕ ਮਨੂ ਤੋਂ ਦੂਸਰੇ ਮਨੂ ਤਕ ਆਉਣ ਵਾਲਾ ਸਮਾਂ ਅੰਤਰਾਲ ਕਿਹਾ ਜਾਂਦਾ ਹੈ। ਇਸੇ

ਨੂੰ ਹੀ ਮਨਵੰਤਰ ਕਹਿੰਦੇ ਹਨ। ਚੌਦ੍ਹਾਂ ਮਨਵੰਤਰਾਂ ਦੇ ਨਾਮ ਇਸ ਪ੍ਰਕਾਰ ਹਨ:

1. ਸਵਾਯਮਭੁਵ ਮਨੂ
2. ਸਵਾਰੋਚਿਸ਼ ਮਨੂ
3. ਉੱਤਮ ਮਨੂ
4. ਤਾਮਸ ਮਨੂ
5. ਰੈਵਤ ਮਨੂ
6. ਚਾਕਸ਼ੁਸ਼ ਮਨੂੰ
7. ਵੈਵਸਵਤ ਮਨੂ
8. ਸਾਵਰਣੀ ਮਨੂ
9. ਦਕਸ਼ਸਾਵਰਣੀ ਮਨੂ
10. ਬ੍ਰਹਮ ਸਾਵਰਣੀ ਮਨੂ
11. ਧਰਮ ਸਾਵਰਣੀ ਮਨੂ
12. ਰੁਦ੍ਰ ਸਾਵਰਣੀ ਮਨੂ
13. ਦੇਵ ਸਾਵਰਣੀ ਮਨੂ
14. ਇੰਦ੍ਰ ਸਾਵਰਣੀ ਮਨੂ

ਚਾਰ ਯੁੱਗਾਂ ਦਾ ਜੋੜ ਇਸ ਪ੍ਰਕਾਰ ਹੈ:

| | |
|---|---|
| ਸਤਿਯੁਗ | 17,28,000 ਸਾਲ |
| ਤ੍ਰੇਤਾ ਯੁਗ | 12,96,000 ਸਾਲ |
| ਦੁਆਪਰ | 8,64,000 ਸਾਲ |
| ਕਲਿਯੁਗ | 4,32,000 ਸਾਲ |
| ਕੁਲ ਜੋੜ | 43,20,000 ਸਾਲ |

ਪੁਰਾਣਾਂ ਦਾ ਵੰਸ਼ਾਨੁਚਰਿਤ ਇਤਿਹਾਸਕ ਵਿਉਰਿਆਂ ਨਾਲ ਭਰਿਆ ਪਿਆ ਹੈ। ਵੰਸ਼ਾਂ ਦਾ ਆਰੰਭ ਮਨੂ ਤੋਂ ਹੁੰਦਾ ਹੈ। ਇਨ੍ਹਾਂ ਵਿਚ ਦੋ ਮਨੂਆਂ ਨੂੰ ਵਧੇਰੇ ਮਹੱਤਾ ਪ੍ਰਾਪਤ ਹੈ:

ਸ੍ਵਾਯੰਭੁਵ ਮਨੂ — ਪਹਿਲਾ
ਅਤੇ
ਵੈਵਸ੍ਵਤ ਮਨੂ — ਸੱਤਵਾਂ

ਸ੍ਵਾਯੰਭਵ ਮਨੂ ਨੂੰ ਬ੍ਰਹਮਾ ਦਾ ਪਹਿਲਾ ਪੁੱਤਰ ਮੰਨਿਆ ਜਾਂਦਾ ਹੈ। ਇਹ ਧਰਤੀ ਦਾ ਪਹਿਲਾ ਸਮਰਾਟ ਸੀ। ਵੈਵਸਵਤ ਮਨੂ ਸੂਰਜ ਵੰਸ਼ ਦਾ ਪਹਿਲਾ ਰਾਜਾ ਸੀ। ਇਸ ਤੋਂ ਹੀ ਚੰਦਰਵੰਸ਼ ਅਤੇ ਸੌਦ੍ਯੁਮਨ ਵੰਸ਼ ਚਲਿਆ।

ਉਪਰੋਕਤ ਵਰਣਨ ਕੀਤੇ ਗਏ ਪੰਜ ਲੱਛਣਾਂ ਨੂੰ ਸਾਰੇ ਪੁਰਾਣਾਂ ਵਿਚ ਨਹੀਂ ਅਪਣਾਇਆ ਗਿਆ ਹੈ। ਬਾਅਦ ਦੇ ਬਹੁਤੇ ਪੁਰਾਣਾਂ ਵਿਚ ਪਰੰਪਰਾਗਤ ਪੰਜ ਲੱਛਣਾਂ ਨੂੰ ਤਕਰੀਬਨ ਅੱਖੋਂ ਪਰੋਖੇ ਹੀ ਕੀਤਾ ਗਿਆ ਹੈ ਅਤੇ ਬਹੁਤੀ ਮਹੱਤਾ ਧਾਰਮਿਕ ਅਤੇ ਸਮਾਜਿਕ ਵਿਸ਼ਿਆਂ ਨੂੰ ਦਿੱਤੀ ਗਈ ਹੈ।[42] ਪਾਰਜੀਟਰ[43] ਦੀ ਵਿਆਖਿਆ ਅਨੁਸਾਰ ਇਹ ਵਿਸ਼ੇ ਪੁਰਾਣਾਂ ਦੇ ਪ੍ਰਾਚੀਨਤਮ ਹਿੱਸੇ ਮੰਨੇ ਜਾ ਸਕਦੇ ਹਨ। ਡਾ. ਪੁਸਲਕਰ[44] ਵੀ ਇਸੇ ਮਤ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਲਿਖਦੇ ਹਨ ਕਿ ਇਹ ਪੰਜ ਲੱਛਣ ਉਪਲੱਬਧ ਪੁਰਾਣਾਂ ਦੇ ਕੇਵਲ 1/4ਵੇਂ ਭਾਗ ਤਕ ਹੀ ਸੀਮਿਤ ਹਨ। ਇੰਜ ਪ੍ਰਤੀਤ ਹੁੰਦਾ ਹੈ ਕਿ ਸ਼ੁਰੂ ਵਿਚ ਧਾਰਮਿਕ ਉਪਦੇਸ਼ ਇਨ੍ਹਾਂ ਦਾ ਪ੍ਰਧਾਨ ਮੰਤਵ ਨਹੀਂ ਸੀ ਅਤੇ ਨਾ ਹੀ ਇਹ ਮੂਲ ਰੂਪ ਵਿਚ ਕਿਸੇ ਸੰਪ੍ਰਦਾਇਕ ਉਦੇਸ਼ ਤੋਂ ਪ੍ਰੇਰਿਤ ਸਨ। ਹੋਰਨਾਂ ਵਿਸ਼ਿਆਂ ਦਾ ਸ਼ਾਮਿਲ ਹੋਣਾ ਇਨ੍ਹਾਂ ਸੰਬੰਧੀ ਪੰਜ ਲੱਛਣਾਂ ਵਾਲੀ ਪਰਿਭਾਸ਼ਾ ਨੂੰ ਵਿਵਹਾਰਿਕ ਨਾ ਰਹਿਣ ਦੇ ਕੇ ਕੇਵਲ ਸਿਧਾਂਤਕ ਬਣਾ ਦਿੰਦਾ ਹੈ।

ਉਪਰੋਕਤ ਵਿਵੇਚਨ ਤੋਂ ਬਾਅਦ ਇਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਜਿਉਂ-ਜਿਉਂ ਪੁਰਾਣਾਂ ਵਿਚ ਧਾਰਮਿਕ ਵਿਸ਼ਿਆਂ ਦਾ ਸਮਾਵੇਸ਼ ਹੋਣਾ ਸ਼ੁਰੂ ਹੋ ਗਿਆ। ਉਸੇ ਸਮੇਂ ਪਰੰਪਰਾਗਤ ਪੰਜ ਲੱਛਣਾਂ ਦੇ ਰੂਪ ਵਿਚ ਵੀ ਪਰਿਵਰਤਨ ਹੋਣ ਲਗ ਪਿਆ। ਸ੍ਰੀ ਮਦ ਭਾਗਵਤ ਪੁਰਾਣ[45] ਦੇ ਆਰੰਭ ਵਿਚ ਹੀ ਪੌਰਾਣਿਕ ਵਿਸ਼ਿਆਂ ਸੰਬੰਧੀ ਲਿਖਿਆ ਮਿਲਦਾ ਹੈ।

ਸਰਗੋਸ੍ਯਾਥ ਵਿਸਰਗਸ਼ਚ ਵ੍ਰਿਤੀਰਕਸ਼ਾਂਤਰਾਣਿ ਚ।
ਵੰਸ਼ੋ ਵੰਸ਼ਾਨੁਚਰਿਤ ਸੰਸ੍ਥਾ ਹੇਤੁਰਪਾਸ਼੍ਰਯ।

ਇਹ ਦੱਸ ਲੱਛਣ ਹਨ: ਸਰਗ, ਵਿਸਰਗ, ਵ੍ਰਿਤੀ, ਰਖਿਆ, ਅੰਤਰਾਣੀ, ਵੰਸ਼, ਵੰਸ਼ਾਨੁਚਰਿਤ, ਸੰਸਥਾ, ਹੇਤੂ ਅਤੇ ਅਪਾਸ਼੍ਰਯ। ਇਨ੍ਹਾਂ ਦੱਸ ਅਤੇ ਪਹਿਲਾਂ ਦੱਸੇ ਗਏ ਪੰਜ ਲੱਛਣਾਂ ਵਿਚ ਵਧੇਰੇ ਅੰਤਰ ਨਹੀਂ ਹੈ।

ਸਰਗ: ਇਹ ਸਰਗ ਵੀ ਪਹਿਲਾਂ ਦੱਸੇ ਗਏ ਸਰਗ ਨਾਲ ਮਿਲਦਾ-ਜੁਲਦਾ ਹੈ।

ਵਿਸਰਗ: ਜੀਵ ਦੀ ਸ੍ਰਿਸ਼ਟੀ ਹੀ ਵਿਸਰਗ ਹੈ ਅਰਥਾਤ ਪਰਮਾਤਮਾ ਦੀ ਕਿਰਪਾ ਨਾਲ ਸ੍ਰਿਸ਼ਟੀ ਕਰਨ ਦੀ ਸਮਰੱਥਾ ਪ੍ਰਾਪਤ ਕਰਕੇ ਜਦ ਬ੍ਰਹਮਾ ਮਹੱਤ੍ਤੱਤ ਆਦਿ ਕਰਮਾਂ ਦੇ ਆਧਾਰ ਤੇ ਸਤ ਜਾਂ ਅਸਤਿ ਭਾਵਨਾਵਾਂ ਦੀ ਪ੍ਰਧਾਨਤਾ ਨਾਲ ਚਰਾਚਰ (ਜੜ੍ਹ-ਚੇਤਨ) ਸਰੀਰ-ਆਤਮਕ ਉਪਾਧੀ ਨਾਲ ਵਿਸ਼ੇਸ਼ ਜੀਵਾਂ ਦੀ ਸ੍ਰਿਸ਼ਟੀ ਕਰਦੇ ਹਨ ਤਾਂ ਉਸ ਨੂੰ ਵਿਸਰਗ ਕਿਹਾ ਜਾਂਦਾ ਹੈ। ਇਕ ਪ੍ਰਾਣੀ ਤੋਂ ਦੂਜੇ ਪ੍ਰਾਣੀ ਦੀ ਸ੍ਰਿਸ਼ਟੀ ਹੀ ਵਿਸਰਗ ਹੈ।

ਵ੍ਰਿਤੀ: ਪ੍ਰਾਣੀਆਂ ਦੇ ਜੀਵਨ ਨਿਰਬਾਹ ਦੀ ਸਮੱਗਰੀ ਨੂੰ ਵ੍ਰਿਤੀ ਕਹਿੰਦੇ ਹਨ।

ਰਖਿਆ: ਰਖਿਆ ਦਾ ਅਰਥ ਹੈ ਅਨੇਕ ਤਰ੍ਹਾਂ ਦੇ ਸਰੀਰ ਧਾਰਨ ਕਰਨੇ ਅਤੇ ਵੈਰ ਵਿਰੋਧੀਆਂ ਦਾ ਸੰਹਾਰ ਕਰਨਾ। ਇਸ ਦਾ ਸੰਬੰਧ ਭਗਵਾਨ ਦੇ ਅਵਤਾਰਾਂ ਨਾਲ ਹੀ ਹੈ। ਜਿਵੇਂ ਕਿ ਗੀਤਾ ਵਿਚ ਵੀ ਭਗਵਾਨ ਕ੍ਰਿਸ਼ਣ ਦਾ ਕਥਨ ਹੈ:

ਯਦਾ ਯਦਾ ਹਿ ਧਰ੍ਮਸ੍ਯ ਗ੍ਲਾਨਿਰ ਭਵਤਿ ਭਾਰਤ<br>
ਅਭ੍ਯੁਤ੍ਥਾਨਮ ਅਧਰ੍ਮਸ੍ਯ ਤਦਾਤ੍ਮਾਨੰ ਸ੍ਰਿਜਾਮ੍ਯਹਮ।[46]

ਇਸੇ ਗੱਲ ਨੂੰ ਗੁਰੂ ਗੋਬਿੰਦ ਸਿੰਘ ਨੇ ਬਚਿੱਤਰ ਨਾਟਕ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ:

ਹਮ ਇਹ ਕਾਜ ਜਗਤ ਮੋ ਆਏ।<br>
ਧਰਮ ਹੇਤ ਗੁਰਦੇਵ ਪਠਾਏ।<br>
ਜਹਾਂ ਤਹਾਂ ਤੁਮ ਧਰਮ ਬਿਥਾਰੋ।<br>
ਦੁਸਟ ਦੋਖੀਅਨਿ ਪਕਰਿ ਪਛਾਰੋ।42।

ਯਾਹੀ ਕਾਜ ਧਰਾ ਹਮ ਜਨਮੰ।<br>
ਸਮਝ ਲੇਹੁ ਸਾਧੂ ਸਭ ਮਨਮੰ।<br>
ਧਰਮ ਚਲਾਵਨ ਸੰਤ ਉਬਾਰਨ।<br>
ਦੁਸਟ ਸਭਨ ਕੋ ਮੂਲ ਉਪਾਰਨ।43।[47]

ਕੀਰਤਾਣੀ: ਇਹ ਮਨਕੀਤਰ ਦੀ ਤਰ੍ਹਾਂ ਹੀ ਹੈ।

ਵੰਸ਼ ਅਤੇ ਵੰਸ਼ਾਨੁਚਰਿਤ: ਪਹਿਲਾਂ ਦੀ ਤਰ੍ਹਾਂ ਹੀ ਹੈ।

ਸੰਸਥਾ: ਪ੍ਰਤਿਸਰਗ ਹੀ ਸੰਸਥਾ ਜਾਂ ਪ੍ਰਲਯ ਹੈ।

ਹੇਤੂ: ਹੇਤੂ ਦਾ ਮਤਲਬ ਜੀਵ ਹੈ। ਉਹ ਅਵਿਦਿਆ (ਅਗਿਆਨ) ਦੇ ਕਾਰਨ ਹੀ ਕਰਮ ਕਰਦਾ ਹੈ।ਜੀਵ ਹੀ ਆਪਣੇ ਅਦ੍ਰਿਸ਼ਟ ਰਾਹੀਂ ਵਿਸ਼ਵ ਸ੍ਰਿਸ਼ਟੀ ਅਤੇ ਪ੍ਰਲਯ ਦਾ ਕਾਰਨ ਬਣਦਾ ਹੈ।

ਅਪਾਰਬ੍ਰਹਮ: ਬ੍ਰਹਮ ਨੂੰ ਹੀ ਅਪਾਰਬ੍ਰਹਮ ਕਿਹਾ ਜਾਂਦਾ ਹੈ। ਜਿਹੜਾ ਜਾਗ੍ਰਤ, ਸੁਪਨ ਅਤੇ ਸੁਸ਼ੁਪਤੀ ਇਨ੍ਹਾਂ ਤਿੰਨਾਂ ਦਸ਼ਾਵਾਂ ਤੋਂ ਪਰ੍ਹੇ ਤੁਰੀਯ ਤੱਤ ਨਾਲ ਹੀ ਜਾਣਿਆ ਜਾਂਦਾ ਹੈ। ਡਾ. ਪੁਸਾਲਕਰ ਅਨੁਸਾਰ "ਇਨ੍ਹਾਂ ਵਧਾਏ ਹੋਏ ਲੱਛਣਾਂ ਦੀ ਸੀਮਾ ਵੀ ਵਰਤਮਾਨ ਪੁਰਾਣਾਂ ਦੇ ਸਾਰੇ ਵਿਸ਼ਿਆਂ ਨੂੰ ਆਪਣੇ ਅੰਦਰ ਨਹੀਂ ਸਮੇਟ ਸਕਦੀ। ਮਹਾਮਹੋਪਾਧਿਆਇ ਹਰਿ ਪ੍ਰਸਾਦ ਸ਼ਾਸਤ੍ਰੀ ਨੇ ਸ੍ਰੀਮਦਭਾਗਵਤ ਪੁਰਾਣ ਦੀ ਉਪਰੋਕਤ ਪਰਿਭਾਸ਼ਾ ਤੋਂ ਵੱਡੀ ਪਰਿਭਾਸ਼ਾ ਮਤਸ੍ਯ ਪੁਰਾਣ (53/66-67) ਵਿਚ ਲੱਭੀ ਹੈ। ਪੁਰਾਣਾਂ ਦੇ ਸਰੂਪ ਬਾਰੇ ਲਿਖਣੇ ਵਿਚ ਇਹ ਵਿਆਖਿਆ ਲਾਭਦਾਇਕ ਹੈ। ਇਸ ਅਨੁਸਾਰ ਉਪਰ ਦੱਸੇ ਗਏ ਪੰਜ ਲੱਛਣਾਂ ਤੋਂ ਇਲਾਵਾ ਪੁਰਾਣ, ਬ੍ਰਹਮਾ, ਵਿਸ਼ਨੂੰ, ਸੂਰਜ ਅਤੇ ਰੁਦ੍ਰ ਦੀ ਉਸਤਤ, ਸੰਸਾਰ ਦੀ ਰੱਖਿਆ ਅਤੇ ਨਾਸ਼ ਅਤੇ ਧਰਮ, ਅਰਥ, ਕਾਮ ਅਤੇ ਮੋਕਸ਼ ਆਦਿ ਵਿਸ਼ਿਆਂ ਦੀ ਵੀ ਚਰਚਾ ਕਰਦੇ ਹਨ। ਪਰ ਪੁਰਾਣਾਂ ਦੀ ਸਾਰੀ ਵਿਸ਼ੇ ਵਿਵੇਚਨਾ ਇਸ ਵਿਆਪਕ ਪਰਿਭਾਸ਼ਾ ਦੇ ਘੇਰੇ ਵਿਚ ਵੀ ਸਮੇਟੀ ਨਹੀਂ ਜਾ ਸਕਦੀ ਹੈ।" [48]

ਕਿਹਾ ਜਾਂਦਾ ਹੈ ਕਿ ਆਰੰਭ ਵਿਚ ਪੋਰਾਣਿਕ ਕਥਾਵਾਂ ਰਾਜਿਆਂ ਮਹਾਰਾਜਿਆਂ ਦੇ ਦਰਬਾਰਾਂ ਵਿਚ ਸੁਣਾਈਆਂ ਜਾਂਦੀਆਂ ਸਨ, ਕਿਉਂਕਿ ਇਨ੍ਹਾਂ ਵਿਚ ਪ੍ਰਾਚੀਨ ਰਾਜਿਆਂ ਦੀਆਂ ਵੰਸ਼ਾਵਲੀਆਂ ਦਾ ਭਰਪੂਰ ਵਰਣਨ ਮਿਲਦਾ ਹੈ ਜਿਸ ਤੋਂ ਡਾ. ਜਯਸ਼ੰਕਰ ਤ੍ਰਿਪਾਠੀ[49] ਉਸ ਆਦਿ-ਪੁਰਾਣ ਦੇ ਦੋ ਹੀ ਰੂਪ ਮੰਨਦੇ ਹਨ: ਸ੍ਰਿਸ਼ਟੀ ਵਰਣਨ ਅਤੇ ਰਾਜਚਰਿਤ ਵਰਣਨ। ਸਮੇਂ ਦੇ ਬੀਤਣ ਨਾਲ ਉਸ ਵਿਚ ਹੋਰ ਕਥਾਵਾਂ ਦਾ ਵਰਣਨ ਸ਼ਾਮਿਲ ਹੋ ਗਿਆ।

ਵਾਯੂ ਪੁਰਾਣ ਵਿਚ ਵੀ ਪੁਰਾਣਾਂ ਦੇ ਲੱਛਣ ਸੰਬੰਧੀ ਕਥਨ ਸ਼ਾਮਿਲ ਹੈ:

ਪੁਰਾ ਪਰੰਪਰਾ ਵਕਤਿ ਪੁਰਾਣ ਤੇਨ ਵੈ ਸਿਮ੍ਰਿਤਮ।[50]

ਅਰਥਾਤ ਪ੍ਰਾਚੀਨ ਪਰੰਪਰਾ ਤੋਂ ਪ੍ਰਾਪਤ ਸਿਮ੍ਰਤੀਆਂ ਦਾ ਵਰਣਨ ਕਰਨਾ, ਪੁਰਾਣਾਂ ਦਾ ਪ੍ਰਧਾਨ ਲੱਛਣ ਹੈ। ਪ੍ਰਾਚੀਨ ਪਰੰਪਰਾ ਤੋਂ ਪ੍ਰਾਪਤ ਸਿਮ੍ਰਤੀਆਂ ਵਿਚ ਸ੍ਰਿਸ਼ਟੀ ਦੀ ਉਤਪੱਤੀ ਤੋਂ ਲੈ ਕੇ ਉਸ ਦੇ ਅੰਤ ਤਕ ਉਸ ਵਿਚ ਜਿੰਨੀਆਂ ਵੀ ਘਟਨਾਵਾਂ ਘਟੀਆਂ ਹੋਣੀਆਂ ਅਤੇ ਜਿੰਨੀਆਂ ਹੋਰ ਘਟਣ ਦੀ ਆਸ ਹੈ, ਉਨ੍ਹਾਂ ਸਾਰੀਆਂ ਵਿਚੋਂ ਕੁਝ ਵਿਸ਼ੇਸ਼ ਘਟਨਾਵਾਂ ਦਾ ਸੰਗ੍ਰਹਿ ਪੁਰਾਣ ਵਿਚ ਹੋਣਾ ਉਚਿਤ ਹੀ ਹੈ।[51]

ਪੁਰਾਣਾਂ ਵਿਚ ਵਰਣਿਤ ਵਿਸ਼ਿਆਂ ਦੀ ਚਰਚਾ ਕਰਦੇ ਹੋਏ ਮਹਾਭਾਰਤਕਾਰ ਕਹਿੰਦੇ ਹਨ ਕਿ ਇਸ ਵਿਚ ਅਨੇਕ ਦੈਵੀ ਕਥਾਵਾਂ ਅਤੇ ਵਿਸ਼ਿਸ਼ਟ ਵਿਦਵਾਨਾਂ ਦੇ ਆਦਿ-ਵੰਸ਼ਾਂ ਦਾ ਵਿਵਰਣ ਹੁੰਦਾ ਹੈ। ਬਾਲਮੀਕਿ ਰਾਮਾਇਣ ਵਿਚ ਇਹ ਵਿਚਾਰ ਪ੍ਰਗਟ ਕੀਤਾ ਗਿਆ ਹੈ ਕਿ ਰਾਜਾ ਦਸਰਥ ਨੇ ਸੰਤਾਨਹੀਨਤਾ ਦੇ ਨਿਵਾਰਨ ਦੀ ਗੱਲ ਪੁਰਾਣਾਂ ਵਿਚੋਂ ਸੁਣੀ ਸੀ।

ਅਵਤਾਰਵਾਦ ਵੀ ਪੁਰਾਣਾਂ ਦਾ ਪ੍ਰਧਾਨ ਅੰਗ ਹੈ। ਸਾਰੇ ਹੀ ਪੁਰਾਣ, ਕਿਸੇ ਨਾ ਕਿਸੇ ਅਵਤਾਰ ਦੀ ਕਥਾ ਨੂੰ ਮੁੱਖ ਰੱਖ ਕੇ ਲਿਖੇ ਗਏ ਹਨ। ਸ਼ੈਵਮਤ ਸੰਬੰਧੀ ਪੁਰਾਣਾਂ ਵਿਚ ਭਗਵਾਨ ਸ਼ਿਵ ਦੇ ਅਨੇਕ ਅਵਤਾਰਾਂ ਦੀ ਚਰਚਾ ਹੈ। ਇਸੇ ਤਰ੍ਹਾਂ ਵੈਸ਼ਨਵ ਪ੍ਰਣਾਲੀ ਨਾਲ ਸੰਬੰਧਿਤ ਪੁਰਾਣਾਂ ਵਿਚ ਵਿਸ਼ਨੂੰ ਦੇ ਅਣਗਿਣਤ ਅਵਤਾਰਾਂ ਦੀ ਚਰਚਾ ਸ਼ਾਮਿਲ ਹੈ। ਵਿਸ਼ਨੂੰ ਦੇ ਅਵਤਾਰਾਂ ਦੀ ਗਿਣਤੀ ਸਭ ਤੋਂ ਅਧਿਕ ਹੈ। ਉਸ ਦੇ ਦਸ ਅਵਤਾਰ ਦੱਸੇ ਗਏ ਹਨ। ਮਛ (ਮਤ੍ਸ੍ਯ), ਕਛ (ਕੂਰਮ), ਵਾਰਾਹ, ਨਰਸਿੰਘ, ਵਾਮਨ, ਪਰਸ਼ੂਰਾਮ, ਰਾਮ, ਕ੍ਰਿਸ਼ਨ, ਬੁੱਧ ਅਤੇ ਕਲਕੀ। ਅਜਿਹੀ ਧਾਰਨਾ ਹੈ ਕਿ ਕਲਕੀ ਨੇ ਹਾਲੇ ਕਲਯੁਗ ਦੇ ਅੰਤ ਵਿਚ ਅਵਤਾਰ ਧਾਰਣਾ ਅਤੇ ਵਿਰੋਧੀਆਂ ਦਾ ਨਾਸ਼ ਕਰਨਾ ਹੈ।

ਇਨ੍ਹਾਂ ਸਾਰੇ ਅਵਤਾਰਾਂ ਵਿਚੋਂ ਰਾਮ ਅਵਤਾਰ ਅਤੇ ਕ੍ਰਿਸ਼ਣ ਅਵਤਾਰ ਦਾ ਅਧਿਕ ਵਰਣਨ ਹੋਇਆ ਹੈ। ਇਹ ਦੋਵੇਂ ਅਵਤਾਰ ਮਾਨਵਤਾ ਵਾਸਤੇ ਆਦਰਸ਼ ਰੂਪ ਬਣ ਕੇ ਆਉਂਦੇ ਹਨ ਅਤੇ ਦੁਖੀ ਮਾਨਵਤਾ ਦਾ ਉਧਾਰ ਕਰਦੇ ਹਨ। ਭਾਰਤੀ ਮਨੁੱਖ ਸਦੀਆਂ ਤੋਂ ਇਨ੍ਹਾਂ ਦੋਹਾਂ ਅਵਤਾਰਾਂ ਨੂੰ ਆਪਣੇ ਇਸ਼ਟ ਅਤੇ ਰਹਿਬਰ ਸਮਝਦਾ ਆਇਆ ਹੈ। ਭਾਗਵਤ ਪੁਰਾਣ[52] ਵਿਚ ਵਿਸ਼ਨੂੰ ਦੇ ਅਵਤਾਰਾਂ ਦੀ ਗਿਣਤੀ 22 ਦੱਸੀ ਗਈ ਹੈ। ਜਿਵੇਂ: ਬ੍ਰਾਹਮਣ ਦੇ ਰੂਪ ਵਿਚ, ਸੂਕਰ, ਨਾਰਦ, ਨਰ-ਨਾਰਾਇਣ, ਕਪਿਲ, ਦੱਤਾਤ੍ਰੇਯ, ਯਗ ਪੁਰਸ਼ ਦੇ ਰੂਪ ਵਿਚ, ਰਿਸ਼ਭਦੇਵ, ਪ੍ਰਿਥੂ, ਮਤਸ੍ਯ, ਕੱਛਪ, ਧਨਵੰਤਰੀ, ਮੋਹਿਨੀ, ਨਰਸਿੰਘ, ਵਾਮਨ, ਪਰਸ਼ੁਰਾਮ, ਵਿਆਸ, ਰਾਮ, ਬਲਰਾਮ, ਕ੍ਰਿਸ਼ਣ, ਬੁੱਧ ਅਤੇ ਕਲਕੀ। ਪਰੰਤੂ ਇਸੇ ਪੁਰਾਣ ਵਿਚ ਇਹ ਸੰਖਿਆ ਵਧਾ ਕੇ 24 ਕਰ ਦਿੱਤੀ ਗਈ ਹੈ। ਨਾਰਦ ਤੇ ਮੋਹਿਨੀ ਦਾ ਜ਼ਿਕਰ ਨਹੀਂ ਹੈ ਤੇ ਬਲਰਾਮ ਤੇ ਕ੍ਰਿਸ਼ਣ ਨੂੰ ਇਕ ਹੀ ਮੰਨਿਆ ਗਿਆ ਹੈ। ਬਾਕੀ ਪੰਜ ਇਹ ਹਨ — ਮਨੂ, ਹੰਸ, ਹਯਗ੍ਰੀਵ, ਗਜ-ਗ੍ਰਾਸ ਦਾ ਨਿਵਾਰਣ ਕਰਨ ਵਾਲਾ, ਧ੍ਰੂਵ ਦੇ ਸਹਾਇਕ ਰੂਪ ਵਿਚ।[53] ਪਰੰਤੂ ਇਨ੍ਹਾਂ ਅਵਤਾਰਾਂ ਦੀ ਗਿਣਤੀ ਬਾਰੇ ਇਹ ਵੀ ਲਿਖਿਆ ਮਿਲਦਾ ਹੈ ਕਿ ਜਿਸ ਪ੍ਰਕਾਰ ਅਥਾਹ ਸਰੋਵਰ ਵਿਚੋਂ ਹਜ਼ਾਰਾਂ ਨਿੱਕੇ-ਨਿੱਕੇ ਨਾਲੇ ਨਿਕਲਦੇ ਹਨ, ਉਸੇ ਤਰ੍ਹਾਂ ਹੀ ਉਸ ਸਤ੍ਵਨਿਧੀ ਹਰਿ ਤੋਂ ਅਣਗਿਣਤ ਅਵਤਾਰ ਜਨਮ ਲੈਂਦੇ ਹਨ।[54]

ਵਿਸ਼ਨੂੰ ਦੇ ਇਹ ਸਾਰੇ ਹੀ ਅਵਤਾਰ ਧਰਮ ਦੀ ਰੱਖਿਆ ਖ਼ਾਤਰ ਅਵਤਾਰ ਧਾਰਦੇ ਹਨ। ਜਦੋਂ ਅਧਰਮ ਦਾ ਬੋਲ-ਬਾਲਾ ਹੋ ਜਾਵੇ ਅਤੇ ਭਗਤ ਕਸ਼ਟਦਾਇਕ ਸਥਿਤੀ ਵਿਚ ਹੋਣ, ਤਾਂ ਭਗਵਾਨ, ਭਗਤਾਂ ਦੀ ਰੱਖਿਆ ਖ਼ਾਤਰ ਅਵਤਾਰ ਧਾਰਨ ਕਰਦੇ ਹਨ।

ਸਾਰੇ ਪੁਰਾਣਾਂ ਵਿਚ ਇਸੇ ਹਕੀਕਤ ਨੂੰ ਹੀ ਦ੍ਰਿੜ੍ਹ ਕੀਤਾ ਗਿਆ ਹੈ।

ਇਨ੍ਹਾਂ ਪੁਰਾਣਾਂ ਨੂੰ ਪੱਖਪਾਤੀ ਕੂੜ ਕਹਿਣਾ ਤਾਂ ਗ਼ਲਤੀ ਹੋਵੇਗੀ, ਫੇਰ ਵੀ ਸਾਰੇ ਪੁਰਾਣਾਂ ਕਿਸੇ ਦੇਵਤਾ ਵਿਸ਼ੇਸ਼ ਨੂੰ ਹੀ ਸਮਰਪਿਤ ਹਨ ਜਿਨ੍ਹਾਂ ਵਿਚੋਂ ਵਿਸ਼ਨੂੰ, ਸ਼ਿਵ ਅਤੇ ਬ੍ਰਹਮਾ ਪ੍ਰਮੁੱਖ ਹਨ। ਇਨ੍ਹਾਂ ਪੁਰਾਣਾਂ ਵਿਚ ਇਨ੍ਹਾਂ ਦੇਵਤਿਆਂ ਅਤੇ ਇਨ੍ਹਾਂ ਦੇ ਅਵਤਾਰਾਂ ਨਾਲ ਸੰਬੰਧਿਤ ਪੁਰਾਣੀਆਂ ਕਹਾਣੀਆਂ ਹੀ ਸ਼ਾਮਿਲ ਹਨ ਜਿਹੜੀਆਂ ਕਿ ਦੇਵਤਿਆਂ ਵੱਲੋਂ ਆਪ ਹੀ ਸੁਣਾਈਆਂ ਜਾਂਦੀਆਂ ਹਨ। ਇਨ੍ਹਾਂ ਦੇਵੀ ਦੇਵਤਿਆਂ ਦੀਆਂ ਕਥਾਵਾਂ ਤੋਂ ਇਲਾਵਾ ਪੁਰਾਣਾਂ ਵਿਚ ਬ੍ਰਾਹਮਣ ਸਮਾਜ ਦੇ ਰੀਤੀ-ਰਿਵਾਜ ਅਤੇ ਸਮਾਜਿਕ ਕਦਰਾਂ-ਕੀਮਤਾਂ ਅਤੇ ਖੱਤਰੀ ਸਮਾਜ ਦੇ ਰਾਜਿਆਂ ਅਤੇ ਯੋਧਿਆਂ ਦੇ ਵੀਰਤਾ ਭਰੇ ਕਾਰਨਾਮਿਆਂ ਅਤੇ ਸਮਾਜਿਕ ਮੁੱਲਾਂ ਦਾ ਵਰਣਨ ਮਿਲਦਾ ਹੈ।[55] ਇਸ ਤਰ੍ਹਾਂ ਪੁਰਾਣ ਸਾਹਿਤ ਇਕ ਤਰ੍ਹਾਂ ਨਾਲ ਭਾਰਤ ਦੇ ਬੁੱਧੀਜੀਵੀ ਅਤੇ ਵਪਾਰੀ ਵਰਗ ਦੀ ਸੋਚ, ਜੀਵਨ ਦ੍ਰਿਸ਼ਟੀ ਅਤੇ ਸਿਰਜਣਾਤਮਕ ਪ੍ਰਤਿਭਾ ਨੂੰ ਪੇਸ਼ ਕਰਦੇ ਹਨ। ਕਿਰਤੀ ਵਰਗ ਕਿਉਂਕਿ ਸੋਚ ਅਤੇ ਪ੍ਰਤਿਭਾ ਦੇ ਵਿਕਾਸ ਵਿਚ ਸਹਾਈ ਨਹੀਂ ਸੀ ਹੁੰਦਾ, ਇਸ ਲਈ ਉਸ ਵਰਗ ਬਾਰੇ ਪੁਰਾਣਾਂ ਵਿਚੋਂ ਕੁਝ ਨਹੀਂ ਜਾਣਿਆ ਜਾ ਸਕਦਾ।

ਉਪਰੋਕਤ ਵਿਵੇਚਨ ਤੋਂ ਬਾਅਦ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸ੍ਰਿਸ਼ਟੀ ਦੀ ਉਤਪੱਤੀ ਤੋਂ ਲੈ ਕੇ ਉਸ ਵਿਚ ਸਥਿਤ ਸਾਰੇ ਪਦਾਰਥਾਂ ਨਾਲ ਸੰਬੰਧਿਤ ਵਰਣਨਾਂ ਦੇ ਨਾਲ ਹੀ ਅਨੇਕ ਤੀਰਥ, ਵਰਤ, ਦਾਨ, ਸਰਾਧ, ਵਰਣ-ਆਸ਼ਰਮ, ਅਨੇਕ ਵਿਦਿਆਵਾਂ ਅਤੇ ਕਲਾਵਾਂ, ਰਿਸ਼ੀਆਂ-ਮੁਨੀਆਂ ਦਾ ਚਰਿਤ੍ਰ ਅਤੇ ਮਹਾਤਮ, ਅਨੇਕ ਦੇਵੀ-ਦੇਵਤਿਆਂ ਦੀਆਂ ਪੂਜਾ ਵਿਧੀਆਂ, ਸੰਤ ਮਹਾਂਪੁਰਸ਼ਾਂ ਦੇ ਚਰਿਤ੍ਰ, ਭੂਗੋਲ ਵਰਣਨ, ਦੇਸ਼ਾਚਾਰ, ਲੋਕ ਵਿਵਹਾਰ, ਈਸ਼ਵਰ ਭਗਤੀ ਆਦਿ ਅਨੇਕ ਵਿਸ਼ਿਆਂ ਦਾ ਵਿਸਤ੍ਰਿਤ ਵਰਣਨ ਪੁਰਾਣਾਂ ਵਿਚ ਪਾਇਆ ਜਾਂਦਾ ਹੈ।

## ਵਰਗੀਕਰਨ

ਪੁਰਾਤਨ ਕਾਲ ਤੋਂ ਪੁਰਾਣਾਂ ਦੀ ਸੰਖਿਆ ਸੰਬੰਧੀ ਸਾਰੇ ਵਿਦਵਾਨ ਇਕ ਮਤ ਹੀ ਹਨ। ਪੁਰਾਣਾਂ ਦੀ ਸੰਖਿਆ ਅਠਾਰ੍ਹਾਂ ਮੰਨੀ ਜਾਂਦੀ ਹੈ। ਇਸ ਦੇ ਨਾਲ ਹੀ ਅਠਾਰ੍ਹਾਂ ਉਪ-ਪੁਰਾਣਾਂ ਵੀ ਮੰਨੇ ਜਾਂਦੇ ਹਨ। ਇਸ ਤੋਂ ਇਲਾਵਾ ਜੈਨ ਧਰਮ ਨਾਲ ਸੰਬੰਧਿਤ ਕੋਈ ਪੁਰਾਣ ਵੀ ਉਪਲਬਧ ਹਨ। ਪਰ ਉਨ੍ਹਾਂ ਨੂੰ ਪੁਰਾਣਾਂ ਵਾਲਾ ਮਹੱਤਵ ਪ੍ਰਾਪਤ ਨਹੀਂ ਹੈ।

ਪੁਰਾਣਾਂ ਦਾ ਵਰਗੀਕਰਨ[56] ਹੇਠ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ:

ਪੁਰਾਣ ਸਾਹਿਤ
- ਮਹਾਂਪੁਰਾਣ (ਅਠਾਰ੍ਹਾਂ)
- ਲਘੂ-ਪੁਰਾਣ
  - ਉਪ-ਪੁਰਾਣ (ਅਠਾਰ੍ਹਾਂ)
  - ਅਤਿ-ਪੁਰਾਣ (ਅਠਾਰ੍ਹਾਂ)
  - ਪੁਰਾਣ (ਅਠਾਰ੍ਹਾਂ)

ਮਹਾਂਪੁਰਾਣ: ਮਹਾਂਪੁਰਾਣਾਂ ਦੀ ਸੰਖਿਆ ਅਠਾਰ੍ਹਾਂ ਮੰਨੀ ਜਾਂਦੀ ਹੈ। ਪੁਰਾਣਾਂ ਦੇ ਕ੍ਰਮ ਸੰਬੰਧੀ ਵੀ ਵਿਦਵਾਨਾਂ ਵਿਚ ਕੋਈ ਇਕ ਰਾਏ ਨਹੀਂ ਹੈ। ਵਿਸ਼ਨੂੰ ਪੁਰਾਣ ਅਤੇ ਭਾਗਵਤ ਪੁਰਾਣ ਦੀ ਪੁਰਾਣ-ਸੂਚੀ ਅਨੁਸਾਰ ਪੁਰਾਣਾਂ ਦਾ ਵਰਣਨ ਕ੍ਰਮ ਅਨੁਸਾਰ ਇਸ ਪ੍ਰਕਾਰ ਹੈ: ਬ੍ਰਹਮ, ਪਦਮ, ਵਿਸ਼ਨੂੰ, ਸ਼ਿਵ, ਭਾਗਵਤ, ਨਾਰਦ, ਮਾਰਕੰਡੇ, ਅਗਨੀ,

ਭਵਿਖ, ਬ੍ਰਹਮਵੈਵਰਤ, ਲਿੰਗ, ਵਾਰਾਹ, ਸਕੰਦ, ਵਾਮਨ, ਕੂਰਮ, ਮਤਸ੍ਯ, ਗਰੁੜ ਅਤੇ ਬ੍ਰਹਮਾਂਡ ਪੁਰਾਣ। ਤਰਤੀਬਨ ਸਾਰੇ ਪੁਰਾਣਾਂ ਵਿਚ ਬ੍ਰਹਮ ਪੁਰਾਣ ਨੂੰ ਹੀ ਪ੍ਰਥਮ ਸਥਾਨ ਪ੍ਰਾਪਤ ਹੈ। ਕਿਧਰੇ ਦੇਵੀ ਭਾਗਵਤ ਪੁਰਾਣਾਂ ਵਿਚ ਮਤਸ੍ਯ ਪੁਰਾਣ ਨੂੰ ਪ੍ਰਥਮ ਸਥਾਨ ਦਿੱਤਾ ਗਿਆ ਹੈ।

ਪੁਰਾਣਾਂ ਦਾ ਕ੍ਰਮ: ਪੁਰਾਣਾਂ ਦੇ ਕ੍ਰਮ ਨੂੰ ਉਚਿੱਤ ਸਿੱਧ ਕਰਨ ਲਈ ਆਚਾਰੀਆ ਬਲਦੇਵ ਉਪਾਧਿਆਇ ਅਤੇ ਡਾ. ਰਾਜਬੰਸ ਸਹਾਇ 'ਹੀਰਾ'[57] ਨੇ ਇਸ ਦਾ ਵਿਸਤਾਰ ਸਹਿਤ ਵਰਣਨ ਕੀਤਾ ਹੈ।

ਪੁਰਾਣਾਂ ਦਾ ਪਹਿਲਾ ਲੱਛਣ ਸਰਗ ਜਾਂ ਸ੍ਰਿਸ਼ਟੀ ਦਾ ਹੈ, ਜਿਸ ਦਾ ਨਾਸ਼ ਪ੍ਰਤਿਸਰਗ ਜਾਂ ਪ੍ਰਲਯ ਦੇ ਰੂਪ ਵਿਚ ਹੁੰਦਾ ਹੈ। ਇਸੇ ਤੱਥ ਦੇ ਆਧਾਰ ਤੇ ਪੁਰਾਣਾਂ ਦੇ ਕ੍ਰਮ ਦੀ ਸੰਗਤਿ ਬੈਠਦੀ ਹੈ। ਸ੍ਰਿਸ਼ਟੀ ਲਈ ਬ੍ਰਹਮ ਨੇ ਬ੍ਰਹਮਾ ਦਾ ਰੂਪ ਧਾਰਣ ਕੀਤਾ, ਇਸ ਲਈ ਉਹ ਸ੍ਰਿਸ਼ਟੀ ਦਾ ਮੂਲ ਹੈ। ਸੂਚੀ ਵਿਚ ਬ੍ਰਹਮ ਪੁਰਾਣ ਦਾ ਪਹਿਲਾ ਸਥਾਨ ਬ੍ਰਹਮਾ ਦੇ ਕਾਰਣ ਦਿੱਤਾ ਗਿਆ ਹੈ। ਬ੍ਰਹਮਾ ਦੇ ਸੰਬੰਧ ਵਿਚ ਜੋ ਜਿਗਿਆਸਾ ਉਤਪੰਨ ਹੁੰਦੀ ਹੈ, ਉਸ ਦਾ ਉੱਤਰ ਪਦਮ ਪੁਰਾਣ ਵਿਚ ਮਿਲਦਾ ਹੈ। ਬ੍ਰਹਮਾ ਦਾ ਉਦੇ ਪਦਮ ਤੋਂ ਹੋਇਆ ਸੀ। ਵਿਸ਼ਨੂੰ ਪੁਰਾਣ ਅਨੁਸਾਰ ਵਿਸ਼ਨੂੰ ਦੀ ਨਾਭੀ ਤੋਂ ਜੋ ਕਮਲ ਪ੍ਰਗਟ ਹੋਇਆ, ਉਸ ਨਾਲ ਹੀ ਬ੍ਰਹਮਾ ਦਾ ਜਨਮ ਹੋਇਆ, ਜਿਸ ਨੇ ਮਗਰੋਂ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ। ਪਦਮ-ਸੰਭਵ ਬ੍ਰਹਮਾ ਦੇ ਵਰਣਨ ਕਾਰਨ ਵਿਸ਼ਨੂੰ ਪੁਰਾਣ ਨੂੰ ਤੀਸਰਾ ਸਥਾਨ ਦਿੱਤਾ ਗਿਆ ਹੈ। ਚੌਥਾ ਸਥਾਨ ਵਾਯੂ ਪੁਰਾਣ ਦਾ ਹੈ, ਜਿਸ ਵਿਚ ਸ਼ੇਸ਼ਧਾਰੀ ਭਗਵਾਨ ਦਾ ਨਿਰੂਪਣ ਹੈ। ਸ਼ੇਸ਼ਧਾਰੀ ਭਗਵਾਨ ਦਾ ਨਿਵਾਸ ਸਾਗਰ ਹੈ ਜਿਸ ਦਾ ਰਹੱਸ ਭਾਗਵਤ ਪੁਰਾਣ ਵਿਚ ਦੱਸਿਆ ਗਿਆ ਹੈ। ਕਿਉਂਕਿ ਨਾਰਦ ਜੀ ਭਗਵਾਨ ਦਾ ਮਹੁਰ

ਸਵਰ ਵਿਚ ਭੁਲਖਾਨ ਕਰਦੇ ਹਨ, ਇਸ ਲਈ ਭਾਗਵਤ ਦੇ ਉਪਰੰਤ ਨਾਰਦ ਪੁਰਾਣ ਦਾ ਸਥਾਨ ਹੈ। ਪ੍ਰਕ੍ਰਿਤੀ ਰੂਪੀ ਦੇਵੀ ਨੂੰ ਹੀ ਇਸ ਸ੍ਰਿਸ਼ਟੀ-ਚੱਕਰ ਦਾ ਮੂਲ ਮੰਨਿਆ ਗਿਆ ਹੈ, ਜਿਸ ਦਾ ਵਿਵਰਣ ਮਾਰਕੰਡੇ ਪੁਰਾਣ ਵਿਚ ਹੈ। ਸਰੀਰ ਦੇ ਅੰਦਰ ਪ੍ਰਾਣ ਵਾਂਗ ਬ੍ਰਹਿਮੰਡ ਦੇ ਅੰਦਰ ਅਗਨੀ ਕ੍ਰਿਆਸ਼ੀਲ ਰਹਿੰਦੀ ਹੈ, ਇਸ ਦਾ ਪ੍ਰਤਿਪਾਦਨ ਅਗਨੀ ਪੁਰਾਣ ਕਰਦਾ ਹੈ। ਅਗਨੀ ਦਾ ਤੱਤ ਸੂਰਜ ਤੇ ਆਧਾਰਿਤ ਹੈ ਅਤੇ ਸੂਰਜ ਦਾ ਕੁਲ ਮਹੱਤਵ ਭਵਿੱਸ਼ ਪੁਰਾਣ ਵਿਚ ਹੈ। ਪੁਰਾਣਾਂ ਦੇ ਅਨੁਸਾਰ ਜਗਤ ਦੀ ਉਤਪੱਤੀ ਬ੍ਰਹਮਾ ਤੋਂ ਹੁੰਦੀ ਹੈ ਅਤੇ ਸੰਸਾਰ ਬ੍ਰਹਮਾ ਦਾ ਵਿਵਰਤ ਰੂਪ ਮੰਨ ਕੇ ਇਸੇ ਸਿਧਾਂਤ ਦਾ ਪ੍ਰਤਿਪਾਦਨ ਕੀਤਾ ਗਿਆ ਹੈ। ਬ੍ਰਹਮਾ ਦੇ ਵਿਭਿੰਨ ਅਵਤਾਰ ਹਨ ਅਤੇ ਉਹ ਵਿਸ਼ਨੂੰ ਅਤੇ ਸ਼ਿਵ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਲਿੰਗ ਅਤੇ ਸਕੰਦ ਪੁਰਾਣ ਦਾ ਸੰਬੰਧ ਸ਼ਿਵ ਨਾਲ, ਵਾਰਾਹ, ਵਾਮਨ, ਕੂਰਮ ਅਤੇ ਮਤਸ੍ਯ ਪੁਰਾਣ ਦਾ ਸੰਬੰਧ ਵਿਸ਼ਨੂੰ ਨਾਲ ਹੈ। ਗਰੁੜ ਪੁਰਾਣ ਵਿਚ ਮਰਨ ਉਪਰੰਤ ਦੀ ਸਥਿਤੀ ਦਾ ਵਰਣਨ ਹੈ ਅਤੇ ਅੰਤਿਮ ਪੁਰਾਣ — ਬ੍ਰਹਮਾਂਡ ਪੁਰਾਣ ਵਿਚ ਦੱਸਿਆ ਗਿਆ ਹੈ ਕਿ ਜੀਵ ਆਪਣੇ ਕਰਮ ਦੀ ਗਤੀ ਦੇ ਅਨੁਸਾਰ ਸੰਪੂਰਨ ਬ੍ਰਹਿਮੰਡ ਵਿਚ ਭ੍ਰਮਣ ਕਰਦੇ ਹੋਏ ਦੁਖ-ਸੁਖ ਦਾ ਅਨੁਭਵ ਕਰਦਾ ਹੈ। ਇਸ ਪ੍ਰਕਾਰ ਸਾਰੇ ਪੁਰਾਣਾਂ ਦੇ ਕ੍ਰਮ ਦਾ ਨਿਰਵਾਹ ਸ੍ਰਿਸ਼ਟੀ ਵਿਧਾ ਦੇ ਅਨੁਸਾਰ ਹੋ ਜਾਂਦਾ ਹੈ।

ਤਮਿਲ ਗ੍ਰੰਥਾਂ ਵਿਚ ਪੁਰਾਣਾਂ ਦੇ ਪੰਜ ਵਰਗ ਕੀਤੇ ਗਏ ਹਨ:

1. ਬ੍ਰਹਮਾ — ਬ੍ਰਹਮ ਅਤੇ ਪਦਮ ਪੁਰਾਣ
2. ਸੂਰਜ — ਬ੍ਰਹਮਵੈਵਰਤ ਪੁਰਾਣ
3. ਅਗਨੀ — ਅਗਨੀ ਪੁਰਾਣ

4. ਸ਼ਿਵ — ਸ਼ਿਵ, ਸਕੰਦ, ਲਿੰਗ, ਕੂਰਮ, ਵਾਮਨ, ਵਾਰਾਹ, ਭਵਿਸ਼, ਮਤ੍ਸ੍ਯ, ਮਾਰਕੰਡੇ, ਅਤੇ ਬ੍ਰਹਮਾਂਡ।

5. ਵਿਸ਼ਨੂੰ — ਨਾਰਦ, ਸ੍ਰੀਮਦਭਾਗਵਤ, ਗਰੁੜ ਅਤੇ ਵਿਸ਼ਨੂੰ।

ਪੁਰਾਣਾਂ ਦੇ ਵਰਗਾਂ ਦੀ ਇਹ ਤਰਤੀਬ ਵਿਦਵਾਨਾਂ ਨੇ ਇਸ਼ਟ-ਵਸਤੂ ਦੀ ਏਕਤਾ ਜਾਂ ਭਿੰਨਤਾ ਕਾਰਣ ਦਿੱਤੀ ਜਾਪਦੀ ਹੈ। ਮਤ੍ਸ੍ਯ ਪੁਰਾਣ[58] ਅਨੁਸਾਰ ਪੁਰਾਣਾਂ ਨੂੰ ਤਿੰਨਾਂ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ — ਸਾਤਵਿਕ, ਰਾਜਸ ਅਤੇ ਤਾਮਸ ਪੁਰਾਣ।

ਸਾਤਵਿਕ ਪੁਰਾਣ ਵਿਚ ਵਿਸ਼ਨੂੰ ਦਾ ਮਹਾਤਮ ਅਧਿਕ ਰੂਪ ਵਿਚ ਪਾਇਆ ਜਾਂਦਾ ਹੈ।

ਰਾਜਸ ਪੁਰਾਣ ਵਿਚ ਬ੍ਰਹਮਾ ਅਤੇ ਅਗਨੀ ਦਾ ਮਹਾਤਮ ਅਧਿਕ ਰੂਪ ਵਿਚ ਪਾਇਆ ਜਾਂਦਾ ਹੈ।

ਤਾਮਸ ਪੁਰਾਣ ਵਿਚ ਸ਼ਿਵ ਦਾ ਮਹਾਤਮ ਅਧਿਕ ਮਾਤਰਾ ਵਿਚ ਮਿਲਦਾ ਹੈ।

ਪੁਰਾਣਾਂ ਦਾ ਸਤੋ ਗੁਣ, ਤਮੋ ਗੁਣ ਅਤੇ ਰਜੋ ਗੁਣ ਇਨ੍ਹਾਂ ਤਿੰਨ ਵਿਸ਼ਿਸ਼ਟਤਾਵਾਂ ਦੇ ਆਧਾਰ ਤੇ ਜਿਹੜੀਆਂ ਕਿ ਇਨ੍ਹਾਂ ਵਿਚ ਅਧਿਕ ਮਾਤਰਾ ਵਿਚ ਮਿਲਦੀਆਂ ਹਨ, ਤਿੰਨਾਂ ਸ਼੍ਰੇਣੀਆਂ ਵਿਚ ਵਰਗੀਕਰਨ ਵੀ ਕੀਤਾ ਗਿਆ ਹੈ। ਉਹ ਪੁਰਾਣ ਜਿਨ੍ਹਾਂ ਪੁਰਾਣਾਂ ਵਿਚ ਸਤੋ ਗੁਣ ਦੀ ਪ੍ਰਧਾਨਤਾ ਹੈ, ਉਹ ਇਹ ਹਨ — ਵਿਸ਼ਨੂੰ, ਨਾਰਦ, ਭਾਗਵਤ, ਗਰੁੜ, ਪਦਮ ਅਤੇ ਵਾਰਾਹ ਪੁਰਾਣ। ਇਹ ਸਾਰੇ ਵੈਸ਼ਣਵ ਪੁਰਾਣ ਹਨ। ਇਨ੍ਹਾਂ ਵਿਚ ਵਿਸ਼ਨੂੰ ਦੀ ਸ੍ਰੇਸ਼ਟਤਾ ਸਿੱਧ ਕੀਤੀ ਗਈ ਹੈ। ਉਹ ਪੁਰਾਣ ਜਿਨ੍ਹਾਂ ਵਿਚ ਤਾਮਸ ਗੁਣ ਦੀ ਜਾਂ ਅਗਿਆਨ ਦੀ ਪ੍ਰਧਾਨਤਾ ਹੈ ਉਹ ਇਹ ਹਨ — ਮਤ੍ਸ੍ਯ, ਕੂਰਮ, ਲਿੰਗ, ਸ਼ਿਵ, ਸਕੰਦ ਅਤੇ ਅਗਨੀ ਪੁਰਾਣ। ਇਨ੍ਹਾਂ ਵਿਚ ਸ਼ਿਵ ਜੀ ਦੀ ਮਹਿਮਾ ਵਧੇਰੇ ਵਰਣਿਤ ਹੈ। ਉਹ ਪੁਰਾਣ

ਜਿਨ੍ਹਾਂ ਵਿਚ ਰਜੋ ਗੁਣ ਦੀ ਪ੍ਰਧਾਨਤਾ ਹੈ, ਉਹ ਬ੍ਰਹਮਾ ਨਾਲ ਸੰਬੰਧਿਤ ਹਨ। ਉਹ ਪੁਰਾਣ ਇਹ ਹਨ — ਬ੍ਰਹਮ, ਬ੍ਰਹਮਾਂਡ, ਬ੍ਰਹਮਵੈਵਰਤ, ਮਾਰਕੰਡੇ, ਭਵਿਖ ਅਤੇ ਵਾਮਨ ਪੁਰਾਣ।[59]

ਪਰੰਤੂ ਇਸ ਵਰਗ-ਵੰਡ ਨਾਲ ਵੀ ਪੁਰਾਣਾਂ ਦੇ ਠੋਸ ਅਧਿਐਨ ਦਾ ਕੰਮ ਸੰਪੂਰਨ ਨਹੀਂ ਹੁੰਦਾ। ਇਸ ਲਈ ਵਰਤਮਾਨ ਦੌਰ ਦੇ ਵਿਦਵਾਨਾਂ ਨੇ ਆਪਣੇ ਢੰਗ ਨਾਲ ਹੀ ਪੁਰਾਣਾਂ ਦੀ ਵਰਗ ਵੰਡ ਕੀਤੀ ਹੈ। ਆਚਾਰੀਆ ਬਲਦੇਵ ਉਪਾਧਿਆਇ[60] ਨੇ ਆਪਣੀ ਪੁਸਤਕ 'ਪੁਰਾਣ ਵਿਮਰਸ਼' ਵਿਚ, ਆਧੁਨਿਕ ਵਿਦਵਾਨਾਂ ਵੱਲੋਂ ਕੀਤੀ ਵਰਗ-ਵੰਡ ਦਾ ਵਿਵਰਣ ਪੇਸ਼ ਕੀਤਾ ਹੈ। ਆਧੁਨਿਕ ਵਿਦਵਾਨਾਂ ਨੇ ਪੁਰਾਣਾਂ ਵਿਚ ਵਰਣਿਤ ਵਿਸ਼ਿਆਂ ਦਾ ਪੂਰਣ ਅਤੇ ਆਲੋਚਨਾਤਮਕ ਸਰਵੇਖਣ ਕਰਨ ਤੋਂ ਬਾਅਦ ਵਿਸ਼ੈ-ਵਿਭਾਗ ਦੇ ਅਨੁਸਾਰ ਪੁਰਾਣਾਂ ਦੇ ਛੇ ਵਰਗ ਨਿਰਧਾਰਤ ਕੀਤੇ ਹਨ:

1. ਪਹਿਲੇ ਵਰਗ ਵਿਚ ਸਾਹਿਤ ਦਾ ਵਿਸ਼ਵਕੋਸ਼ ਹੈ ਅਰਥਾਤ ਮਾਨਵ-ਸਮਾਜ ਦੇ ਲਈ ਉਪਯੋਗੀ ਸਾਰੀਆਂ ਵਿਧਾਵਾਂ ਅਧਿਆਤਮਕ ਅਤੇ ਭੌਤਿਕ ਵਿਦਾਵਾਂ ਦਾ ਸਾਰ ਅੰਸ਼ ਇਕੱਤਰ ਕੀਤਾ ਗਿਆ ਹੈ। ਇਸ ਵਰਗ ਵਿਚ ਗਰੁੜ, ਅਗਨੀ ਅਤੇ ਨਾਰਦੀਯ ਪੁਰਾਣ ਆਉਂਦੇ ਹਨ।

2. ਦੂਸਰੇ ਵਰਗ ਵਿਚ ਮੁੱਖ ਤੌਰ 'ਤੇ ਤੀਰਥ ਅਤੇ ਵਰਤਾਂ ਦਾ ਵਰਣਨ ਹੈ। ਇਸ ਵਿਭਾਗ ਵਿਚ ਪਦਮ ਪੁਰਾਣ, ਸਕੰਦ ਤਥਾ ਭਵਿੱਖ ਪੁਰਾਣ ਦੀ ਗਣਨਾ ਹੈ।

3. ਤੀਸਰਾ ਵਰਗ ਬ੍ਰਹਮ, ਭਾਗਵਤ ਤੇ ਬ੍ਰਹਮਵੈਵਰਤ ਪੁਰਾਣਾਂ ਦਾ ਹੈ। ਇਨ੍ਹਾਂ ਦੇ ਵਿਸ਼ੇ ਵਿਚ ਵਿਦਵਾਨਾਂ ਦਾ ਮਤ ਹੈ ਕਿ ਇਨ੍ਹਾਂ ਦੇ ਦੋ-ਦੋ ਸੰਸਕਰਨ ਹੋ ਚੁੱਕੇ ਹਨ, ਜਿਨ੍ਹਾਂ ਵਿਚ ਇਨ੍ਹਾਂ ਦਾ ਮੂਲ ਭਾਗ ਉਹੀ ਹੈ ਜੋ ਉਨ੍ਹਾਂ ਦਾ ਓਹੀ ਭਾਗ ਹੈ।

4. ਚੌਥੇ ਵਰਗ ਵਿਚ ਇਤਿਹਾਸਿਕ ਪੁਰਾਣਾਂ ਦੀ ਗਣਨਾ ਹੈ— 'ਇਤਿਹਾਸਿਕ ਪੁਰਾਣ' ਤੋਂ ਭਾਵ ਉਸ ਪੁਰਾਣ ਤੋਂ ਹੈ ਜਿਸ ਵਿਚ ਕਲਯੁਗ ਦੇ ਰਾਜਿਆਂ ਦਾ ਵਰਣਨ ਵਿਸ਼ੇਸ਼ ਰੂਪ ਵਿਚ, ਇਤਿਹਾਸ ਦੀ ਦ੍ਰਿਸ਼ਟੀ ਨੂੰ ਮੁੱਖ ਰਖ ਕੇ ਕੀਤਾ ਗਿਆ ਹੈ। ਐਸੇ ਵਰਗ ਵਿਚ ਵਾਯੂ ਤਥਾ ਬ੍ਰਹਮਾਂਡ ਪੁਰਾਣ ਦਾ ਸਮਾਵੇਸ਼ ਹੈ।

5. ਪੰਜਵੇਂ ਵਰਗ ਵਿਚ ਸੰਪ੍ਰਦਾਇਕ ਪੁਰਾਣਾਂ ਦਾ ਅੰਤਰ ਭਾਵ ਹੈ। ਇਸ ਵਿਚ ਲਿੰਗ, ਵਾਮਨ ਅਤੇ ਮਾਰਕੰਡੇ ਪੁਰਾਣ ਆਉਂਦੇ ਹਨ।

6. ਛੇਵੇਂ ਵਰਗ ਵਿਚ ਵਾਰਾਹ, ਕੂਰਮ ਅਤੇ ਮਤਸਯ ਪੁਰਾਣ ਦੀ ਗਣਨਾ ਹੈ। ਜਿਸ ਵਿਚ ਪਾਠਾਂ ਦਾ ਅਤਿਅਧਿਕ ਸੰਸ਼ੋਧਨ ਕਾਰਣ ਮੂਲ ਪਾਠ ਰਹਿ ਹੀ ਨਹੀਂ ਗਿਆ ਹੈ।

ਇਨ੍ਹਾਂ ਮਹਾਪੁਰਾਣਾਂ ਬਾਰੇ ਸੰਖੇਪ ਵਿਚ ਜਾਨਣਾ ਜ਼ਰੂਰੀ ਹੋਵੇਗਾ। ਮਹਾਪੁਰਾਣਾਂ ਦਾ ਕ੍ਰਮ ਅਨੁਸਾਰ ਵਰਣਨ ਨਿਮਨ ਅਨੁਸਾਰ ਹੈ:

1. ਬ੍ਰਹਮ ਪੁਰਾਣ: ਅਠਾਰ੍ਹਾਂ ਪੁਰਾਣਾਂ ਵਿਚੋਂ ਪ੍ਰਥਮ ਪੁਰਾਣ ਬ੍ਰਹਮ ਪੁਰਾਣ ਹੈ। ਇਸ ਨੂੰ ਬ੍ਰਹਮਾ ਨੇ ਮਰੀਚੀ ਅੱਗੇ ਉਚਾਰਣ ਕੀਤਾ ਸੀ।[61] ਇਸ ਦੇ ਕੁਲ 245 ਅਧਿਆਇ ਹਨ।[62] ਇਸ ਦੇ ਸ਼ਲੋਕਾਂ ਦੀ ਗਿਣਤੀ ਸੰਬੰਧੀ ਵਿਦਵਾਨਾਂ ਵਿਚ ਇਕ ਮਤ ਨਹੀਂ ਹੈ। ਵੱਖ-ਵੱਖ ਪੁਰਾਣਾਂ ਵਿਚ ਇਸ ਦੀ ਸ਼ਲੋਕ ਸੰਖਿਆ ਵੱਖ-ਵੱਖ ਹੈ। ਭਾਗਵਤ ਪੁਰਾਣ[63] ਦੇ ਅਨੁਸਾਰ ਇਸ ਦੀ ਸ਼ਲੋਕ ਸੰਖਿਆ ਦਸ ਹਜ਼ਾਰ ਹੈ। ਇਹ ਵੈਸ਼ਨਵ ਪੁਰਾਣ ਹੈ।

ਮੁੱਢਲੇ ਅਧਿਆਵਾਂ ਵਿਚ ਸ੍ਰਿਸ਼ਟੀ ਦਾ ਵਰਣਨ, ਮਨਵੰਤਰਾਂ ਦਾ ਵਿਰਤਾਂਤ ਅਤੇ ਕ੍ਰਿਸ਼ਨ ਦੇ ਸਮੇਂ ਤਕ ਹੋਏ ਚੰਦਰ ਅਤੇ ਸੂਰਜਵੰਸ਼ੀ ਰਾਜਿਆਂ ਦਾ ਇਤਿਹਾਸ ਸੰਖੇਪ ਰੂਪ ਵਿਚ, ਹੋਰਨਾਂ ਪੁਰਾਣਾਂ ਦੀ ਸਾਧਾਰਨ ਸ਼ਬਦਾਵਲੀ ਵਿਚ ਹੀ ਦੱਸਿਆ ਗਿਆ ਹੈ। ਉਸ

ਪਿੱਛੋਂ ਪ੍ਰਿਯਮੰਤ ਦਾ ਸੰਖਿਪਤ ਵਰਣਨ ਹੈ। ਉਸ ਤੋਂ ਅਗਲੇ ਕੁਝ ਅਧਿਆਵਾਂ ਵਿਚ ਉੜੀਸਾ ਦੀ ਪਵਿੱਤਰਤਾ ਅਤੇ ਇਸ ਦੇ ਮੰਦਿਰਾਂ ਅਤੇ ਉਪਵਣਾਂ, ਜਿਨ੍ਹਾਂ ਵਿਚ ਸੂਰਜ, ਸ਼ਿਵ ਜੀ ਅਤੇ ਵਿਸ਼ੇਸ਼ ਕਰਕੇ ਜਗਨਨਾਥ ਦੀ ਪੂਜਾ ਹੁੰਦੀ ਹੈ, ਦਾ ਵਰਣਨ ਸ਼ਾਮਿਲ ਹੈ। ਇਹ ਅਧਿਆਇ ਇਸ ਪੁਰਾਣ ਦਾ ਤੱਤ ਸਾਰ ਹੈ ਅਤੇ ਜਗਨਨਾਥ ਦੇ ਰੂਪ ਵਿਚ ਕ੍ਰਿਸ਼ਣ ਦੀ ਪੂਜਾ ਇਸ ਦਾ ਮੂਲ ਪ੍ਰਯੋਜਨ ਹੈ। ਇਸ ਤੋਂ ਮਗਰੋਂ ਕ੍ਰਿਸ਼ਣ ਦੇ ਜੀਵਨ ਦਾ ਵਰਣਨ ਹੈ।[64]

ਇਸ ਦੇ ਰਚਨਾ ਕਾਲ ਸੰਬੰਧੀ ਵਿਦਵਾਨ ਇਕ ਮਤ ਨਹੀਂ ਹਨ। ਡਾ. ਵਿੰਟਰਨਿਤਸ ਨੇ ਉੜੀਸਾ ਦੇ ਮੰਦਿਰਾਂ ਦਾ ਵਰਣਨ ਹੋਣ ਕਾਰਨ ਇਸ ਦਾ ਸਮਾਂ 13ਵੀਂ ਸਦੀ (ਈਸਵੀਂ) ਦੱਸਿਆ ਹੈ। ਪਰੰਤੂ ਪਰੰਪਰਾਵਾਦੀ ਵਿਦਵਾਨ ਇਸ ਦਾ ਸਮਾਂ ਇਹ ਨਹੀਂ ਮੰਨਦੇ। ਇਨ੍ਹਾਂ ਵਿਦਵਾਨਾਂ ਅਨੁਸਾਰ ਇਸ ਦਾ ਸਮਾਂ ਸ੍ਰੀ ਕ੍ਰਿਸ਼ਣ ਦੇ ਬੈਕੁੰਠ ਪਧਾਰਨ ਤੋਂ ਮਗਰੋਂ ਦਾ ਹੀ (ਦੁਆਪਰ) ਹੈ।[65]

2. ਪਦਮ ਪੁਰਾਣ: ਅਠਾਰ੍ਹਾਂ ਪੁਰਾਣਾਂ ਵਿਚ ਇਸ ਦਾ ਦੂਸਰਾ ਸਥਾਨ ਹੈ। ਇਸ ਵਿਚ ਵਿਸ਼ਵ ਦੇ ਉਸ ਕਾਲ ਦਾ ਵਰਣਨ ਮਿਲਦਾ ਹੈ ਜਿਸ ਸਮੇਂ ਕਿ ਇਹ ਸੰਸਾਰ ਸੁਨਹਿਰੇ ਕਮਲ (ਪਦਮ) ਦੀ ਤਰ੍ਹਾਂ ਸੀ। ਇਸੇ ਲਈ ਉਸ ਸਮੇਂ ਵਾਪਰੀਆਂ ਸਾਰੀਆਂ ਘਟਨਾਵਾਂ ਨੂੰ ਪਦਮ ਕਿਹਾ ਜਾਂਦਾ ਹੈ।[66] ਇਸ ਦੀ ਸਲੋਕ ਸੰਖਿਆ[67] ਪਚਵਿੰਜਾ ਹਜ਼ਾਰ ਹੈ। ਇਸ ਦੇ ਕੁਲ 641 ਅਧਿਆਇ ਹਨ ਅਤੇ ਇਹ ਕੁੱਲ ਪੰਜ ਖੰਡਾਂ[68] ਵਿਚ ਵੰਡਿਆ ਹੋਇਆ ਹੈ: ਸ੍ਰਿਸ਼ਟੀ ਖੰਡ, ਭੂਮੀ ਖੰਡ, ਸਵਰਗ ਖੰਡ, ਪਾਤਾਲ ਖੰਡ ਅਤੇ ਉੱਤਰਖੰਡ।

ਸ੍ਰਿਸ਼ਟੀ ਖੰਡ: ਇਸ ਦਾ ਆਰੰਭ ਭੂਮਿਕਾ ਦੇ ਰੂਪ ਵਿਚ ਹੋਇਆ ਹੈ। ਇਸ ਵਿਚ ਕੁਲ 82 ਅਧਿਆਇ ਸ਼ਾਮਿਲ ਹਨ। ਇਸ ਖੰਡ ਵਿਚ ਲੋਮਹਰਸ਼ਣ ਦੁਆਰਾ ਆਪਣੇ ਪੁੱਤਰ ਉਗ੍ਰਸ਼ਰਵਾ ਨੂੰ ਨੈਮਿਸ਼ਾਰਣ੍ਯ ਵਿਚ ਇਕੱਤਰ ਮੁਨੀਆਂ ਦੇ ਸਾਹਮਣੇ ਪੁਰਾਣ ਸੁਣਾਉਣ ਦਾ

ਵਰਣਨ ਹੈ। ਇਸ ਵਿਚ ਸ੍ਰਿਸ਼ਟੀ ਦੇ ਆਰੰਭ ਵਿਚ ਕਮਲ ਤੋਂ ਬ੍ਰਹਮਾ ਦੀ ਉਤਪੱਤੀ ਦਾ ਕਥਨ ਹੈ। ਇਸ ਖੰਡ ਦੇ ਪੰਜ ਖੰਡ ਮੰਨੇ ਗਏ ਹਨ। ਪੋਸ਼ਕਰਪਰਵ ਖੰਡ, ਤੀਰਥ ਪਰਵ, ਤੀਸਰਾ ਪਰਵ, ਚੌਥਾ ਪਰਵ ਅਤੇ ਪੰਜਵਾਂ ਪਰਵ। ਇਸ ਖੰਡ ਦੀਆਂ ਮਹੱਤਵਪੂਰਨ ਕਥਾਵਾਂ ਵਿਚ ਸਮੁੰਦਰ ਮੰਥਨ ਦੀ ਕਥਾ, ਪ੍ਰਿਥੂ ਦੀ ਉਤਪੱਤੀ, ਪੁਸ਼ਕਰਤੀਰਥ ਦੇ ਨਿਵਾਸੀਆਂ ਦਾ ਧਰਮ ਵਰਣਨ, ਵ੍ਰਿਤਰਾਸੁਰ ਸੰਗ੍ਰਾਮ, ਵਾਮਨਾਵਤਾਰ, ਮਾਰਕੰਡੇ ਅਤੇ ਕਾਰਤਿਕੇਯ ਦੀ ਉਤਪੱਤੀ, ਰਾਮਚਰਿਤ ਤਥਾ ਤਾਰਕਾਸੁਰਵਧ ਦੀਆਂ ਕਥਾਵਾਂ ਸ਼ਾਮਿਲ ਹਨ। ਯੱਗ ਦੇ ਮਹਾਤਮ ਅਤੇ ਵਿਆਹ ਮਗਰੋਂ ਇਸ ਖੰਡ ਦੀ ਸਮਾਪਤੀ ਹੋ ਜਾਂਦੀ ਹੈ।

ਭੂਮਿ ਖੰਡ: ਇਸ ਖੰਡ ਦਾ ਆਰੰਭ ਸੋਮਸ਼ਰਮਾ ਦੀ ਕਥਾ ਨਾਲ ਹੁੰਦਾ ਹੈ, ਜੋ ਵਿਸ਼ਨੂੰ ਭਗਤ ਪ੍ਰਹਿਲਾਦ ਦੇ ਰੂਪ ਵਿਚ ਉਤਪੰਨ ਹੋਇਆ ਸੀ। ਇਸ ਵਿਚ ਭੂਮੀ ਦਾ ਵਰਣਨ ਅਤੇ ਅਨੇਕ ਤੀਰਥਾਂ ਦੀ ਪਵਿੱਤਰਤਾ ਦੀ ਸਿੱਧੀ ਲਈ ਅਨੇਕ ਕਥਾਵਾਂ ਦਿੱਤੀਆਂ ਗਈਆਂ ਹਨ। ਇਸ ਖੰਡ ਵਿਚ ਰਾਜਾ ਪ੍ਰਿਥੂ, ਵੇਨ, ਯਯਾਤਿ ਅਤੇ ਮਾਤਲੀ ਦੇ ਰੌਚਕ ਪ੍ਰਸੰਗ ਸ਼ਾਮਿਲ ਹਨ।

ਸ੍ਵਰਗ ਖੰਡ: ਇਸ ਖੰਡ ਵਿਚ ਦੇਵ ਲੋਕਾਂ, ਦੇਵਤਿਆਂ, ਬੈਕੁੰਠ, ਭੂਤਾਂ, ਅਪਸਰਾਵਾਂ ਦਾ ਵਿਵਰਣ ਹੈ। ਜਿਸ ਵਿਚ ਰਾਜਾ ਪੁਰੂਰਵਾ ਅਤੇ ਉਰਵਸ਼ੀ ਦੀ ਪ੍ਰਸਿੱਧ ਕਥਾ ਵੀ ਸ਼ਾਮਿਲ ਹੈ। ਇਸ ਵਿਚ ਕਰਮ-ਯੋਗ, ਵਿਸ਼ਨੂੰ-ਪੂਜਾ, ਵਰਣ-ਆਸ਼੍ਰਮ ਧਰਮ ਅਤੇ ਅਨੇਕ ਹੋਰ ਜੀਵਨ-ਆਚਾਰਾਂ ਦਾ ਵੀ ਵਰਣਨ ਹੈ।

ਪਾਤਾਲ ਖੰਡ: ਇਸ ਵਿਚ ਨਾਗ ਲੋਕ ਦਾ ਵਰਣਨ ਹੈ। ਰਾਵਣ ਦਾ ਪ੍ਰਸੰਗ ਹੋਣ ਕਾਰਣ ਇਸ ਵਿਚ ਸੰਪੂਰਣ ਰਾਮਾਇਣ ਦੀ ਕਥਾ ਵੀ ਕਹੀ ਗਈ ਹੈ।

ਉੱਤਰ ਖੰਡ: ਇਹ ਸਭ ਤੋਂ ਵੱਡਾ ਖੰਡ ਹੈ। ਜਿਸ ਵਿਚ ਵਿਭਿੰਨ ਤਰ੍ਹਾਂ ਅਤੇ ਵੈਸ਼ਨਵ ਧਰਮ ਨਾਲ ਸੰਬੰਧਿਤ ਵਰਤਾਂ/ਉਤਸਵਾਂ ਦਾ ਵਰਣਨ ਹੈ। ਇਸ ਦੇ ਵਿਸ਼ੇਸ਼ ਤੌਰ ਤੇ ਕ੍ਰਿਆਯੋਗਸਾਰ ਨਾਮ ਅਧਿਆਇ ਵਿਚ ਵਿਸ਼ਨੂੰ ਭਗਤੀ ਦਾ ਮਹੱਤਵ ਦੱਸਦੇ ਹੋਏ ਗੰਗਾ ਇਸ਼ਨਾਨ ਅਤੇ ਵਿਸ਼ਨੂੰ ਸੰਬੰਧੀ ਉਤਸਵਾਂ ਦੀ ਮਹੱਤਤਾ ਪ੍ਰਦਰਸ਼ਿਤ ਕੀਤੀ ਗਈ ਹੈ।

ਇਸ ਦਾ ਸਮਾਂ ਕਿਸੇ ਹਾਲਤ ਵਿਚ ਵੀ ਬਾਰ੍ਹਵੀਂ ਸਦੀ ਤੋਂ ਪਹਿਲਾਂ ਦਾ ਨਹੀਂ ਮੰਨਿਆ ਜਾ ਸਕਦਾ।[69]

3. ਵਿਸ਼ਨੂੰ ਪੁਰਾਣ: ਅਠਾਰ੍ਹਾਂ ਪੁਰਾਣਾਂ ਵਿਚ ਇਸ ਦਾ ਤੀਸਰਾ ਸਥਾਨ ਹੈ। ਇਹ ਉਹ ਪੁਰਾਣ ਹੈ ਜਿਸ ਵਿਚ ਪਰਾਸ਼ਰ ਰਿਸ਼ੀ, ਵਾਰਾਹ ਕਲਪ ਦੀਆਂ ਘਟਨਾਵਾਂ ਤੋਂ ਆਰੰਭ ਕਰਕੇ ਸਾਰੇ ਧਰਮਾਂ ਦੀ ਵਿਆਖਿਆ ਕਰਦਾ ਹੈ।[70] ਇਸ ਪੁਰਾਣ ਵਿਚ ਵਿਸ਼ਨੂੰ ਮਹਿਮਾ ਦੀ ਚਰਚਾ ਕਰਦੇ ਹੋਏ ਉਸ ਨੂੰ ਉੱਤਮ ਦੇਵਤਾ ਦੇ ਰੂਪ ਵਿਚ ਉਪਸਥਿਤ ਕੀਤਾ ਗਿਆ ਹੈ। ਇਸ ਦੀ ਸ਼ਲੋਕ ਸੰਖਿਆ[71] ਤੇਈ ਹਜ਼ਾਰ ਹੈ।

ਵਿਸ਼ਨੂੰ ਪੁਰਾਣ[72] ਦੇ ਕੁਲ 126 ਅਧਿਆਇ ਅਤੇ ਛੇ ਖੰਡ ਹਨ। ਇਸ ਦੇ ਪਹਿਲੇ ਖੰਡ ਵਿਚ ਸ੍ਰਿਸ਼ਟੀ ਵਰਣਨ, ਧ੍ਰੂਵ ਅਤੇ ਪਹਿਲਾਦ ਦਾ ਚਰਿਤ੍ਰ, ਦੇਵਾਂ, ਦਾਨਵਾਂ, ਵੀਰਾਂ ਅਤੇ ਮਨੁੱਖਾਂ ਦੀ ਉਤਪੱਤੀ ਵਰਣਿਤ ਹੈ। ਦੂਸਰੇ ਖੰਡ ਵਿਚ ਭੂਗੋਲਿਕ ਵਰਣਨ ਸ਼ਾਮਿਲ ਹੈ, ਜਿਸ ਵਿਚ ਸੱਤ ਦੀਪਾਂ, ਸੱਤ ਸਮੁੰਦਰਾਂ ਅਤੇ ਸੁਮੇਰੂ ਪਰਬਤ ਦਾ ਜ਼ਿਕਰ ਕੀਤਾ ਗਿਆ ਹੈ। ਪ੍ਰਿਥਵੀ ਵਰਣਨ, ਪਾਤਾਲ ਲੋਕ ਵਿਵਰਣ ਅਤੇ ਆਕਾਸ਼ ਲੋਕ ਦਾ ਵਰਣਨ ਵੀ ਸ਼ਾਮਿਲ ਹੈ ਅਤੇ ਰਾਜਾ ਭਰਤ ਦੀ ਕਥਾ ਵੀ ਕਹੀ ਗਈ ਹੈ। ਤੀਸਰੇ ਖੰਡ ਵਿਚ ਵੈਦਿਕ ਸ਼ਾਖਾਵਾਂ

ਦਾ ਵਿਸਤ੍ਰਿਤ ਵਰਣਨ ਹੈ। ਇਸੇ ਖੰਡ ਵਿਚ ਵਿਆਸ ਅਤੇ ਉਨ੍ਹਾਂ ਦੇ ਸ਼ਿਸ਼ ਦੁਆਰਾ ਕੀਤੇ ਗਏ ਵੈਦਿਕ ਵਿਭਾਗਾਂ ਅਤੇ ਕਈ ਵੈਦਿਕ ਸੰਪ੍ਰਦਾਇਆਂ ਦੀ ਉਤਪੱਤੀ ਦਾ ਵਰਣਨ ਕੀਤਾ ਗਿਆ ਹੈ। ਤੀਜੇ ਭਾਗ ਵਿਚ ਸੂਰਜ ਅਤੇ ਚੰਦਰਵੰਸ਼ੀ ਰਾਜਿਆਂ ਦੀਆਂ ਵੰਸ਼ਾਵਲੀਆਂ ਸ਼ਾਮਿਲ ਹਨ। ਜਿਸ ਵਿਚ ਪੁਰਰਵਾ-ਉਰਵਸ਼ੀ, ਰਾਜਾ ਯਯਾਤਿ, ਪਾਂਡਵਾਂ ਅਤੇ ਕ੍ਰਿਸ਼ਣ ਦੀ ਉਤਪੱਤੀ, ਮਹਾਭਾਰਤ ਦੀ ਕਥਾ ਅਤੇ ਰਾਮ ਕਥਾ ਦਾ ਸੰਖੇਪ ਵਰਣਨ ਕੀਤਾ ਗਿਆ ਹੈ। ਪੰਜਵੇਂ ਭਾਗ ਵਿਚ ਸ੍ਰੀਮਦਭਾਗਵਤ ਵਾਂਗ ਭਗਵਾਨ ਕ੍ਰਿਸ਼ਣ ਦੇ ਅਲੌਕਿਕ ਚਰਿਤ੍ਰ ਦਾ ਵਰਣਨ ਕੀਤਾ ਗਿਆ ਹੈ। ਛੇਵੇਂ ਭਾਗ ਵਿਚ ਸਤਯੁਗ, ਤ੍ਰੇਤਾ, ਦੁਆਪਰ ਅਤੇ ਕਲਯੁਗ ਦਾ ਵਰਣਨ ਹੈ।

ਵਿਸ਼ੇ ਦੇ ਪੱਖ ਤੋਂ ਵਿਸ਼ਨੂੰ ਅਤੇ ਭਾਗਵਤ ਪੁਰਾਣ ਵਿਚ ਸਮਾਨਤਾ ਪਾਈ ਜਾਂਦੀ ਹੈ। ਭਾਗਵਤ ਪੁਰਾਣ ਨੇ ਆਪਣੇ ਕਈ ਵਿਸ਼ੇ ਵਿਸ਼ਨੂੰ ਪੁਰਾਣ ਤੋਂ ਲਏ ਹਨ। ਕਈ ਮਿਥਾਂ ਅਤੇ ਕਥਾਵਾਂ ਜਿਹੜੀਆਂ ਵਿਸ਼ਨੂੰ ਪੁਰਾਣ ਵਿਚ ਸੰਖੇਪ ਰੂਪ ਵਿਚ ਮਿਲਦੀਆਂ ਹਨ, ਭਾਗਵਤ ਪੁਰਾਣ ਵਿਚ ਵਿਸਤਾਰ ਸਹਿਤ ਪਾਈਆਂ ਜਾਂਦੀਆਂ ਹਨ ਜਿਵੇਂ ਕਿ ਧ੍ਰੂਵ, ਵੇਨ, ਪ੍ਰਿਥੂ, ਪ੍ਰਹਲਾਦ ਆਦਿ ਦੀਆਂ ਕਥਾਵਾਂ ਨੂੰ ਲਿਆ ਜਾ ਸਕਦਾ ਹੈ। ਇਸ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਵਿਸ਼ਨੂੰ ਪੁਰਾਣ, ਭਾਗਵਤ ਪੁਰਾਣ ਦੀ ਤੁਲਨਾ ਵਿਚ ਪੁਰਾਣੀ ਰਚਨਾ ਹੈ।[73] ਇਸ ਤਰ੍ਹਾਂ ਇਸ ਦਾ ਰਚਨਾ ਕਾਲ ਈਸਵੀ ਸੰਨ ਦੇ ਪੂਰਵਲਾ ਮੰਨਿਆ ਗਿਆ ਹੈ।

4. ਸ਼ਿਵ ਪੁਰਾਣ: ਅਠਾਰ੍ਹਾਂ ਪੁਰਾਣਾਂ ਵਿਚੋਂ ਚੌਥਾ ਪੁਰਾਣ ਸ਼ਿਵ ਪੁਰਾਣ ਹੈ। ਇਸ ਪੁਰਾਣ ਵਿਚ ਭਗਵਾਨ ਸ਼ਿਵ ਦੇ ਜੀਵਨ ਚਰਿਤ੍ਰ ਨਾਲ ਸੰਬੰਧਿਤ ਕਥਾਵਾਂ ਵਰਣਿਤ ਹਨ। ਸ਼ਿਵ

ਪੁਰਾਣ ਅਤੇ ਵਾਯੂ ਪੁਰਾਣ ਸੰਬੰਧੀ ਵਿਦਵਾਨਾਂ ਦੀ ਵੱਖ-ਵੱਖ ਰਾਵਾਂ ਹਨ। ਕੁਝ ਵਿਦਵਾਨ ਸ਼ਿਵ ਪੁਰਾਣ ਨੂੰ ਅਠਾਰ੍ਹਾਂ ਪੁਰਾਣਾਂ ਦੀ ਸੂਚੀ ਵਿਚ ਸ਼ਾਮਿਲ ਕਰਦੇ ਹਨ ਅਤੇ ਕੁਝ ਵਿਦਵਾਨ ਵਾਯੂ ਪੁਰਾਣ ਨੂੰ ਸ਼ਿਵ ਪੁਰਾਣ ਦੇ ਸਥਾਨ ਤੇ ਅਠਾਰ੍ਹਾਂ ਪੁਰਾਣਾਂ ਦੀ ਸੂਚੀ ਵਿਚ ਸ਼ਾਮਿਲ ਕਰਦੇ ਹਨ। ਪੁਰਾਣਾਂ ਵਿਚ ਦਿੱਤੀ ਅਠਾਰ੍ਹਾਂ ਪੁਰਾਣਾਂ ਦੀ ਸੂਚੀ ਵੀ ਇੱਕੋ ਜਿਹੀ ਨਹੀਂ ਹੈ। ਬਹੁਤੇ ਪੁਰਾਣ ਸ਼ਿਵ ਪੁਰਾਣ ਨੂੰ ਮੰਨਦੇ ਹੋਏ ਇਸ ਨੂੰ ਚੌਥਾ ਸਥਾਨ ਦਿੰਦੇ ਹਨ, ਜਿਸ ਤਰ੍ਹਾਂ ਬ੍ਰਹਮ, ਪਦਮ, ਬ੍ਰਹਮਵੈਵਰਤ, ਭਾਗਵਤ, ਮਾਰਕੰਡੇ, ਲਿੰਗ, ਵਾਰਾਹ ਅਤੇ ਵਿਸ਼ਨੂੰ ਪੁਰਾਣ। ਪਰੰਤੂ ਨਾਰਦ ਅਤੇ ਮਤਸਯ ਪੁਰਾਣ, ਵਾਯੂ ਪੁਰਾਣ ਨੂੰ ਹੀ ਮਹੱਤਾ ਦਿੰਦੇ ਹਨ। ਇਸ ਲਈ ਸ਼ਿਵ ਅਤੇ ਵਾਯੂ ਪੁਰਾਣ ਨਾਮ ਦੇ ਦੋ ਖੂਬ ਪ੍ਰਚਲਿਤ ਹਨ ਜੋ ਵਿਸ਼ੇ-ਵਸਤੂ ਅਤੇ ਆਕਾਰ-ਪ੍ਰਕਾਰ ਪੱਖੋਂ ਪਰਸਪਰ ਭਿੰਨ ਹਨ।[75]

ਸ਼ਿਵ ਪੁਰਾਣ[76] ਇਕ ਵਿਸ਼ਾਲ ਗ੍ਰੰਥ ਹੈ। ਇਸ ਵਿਚ ਸੱਤ ਸੰਹਿਤਾਵਾਂ ਸ਼ਾਮਿਲ ਹਨ — ਵਿਦਯੇਸ਼੍ਵਰ ਸੰਹਿਤਾ, ਰੁਦ੍ਰ ਸੰਹਿਤਾ, ਸ਼ਤਰੁਦ੍ਰ ਸੰਹਿਤਾ, ਕੋਟਿਰੁਦ੍ਰ ਸੰਹਿਤਾ, ਉਮਾ ਸੰਹਿਤਾ, ਕੈਲਾਸ਼ ਸੰਹਿਤਾ ਅਤੇ ਵਾਯਵੀਯ ਸੰਹਿਤਾ। ਇਸ ਦੇ ਮੁੱਖ ਵਿਸ਼ੇ ਇਸ ਪ੍ਰਕਾਰ ਹਨ — ਸ਼ਿਵ ਪੂਜਾ ਵਿਧੀ, ਸ਼ਿਵ ਦੀ ਤਪੱਸਿਆ, ਪਾਰਵਤੀ ਦਾ ਜਨਮ, ਵਿਆਹ, ਕਾਰਤਿਕੇਯ ਦਾ ਜਨਮ, ਤਾਰਕਾਸੁਰ ਵਧ, ਲਿੰਗ ਅਰਚਨਾ ਅਤੇ ਭਸਮ ਦਾ ਮਹਾਤਮ, ਗਣੇਸ਼ ਚਰਿਤ੍ਰ, ਗਣੇਸ਼ ਦਾ ਵਿਆਹ, ਰੁਦਰਾਕਸ਼ ਧਾਰਨ ਕਰਨ ਦੀ ਮਹੱਤਾ, ਦਕਸ਼ ਯੱਗ, ਸ਼ਿਵਰਾਤਰੀ ਵਰਤ ਦਾ ਮਹਾਤਮ, ਵਾਰਾਹ ਰੂਪ ਵਿਚ ਹਿਰਣਾਕਸ਼ਪ ਦਾ ਨਾਸ਼, ਪ੍ਰਹਿਲਾਦ ਚਰਿਤ੍ਰ, ਨਰਸਿੰਘ ਚਰਿਤ੍ਰ, ਅਰਜਨ ਦੁਆਰਾ ਸ਼ਿਵ ਦੀ ਪੂਜਾ, ਸ਼ਿਵ ਦੀ ਕਿਰਪਾ ਨਾਲ ਵਿਸ਼ਨੂੰ ਦਾ ਸੁਦਰਸ਼ਣ ਚੱਕਰ ਪ੍ਰਾਪਤ ਕਰਨਾ, ਬ੍ਰਹਮਾ-ਵਿਸ਼ਨੂੰ ਦੁਆਰਾ ਸ਼ਿਵ ਦੀ ਪੂਜਾ, ਲਿੰਗ ਪੂਜਾ, ਸ਼ਿਵ ਤੀਰਥ ਸੇਵਾ ਆਦਿ।

ਸ਼ਿਵ ਪੁਰਾਣ ਦਾ ਅਧਿਐਨ ਕਰਨ ਉਪਰੰਤ ਇਹ ਗੱਲ ਕਹਿਣੀ ਵੀ ਉਚਿੱਤ ਜਾਪਦੀ ਹੈ ਕਿ ਇਸ ਵਿਚ ਪਰੰਪਰਾਗਤ ਪੰਜ ਲੱਛਣਾਂ ਦਾ ਪਾਲਣ ਨਹੀਂ ਹੋਇਆ ਹੈ। ਇਸ ਵਿਚ ਸਰਗ, ਪ੍ਰਤਿਸਰਗ, ਮਨਵੰਤਰ ਆਦਿ ਦਾ ਵਰਣਨ ਨਹੀਂ ਮਿਲਦਾ। ਇਸ ਤਰ੍ਹਾਂ ਇਹ ਕੇਵਲ ਸਿਰਫ਼ ਸ਼ਿਵ ਦੀ ਮਹਿਮਾ ਦਾ ਵਿਖਿਆਨ ਕਰਨ ਹਿਤ ਹੀ ਲਿਖਿਆ ਜਾਪਦਾ ਹੈ। ਇਸ ਵਿਚ ਸ਼ਿਵ ਨੂੰ ਇਕ ਸਰਵਸ੍ਰੇਸ਼ਟ ਦੇਵਤਾ ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ।

ਸ਼ਿਵ ਪੁਰਾਣ ਦਾ ਨਿਰਦੇਸ਼ ਅਲਬੇਰੂਨੀ ਦੇ ਗ੍ਰੰਥ ਵਿਚ ਵੀ ਮਿਲਦਾ ਹੈ ਜਿਸ ਤੋਂ ਸਿੱਧ ਹੁੰਦਾ ਹੈ ਕਿ ਸ਼ਿਵ ਪੁਰਾਣ ਦੀ ਰਚਨਾ 1030 ਈ. ਤੋਂ ਪਹਿਲਾਂ ਹੋ ਚੁੱਕੀ ਸੀ। ਇਸ ਲਈ ਸ਼ਿਵ ਪੁਰਾਣ ਦਾ ਸਮਾਂ ਦਸਵੀਂ ਸਦੀ ਮੰਨਿਆ ਜਾ ਸਕਦਾ ਹੈ।[77]

5. ਸ੍ਰੀਮਦਭਾਗਵਤ ਪੁਰਾਣ: ਇਹ ਪੰਜਵਾਂ ਮਹਾਪੁਰਾਣ ਹੈ। ਭਾਗਵਤ ਜਾਂ ਵਿਸ਼ਨੂੰ ਦੀ ਮਹਿਮਾ ਦਾ ਵਰਣਨ ਹੋਣ ਕਰਕੇ ਹੀ ਇਸ ਨੂੰ ਭਾਗਵਤ ਪੁਰਾਣ ਕਿਹਾ ਜਾਂਦਾ ਹੈ।[78] ਇਹ ਪੁਰਾਣ ਭਗਤੀ ਰਸ ਨਾਲ ਭਰਪੂਰ ਅਤੇ ਧਰਮ ਦਾ ਆਤਮਕ ਸਰੂਪ ਪੇਸ਼ ਕਰਨ ਵਾਲਾ ਭਾਸਦ੍ਰੋਸ਼ ਗ੍ਰੰਥ ਹੈ। ਇਸ ਵਿਚ ਸਿੱਧ ਕੀਤਾ ਗਿਆ ਹੈ ਕਿ ਸ੍ਰੀ ਕ੍ਰਿਸ਼ਨ ਹੀ ਬ੍ਰਹਮਾ, ਪਰਮਾਤਮਾ ਅਤੇ ਭਗਵਾਨ ਹਨ।[79]

ਸ੍ਰੀਮਦਭਾਗਵਤ ਪੁਰਾਣ[80] ਦੇ ਬਾਰ੍ਹਾਂ ਸਕੰਧ, 335 ਅਧਿਆਇ ਅਤੇ ਕੁਲ 18,000 ਸ਼ਲੋਕ ਹਨ। ਇਸ ਦੀ ਰਚਨਾ ਸੂਤ ਅਤੇ ਸ਼ੌਨਕ ਰਿਸ਼ੀ ਦੇ ਸੰਵਾਦ ਰੂਪ ਵਿਚ ਹੋਈ ਹੈ। ਇਸ ਨੂੰ ਪਹਿਲੀ ਵਾਰ ਸ਼ੁਕਦੇਵ ਜੀ ਨੇ ਰਾਜਾ ਪਰੀਕਸ਼ਿਤ ਨੂੰ ਸੁਣਾਇਆ ਸੀ। ਇਸ ਪੁਰਾਣ ਵਿਚ ਵਿਭਿੰਨ ਵਿਸ਼ਿਆਂ ਦਾ ਪ੍ਰਤਿਪਾਦਨ ਹੋਇਆ ਹੈ, ਜਿਨ੍ਹਾਂ ਦਾ ਵਿਵਰਣ ਇਸ ਪ੍ਰਕਾਰ ਹੈ। ਪਹਿਲੇ ਸਕੰਧ ਵਿਚ ਵਿਸ਼ਨੂੰ ਦੇ ਚੌਵੀ ਅਵਤਾਰਾਂ ਦਾ ਵਰਣਨ, ਸ਼ੁਕਦੇਵ ਅਤੇ ਪਰੀਕਸ਼ਿਤ ਦੀ

ਕਥਾ, ਨਾਰਦ ਜੀ ਦੇ ਪੂਰਵ ਜਨਮ ਦਾ ਵਰਣਨ, ਮਹਾਭਾਰਤ ਦੇ ਯੁੱਧ ਦੀ ਕਥਾ, ਭੀਸ਼ਮ ਦੁਆਰਾ ਦੇਹ ਤਿਆਗ, ਪਰੀਕਸ਼ਿਤ ਦਾ ਜਨਮ, ਸ੍ਰੀ ਕ੍ਰਿਸ਼ਣ ਦਾ ਪਰਮਧਾਮ ਗਮਨ ਆਦਿ ਵੇਰਵਿਆਂ ਦਾ ਇਸ ਵਿਚ ਵਿਸਤਾਰ ਸਹਿਤ ਵਰਣਨ ਹੋਇਆ ਹੈ। ਦੂਸਰੇ ਸਕੰਧ ਵਿਚ ਅਵਤਾਰ ਦੀ ਕਥਾ, ਸ੍ਰਿਸ਼ਟੀ ਵਰਣਨ, ਭਾਗਵਤ ਦੇ ਦੱਸ ਲੱਛਣਾਂ ਦਾ ਵਰਣਨ ਆਦਿ ਸ਼ਾਮਿਲ ਹੈ। ਤੀਸਰੇ ਸਕੰਧ ਵਿਚ ਉਧਵ ਅਤੇ ਵਿਦੁਰ ਦੀ ਮੁਲਾਕਾਤ, ਬ੍ਰਹਮਾ ਦੁਆਰਾ ਭਗਵਾਨ ਦੀ ਸਤੁਤੀ ਅਤੇ ਦਸ ਪ੍ਰਕਾਰ ਦੀ ਸ੍ਰਿਸ਼ਟੀ ਦਾ ਵਰਣਨ, ਮਨਵੰਤਰ, ਵਾਰਾਹ ਅਵਤਾਰ ਦੀ ਕਥਾ, ਕਪਿਲ ਦਾ ਜਨਮ ਅਤੇ ਸਾਂਖਯ ਦਰਸ਼ਨ ਦਾ ਵਰਣਨ ਆਦਿ ਵਿਸ਼ੇ ਸ਼ਾਮਿਲ ਹਨ। ਚੌਥਾ ਸਕੰਧ ਸਵਾਯੰਭੁਵ ਮਨੂ ਦੀ ਕੰਨਿਆਵਾਂ ਦਾ ਵੰਸ਼ ਵਰਣਨ, ਸਤੀ ਦੀ ਕਥਾ, ਦਕਸ਼ ਯੱਗ ਦੀ ਪੂਰਤੀ, ਧ੍ਰੂਵ ਦੀ ਕਥਾ, ਰਾਜਾ ਵੇਨ, ਪ੍ਰਿਥੂ ਦੀ ਕਥਾ ਨਾਲ ਸੰਬੰਧਿਤ ਹੈ। ਪੰਜਵੇਂ ਸਕੰਧ ਵਿਚ ਰਾਜਾ ਪ੍ਰਿਯਵ੍ਰਤ ਚਰਿਤ੍ਰ, ਰਾਜਾ ਨਾਭਿ ਦਾ ਚਰਿਤ੍ਰ, ਭਰਤ ਚਰਿਤ੍ਰ, ਭਾਰਤ ਵਰਸ਼ ਦਾ ਵਰਣਨ ਆਦਿ ਸ਼ਾਮਿਲ ਹੈ। ਛੇਵਾਂ ਸਕੰਧ ਅਜਾਮਿਲ ਦੀ ਕਥਾ, ਬ੍ਰਹਸਪਤਿ ਦੇ ਰੂਪ ਵਿਚ ਵਰਣਨ, ਵ੍ਰਿਤਰਾਸੁਰ ਦੀ ਕਥਾ, ਦਧੀਚਿ ਰਿਸ਼ੀ ਦੀ ਕਥਾ ਆਦਿ ਦੇ ਵਰਣਨ ਨਾਲ ਸੰਬੰਧਿਤ ਹੈ। ਸੱਤਵਾਂ ਸਕੰਧ ਮੁੱਖ ਰੂਪ ਵਿਚ ਮਾਨਵ ਧਰਮ, ਵਰਣ ਧਰਮ, ਇਸਤ੍ਰੀ ਧਰਮ ਦਾ ਵਰਣਨ, ਬ੍ਰਹਮ ਧਰਮ ਅਤੇ ਵਾਨਪ੍ਰਸਥ ਆਸ਼ਰਮ ਦੇ ਨਿਯਮ, ਗ੍ਰਿਹਸਥ ਸੰਬੰਧੀ ਸਦਾਚਾਰ ਅਤੇ ਮੋਕਸ਼ ਧਰਮ ਨਾਲ ਸੰਬੰਧਿਤ ਹੈ। ਅੱਠਵਾਂ ਸਕੰਧ ਮਨਵੰਤਰ ਵਰਣਨ, ਸਮੁੰਦਰ ਮੰਥਨ ਦੀ ਕਥਾ, ਮੋਹਿਨੀ ਅਵਤਾਰ, ਰਾਜਾ ਬਲੀ ਦੀ ਕਥਾ ਤਥਾ ਵਾਮਨਾਵਤਾਰ ਅਤੇ ਮਤਸਯਾਵਤਾਰ ਦੀ ਕਥਾ ਨਾਲ

ਸੰਮਿਲਿਤ ਹੈ। ਨੌਵੇਂ ਸਕੰਧ ਵਿਚ ਵੈਵਸਵਤ ਮਨੂ ਦੇ ਪੁੱਤਰ ਰਾਜਾ ਸੁਦਯੁਮਨ ਦੀ ਕਥਾ, ਰਾਜਾ ਸ਼ਰਯਾਤਿ ਦੀ ਕਥਾ ਅੰਬਰੀਸ਼ ਦੀ ਕਥਾ, ਦੁਰਵਾਸਾ ਦੀ ਕਥਾ, ਰਾਜਾ ਤ੍ਰਿਸ਼ੰਕੂ ਅਤੇ ਹਰਿਸ਼ਚੰਦ੍ਰ ਦੀ ਕਥਾ, ਭਗੀਰਥ ਦੀ ਕਥਾ ਅਤੇ ਹੋਰ ਅਨੇਕ ਰਾਜਿਆਂ ਦੇ ਚਰਿਤ੍ਰ ਦਾ ਵਰਣਨ ਸ਼ਾਮਿਲ ਹੈ। ਦਸਵੇਂ ਸਕੰਧ ਵਿਚ ਸ੍ਰੀ ਕ੍ਰਿਸ਼ਨ ਦੇ ਜਨਮ ਅਤੇ ਮ੍ਰਿਤੂ ਦੇ ਜੀਵਨ ਨਾਲ ਸੰਬੰਧਿਤ ਕਥਾ ਕਹਾਣੀਆਂ ਦਾ ਵਿਸਤਾਰ ਪੂਰਵਕ ਵਰਣਨ ਹੈ। ਗਿਆਰ੍ਹਵੇਂ ਸਕੰਧ ਵਿਚ ਭਗਤੀ ਯੋਗ ਅਤੇ ਗਿਆਨ ਵਿਧੀ ਦਾ ਵਰਣਨ, ਵਰਣ-ਆਸ਼ਰਮ ਧਰਮ ਦਾ ਵਰਣਨ, ਗਿਆਨ ਯੋਗ, ਕਰਮਯੋਗ ਅਤੇ ਭਗਤੀ ਯੋਗ ਆਦਿ ਦਾ ਵਰਣਨ ਸ਼ਾਮਿਲ ਹੈ। ਬਾਰ੍ਹਵੇਂ ਸਕੰਧ ਵਿਚ ਕਲਯੁਗ ਦਾ ਧਰਮ, ਚਾਰ ਪ੍ਰਕਾਰ ਦੇ ਪ੍ਰਲਯ, ਜਨਮੇਜਯ ਦੁਆਰਾ ਨਾਗਯੱਗ ਅਤੇ ਵੇਦਾਂ ਦੀਆਂ ਸ਼ਾਖਾਵਾਂ ਦਾ ਵਰਣਨ, ਪੁਰਾਣ ਲੱਛਣ, ਮਾਰਕੰਡੇ ਪ੍ਰਸੰਗ ਆਦਿ ਵਿਸ਼ੇ ਸ਼ਾਮਿਲ ਹਨ।

ਭਾਗਵਤ ਪੁਰਾਣ ਵਿਚ ਵੇਦਾਂਤ-ਤੱਤ ਨੂੰ ਜ਼ਿਆਦਾ ਮਹੱਤਵ ਦਿੱਤਾ ਗਿਆ ਹੈ ਅਤੇ ਇਸ ਦਾ ਚਰਮ ਤੱਤ ਨਿਰਗੁਣ ਬ੍ਰਹਮ ਨੂੰ ਹੀ ਮੰਨਿਆ ਗਿਆ ਹੈ।[81] ਭਾਗਵਤ ਅਨੁਸਾਰ ਭਗਤੀ ਮੋਕਸ਼ ਦਾ ਸਾਧਨ ਹੈ। ਇਸ ਦੇ ਬਿਨਾਂ ਗਿਆਨ ਅਤੇ ਕਰਮ ਸਭ ਵਿਅਰਥ ਹਨ।[82]

ਭਾਗਵਤ ਪੁਰਾਣ ਦਾ ਰਚਨਾ ਕਾਲ 6ਵੀਂ ਸਦੀ ਈਸਵੀ ਮੰਨਿਆ ਜਾ ਸਕਦਾ ਹੈ।[83]

ਨਾਰਦ ਪੁਰਾਣ: ਪੌਰਾਣਿਕ ਕ੍ਰਮ ਅਨੁਸਾਰ ਇਹ ਛੇਵਾਂ ਪੁਰਾਣ ਹੈ। ਮਤਸਯ ਪੁਰਾਣ[84] ਅਨੁਸਾਰ ਜਿਸ ਪੁਰਾਣ ਦੀ ਕਥਾ ਵਿਚ ਨਾਰਦ ਨੇ ਬ੍ਰਿਹਤ ਕਲਪ ਦੇ ਪ੍ਰਸੰਗ ਵਿਚ ਧਰਮ ਦਾ ਉਪਦੇਸ਼ ਦਿੱਤਾ ਹੈ, ਉਹ ਨਾਰਦ ਪੁਰਾਣ ਕਿਹਾ ਜਾਂਦਾ ਹੈ। ਇਸ ਦੇ ਸਲੋਕਾਂ ਦੀ ਗਿਣਤੀ ਪੱਚੀ ਹਜ਼ਾਰ[85] ਹੈ। ਇਹ ਵੈਸ਼ਨਵ ਪੁਰਾਣ ਹੈ।

ਇਸ ਦੇ ਦੋ ਖੰਡ ਹਨ — ਪੂਰਵ ਖੰਡ ਅਤੇ ਉੱਤਰ ਖੰਡ। ਕੁਲ ਅਧਿਆਇ 207 ਹਨ। ਇਸ ਪੁਰਾਣ ਵਿਚ ਅਨੇਕ ਵਿਸ਼ਿਆਂ ਦਾ ਪ੍ਰਤਿਪਾਦਨ ਹੋਇਆ ਹੈ ਜਿਨ੍ਹਾਂ ਵਿਚੋਂ ਮੁੱਖ ਹਨ: ਮੋਕਸ਼, ਧਰਮ, ਵਿਆਕਰਣ, ਨਿਰੁਕਤ, ਜੋਤਿਸ਼, ਪ੍ਰਾਇਸ਼ਚਿਤ, ਮੰਤਰ ਵਿੱਦਿਆ, ਦੇਵਤਿਆਂ ਦੇ ਮੰਤਰ, ਅਨੁਸ਼ਠਾਨ ਵਿਧੀ, ਵਰਣ ਆਸ਼੍ਰਮ ਧਰਮ, ਸ਼ਰਾਧ, ਸੋਸ਼ਾਇਕ ਸ਼ਕੁਨ ਅਤੇ ਭਗਤੀ ਦੁਆਰਾ ਮੋਕਸ਼ ਦੇ ਸੁੱਖ ਦੀ ਪ੍ਰਾਪਤੀ। ਇਸ ਪੁਰਾਣ ਦੀ ਰਚਨਾ ਸੂਤ-ਸ਼ੌਨਕ ਸੰਵਾਦ ਰੂਪ ਵਿਚ ਹੋਈ ਹੈ।[86]

ਇਸ ਦਾ ਸਮਾਂ ਸੋਲ੍ਹਵੀਂ ਜਾਂ ਸਤਾਰ੍ਹਵੀਂ ਸਦੀ ਮੰਨਿਆ ਜਾ ਸਕਦਾ ਹੈ। ਇਸ ਵਿਚ "ਗਊਆਂ ਦੇ ਮਾਰਨ ਵਾਲੇ" ਅਤੇ "ਦੇਵਤਿਆਂ ਦਾ ਅਪਮਾਨ ਕਰਨ ਵਾਲੇ" ਮਨੁੱਖਾਂ ਦਾ ਵਰਣਨ ਕੀਤਾ ਗਿਆ ਹੈ ਜਿਸ ਦਾ ਭਾਵ ਨਿਰਸੰਦੇਹ ਮੁਸਲਮਾਨ ਹੀ ਹੋ ਸਕਦਾ ਹੈ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਗ੍ਰੰਥ ਉਸ ਤੋਂ ਮਗਰੋਂ ਹੀ ਲਿਖਿਆ ਗਿਆ, ਜਦੋਂ ਕਿ ਮੁਸਲਮਾਨਾਂ ਦਾ ਭਾਰਤ ਤੇ ਅਧਿਕਾਰ ਹੋ ਚੁੱਕਾ ਸੀ।[87] ਪਰੰਤੂ ਇਹ ਦੋਵੇਂ ਦੁਸ਼ਕਰਮ ਰਾਖਸ਼ ਲੋਕ ਵੀ ਤਾਂ ਕਰਦੇ ਸਨ ਜਿਵੇਂ ਕਿ ਰਾਮਾਇਣ ਦੇ ਰਿਸ਼ੀ ਪਾਤਰ ਰਾਮ-ਲਛਮਣ ਨੂੰ ਨਾਲ ਲੈ ਕੇ ਜਾਣ ਵੇਲੇ ਦੱਸਦੇ ਵੀ ਹਨ।

7. ਮਾਰਕੰਡੇ ਪੁਰਾਣ: ਮਹਾਪੁਰਾਣਾਂ ਦੀ ਸੂਚੀ ਵਿਚ ਇਸ ਦਾ ਸੱਤਵਾਂ ਸਥਾਨ ਹੈ। ਸ਼ਿਵ ਪੁਰਾਣ ਵਿਚ ਦੱਸਿਆ ਗਿਆ ਹੈ ਕਿ ਜਿਸ ਪੁਰਾਣ ਵਿਚ ਮਹਾਮੁਨੀ ਮਾਰਕੰਡੇ ਨੇ ਵਕਤਾ ਹੋ ਕੇ ਕਥਾ ਕਹੀ ਸੀ, ਉਹ ਮਾਰਕੰਡੇ ਪੁਰਾਣ ਹੈ। ਇਸ ਪੁਰਾਣ ਦੇ ਸ਼ੁਰੂ ਵਿਚ ਵਿਆਸ ਦੇ ਸ਼ਿਸ਼ ਜੈਮਿਨੀ ਮਾਰਕੰਡੇ ਕੋਲ, ਆਪਣੇ ਸਵਾਲਾਂ ਦੇ ਜਵਾਬ ਲੈਣ ਲਈ ਆਉਂਦੇ ਹਨ, ਜਿਹੜੇ ਕਿ ਉਨ੍ਹਾਂ ਦੇ ਮਨ ਵਿਚ ਮਹਾਭਾਰਤ ਪੜ੍ਹ ਉਪਰੰਤ ਪੈਦਾ ਹੋਏ ਸਨ। ਸਮੇਂ ਦੀ

ਆਦਿ ਕਾਰਨ ਇਸੇ ਮਾਰਕੰਡੇ ਜੈਮਿਨੀ ਨੂੰ ਉਨ੍ਹਾਂ ਚਾਰ ਪੰਛੀਆਂ ਕੋਲ ਭੇਜ ਦਿੰਦੇ ਹਨ, ਜਿਹੜੇ ਕਿ ਵਿੰਧਿਆਚਲ ਪਰਬਤ ਤੇ ਨਿਵਾਸ ਕਰਦੇ ਹਨ।[88] ਇਸ ਵਿਚ ਨੌ ਹਜ਼ਾਰ ਸ਼ਲੋਕ ਹਨ।[89]

ਇਸ ਦੇ ਕੁਲ 138 ਅਧਿਆਇ ਹਨ। ਇਸ ਪੁਰਾਣ ਵਿਚ ਅਗਨੀ, ਸੂਰਜ ਅਤੇ ਪ੍ਰਸਿੱਧ ਵੈਦਿਕ ਦੇਵਤਾਵਾਂ ਦੀਆਂ ਅਨੇਕ ਸਥਾਨਾਂ 'ਤੇ ਉਸਤਤ ਕੀਤੀ ਗਈ ਹੈ। ਇਸ ਪੁਰਾਣ ਵਿਚ ਅਨੇਕ ਕਥਾਵਾਂ ਤੋਂ ਇਲਾਵਾ ਗ੍ਰਹਿਸਤ ਧਰਮ, ਸਰਾਧ, ਨਿਤ-ਕਰਮ, ਵਰਤ ਅਤੇ ਉਤਸਵ ਦੇ ਸੰਬੰਧ ਵਿਚ ਵੀ ਵਿਚਾਰ ਪ੍ਰਗਟ ਕੀਤੇ ਗਏ ਹਨ। ਯੋਗ ਦਾ ਵਿਸਤਾਰਪੂਰਵਕ ਵਰਣਨ ਮਿਲਦਾ ਹੈ। 'ਦੁਰਗਾਸਪਤਸ਼ਤੀ' ਮਾਰਕੰਡੇ ਪੁਰਾਣ ਦੇ ਅੰਤਰਗਤ ਇਕ ਸੁਤੰਤਰ ਗ੍ਰੰਥ ਹੈ, ਜਿਸ ਦੇ ਤਿੰਨ ਭਾਗ ਹਨ। ਇਸ ਵਿਚ ਦੁਰਗਾ ਜਾਂ ਦੇਵੀ ਨੂੰ ਵਿਸ਼ਵ ਦੀ ਮੂਲ ਸ਼ਕਤੀ ਦੇ ਰੂਪ ਵਿਚ ਵਰਣਿਤ ਕੀਤਾ ਗਿਆ। ਵਿਦਵਾਨਾਂ ਨੇ ਇਸ ਨੂੰ ਗੁਪਤਕਾਲ ਦੀ ਰਚਨਾ ਮੰਨਿਆ ਹੈ।[90]

8. ਅਗਨੀ ਪੁਰਾਣ: ਇਹ ਅੱਠਵਾਂ ਮਹਾਪੁਰਾਣ ਹੈ। ਕਹਿੰਦੇ ਹਨ ਕਿ ਇਹ ਪੁਰਾਣ ਅਗਨੀ ਦੇਵਤਾ ਨੇ ਵਸ਼ਿਸ਼ਠ ਮੁਨੀ ਨੂੰ ਬ੍ਰਹਮ ਗਿਆਨ ਸਿਖਾਉਣ ਲਈ ਆਪ ਸੁਣਾਇਆ ਸੀ। ਇਸ ਲਈ ਇਸ ਨੂੰ ਅਗਨੀ ਪੁਰਾਣ ਕਿਹਾ ਜਾਂਦਾ ਹੈ।[91] ਇਸ ਦੇ 15 ਹਜ਼ਾਰ ਸ਼ਲੋਕ ਹਨ।[92]

ਇਸ ਪੁਰਾਣ ਦੇ ਕੁਲ 383 ਅਧਿਆਇ ਹਨ। ਇਸ ਵਿਚ ਵਰਣਿਤ ਵਿਸ਼ਿਆਂ ਵਿਚ ਮੰਗਲਾਚਰਨ, ਗ੍ਰੰਥ ਰਚਨਾ ਦਾ ਉਦੇਸ਼, ਮਤਸ੍ਯ, ਕੂਰਮ, ਵਾਰਾਹ ਆਦਿ ਅਵਤਾਰਾਂ ਦਾ

ਵਰਣਨ, ਰਾਮਚਰਿਤ੍ਰ ਦੀ ਕਥਾ, ਕ੍ਰਿਸ਼ਨ ਕਥਾ, ਮਹਾਭਾਰਤ ਸੰਬੰਧੀ ਕਥਾਵਾਂ, ਬੁੱਧ ਅਤੇ ਕਲਕੀ ਅਵਤਾਰ ਦੀ ਕਥਾ, ਸ੍ਰਿਸ਼ਟੀ ਦੀ ਉਤਪੱਤੀ ਆਦਿ ਸ਼ਾਮਿਲ ਹਨ।[93] ਇਸ ਵਿਚ ਸ਼ਿਵ ਮਹਿਮਾ ਦਾ ਵਰਣਨ ਹੈ ਪਰ ਇਸ ਦਾ ਵਿਸ਼ੇ-ਵਸਤੂ ਬਹੁ-ਭਾਂਤੀ ਤੇ ਵਿਸ਼ਵਕੋਸ਼ੀ ਹੈ।[94] ਪੁਰਾਣ ਦੀ ਰੂਪ-ਰੇਖਾ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ 'ਪੁਰਾਣ' ਲੋਕ-ਸਿੱਖਿਆ ਦੀਆਂ ਵਿਭਿੰਨ ਵਿਦਿਆਵਾਂ ਅਤੇ ਗਿਆਨ ਦਾ ਸਾਰ ਪ੍ਰਸਤੁਤ ਕਰਨ ਵਾਲਾ ਪੌਰਾਣਿਕ ਵਿਸ਼ਵਕੋਸ਼ ਹੈ। ਇਸ ਦੇ ਅੰਤ ਵਿਚ ਕਿਹਾ ਗਿਆ ਹੈ ਕਿ ਅਗਨੀ ਪੁਰਾਣ ਵਿਚ ਸਾਰੀਆਂ ਵਿਦਿਆਵਾਂ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ।[95]

ਆਗ੍ਨੇਯੇ ਹਿ ਪੁਰਾਣੇ ਅਸ੍ਮਿਨ੍ ਸਰਵਾਵਿਦਯਾ: ਪ੍ਰਦਰਸ਼ਿਤਾ: ।

ਇਸ ਪੁਰਾਣ ਦਾ ਰਚਨਾ ਕਾਲ ਨੌਵੀਂ ਸਦੀ ਈਸਵੀ ਮੰਨਿਆ ਜਾ ਸਕਦਾ ਹੈ।[96]

9. ਭਵਿਸ਼ ਪੁਰਾਣ: ਇਹ ਨੌਵਾਂ ਮਹਾਪੁਰਾਣ ਹੈ। ਜਿਸ ਤਰ੍ਹਾਂ ਕਿ ਇਸ ਦੇ ਨਾਮ ਤੋਂ ਹੀ ਸਪਸ਼ਟ ਹੈ, ਇਸ ਵਿਚ ਭਵਿੱਖ ਦੀਆਂ ਘਟਨਾਵਾਂ ਦਾ ਵਰਣਨ ਹੈ। ਇਸ ਦੇ ਸ਼ਲੋਕਾਂ ਦੀ ਸੰਖਿਆ ਚੌਦ੍ਹਾਂ ਹਜ਼ਾਰ[97] ਹੈ।

ਇਸ ਪੁਰਾਣ ਵਿਚ ਮੁੱਖ ਰੂਪ ਵਿਚ ਬ੍ਰਹਮ ਧਰਮ, ਆਚਾਰ ਅਤੇ ਵਰਣ-ਆਸ਼ਰਮ ਧਰਮ ਦਾ ਵਰਣਨ ਹੈ। ਇਸ ਤੋਂ ਇਲਾਵਾ ਨਾਗ-ਪੂਜਾ ਲਈ ਕੀਤੇ ਜਾਣ ਵਾਲੇ ਨਾਗਪੰਚਮੀ ਵਰਤ ਦੇ ਵਰਣਨ ਵਿਚ ਨਾਗ, ਅਸੁਰਾਂ ਅਤੇ ਨਾਗਾਂ ਨਾਲ ਸੰਬੰਧਿਤ ਕਥਾਵਾਂ ਹਨ। ਇਸ ਵਿਚ ਸੂਰਜ ਪੂਜਾ ਦਾ ਵੀ ਵਰਣਨ ਹੈ। ਇਸ ਵਿਚ ਸ੍ਰਿਸ਼ਟੀ ਦੀ ਉਤਪੱਤੀ ਦੇ ਨਾਲ-ਨਾਲ ਭੂਗੋਲਿਕ ਵਰਣਨ ਵੀ ਉਪਲਬੱਧ ਹੁੰਦਾ ਹੈ।[98] ਮੁੱਖ ਰੂਪ ਵਿਚ ਇਹ ਗੀਤਾਂ ਰਸਮਾਂ ਅਤੇ ਸੰਸਕਾਰਾਂ ਦਾ

ਛੋਟਾ ਜਿਹਾ ਸੰਗ੍ਰਹਿ ਹੈ। ਇਸ ਦਾ ਦੇਵਤਾ ਸ਼ਿਵ ਜੀ ਹੈ।[99]

ਇਸ ਦੇ ਪ੍ਰਤਿਸਰਗ ਪਰਵ ਦੀਆਂ ਬਹੁਤ ਸਾਰੀਆਂ ਕਥਾਵਾਂ ਨੂੰ ਆਧੁਨਿਕ ਵਿਦਵਾਨ ਸਹੀ ਨਹੀਂ ਮੰਨਦੇ। ਇਸ ਦੇ ਤੱਥ ਜਿਹੜੇ ਕਥਨ ਵੀ ਇਤਿਹਾਸਕ ਨਹੀਂ ਹਨ।[100]

10. ਬ੍ਰਹਮਵੈਵਰਤ ਪੁਰਾਣ: ਇਹ ਦਸਵਾਂ ਮਹਾਪੁਰਾਣ ਹੈ। ਬ੍ਰਹਮਵੈਵਰਤ ਪੁਰਾਣ ਉਹ ਪੁਰਾਣ ਹੈ, ਜਿਸ ਨੂੰ ਸਾਵਰਣੀ ਨੇ ਨਾਰਦ ਅੱਗੇ ਉਚਾਰਿਆ ਸੀ। ਇਸ ਵਿਚ ਸ੍ਰੀ ਕ੍ਰਿਸ਼ਨ ਦੀ ਮਹਾਨਤਾ ਦਾ ਉਲੇਖ ਹੈ।[101] ਸ਼ਲੋਕ ਸੰਖਿਆ[102] ਅਠਾਰਾਂ ਹਜ਼ਾਰ ਹੈ।
ਬ੍ਰਹਮਵੈਵਰਤ ਪੁਰਾਣ[103] ਦੇ ਚਾਰ ਖੰਡ ਹਨ: ਬ੍ਰਹਮਖੰਡ, ਪ੍ਰਾਕ੍ਰਿਤ ਖੰਡ, ਗਣੇਸ਼ ਖੰਡ ਅਤੇ ਕ੍ਰਿਸ਼ਨ ਜਨਮ ਖੰਡ।

ਬ੍ਰਹਮ ਖੰਡ: ਇਸ ਖੰਡ ਵਿਚ ਸ੍ਰੀ ਕ੍ਰਿਸ਼ਨ ਦੁਆਰਾ ਸੰਸਾਰ ਦੀ ਰਚਨਾ ਕਰਨ ਦਾ ਵਰਣਨ ਹੈ ਜਿਸ ਵਿਚ ਕੁਲ 30 ਅਧਿਆਇ ਹਨ।

ਪ੍ਰਾਕ੍ਰਿਤ ਖੰਡ: ਇਸ ਵਿਚ ਦੇਵੀਆਂ ਦਾ ਚਰਿਤ੍ਰ ਵਰਣਿਤ ਹੈ। ਇਸ ਖੰਡ ਵਿਚ ਪ੍ਰਾਕ੍ਰਿਤ ਦਾ ਵਰਣਨ, ਦੁਰਗਾ, ਲੱਛਮੀ, ਸਰਸਵਤੀ, ਸਾਵਿੱਤਰੀ ਅਤੇ ਰਾਧਾ ਦੇ ਰੂਪ ਵਿਚ ਹੋਇਆ ਹੈ।

ਗਣੇਸ਼ ਖੰਡ: ਇਸ ਵਿਚ ਗਣੇਸ਼ ਜਨਮ, ਕਰਮ ਅਤੇ ਚਰਿਤ੍ਰ ਦਾ ਵਰਣਨ ਹੈ ਅਤੇ ਉਨ੍ਹਾਂ ਨੂੰ ਕ੍ਰਿਸ਼ਨ ਦੇ ਅਵਤਾਰ ਦੇ ਰੂਪ ਵਿਚ ਪ੍ਰਦਰਸ਼ਿਤ ਕੀਤਾ ਗਿਆ ਹੈ। ਪਰ ਇਹ ਗੱਲ ਸਚ ਨਹੀਂ ਲਗਦੀ ਕਿਉਂਕਿ ਸ਼ਿਵ ਆਦਿ ਦੇਵ ਹੈ ਤੇ ਗਣੇਸ਼ ਉਨ੍ਹਾਂ ਦਾ ਪਹਿਲਾ ਪੁੱਤਰ ਹੈ।

ਸ੍ਰੀ ਕ੍ਰਿਸ਼ਨ ਜਨਮ ਖੰਡ: ਇਸ ਵਿਚ ਸ੍ਰੀ ਕ੍ਰਿਸ਼ਨ-ਲੀਲ੍ਹਾ ਬੜੇ ਵਿਸਤਾਰ ਨਾਲ ਕਹੀ ਗਈ ਹੈ ਅਤੇ ਰਾਧਾ-ਕ੍ਰਿਸ਼ਨ ਦੇ ਵਿਆਹ ਦਾ ਵੀ ਵਰਣਨ ਹੈ। ਇਸ ਦੇ ਵਿਸ਼ਾਵਾਂ ਕਈ

ਸਿਧਾਂਤਾਂ, ਅਨੁਸ਼ਠਾਨਾਂ ਅਤੇ ਸਤੋਤਰਾਂ ਦਾ ਵਰਨਣ ਹੈ। ਇਹ ਪੁਰਾਣ ਅੱਠਵੀਂ ਈਸਵੀਂ ਸਦੀ ਦੀ ਰਚਨਾ ਮੰਨੀ ਜਾ ਸਕਦੀ ਹੈ।[104]

11. ਲਿੰਗ ਪੁਰਾਣ: ਪੌਰਾਣਿਕ ਕ੍ਰਮ ਅਨੁਸਾਰ ਇਹ ਗਿਆਰ੍ਹਵਾਂ ਪੁਰਾਣ ਹੈ। ਇਸ ਵਿਚ ਮਹੇਸ਼ਵਰ (ਸ਼ਿਵ) ਜੋ ਅਗਨੀ ਲਿੰਗ ਵਿਚ ਵਿਆਪਕ ਹੈ। ਅਗਨੀ ਕਲਪ ਦੇ ਅੰਤ ਤੇ (ਜੀਵਨ ਦੇ ਪ੍ਰਯੋਜਨ) ਧਰਮ, ਸੰਪਤੀ, ਅਨੰਦ ਅਤੇ ਅੰਤਿਮ ਮੁਕਤੀ ਦੀ ਵਿਆਖਿਆ ਕੀਤੀ ਹੈ। ਇਸ ਵਿਚ ਗਿਆਰ੍ਹਾਂ ਹਜ਼ਾਰ ਸ਼ਲੋਕ ਹਨ। ਇਸ ਪੁਰਾਣ ਨੂੰ ਬ੍ਰਹਮਾ ਨੇ ਆਪ 'ਲਿੰਗ' ਸ਼ਬਦ ਨਾਲ ਸੰਬੋਧਨ ਕੀਤਾ ਹੈ।[105]

ਇਸ ਦੇ 163 ਅਧਿਆਇ ਹਨ। ਇਸ ਦੇ ਦੋ ਭਾਗ ਹਨ — ਪੂਰਵ ਭਾਗ ਅਤੇ ਉੱਤਰ ਭਾਗ। ਪੂਰਵ ਭਾਗ ਵਿਚ ਸ਼ਿਵ ਦੁਆਰਾ ਸ੍ਰਿਸ਼ਟੀ ਦੀ ਉਤਪੱਤੀ ਦਾ ਕਥਨ ਕੀਤਾ ਗਿਆ ਹੈ। ਵੈਵਸਵਤ ਮਨਵੰਤਰ ਤੋਂ ਲੈ ਕੇ ਕ੍ਰਿਸ਼ਨ ਦੇ ਸਮੇਂ ਤਕ ਦੇ ਰਾਜਵੰਸ਼ਾਂ ਦਾ ਇਸ ਵਿਚ ਵਰਨਣ ਹੈ। ਇਸ ਵਿਚ ਭਗਵਾਨ ਸ਼ਿਵ ਦੇ 28 ਅਵਤਾਰਾਂ ਦਾ ਵੀ ਵਰਨਣ ਹੈ। ਪੌਰਾਣਿਕ ਸ਼ਿਵ ਦੇ ਅਵਤਾਰਾਂ ਦਾ ਵਰਨਣ ਹੋਰ ਕਿਧਰੇ ਵੀ ਨਹੀਂ ਮਿਲਦਾ। ਇਸ ਦੇ ਨਾਲ ਹੀ ਸ਼ੈਵ ਵਰਤਾਂ ਅਤੇ ਸ਼ੈਵ ਤੀਰਥਾਂ ਦਾ ਵੀ ਵਰਨਣ ਹੈ। ਇਸ ਦੇ ਉੱਤਰ ਭਾਗ ਵਿਚ ਸ਼ੈਵ ਤੰਤਰਾਂ ਦੇ ਅਨੁਸਾਰ ਹੀ ਪਸ਼ੂ, ਪਾਸ਼ ਅਤੇ ਪਸ਼ੂਪਤਿ ਦਾ ਵੀ ਵਰਨਣ ਹੈ।[106]

ਲਿੰਗ ਪੁਰਾਣ ਵਿਚ ਸ਼ਿਵ ਜੀ ਨੂੰ ਸਭ ਤੋਂ ਉੱਤਮ ਦੇਵਤਾ ਸਿੱਧ ਕੀਤਾ ਗਿਆ ਹੈ। ਵਿਸ਼ਨੂੰ ਨੂੰ ਵੀ ਸ਼ਿਵ ਦੀ ਮਹਿਮਾ ਦਾ ਗਾਇਨ ਕਰਦਿਆਂ ਵਿਖਾਇਆ ਹੈ ਜਿਸ ਤੋਂ ਸਪਸ਼ਟ ਹੈ ਕਿ ਕਵੀ ਸ਼ਿਵ ਅਤੇ ਵਿਸ਼ਨੂੰ ਦੇ ਰੂਪਾਂ ਨੂੰ ਇਕ ਰੂਪੀ ਮਾਨੋਂ

ਵਿਭਿਆਣੀ ਭਾਰਿਆ ਪ੍ਰੇਮ ਕਰਨ ਦੀ ਟੇਕ ਉਸ ਕਾਲ ਦੀ ਉੱਘੀ ਵਿਸ਼ੇਸ਼ਤਾ ਰਹੀ ਹੈ। ਇਹ ਪੁਰਾਣ ਅੱਠਵੀਂ ਜਾਂ ਨੌਵੀਂ ਸਦੀ ਈਸਵੀ ਤੋਂ ਪਹਿਲਾਂ ਦੀ ਰਚਨਾ ਨਹੀਂ ਹੈ।[107]

12. ਵਾਰਾਹ ਪੁਰਾਣ: ਇਹ ਵੈਸ਼ਨਵ ਮਹਾਂਪੁਰਾਣ ਹੈ। ਇਹ ਵਿਸ਼ਨੂੰ ਦੇ ਅਵਤਾਰ ਵਾਰਾਹ ਨਾਲ ਸੰਬੰਧਿਤ ਹੈ। ਵਿਸ਼ਨੂੰ ਨੇ ਵਾਰਾਹ ਦਾ ਰੂਪ ਧਾਰਨ ਕਰਕੇ ਪਾਤਾਲ ਲੋਕ ਤੋਂ ਪ੍ਰਿਥਵੀ ਦਾ ਉੱਧਾਰ ਕਰਕੇ ਇਸ ਪੁਰਾਣ ਦਾ ਪ੍ਰਵਚਨ ਕੀਤਾ ਸੀ। ਇਸ ਦੀ ਸ਼ਲੋਕ ਸੰਖਿਆ[108] ਚੌਵੀ ਹਜ਼ਾਰ ਹੈ।

ਵੈਸ਼ਨਵ ਪੁਰਾਣ ਹੋਣ ਕਰਕੇ ਇਸ ਵਿਚ ਵਿਸ਼ਨੂੰ ਅਤੇ ਦੁਰਗਾ ਨਾਲ ਸੰਬੰਧਿਤ ਕਈ ਕਥਾਵਾਂ/ਵਰਣਨ ਹੈ। ਗਣੇਸ਼ ਜਨਮ ਦੀ ਕਥਾ ਅਤੇ ਗਣੇਸ਼ ਸਤੋਤ੍ਰ ਵੀ ਇਸ ਵਿਚ ਸ਼ਾਮਿਲ ਹੈ। ਇਸ ਤੋਂ ਇਲਾਵਾ ਸ਼ਰਾਧ, ਪਸ਼ਚਾਤਾਪ, ਦੇਵ ਪ੍ਰਤਿਮਾ ਨਿਰਮਾਣ ਵਿਧੀ, ਕ੍ਰਿਸ਼ਣ ਦੀ ਜਨਮ-ਭੂਮੀ ਮਥੁਰਾ ਦਾ ਮਹਾਤਮ ਵੀ ਸ਼ਾਮਿਲ ਹੈ। ਇਸ ਵਿਚ ਨਚਿਕੇਤਾ ਦੀ ਕਥਾ ਵੀ ਵਿਸਤਾਰਪੂਰਵਕ ਦੱਸੀ ਗਈ ਹੈ ਅਤੇ ਨਰਕ, ਸਵਰਗ ਆਦਿ ਦਾ ਵੀ ਵਰਣਨ ਮਿਲਦਾ ਹੈ। ਜੋ ਇਸ ਦਾ ਸੰਬੰਧ ਕਠ-ਉਪਨਿਸ਼ਦ ਤੇ ਗੀਤਾ ਨਾਲ ਜਾ ਜੋੜਦਾ ਹੈ।[109]

ਵਾਰਾਹ ਪੁਰਾਣ ਵਿਚ ਪਰੰਪਰਾਗਤ ਪੰਜ ਲੱਛਣਾਂ ਨੂੰ ਤਕਰੀਬਨ ਅੱਖੋਂ ਪਰੋਖੇ ਹੀ ਕੀਤਾ ਗਿਆ ਹੈ। ਇਸ ਵਿਚ ਨਾ ਹੀ ਸ੍ਰਿਸ਼ਟੀ ਵਰਣਨ, ਨਾ ਮਨਵੰਤਰਾਂ ਦਾ ਹਾਲ ਅਤੇ ਰਾਜਿਆਂ ਦੀ ਵੰਸ਼ਾਵਲੀ ਦਾ ਹੀ ਵਰਣਨ ਸ਼ਾਮਿਲ ਹੈ। ਮੁੱਖ ਤੌਰ ਤੇ ਇਸ ਪੁਰਾਣ ਵਿਚ ਵਿਸ਼ਨੂੰ ਦੇ ਉਪਾਸ਼ਕਾਂ ਵਾਸਤੇ ਪ੍ਰਾਰਥਨਾਵਾਂ ਅਤੇ ਆਦੇਸ਼ਾਂ ਦਾ ਹੀ ਵਰਣਨ ਹੈ।[110] ਇਸ ਪੁਰਾਣ ਦਾ ਸੰਬੰਧ ਬਾਰ੍ਹਵੀਂ ਸਦੀ ਈਸਵੀਂ ਦੇ ਪਹਿਲੇ ਭਾਗ ਨਾਲ ਜੋੜਿਆ ਜਾ ਸਕਦਾ ਹੈ।[111]

13. ਸਕੰਦ ਪੁਰਾਣ: ਇਹ ਤੇਰ੍ਹਵਾਂ ਮਹਾਪੁਰਾਣ ਹੈ। ਸਕੰਦ ਪੁਰਾਣ ਉਹ ਪੁਰਾਣ ਹੈ ਜਿਸ ਵਿਚ ਛੇ ਮੂੰਹਾਂ ਵਾਲਾ ਦੇਵਤਾ (ਸਕੰਦ) ਤੱਤ ਪੁਰਸ਼ ਕਲਪ ਦੀਆਂ ਘਟਨਾਵਾਂ ਦਾ ਵਰਣਨ ਕਰਦਾ ਹੈ।[112] ਇਸ ਦੀ ਸ਼ਲੋਕ ਸੰਖਿਆ[113] ਇਕੱਆਸੀ ਹਜ਼ਾਰ ਹੈ।

ਸਕੰਦ ਪੁਰਾਣ 6 ਸੰਹਿਤਾਵਾਂ ਅਤੇ 7 ਖੰਡਾਂ ਵਿਚ ਵਿਭਾਜਿਤ ਹੈ। 7 ਖੰਡਾਂ ਦੇ ਨਾਮ ਇਸ ਪ੍ਰਕਾਰ ਹਨ: ਮਾਹੇਸ਼ਵਰ ਖੰਡ, ਵੈਸ਼ਣਵ ਖੰਡ, ਬ੍ਰਹਮ ਖੰਡ, ਕਾਸ਼ੀ ਖੰਡ, ਰੇਵਾ ਖੰਡ, ਤਾਪੀ ਖੰਡ ਅਤੇ ਪ੍ਰਭਾਸ ਖੰਡ।

ਮਾਹੇਸ਼ਵਰ ਖੰਡ ਵਿਚ ਕੇਦਾਰ ਅਤੇ ਕੁਮਾਰਿਕਾ ਨਾਮਕ ਦੋ ਖੰਡ ਹਨ। ਇਸ ਵਿਚ ਸ਼ਿਵ-ਪਾਰਵਤੀ ਦੀਆਂ ਲੀਲ੍ਹਾਵਾਂ ਦਾ ਵਰਣਨ ਹੈ। ਵੈਸ਼ਣਵ ਖੰਡ ਵਿਚ ਜਗਨਨਾਥ ਜੀ ਦੇ ਮੰਦਿਰ, ਪੂਜਾ ਵਿਧਾਨ ਮਹਾਤਮ ਦਾ ਵਰਣਨ ਹੈ। ਸ਼ਿਵ ਲਿੰਗ ਦਾ ਮਹਾਤਮ ਵੀ ਹੈ। ਬ੍ਰਹਮਖੰਡ ਵਿਚ ਬ੍ਰਹਮਰਣਯ ਅਤੇ ਬ੍ਰਹਮੋਤਰ ਨਾਮਕ ਦੋ ਖੰਡਹਨ। ਪਹਿਲੇ ਵਿਚ ਧਰਮਾਰਣਯ ਨਾਮਕ ਸਥਾਨ ਦੀ ਮਹੱਤਾ ਦਾ ਵਰਣਨਹੈ ਅਤੇ ਦੂਸਰੇ ਖੰਡ ਵਿਚ ਉਜੈਨੀ ਦੇ ਮਹਾਕਾਲ ਦੀ ਪੂਜਾ ਵਿਧੀ ਦਾ ਵਰਣਨ ਹੈ। ਕਾਸ਼ੀ ਖੰਡ ਵਿਚ ਕਾਸ਼ੀ ਸਥਿਤ ਸਮੁੱਚੇ ਦੇਵਤਾਵਾਂ ਅਤੇ ਸ਼ਿਵਲਿੰਗ ਦਾ ਮਹਾਤਮ ਵਰਣਿਤ ਕੀਤਾ ਗਿਆ ਹੈ ਅਤੇ ਕਾਸ਼ੀ ਦਾ ਭੂਗੋਲ ਵੀ ਸ਼ਾਮਿਲ ਹੈ। ਰੇਵਾਖੰਡ ਵਿਚ ਨਰਮਦਾ ਨਦੀ ਦੇ ਉਦਭਵ ਦੀ ਕਥਾ ਅਤੇ ਉਸ ਦੇ ਤਟ ਤੇ ਵਸੇ ਤੀਰਥਾਂ ਦਾ ਵਰਣਨ ਹੈ। ਤਾਪੀ ਖੰਡ ਵਿਚ ਤਾਪੀ ਨਦੀ ਦੇ ਤੀਰਵਰਤੀ ਸਾਰੇ ਤੀਰਥਾਂ ਦਾ ਵਰਣਨ ਕੀਤਾ ਗਿਆ ਹੈ। ਪ੍ਰਭਾਸ ਖੰਡ ਵਿਚ ਪ੍ਰਭਾਸ ਖੇਤਰ ਦਾ ਵਿਸਤਾਰਪੂਰਵਕ ਵਿਵੇਚਨ ਹੈ।

ਇਸ ਵਿਚ ਜਗਨਨਾਥ ਮੰਦਿਰ ਦਾ ਵਰਣਨ ਹੋਣ ਕਾਰਨ ਵਿਲਸਨ ਨੇ ਇਸ ਨੂੰ 11ਵੀਂ ਸਦੀ (ਈਸਵੀਂ) ਦੀ ਰਚਨਾ ਮੰਨਿਆ ਹੈ।[114]

14. ਵਾਮਨ ਪੁਰਾਣ: ਇਹ ਚੌਧਵਾਂ ਮਹਾਪੁਰਾਣ ਹੈ। ਇਸ ਦਾ ਸੰਬੰਧ ਭਗਵਾਨ ਵਿਸ਼ਨੂੰ ਦੇ ਵਾਮਨਾਵਤਾਰ ਨਾਲ ਹੈ। ਮਤਸਯ ਪੁਰਾਣ[115] ਅਨੁਸਾਰ ਜਿਸ ਪੁਰਾਣ ਵਿਚ ਤ੍ਰਿਵਿਕ੍ਰਮ ਜਾਂ ਵਾਮਨ ਅਵਤਾਰ ਦੀ ਕਥਾ ਦਾ ਬ੍ਰਹਮਾ ਦੁਆਰਾ ਕੀਰਤਨ ਕੀਤਾ ਗਿਆ ਹੈ ਅਤੇ ਜਿਸ ਵਿਚ ਭਗਵਾਨ ਦੁਆਰਾ ਤਿੰਨ ਪਗਾਂ ਨਾਲ ਬ੍ਰਹਿਮੰਡ ਨੂੰ ਨਾਪ ਲੈਣ ਦਾ ਵਰਣਨ ਹੈ, ਉਸ ਨੂੰ ਵਾਮਨ ਪੁਰਾਣ ਕਹਿੰਦੇ ਹਨ। ਇਹ ਪੁਰਾਣ ਪੁਲਸਤਯ ਰਿਸ਼ੀ ਨੇ ਨਾਰਦ ਨੂੰ ਬਿਆਨ ਕੀਤਾ ਸੀ। ਇਸ ਨੂੰ ਸ਼ਿਵ ਭਗਤੀ ਨਾਲ ਸੰਬੰਧਿਤ ਪੁਰਾਣ ਮੰਨਿਆ ਗਿਆ ਹੈ। ਇਹ ਵੀ ਖ਼ਿਆਲ ਹੈ ਕਿ ਸ਼ਿਵ ਜੀ ਨਾਲ ਸੰਬੰਧਿਤ ਕਥਾ ਕਹਾਣੀਆਂ ਇਸ ਵਿਚ ਬਾਅਦ ਵਿਚ ਉਪਾਸ਼ਕਾਂ ਵੱਲੋਂ ਸ਼ਾਮਿਲ ਕੀਤੀਆਂ ਗਈਆਂ ਹਨ। ਪਹਿਲਾਂ ਸ਼ਾਇਦ ਇਹ ਵੈਸ਼ਨਵ ਪੁਰਾਣ ਹੀ ਸੀ।[116]

ਇਸ ਪੁਰਾਣ[117] ਦੇ ਦਸ ਹਜ਼ਾਰ ਸ਼ਲੋਕ ਅਤੇ 92 ਅਧਿਆਇ ਹਨ। ਇਸ ਪੁਰਾਣ ਦੀਆਂ ਚਾਰ ਸੰਹਿਤਾਵਾਂ ਹਨ : ਮਹੇਸ਼ਵਰੀ ਸੰਹਿਤਾ, ਭਾਗਵਤੀ ਸੰਹਿਤਾ, ਸੌਰੀ ਸੰਹਿਤਾ ਅਤੇ ਗਣੇਸ਼ਵਰੀ ਸੰਹਿਤਾ। ਵਿਸ਼ਨੂੰ ਦੀ ਅਵਤਾਰ-ਕਥਾ ਦੇ ਇਲਾਵਾ ਇਸ ਵਿਚ ਸ਼ਿਵ ਮਹਾਤਮ, ਸ਼ੈਵ ਤੀਰਥ, ਉਮਾ ਸ਼ਿਵ ਵਿਆਹ, ਗਣੇਸ਼ ਜਨਮ ਅਤੇ ਕਾਰਤਿਕੇਯ ਦੀ ਉਤਪੱਤੀ ਦੀ ਕਥਾ ਕਹੀ ਗਈ ਹੈ।

ਵਾਮਨ ਪੁਰਾਣ ਦੀ ਵਿਸ਼ੇ ਸੂਚੀ ਵਿਚ ਕੂਰਮ ਕਲਪ ਦੇ ਵਿਰਤਾਂਤ ਦੀ ਕਥਾ, ਬ੍ਰਹਮਾ ਜੀ ਦੇ ਸਿਰਛੇਦ ਦੀ ਕਥਾ, ਕਪਾਲ ਮੋਚਨ ਕਥਾ, ਪ੍ਰਹਲਾਦ-ਨਾਰਾਇਣ ਯੁੱਧ, ਦੇਵਾਸੁਰ ਸੰਗ੍ਰਾਮ, ਸੁਕੇਸ਼ੀ ਤੇ ਸੂਰਜ ਦੀ ਕਥਾ, ਦੁਰਗਾਚਰਿਤ੍ਰ, ਤਪਤੀ ਚਰਿਤ੍ਰ, ਕੁਰੂਖੇਤਰ ਵਰਣਨ, ਪਾਰਵਤੀ ਦੀ ਕਥਾ, ਰਾਜਾ ਬਲੀ ਦੀ ਕਥਾ, ਸ੍ਰੀ ਵਿਸ਼ਨੂੰ ਅਤੇ ਰੁਦ੍ਰਾਂ ਦੇ ਭਗਤਾਂ ਦਾ ਚਰਿਤ੍ਰ, ਜਗਦੰਬਾ ਦੇ ਅਵਤਾਰ ਦੀ ਕਥਾ, ਸੂਰਜ ਦੀ ਪਾਪਨਾਸ਼ਕ ਮਹਿਮਾ ਦਾ ਵਰਣਨ, ਸ਼ਿਵ ਅਤੇ ਗਣੇਸ਼ ਦਾ ਚਰਿਤ੍ਰ ਸ਼ਾਮਿਲ ਹੈ। ਆਰ. ਜੀ. ਹਾਜ਼ਰਾ

ਇਸ ਦਾ ਰਚਨਾਕਾਲ ਦੂਸਰੀ ਸਦੀ ਈਸਵੀਂ ਦਾ ਮੰਨਦਾ ਹੈ।[118]

15. ਕੂਰਮ ਪੁਰਾਣ: ਇਹ ਪੰਦਰ੍ਹਵਾਂ ਮਹਾਪੁਰਾਣ ਹੈ। ਇਹ ਵੀ ਵੈਸ਼ਨਵ ਪੁਰਾਣ ਹੈ। ਇਸ ਵਿਚ ਵਿਸ਼ਨੂੰ ਦੇ ਅਵਤਾਰ ਕੂਰਮ ਜਾਂ ਕੱਛੂਏ ਦਾ ਵਰਣਨ ਹੈ। ਵਿਸ਼ਨੂੰ ਨੇ ਕੱਛੂਏ ਦਾ ਰੂਪ ਧਾਰਣ ਕਰਕੇ ਪਤਾਲ ਵਿਚ ਇੰਦ੍ਰਦ੍ਯੁਮਨ ਅਤੇ ਮੁਨ ਦੇ ਨੇੜੇ ਰਹਿੰਦਿਆਂ ਰਿਸ਼ੀਆਂ ਨਾਲ ਸੰਵਾਦ ਵਿਚ, ਜ਼ਿੰਦਗੀ ਦੇ ਪ੍ਰਯੋਜਨ, ਧਰਮ, ਸੰਪਤੀ, ਆਨੰਦ ਅਤੇ ਮੁਕਤੀ ਦੀ ਵਿਆਖਿਆ ਕੀਤੀ ਸੀ।[119] ਇਸ ਪੁਰਾਣ ਦੀ ਸ਼ਲੋਕ ਸੰਖਿਆ ਸਤਾਰ੍ਹਾਂ ਹਜ਼ਾਰ[120] ਹੈ।

ਇਸ ਪੁਰਾਣ[121] ਦੀਆਂ ਚਾਰ ਸੰਹਿਤਾਵਾਂ ਹਨ: ਬ੍ਰਾਹਮੀ, ਭਾਗਵਤੀ, ਸੌਰੀ ਅਤੇ ਵੈਸ਼ਨਵੀ। ਕਾਸ਼ੀ ਅਤੇ ਪ੍ਰਯਾਗ ਦਾ ਮਹਾਤਮ ਵੀ ਵਿਸਤਾਰਪੂਰਵਕ ਵਰਣਨ ਹੈ। ਭਾਵੇਂ ਕਿ ਸ਼ਿਵ ਨੂੰ ਪ੍ਰਮੁੱਖ ਦੇਵਤਾ ਮੰਨਿਆ ਗਿਆ ਹੈ ਪਰ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਵਿਚ ਅਭੇਦਤਾ ਦਰਸਾਈ ਗਈ ਹੈ ਅਤੇ ਇਨ੍ਹਾਂ ਨੂੰ ਹੀ ਬ੍ਰਹਮਾ ਦਾ ਰੂਪ ਮੰਨਿਆ ਗਿਆ ਹੈ। ਇਸ ਦੇ ਉੱਤਰ ਭਾਗ ਵਿਚ 'ਈਸ਼ਵਰ-ਗੀਤਾ' ਦਾ ਵਰਣਨ ਹੈ। ਇਸ ਦੇ ਬਾਰ੍ਹਵੇਂ ਅਧਿਆਇ ਵਿਚ ਪਰਮੇਸ਼ਵਰ ਦੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਗਿਆ ਹੈ ਅਤੇ ਉਸ ਦੇ ਚਾਰ ਪ੍ਰਕਾਰ ਮੰਨੇ ਗਏ ਹਨ — ਸ਼ਾਂਤੀ, ਵਿਦਿਆ, ਪ੍ਰਤਿਸ਼ਠਾ ਅਤੇ ਨਿਵ੍ਰਿਤੀ।

ਇਹ ਪੁਰਾਣ ਛੇਵੀਂ ਸਦੀ ਦੀ ਰਚਨਾ ਮੰਨੀ ਜਾ ਸਕਦੀ ਹੈ।[122]

16. ਮਤ੍ਸ੍ਯ ਪੁਰਾਣ: ਇਹ ਸੋਲ੍ਹਵਾਂ ਮਹਾਪੁਰਾਣ ਹੈ। ਇਸ ਪੁਰਾਣ[123] ਦਾ ਆਰੰਭ ਪ੍ਰਲਯਕਾਲ ਦੀ ਉਸ ਘਟਨਾ ਨਾਲ ਹੁੰਦਾ ਹੈ ਜਦੋਂ ਵਿਸ਼ਨੂੰ ਨੇ ਮਤ੍ਸ੍ਯ ਦਾ ਰੂਪ ਧਾਰਨ ਕਰਕੇ ਮਨੂੰ ਦੀ ਰੱਖਿਆ ਕੀਤੀ ਅਤੇ ਪ੍ਰਲਯ ਦੌਰਾਨ ਮਨੂੰ ਨੂੰ ਕਥਾ ਕੇ ਉਸ ਨਾਲ ਸੰਵਾਦ ਕੀਤਾ ਸੀ। ਇਸ ਵਿਚ ਸ੍ਰਿਸ਼ਟੀ ਵਿਦਿਆ, ਮਨਵੰਤਰ ਤੇ ਪਿਤਰਵੰਸ਼ ਦਾ ਵਿਸ਼ੇਸ਼ ਵਿਸਤਾਰ ਨਾਲ ਵਰਣਨ ਹੈ। ਇਸ ਤੋਂ ਇਲਾਵਾ ਤੀਰਥ ਯਾਤਰਾ, ਪ੍ਰਿਥੂ ਚਰਿਤ, ਭਵਨ ਕੋਸ਼, ਦਾਨ-ਮਹਿਮਾ, ਸ਼ਿਵ ਚਰਿਤ, ਤੀਰਥ ਮਹਾਤਮ, ਨ੍ਯਾਯ ਅਤੇ ਗੋਤਰਾਂ ਦਾ ਵਰਣਨ ਹੈ। ਇਸ ਵਿਚ ਤਾਰਕਾਸੁਰ ਦਾ ਸ਼ਿਵ ਦੁਆਰਾ ਵੱਧ ਦੀ ਕਥਾ ਦਾ ਵੀ ਵਰਣਨ ਹੈ। ਭਗਵਾਨ ਸ਼ਿਵ ਦੇ ਮੁੱਖ ਤੋਂ ਕਾਸ਼ੀ ਦਾ ਮਹਾਤਮ ਸੁਣ ਕੇ ਵਿਭਿੰਨ ਦੇਵਤਿਆਂ ਦੀ ਪ੍ਰਤਿਮਾ ਦੇ ਨਿਰਮਾਣ ਦੀ ਵਿਧੀ ਦੱਸੀ ਗਈ ਹੈ। ਇਸ ਵਿਚ ਸੋਮਵੰਸ਼ੀ ਰਾਜਾ ਯਯਾਤਿ ਦਾ ਚਰਿਤ੍ਰ ਵੀ ਵਰਣਿਤ ਹੈ। ਇਸ ਵਿਚ ਭ੍ਰਿਗੂ, ਅੰਗਿਰਸ, ਅਤ੍ਰਿ, ਵਿਸ਼ਵਾਮਿਤ੍ਰ, ਕਸ਼੍ਯਪ, ਵਸਿਸ਼ਠ, ਪਰਾਸ਼ਰ ਅਤੇ ਅਗਸਤ੍ਯ ਆਦਿ ਰਿਸ਼ੀਆਂ ਦੇ ਵੰਸ਼ ਦਾ ਵਰਣਨ ਵੀ ਸ਼ਾਮਿਲ ਹੈ। ਇਸ ਪੁਰਾਣ ਦਾ ਮਹੱਤਵਪੂਰਨ ਅੰਗ ਹੈ ਰਾਜ-ਧਰਮ ਦਾ ਵਿਸਤਾਰਪੂਰਵਕ ਵਰਣਨ।

ਇਸ ਦੇ ਸ਼ਲੋਕਾਂ ਦੀ ਸੰਖਿਆ ਚੌਦ੍ਹਾਂ ਹਜ਼ਾਰ ਹੈ ਅਤੇ ਇਸ ਦੇ 291 ਅਧਿਆਇ ਹਨ।

ਮਤ੍ਸ੍ਯ ਪੁਰਾਣ ਦਾ ਰਚਨਾ-ਕਾਲ ਨਿਸ਼ਚਿਤ ਕਰਨਾ ਮੁਸ਼ਕਿਲ ਹੈ ਕਿਉਂਕਿ ਇਸ ਵਿਚ ਲਗਾਤਾਰ ਕਈ ਗੱਲਾਂ ਦਾ ਘਾਟਾ-ਵਾਧਾ ਹੁੰਦਾ ਰਿਹਾ ਹੈ। ਡਾ. ਹਾਜ਼ਰਾ ਨੇ ਇਸ ਦੀ ਤੁਲਨਾ ਵਾਯੂ ਪੁਰਾਣ ਨਾਲ ਕੀਤੀ ਹੈ ਜਿਸ ਦੇ ਆਧਾਰ ਤੇ ਦੋਵਾਂ ਪੁਰਾਣਾਂ ਵਿਚ ਕਾਫ਼ੀ ਸਮਾਨਤਾ ਪਾਈ ਜਾਂਦੀ ਹੈ। ਪ੍ਰਸ਼ਨ ਉੱਠਦਾ ਹੈ ਕਿ ਕੀ ਦੋਵਾਂ ਪੁਰਾਣਾਂ ਨੇ ਕਿਸੇ ਹੋਰ ਸ੍ਰੋਤ ਨੂੰ ਆਪਣਾ ਆਧਾਰ ਬਣਾਇਆ ਹੈ ਜਾਂ ਕਿ ਦੋਵਾਂ ਨੇ ਇਕ ਦੂਜੇ ਦੀ ਨਕਲ ਕੀਤੀ ਹੈ। ਸਾਰੀ ਰਚਨਾ ਚਰਚਾ ਉਪਰੰਤ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਦੋਵਾਂ ਪੁਰਾਣਾਂ ਵਿਚੋਂ,

ਇਕ ਨੇ ਦੂਸਰੇ ਦੀ ਨਕਲ ਕੀਤੀ ਹੈ ਅਤੇ ਇਹ ਚੌਥੀ ਸਦੀ ਦੀ ਰਚਨਾ ਮੰਨੀ ਜਾ ਸਕਦੀ ਹੈ।[124]

17. ਗਰੁੜ ਪੁਰਾਣ: ਇਹ ਸਤਾਰ੍ਹਵਾਂ ਵੈਸ਼ਨਵ ਮਹਾਪੁਰਾਣ ਹੈ। ਇਸ ਦਾ ਨਾਮਕਰਨ ਵਿਸ਼ਨੂੰ ਦੇ ਵਾਹਨ ਗਰੁੜ (ਇਕ ਪੰਛੀ ਦੇ ਨਾਮ ਦੇ ਆਧਾਰ ਤੇ ਕੀਤਾ ਗਿਆ ਹੈ।[125] ਇਹ ਪੁਰਾਣ ਵਿਸ਼ਨੂੰ ਅਤੇ ਗਰੁੜ ਦੇ ਸੰਵਾਦ ਦੇ ਰੂਪ ਵਿਚ ਹੈ।[126] ਇਸ ਦੀ ਸ਼ਲੋਕ ਸੰਖਿਆ[127] ਉੱਨੀ ਹਜ਼ਾਰ ਹੈ।

ਗਰੁੜ ਪੁਰਾਣ ਹਿੰਦੂਆਂ ਦਾ ਲੋਕਪ੍ਰਿਯ ਅਤੇ ਪਵਿੱਤਰ ਪੁਰਾਣ ਹੈ। ਹਿੰਦੂ ਰੀਤੀ ਅਨੁਸਾਰ ਕਿਸੇ ਵਿਅਕਤੀ ਦੀ ਮੌਤ ਉਪਰੰਤ ਹੋਣ ਵਾਲੇ ਸਰਾਧ ਦੀ ਰਸਮ ਸਮੇਂ ਇਸ ਪੁਰਾਣ ਦਾ ਪਾਠ ਕੀਤਾ ਜਾਂਦਾ ਹੈ। ਇਸ ਵਿਚ ਸਾਰੇ ਹੀ ਉਪਯੋਗੀ ਵਿਸ਼ੇ ਸ਼ਾਮਿਲ ਹਨ। ਇਹ ਵੀ 'ਅਗਨੀ ਪੁਰਾਣ' ਵਾਂਗ ਪੌਰਾਣਿਕ ਮਹਾਂਕੋਸ਼ ਮੰਨਿਆ ਜਾਂਦਾ ਹੈ।

ਗਰੁੜ ਪੁਰਾਣ ਵਿਚ ਯਾਗਵਲਕਯ ਧਰਮ ਸ਼ਾਸਤਰ ਦਾ ਇਕ ਵੱਡਾ ਭਾਗ ਵੀ ਸ਼ਾਮਿਲ ਹੈ। ਇਸ ਦੇ ਇਕ ਅਧਿਆਇ ਵਿਚ ਪਸ਼ੂਚਿਕਿਤਸਾ ਦੀ ਵਿਧੀ ਅਤੇ ਵਿਭਿੰਨ ਪ੍ਰਕਾਰ ਦੇ ਰੋਗਾਂ ਨੂੰ ਹਟਾਉਣ ਦੇ ਇਲਾਜ ਦੱਸੇ ਗਏ ਹਨ। ਇਕ ਹੋਰ ਅਧਿਆਇ ਵਿਚ ਗੀਤਾ ਦਾ ਸਾਰਾਂਸ਼ ਦਿੱਤਾ ਗਿਆ ਹੈ। ਇਸ ਦੇ ਉੱਤਰਖੰਡ ਵਿਚ, ਜਿਸ ਨੂੰ ਪ੍ਰੇਤਕਲਪ ਕਿਹਾ ਜਾਂਦਾ ਹੈ, ਮ੍ਰਿਤੂ ਉਪਰੰਤ ਜੀਵ ਦੀਆਂ ਵਿਵਿਧ ਗਤੀਆਂ ਦਾ ਵਿਸਤਾਰ ਸਹਿਤ ਵਰਣਨ ਹੈ। ਇਸ ਵਿਚ ਪ੍ਰੇਤਕਰਮ, ਪ੍ਰੇਤਯੋਨਿ, ਪ੍ਰੇਤਸਰਾਧ, ਯਮਲੋਕ, ਯਮਯਾਤਨਾ, ਨਰਕ ਆਦਿ ਦਾ ਵਿਸ਼ੇਸ਼ ਰੂਪ ਵਿਚ ਵਰਣਨ ਹੈ। ਵਿਦਵਾਨਾਂ ਨੇ ਇਸ ਦਾ ਸਮਾਂ ਨੌਵੀਂ ਸਦੀ ਦੇ ਲਗਭਗ ਮੰਨਿਆ ਹੈ।[128]

18. ਬ੍ਰਹਮਾਂਡ ਪੁਰਾਣ: ਇਹ ਅੰਤਿਮ ਮਹਾਪੁਰਾਣ ਹੈ। ਮਤਸਯ ਪੁਰਾਣ[129] ਅਨੁਸਾਰ ਬ੍ਰਹਮਾਂਡ ਦੇ ਮਹੱਤਵ ਨੂੰ ਪ੍ਰਕਾਸ਼ਿਤ ਕਰਨ ਲਈ ਬ੍ਰਹਮਾ ਨੇ ਜਿਸ ਪੁਰਾਣ ਦਾ ਉਪਦੇਸ਼ ਦਿੱਤਾ ਸੀ ਅਤੇ ਜਿਸ ਵਿਚ ਭਵਿੱਖ ਅਤੇ ਕਲਪਾਂ ਦਾ ਵਿਰਤਾਂਤ ਵਿਸਤਾਰਪੂਰਵਕ ਵਰਣਿਤ ਸੀ ਉਹ ਬ੍ਰਹਮਾਂਡ ਪੁਰਾਣ ਹੈ।

ਇਸ ਪੁਰਾਣ ਵਿਚ 109 ਅਧਿਆਇ ਅਤੇ ਬਾਰ੍ਹਾਂ ਹਜ਼ਾਰ ਸ਼ਲੋਕ ਹਨ। ਇਸ ਦੇ 33 ਅਧਿਆਇ ਤੋਂ ਲੈ ਕੇ 58 ਅਧਿਆਇ ਤਕ ਬ੍ਰਹਮਾਂਡ ਦਾ ਵਿਸਤਾਰਪੂਰਵਕ ਭੂਗੋਲਿਕ ਵਰਣਨ ਪੇਸ਼ ਕੀਤਾ ਗਿਆ ਹੈ। ਪਹਿਲੇ ਖੰਡ ਵਿਚ ਵਿਸ਼ਵ ਦਾ ਵਿਸਤ੍ਰਿਤ ਭੂਗੋਲ ਦਿੱਤਾ ਗਿਆ ਹੈ। ਇਸ ਵਿਚ ਗ੍ਰਹਿ, ਨਛੱਤਰ ਮੰਡਲ ਅਤੇ ਯੁੱਗਾਂ ਦਾ ਵੀ ਰੋਚਕ ਵਰਣਨ ਹੈ। ਇਸ ਦੇ ਤੀਸਰੇ ਖੰਡ ਵਿਚ ਵਿਸ਼ਵ ਪ੍ਰਸਿੱਧ ਖੱਤਰੀ ਵੰਸ਼ਾਂ ਦਾ ਵਰਣਨ ਹੈ। ਇਸ ਵਿਚ ਪਰਸ਼ੂਰਾਮ ਦੀ ਕਥਾ, ਭਗੀਰਥ ਦੁਆਰਾ ਗੰਗਾ ਅਵਤਰਣ ਦੀ ਕਥਾ ਅਤੇ ਸੂਰਜ ਅਤੇ ਚੰਦਰਵੰਸ਼ੀ ਰਾਜਿਆਂ ਦੀ ਕਥਾ ਵੀ ਵਰਣਿਤ ਹੈ। ਇਸ ਵਿਚ ਰਾਜਾ ਸੀਰਾਜ ਨਾਮਕ ਰਾਜਨੀਤਕ ਸੰਕਟ ਦਾ ਪ੍ਰਵੇਸ਼ ਦੇਖ ਕੇ ਵਿਦਵਾਨਾਂ ਨੇ ਇਸ ਦਾ ਸਮਾਂ ਗੁਪਤਕਾਲ ਦਾ ਉੱਤਰਵਰਤੀ ਮੰਨਿਆ ਹੈ। ਇਸ ਤੋਂ ਇਸ ਦਾ ਸਮਾਂ 600 ਈ. ਦੇ ਆਸ-ਪਾਸ ਦਾ ਹੈ।[130]

## ਲਘੂ ਪੁਰਾਣ

ਉਪ-ਪੁਰਾਣ: ਮਹਾਂਪੁਰਾਣਾਂ ਵਾਂਗ ਉਪ-ਪੁਰਾਣਾਂ ਦੀ ਸੰਖਿਆ ਵੀ ਅਠਾਰ੍ਹਾਂ ਹੀ ਮੰਨੀ ਜਾਂਦੀ ਹੈ। ਇਨ੍ਹਾਂ ਦਾ ਆਕਾਰ ਵਿਚ ਛੋਟਾ ਹੋਣਾ, ਪੁਰਾਣ-ਸਾਹਿਤ ਵਿਚ ਇਨ੍ਹਾਂ ਦੀ ਗੌਣ ਥਾਂ ਹੋਣਾ ਅਤੇ ਪ੍ਰਸਿੱਧ ਅਠਾਰ੍ਹਾਂ ਪੁਰਾਣਾਂ ਤੋਂ ਭਿੰਨ ਹੋਣਾ ਆਦਿ ਕਾਰਨਾਂ ਕਰਕੇ ਇਨ੍ਹਾਂ ਦਾ ਨਾਂ ਆਮ ਤੌਰ ਤੇ ਉਪਕ-ਪੁਰਾਣ ਪੈ ਗਿਆ।[131]

ਉਪ-ਪੁਰਾਣ ਸਾਹਿਤ ਵਿਚ ਕਈ ਪ੍ਰਕਾਰ ਦੀਆਂ ਰਚਨਾਵਾਂ ਸ਼ਾਮਿਲ ਹਨ ਜਿਨ੍ਹਾਂ ਵਿਚੋਂ ਕੁਝ ਛਪੀਆਂ ਹੋਈਆਂ ਮਿਲਦੀਆਂ ਹਨ ਅਤੇ ਕੁਝ ਅਜੇ ਹੱਥ-ਲਿਖਤ ਰੂਪ ਵਿਚ ਹੀ ਹਨ। ਕਈਆਂ ਬਾਰੇ ਸੰਕੇਤਾਂ ਅਤੇ ਹਵਾਲਿਆਂ ਰਾਹੀਂ ਹੀ ਜਾਣਕਾਰੀ ਮਿਲਦੀ ਹੈ ਅਤੇ ਕਈ ਨਿਰਸੰਦੇਹ ਪੂਰੀ ਤਰ੍ਹਾਂ ਨਸ਼ਟ ਹੋ ਚੁੱਕੀਆਂ ਹਨ।[132] ਪ੍ਰਾਚੀਨਤਾ ਅਤੇ ਮੌਲਿਕਤਾ ਦੇ ਵਿਚਾਰ ਪੱਖੋਂ ਉਪ-ਪੁਰਾਣਾਂ ਦਾ ਵੀ ਮਹੱਤਵ ਪੁਰਾਣਾਂ ਦੇ ਸਮਾਨ ਹੀ ਹੈ।

ਉਪ-ਪੁਰਾਣਾਂ ਦੇ ਨਾਮ[133] ਨਿਮਨ ਅਨੁਸਾਰ ਹਨ: ਭਾਗਵਤ, ਮਾਹੇਸ਼ਵਰ, ਬ੍ਰਹਿਮੰਡ, ਆਦਿਤ੍ਯ, ਪਰਾਸ਼ਰ, ਸੌਰ, ਨੰਦੀਕੇਸ਼ਵਰ, ਸਾਂਬ, ਕਾਲਿਕਾ, ਵਰੁਣ, ਉਸ਼ਨਸ, ਮਾਨਵ, ਕਪਿਲ, ਦੁਰਵਾਸਾ, ਸ਼ਿਵਧਰਮ, ਬ੍ਰਿਹਨਾਰਦੀਯ, ਨਰਸਿੰਘ, ਸਨਤ੍ਕੁਮਾਰ ਉਪ-ਪੁਰਾਣ।

ਅਤਿ-ਪੁਰਾਣ:[134] ਅਤਿ-ਪੁਰਾਣ ਵਿਚ ਮੰਨੇ ਜਾਂਦੇ ਹਨ — ਕਾਰਤਵ, ਰਿਜੁ, ਆਦਿ, ਮੁਦਗਲ, ਪਸ਼ੂਪਤਿ, ਗਣੇਸ਼, ਸੌਰ, ਬ੍ਰਿਹਦਧਰਮ, ਮਹਾਂਭਾਗਵਤ, ਦੇਵੀ, ਕਲ੍ਕਿ, ਭਾਰਗਵ, ਵਸ਼ਿਸ਼ਠ, ਕੌਰਮ, ਗਰਗ, ਚੰਡੀ, ਲਕਸ਼ਮੀ ਅਤਿ ਪੁਰਾਣ।

ਪੁਰਾਣ:[135] ਪੁਰਾਣਾਂ ਦੇ ਨਾਮ ਨਿਮਨ ਅਨੁਸਾਰ ਹਨ: ਬ੍ਰਹਮ ਵਿਸ਼ਨੂੰ, ਸ਼ਿਵ, ਉਤਰ, ਨਾਰਦੀਯ, ਖੰਡ, ਲਘੂ ਬ੍ਰਹਿਨਾਰਦੀਯ, ਮਾਰਕੰਡੇ, ਵਹਨਿ, ਭਵਿਸ਼ੋਤਰ, ਵਾਰਾਹ, ਸਕੰਦ, ਵਾਮਨ, ਬ੍ਰਹਦਵਾਮਨ, ਬ੍ਰਹਮਮਤਸ੍ਯ, ਸੂਖਮਮਤਸ੍ਯ, ਲਘੂ ਵੈਵਰਤ, ਬ੍ਰਹਦ ਵੈਵਰਤ, ਪੰਚਵਿਧ ਭਵਿਖ।

ਜੈਨ ਪੁਰਾਣ: ਜੈਨ ਧਰਮ ਨਾਲ ਸੰਬੰਧਿਤ ਗ੍ਰੰਥ ਜਿਨ੍ਹਾਂ ਨੂੰ ਪੁਰਾਣ ਹੀ ਕਿਹਾ ਜਾਂਦਾ ਹੈ, ਵੀ ਉਪਲਬੱਧ ਹਨ। ਇਨ੍ਹਾਂ ਪੁਰਾਣਾਂ ਵਿਚ ਜੈਨ ਮਹਾਂਪੁਰਖਾਂ ਦਾ ਚਰਿਤ੍ਰ ਵਰਣਿਤ ਹੈ। ਜੈਨੀਆਂ ਦੇ 63 ਮਹਾਨ ਵਿਅਕਤੀ ਪ੍ਰਾਚੀਨ-ਕਾਲ ਤੋਂ ਹੀ ਪ੍ਰਸਿੱਧ ਰਹੇ ਹਨ, ਜਿਨ੍ਹਾਂ ਨੂੰ 'ਸ਼ਲਾਕਾਪੁਰਖ' ਕਿਹਾ ਜਾਂਦਾ ਹੈ। ਇਨ੍ਹਾਂ ਵਿਚ 24 ਤੀਰਥੰਕਰ, 12 ਚੱਕਰਵਰਤੀ, 9 ਬਲਦੇਵ, 9 ਵਾਸੁਦੇਵ ਅਤੇ 9 ਪ੍ਰਤਿਵਾਸੁਦੇਵ ਸ਼ਾਮਿਲ ਹਨ। ਇਨ੍ਹਾਂ ਮਹਾਂਪੁਰਖਾਂ ਦਾ ਜੀਵਨ ਚਰਿਤ੍ਰ ਦਾ ਇਨ੍ਹਾਂ ਪੁਰਾਣਾਂ ਵਿਚ ਵਰਣਨ ਕੀਤਾ ਗਿਆ ਹੈ। ਇਨ੍ਹਾਂ ਪੁਰਾਣਾਂ ਦੀ ਸੰਖਿਆ 24 ਮੰਨੀ ਜਾਂਦੀ ਹੈ। ਦਿਗੰਬਰ ਲੋਕ ਇਨ੍ਹਾਂ ਗ੍ਰੰਥਾਂ ਨੂੰ ਪੁਰਾਣ ਦੀ ਉਪਾਧੀ ਦਿੰਦੇ ਹਨ ਪਰੰਤੂ ਸ਼੍ਵੇਤਾਂਬਰ ਲੋਕਾਂ ਨੇ ਇਨ੍ਹਾਂ ਨੂੰ ਚਰਿਤ੍ਰ ਕਿਹਾ ਹੈ।

ਚੌਵੀ ਜੈਨ[136] ਪੁਰਾਣਾਂ ਦੇ ਨਾਮ ਇਸ ਪ੍ਰਕਾਰ ਹਨ: ਆਦਿ ਪੁਰਾਣ, ਅਜਿਤਨਾਥ ਪੁਰਾਣ, ਸੰਭਵਨਾਥਪੁਰਾਣ, ਅਭਿਨੰਦਨਪੁਰਾਣ, ਸੁਮਤਿਨਾਥ ਪੁਰਾਣ, ਪਦਮਪ੍ਰਭਪੁਰਾਣ, ਸੁਪਾਰਸ਼੍ਵ ਪੁਰਾਣ, ਚੰਦਰਪ੍ਰਭਪੁਰਾਣ, ਪੁਸ਼ਪਦੰਤ ਪੁਰਾਣ, ਸੀਤਲਨਾਥਪੁਰਾਣ, ਸ਼੍ਰੇਯਾਂਸ ਪੁਰਾਣ, ਵਾਸੁਪੂਜ੍ਯ ਪੁਰਾਣ, ਵਿਮਲਨਾਥ ਪੁਰਾਣ, ਅਨੰਤਜੀਤ ਪੁਰਾਣ, ਧਰਮਨਾਥ ਪੁਰਾਣ। ਸ਼ਾਂਤਿਨਾਥ ਪੁਰਾਣ, ਕੁੰਥੁਨਾਥ ਪੁਰਾਣ, ਅਮਰਨਾਥ ਪੁਰਾਣ, ਮੱਲਿਨਾਥ ਪੁਰਾਣ, ਮੁਨਿਸੁਵ੍ਰਤਪੁਰਾਣ, ਨੇਮਿਨਾਥਪੁਰਾਣ, ਪਾਰਸ਼੍ਵਪੁਰਾਣ ਅਤੇ ਸੰਮਤਿ ਪੁਰਾਣ।

## ਮਹੱਤਵ ਅਤੇ ਉਪਯੋਗਤਾ

ਪੁਰਾਣ ਭਾਰਤੀ ਸਭਿਅਤਾ ਅਤੇ ਸੰਸਕ੍ਰਿਤੀ ਦੇ ਮੂਲ ਸ੍ਰੋਤ ਹਨ। ਪੁਰਾਣਾਂ ਵਿਚ ਭਾਰਤੀ ਸਭਿਅਤਾ ਅਤੇ ਸੰਸਕ੍ਰਿਤੀ ਇਕ ਮੁਖ ਵਿਸ਼ੇ ਵਜੋਂ ਪ੍ਰਸਤੁਤ ਹੋਈ ਹੈ। ਇਸ ਦੇ ਨਾਲ ਹੀ ਦੇਵੀ-ਦੇਵਤਿਆਂ ਦੀ ਉਸਤਤ ਇਹਨਾਂ ਨਾਲ ਸੰਬੰਧਿਤ ਕਥਾ ਕਹਾਣੀਆਂ ਵੀ ਪੇਸ਼ ਕੀਤੀਆਂ ਗਈਆਂ ਹਨ। ਰਿਸ਼ੀਆਂ-ਮੁਨੀਆਂ ਅਤੇ ਪ੍ਰਾਚੀਨ ਰਾਜਿਆਂ ਦੀ ਵੰਸ਼ ਪਰੰਪਰਾ ਵੀ ਪੁਰਾਣਾਂ ਵਿਚ ਸ਼ਾਮਿਲ ਹੈ, ਜਿਸ ਤੋਂ ਕਿ ਪ੍ਰਾਚੀਨ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ। ਪ੍ਰਾਚੀਨ ਇਤਿਹਾਸ ਨੂੰ ਜਾਣਨ ਵਿਚ ਇਹ ਪੁਰਾਣ ਬਹੁਤ ਮਦਦਗਾਰ ਸਾਬਿਤ ਹੋਏ ਹਨ। ਇਤਿਹਾਸ ਨਾ ਹੁੰਦੇ ਹੋਏ ਵੀ ਇਹਨਾਂ ਵਿਚ ਇਤਿਹਾਸ ਦੀ ਐਸੀ ਸਮੱਗਰੀ ਭਰੀ ਪਈ ਹੈ, ਜਿਸ ਦੀ ਕਿ ਉਮੀਦ ਵੀ ਨਹੀਂ ਕੀਤੀ ਜਾ ਸਕਦੀ।[137]

ਪੁਰਾਣ ਇਕ ਜੀਉਂਦਾ-ਜਾਗਦਾ ਧਰਮ ਹੈ। ਦੇਸ਼ ਭਰ ਵਿਚ ਕਈ ਅਜਿਹੇ ਦੇਵੀ, ਦੇਵਤਿਆਂ ਦੀਆਂ ਮੂਰਤੀਆਂ ਵੇਖੀਆਂ ਜਾ ਸਕਦੀਆਂ ਹਨ, ਜਿਹੜੀਆਂ ਕਿ ਲੋਕਾਂ ਦੁਆਰਾ ਅੱਜ ਵੀ ਬੜੀ ਸ਼ਰਧਾ ਨਾਲ ਉਸੇ ਤਰ੍ਹਾਂ ਪੂਜੀਆਂ ਜਾਂਦੀਆਂ ਹਨ, ਜਿਸ ਤਰ੍ਹਾਂ ਕਿ ਹਜ਼ਾਰ ਸਾਲ ਪਹਿਲਾਂ ਪੂਜੀਆਂ ਜਾਂਦੀਆਂ ਸਨ। ਇਹਨਾਂ ਮੂਰਤੀਆਂ ਵਿਚੋਂ ਬਹੁਤ ਸਾਰੀਆਂ ਪੁਰਾਣਾਂ ਵਿਚੋਂ ਰੂਪਮਾਨ ਹੋਈਆਂ ਹਨ। ਪੁਰਾਣ, ਧਰਤੀ ਤੇ ਖੜੇ ਹੋਏ ਉਸ ਪਿੰਜਰ ਵਾਂਗ ਹੈ ਜਿਹੜਾ ਕਿ ਸਾਡੀ ਪੁਰਾਤਨ ਸਭਿਅਤਾ ਦਾ ਪ੍ਰਤੀਕ ਹੈ। ਇਸ ਲਈ ਪੁਰਾਣ ਸਾਹਿਤ ਨੂੰ ਆਦਿਮ ਮਨੁੱਖ ਦੀ ਕੋਸ਼ਿਸ਼ ਵੀ ਕਿਹਾ ਜਾ ਸਕਦਾ ਹੈ

541063
PANJAB UNIVERSITY LIBRARY

ਜੋ ਕਿ ਵਡਾ ਮਨੁੱਖੀ ਸਮੱਸਿਆਵਾਂ ਨੂੰ ਸੁਲਝਾਉਣ ਲਈ ਤਤਪਰ ਰਹਿੰਦਾ ਹੈ। ਪ੍ਰਤੀਕਵਾਦ, ਰਹੱਸਵਾਦ, ਅਵਤਾਰਵਾਦ ਅਤੇ ਪਰੋਖਵਾਦ ਨਾਲ ਭਰਪੂਰ ਪੁਰਾਣ ਭਾਰਤ ਦੇ ਰਾਜਨੀਤੀ ਅਤੇ ਸਮਾਜਿਕ ਜੀਵਨ ਦੇ ਦਰਪਣ ਹਨ।[138] ਹਕੀਕਤ ਤਾਂ ਇਹ ਹੈ ਕਿ ਇਹ ਪੁਰਾਣ ਹਾਲੇ ਵੀ ਸਮਾਜ, ਕਲਾ, ਕਵਿਤਾ ਅਤੇ ਲੋਕਾਚਾਰ ਦੀ ਭਾਵਨਾਤਮਕ ਜ਼ਿੰਦਗੀ ਵਿਚ ਪੂਰੀ ਤਰ੍ਹਾਂ ਵਿਦਮਾਨ ਹਨ। ਪੁਰਾਣਾਂ ਨੇ ਭਾਰਤੀ ਕਲਾ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸ ਦਾ ਪ੍ਰਮਾਣ ਸਾਨੂੰ ਹਰੇਕ ਮੰਦਿਰ ਅਤੇ ਅਨੇਕ ਕੰਧ-ਚਿੱਤਰਾਂ ਤੋਂ ਮਿਲ ਸਕਦਾ ਹੈ। ਪੁਰਾਣਾਂ ਵਿਚ ਸਾਡੀ ਪਰੰਪਰਾ ਦੇ ਅਨੇਕ ਅਰਥ ਅਤੇ ਸੰਭਾਵਨਾਵਾਂ ਸੁਰੱਖਿਅਤ ਹਨ ਜੋ ਕਿ ਸਾਡੇ ਜੀਵਨ ਦੇ ਹੀ ਅਰਥ ਅਤੇ ਸੰਭਾਵਨਾਵਾਂ ਹਨ। ਇਸ ਦੇ ਮਾਧਿਅਮ ਦੁਆਰਾ ਕਿਸੇ ਕੌਮ ਦੇ ਸਮਾਜਿਕ-ਮਨੋਵਿਗਿਆਨ, ਧਰਮ ਵਿਸ਼ਵਾਸ ਅਤੇ ਕਲਾ ਦੇ ਸੌਂਦਰਯ ਬੋਧ ਨੂੰ ਸਮਝਣ ਵਿਚ ਕਾਫ਼ੀ ਮਦਦ ਮਿਲਦੀ ਹੈ। ਪੁਰਾਣ ਸਾਹਿਤ ਇਸ ਦੇਸ਼ ਦਾ ਹੀ ਨਹੀਂ, ਵਿਸ਼ਵ ਦਾ ਸਭ ਤੋਂ ਵੱਡਾ ਵਿਰਸਾ ਹੈ।

ਵੇਦ ਵਿਆਸ ਜੀ ਨੇ ਵੈਦਿਕ ਵਿਚਾਰਧਾਰਾ ਨੂੰ ਆਮ ਲੋਕਾਂ ਤਕ ਪਹੁੰਚਾਉਣ ਲਈ, ਸਿੱਧੀ ਅਤੇ ਸਰਲ ਭਾਸ਼ਾ ਵਿਚ ਪੁਰਾਣਾਂ ਦੀ ਰਚਨਾ ਕੀਤੀ ਤਾਂ ਜੋ ਆਮ ਲੋਕ ਵੀ ਇਸ ਦਾ ਲਾਭ ਉਠਾ ਸਕਣ। ਭਾਗਵਤ ਪੁਰਾਣ[139] ਅਨੁਸਾਰ ਲੋਕ ਸੰਗ੍ਰਹਿ ਕਰਤਾ ਵਿਆਸ ਨੇ ਭਾਰਤੀ ਯੁੱਧ ਦੇ ਬਾਅਦ ਹੀ ਦੇਸ਼ ਦੀ ਅਤੇ ਲੋਕਾਂ ਦੀ, ਵਿਸ਼ੇਸ਼ਕਰ ਇਸਤ੍ਰੀਆਂ, ਸ਼ੂਦਰਾਂ ਅਤੇ ਨਾਮਾਤਰ ਦ੍ਵਿਜਾਂ ਦੀ ਸਥਿਤੀ ਦਾ ਆਲੋਚਨ ਕੀਤਾ ਅਤੇ ਚਾਰਾਂ ਵੇਦਾਂ ਦਾ ਸਰਲ ਅਰਥ ਕੀਤਾ ਜੋ ਅਤਿਅੰਤ ਗੂੜ੍ਹ ਸੀ ਜਿਸ ਨੂੰ ਸਾਰੇ ਲੋਕ ਸਰਲਤਾ ਨਾਲ ਸਮਝ ਸਕਣ ਅਤੇ ਜਿਸ ਨਾਲ ਉਨ੍ਹਾਂ ਦਾ ਕਲਿਆਣ ਹੋਵੇ। ਇਸ ਲਈ ਉਨ੍ਹਾਂ ਨੇ ਇਤਿਹਾਸ ਅਤੇ ਪੁਰਾਣ ਰੂਪੀ ਸਿੱਧੇ ਮਾਰਗ ਦਾ ਨਿਰਮਾਣ ਕੀਤਾ। ਸਾਰੇ ਪੁਰਾਣਾਂ ਵਿਚੋਂ

ਸ੍ਰੀਮਦਭਾਗਵਤ ਪੁਰਾਣ ਨੂੰ ਉੱਤਮ ਪੁਰਾਣ ਮੰਨਿਆ ਗਿਆ ਹੈ। ਭਾਗਵਤ ਪੁਰਾਣ[140] ਵਿਚ ਭਗਤੀ ਨੂੰ ਗਿਆਨ ਅਤੇ ਕਰਮ ਨਾਲੋਂ ਉੱਚਾ ਸਥਾਨ ਦਿੱਤਾ ਗਿਆ ਹੈ ਅਤੇ ਇਸ ਨੂੰ ਮੁਕਤੀ ਦਾ ਇੱਕੋ-ਇਕ ਸਾਧਨ ਮੰਨਿਆ ਗਿਆ ਹੈ। ਭਗਤੀ ਦੀ ਮਹਿਮਾ ਦੱਸਦੇ ਹੋਏ ਭਾਗਵਤ ਪੁਰਾਣ ਦੇ ਗਿਆਰ੍ਹਵੇਂ ਸਕੰਧ ਵਿਚ ਭਗਵਾਨ ਕ੍ਰਿਸ਼ਨ ਊਧਵ ਨੂੰ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ ਕਿ ਜੋ ਪ੍ਰਾਣੀ ਸਭ ਵੱਲਾਂ ਤੋਂ ਬੇਪਰਵਾਹ ਹੋ ਗਿਆ ਜੋ ਕਿਸੇ ਵੀ ਕਰਮ ਜਾਂ ਫਲ ਆਦਿ ਦੀ ਇੱਛਾ ਨਹੀਂ ਰਖਦਾ ਅਤੇ ਜਿਸ ਨੇ ਆਪਣੇ ਆਪ ਨੂੰ ਮੈਨੂੰ ਸੌਂਪ ਦਿੱਤਾ ਹੈ, ਮੈਂ ਖੁਦ ਉਸ ਦੀ ਆਤਮਾ ਵਿਚ ਨਿਵਾਸ ਕਰਦਾ ਹਾਂ। ਇਸ ਨਾਲ ਜਿਸ ਸੁੱਖ ਦਾ ਅਨੁਭਵ ਉਸ ਪ੍ਰਾਣੀ ਨੂੰ ਹੁੰਦਾ ਹੈ, ਉਹ ਅਨੁਭਵ ਵਿਸ਼ੇ-ਵਿਕਾਰਾਂ ਵਿਚ ਫਸਿਆ ਨਹੀਂ ਕਰ ਸਕਦਾ। ਜੋਗ ਸਾਧਨਾ, ਗਿਆਨ-ਵਿਗਿਆਨ, ਜਪ-ਪਾਠ ਅਤੇ ਤਪ-ਤਿਆਗ ਮੈਨੂੰ ਪ੍ਰਾਪਤ ਕਰਨ ਵਿਚ ਸਹਾਈ ਨਹੀਂ ਹੋ ਸਕਦੇ, ਇਸ ਦੀ ਜਗ੍ਹਾ ਅਨਿੰਨ ਪ੍ਰੇਮ ਅਤੇ ਭਗਤੀ ਹੀ ਮੈਨੂੰ ਪ੍ਰਾਪਤ ਕਰਨ ਵਿਚ ਸਮਰਥ ਹੈ। ਮੇਰੀ ਭਗਤੀ ਕਾਰਨ ਇਕ ਚੰਡਾਲ ਵੀ ਪਰਮ ਪਵਿੱਤਰ ਇਨਸਾਨ ਬਣ ਜਾਂਦਾ ਹੈ ਜਦ ਕਿ ਮੇਰੀ ਭਗਤੀ ਤੋਂ ਬੇਮੁੱਖ ਪ੍ਰਾਣੀ ਮੈਨੂੰ ਪ੍ਰਾਪਤ ਨਹੀਂ ਕਰ ਸਕਦਾ। ਭਾਗਵਤ-ਧਰਮ ਨੇ ਭਾਰਤੀ ਜਨ-ਜੀਵਨ ਨੂੰ ਸਹੀ ਸੇਧ ਅਤੇ ਇਕ ਆਦਰਸ਼ ਮਾਰਗ ਸੁਝਾਇਆ ਹੈ ਜਿਸ ਤੇ ਚਲ ਕੇ ਮਨੁੱਖ ਪਰਮਾਤਮਾ ਨੂੰ ਪਾਉਣ ਵਿਚ ਸਫਲ ਹੋ ਸਕਦਾ ਹੈ। ਜੋ ਪੁਰਾਣਾਂ ਦੀ ਸਭ ਤੋਂ ਵੱਡੀ ਦੇਣ ਭਾਗਵਤ-ਧਰਮ ਹੈ। ਖੁਸ਼ਕ ਗਿਆਨ ਅਤੇ ਕਰਮ-ਕਾਂਡ ਦੀ ਜਟਿਲਤਾ ਤੋਂ ਬਚਾ ਕੇ ਵੈਸ਼ਨਵ ਧਰਮ ਦੀ ਨਵਧਾ ਭਗਤੀ ਦਾ ਭਾਰਤੀ ਜਨ-ਜੀਵਨ ਨੂੰ ਪੁਰਾਣਾਂ ਨੇ ਜੋ ਨਵਾਂ ਖੇਤਰ ਪ੍ਰਦਾਨ ਕੀਤਾ, ਵਿਸ਼ਵਏਕਤਾ ਅਤੇ ਉਦਾਰਤਾ ਦੀ ਜੋ ਨਵੀਂ ਦ੍ਰਿਸ਼ਟੀ ਦਿੱਤੀ, ਉਸ ਦੀ ਦੇਣ ਮਹਾਨ ਹੈ।[141]

ਪੁਰਾਣ ਬਹੁਗਿਣਤੀ ਲੋਕਾਂ ਦੁਆਰਾ ਪੜ੍ਹੇ ਜਾਂਦੇ ਹਨ। ਇਨ੍ਹਾਂ ਦਾ ਮੂਲ ਸੰਸਕ੍ਰਿਤ ਭਾਸ਼ਾ ਤੋਂ ਹੋਰਨਾਂ ਖੇਤਰੀ ਭਾਸ਼ਾਵਾਂ ਵਿਚ ਅਨੁਵਾਦ ਵੀ ਹੋਇਆ ਹੈ। ਇਸ ਤਰ੍ਹਾਂ ਇਹ ਪੁਰਾਣ ਬਹੁਗਿਣਤੀ ਲੋਕਾਂ ਵੱਲੋਂ ਕਿਸੇ ਤਰ੍ਹਾਂ ਅਪਣਾ ਲਏ ਗਏ ਹਨ, ਜਿਵੇਂ ਕਿ ਉਨ੍ਹਾਂ ਦੀ ਆਪਣੀ ਖੇਤਰੀ ਭਾਸ਼ਾ ਦੇ ਹੀ ਮਹਾਨ ਗ੍ਰੰਥ ਹੁੰਦੇ ਹਨ। ਇਸ ਦੇ ਦੋ ਕਾਰਣ ਹਨ। ਪਹਿਲਾ ਕਾਰਣ ਇਹ ਹੈ ਕਿ ਇਸ ਦੇਸ਼ ਦੇ ਹਰੇਕ ਵਿਅਕਤੀ ਦੀ ਮਾਨਸਿਕਤਾ ਤਕਰੀਬਨ ਇੱਕੋ ਜਿਹੀ ਹੀ ਹੈ। ਦੂਜਾ ਕਾਰਣ ਇਹ ਹੈ ਕਿ ਪੁਰਾਣ ਇਸ ਦੇਸ਼ ਦੇ ਲੋਕਾਂ ਨੂੰ ਮਹਾਨ ਵਿਰਸੇ ਦਾ ਬੋਧ ਕਰਵਾਉਂਦੇ ਹਨ। ਇਨ੍ਹਾਂ ਦੇ ਕਾਰਨ ਹੀ ਇਸ ਦੇਸ਼ ਦੇ ਲੋਕ ਇਕ ਦੂਜੇ ਨਾਲ ਭਾਵਨਾਤਮਕ ਰੂਪ ਵਿਚ ਜੁੜੇ ਹੋਏ ਹਨ। ਪੁਰਾਣ-ਕਥਾਵਾਂ ਮਨੁੱਖ ਦੇ ਮਾਨਵੀਕਰਨ, ਸਮਾਜੀਕਰਨ ਅਤੇ ਦੈਵੀਕਰਨ ਦੀ ਪ੍ਰਕ੍ਰਿਆ ਨੂੰ ਉਜਾਗਰ ਕਰਦੀਆਂ ਹਨ। ਇਨ੍ਹਾਂ ਦੀ ਗਤੀ ਦੈਵੀ ਪਰਜਾ ਵੱਲੋਂ ਮਨੁੱਖੀ ਪਰਜਾਵਾਂ ਵੱਲ ਹੁੰਦੀ ਹੈ।[142] ਪੁਰਾਣ ਪਾਪਾਂ ਅਤੇ ਕੁਕਰਮਾਂ ਤੋਂ ਬਚ ਕੇ ਧਾਰਮਿਕ ਅਤੇ ਸਾਤਵਿਕ ਜੀਵਨ ਜੀਉਣ ਲਈ ਪ੍ਰੇਰਦੇ ਹਨ। ਇਸ ਮਨੋਰਥ ਹਿਤ ਪੁਰਾਣ ਸਾਡੇ ਸਾਹਮਣੇ ਅਨੇਕ ਦੇਵੀ, ਦੇਵਤਿਆਂ, ਰਿਸ਼ੀਆਂ-ਮੁਨੀਆਂ ਅਤੇ ਜਨਕ ਵਰਗੇ ਰਾਜਿਆਂ ਦੇ ਪ੍ਰਸੰਗ ਪੇਸ਼ ਕਰਦੇ ਹਨ। ਇਨ੍ਹਾਂ ਦੇ ਉਚੇਰੇ ਜੀਵਨ ਦਾ ਸਾਡੇ ਜੀਵਨ ਤੇ ਬਹੁਤ ਗਹਿਰਾ ਪ੍ਰਭਾਵ ਪੈਂਦਾ ਹੈ। ਯਯਾਤਿ, ਅੰਬਰੀਸ਼, ਦਧੀਚਿ, ਵਿਸ਼ਵਾਮਿੱਤਰ, ਪੁਰੂਰਵਾ, ਧਰੂ, ਰਾਮਚੰਦਰ, ਵਸ਼ਿਸ਼ਠ, ਵਿਸ਼ਨੂੰ, ਜਮਦਗਨੀ, ਦੁਰਵਾਸਾ, ਜਨਕ, ਹਰੀਸ਼ਚੰਦਰ, ਪਰਸ਼ੂਰਾਮ ਆਦਿ ਦੇ ਕਈ ਪ੍ਰਸੰਗ ਅੱਜ ਵੀ ਸਾਡੇ ਜੀਵਨ ਲਈ ਪ੍ਰੇਰਣਾ-ਸ੍ਰੋਤ ਹਨ। ਉਹ ਲੋਕ ਜੀਵਨ ਵਿਚ ਸੁੱਖ ਵੀ ਭੋਗਦੇ ਹਨ ਅਤੇ ਦੁਖੀ ਵੀ ਹੁੰਦੇ ਹਨ। ਉਨ੍ਹਾਂ ਦੇ ਜੀਵਨ ਪ੍ਰਸੰਗ ਪੜ੍ਹ ਕੇ ਅਜੋਕੇ ਮਨੁੱਖ ਨੂੰ ਡਟੇ ਰਹਿਣ ਦੀ ਪ੍ਰੇਰਣਾ ਮਿਲਦੀ ਹੈ।

ਪੁਰਾਣ ਭਾਰਤੀ ਸਾਹਿਤ ਦਾ ਵੀ ਉੱਤਮ ਨਮੂਨਾ ਪੇਸ਼ ਕਰਦੇ ਹਨ। ਸਾਰੇ ਹੀ ਪੁਰਾਣ ਕਵਿਤਾ ਵਿਚ ਲਿਖੇ ਗਏ ਹਨ। ਇਹ ਕਵਿਤਾ ਦੇ ਉੱਤਮ ਨਮੂਨੇ ਸਿੱਧ ਹੁੰਦੇ ਹਨ ਜਿਹੜੇ ਕਿ ਅਨੇਕ ਮਧਕਾਲੀ ਤੇ ਆਧੁਨਿਕ ਕਵੀਆਂ ਦੇ ਪ੍ਰੇਰਣਾ ਦਾ ਸੋਮਾ ਰਹੇ ਹਨ। ਸੰਸਕ੍ਰਿਤ ਸਾਹਿਤ ਵਿਚ ਜਿੰਨੇ ਵੀ ਮਹਾਕਾਵਿ, ਨਾਟਕ, ਕਥਾਵਾਂ ਅਤੇ ਆਖਿਆਵਾਂ ਮਿਲਦੀਆਂ ਹਨ, ਉਨ੍ਹਾਂ ਸਭ ਤੇ ਪੁਰਾਣਾਂ ਦੀ ਛਾਪ ਵੇਖਣ ਨੂੰ ਮਿਲਦੀ ਹੈ।[143] ਪੁਰਾਣਾਂ ਵਿਚਲੀਆਂ ਅਨੇਕ ਕਥਾਵਾਂ ਨੂੰ ਲੈ ਕੇ ਅਨੇਕ ਕਵੀਆਂ ਨੇ ਆਪਣੀਆਂ ਰਚਨਾਵਾਂ ਕੀਤੀਆਂ ਹਨ। ਜਿਨ੍ਹਾਂ ਵਿਚੋਂ ਮਹਾਕਵੀ ਕਾਲਿਦਾਸ, ਭਵਭੂਤੀ, ਬਾਣਭੱਟ, ਦੰਡੀ ਆਦਿ ਪ੍ਰਮੁੱਖ ਹਨ। ਇਹ ਆਧੁਨਿਕ ਕਵੀਆਂ ਲਈ ਵੀ ਪ੍ਰੇਰਣਾ-ਸ੍ਰੋਤ ਸਾਬਿਤ ਹੋਏ ਹਨ। ਇਨ੍ਹਾਂ ਵਿਚਲੀਆਂ ਕਥਾ ਕਹਾਣੀਆਂ ਨੂੰ ਲੋਕ ਪਵਿੱਤਰ ਮੰਨ ਕੇ ਬੜੀ ਸ਼ਰਧਾ ਨਾਲ ਉਨ੍ਹਾਂ ਦਾ ਪਾਠ ਕਰਦੇ ਹਨ। ਆਧੁਨਿਕ ਲੇਖਕਾਂ ਨੇ ਪੁਰਾਣਾਂ ਵਿਚਲੀਆਂ ਕਥਾਵਾਂ ਨੂੰ ਅਜੋਕੇ ਸੰਦਰਭ ਵਿਚ ਪ੍ਰਤੀਕ ਬਣਾ ਕੇ ਪੇਸ਼ ਕੀਤਾ ਹੈ, ਜਿਸ ਨੂੰ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਪੁਰਾਣ ਕਾ ਕਾਲਾਤੀਤ ਹੈ। ਉਹ ਜੁਗ-ਜੁਗ ਤਕ ਮਨੁੱਖ ਦੇ ਜੀਵਨ ਦਾ ਹਿੱਸਾ ਰਹੇਗੀ।

ਪੁਰਾਣਾਂ ਦਾ ਮੂਲ ਉਦੇਸ਼ ਆਪਣੇ ਰੂਪਾਂ ਵਿਚ ਉੱਚ ਸਤਰ ਦੇ ਸਾਹਿਤ ਦਾ ਪਰਿਚਯ ਦੇਣਾ ਹੀ ਨਹੀਂ ਸੀ ਸਗੋਂ ਉਚ ਕੋਟੀ ਦੇ ਧਰਮਮੂਲਕ ਅਤੇ ਦਰਸ਼ਨਮੂਲਕ ਤੱਤਾਂ ਨੂੰ ਸਰਲ ਅਤੇ ਰੋਚਕ ਸ਼ੈਲੀ ਵਿਚ ਪੇਸ਼ ਕਰਨਾ ਵੀ ਸੀ। ਪੁਰਾਣਾਂ ਵਿਚ ਧਰਮ ਸ਼ਾਸਤਰ ਨਾਲ ਸੰਬੰਧਿਤ ਕਥਾ ਕਹਾਣੀਆਂ ਵੀ ਸ਼ਾਮਿਲ ਹਨ। ਕਰਮ-ਕਾਂਡ, ਪੂਜਾ ਵਿਧੀਆਂ, ਤੀਰਥ-ਮਹਾਤਮ, ਦਰਸ਼ਨ-ਸ਼ਾਸਤਰ ਨਾਲ ਸੰਬੰਧਿਤ ਅਨੇਕ ਸ਼ਾਖਾਵਾਂ ਦਾ ਵੀ ਪੁਰਾਣਾਂ ਵਿਚ ਬੜਾ ਵਿਸਤਾਰਪੂਰਵਕ ਵਰਨਣ ਮਿਲਦਾ ਹੈ। ਇਸ ਦੇ ਨਾਲ ਹੀ ਯੁੱਧ-ਕਲਾ, ਰਣਨੀਤੀ, ਰਾਜਨੀਤੀ, ਨੈਤਿਕਤਾ, ਆਚਾਰ-ਸੰਹਿਤਾ ਅਤੇ ਲੋਕ ਜੀਵਨ ਦੀ ਹੋਰ ਹਰ ਪ੍ਰਕਾਰ ਦੀ

ਮਹਿਆਰਾਂ ਦਾ ਵੀ ਇਨ੍ਹਾਂ ਮਹਾਨ ਗ੍ਰੰਥਾਂ ਤੋਂ ਬੋਧ ਹੁੰਦਾ ਹੈ। ਪੁਰਾਣ ਕਥਾ ਅਧਿਆਤਮਕਤਾ, ਪ੍ਰਕ੍ਰਿਤੀ, ਦੇਵਤਿਆਂ ਅਤੇ ਧਾਰਮਿਕ ਅਨੁਸ਼ਠਾਨਾਂ ਤੋਂ ਵਿਕਾਸਮਾਨ ਹੁੰਦੀ ਹੋਈ ਸਮਾਜਿਕ ਰੀਤੀ-ਰਿਵਾਜਾਂ ਅਤੇ ਸੰਸਕਾਰਾਂ ਦੀ ਪ੍ਰਤਿਨਿਧਤਾ ਕਰਨ ਲਗ ਪਈ।[144] ਇਸ ਤਰ੍ਹਾਂ ਪੁਰਾਣ ਸਾਹਿਤ ਭਾਰਤ ਦੀ ਧਾਰਮਿਕ, ਸਾਂਸਕ੍ਰਿਤਕ ਆਦਿ ਪਰੰਪਰਾ ਨੂੰ ਵਰਤਮਾਨ ਵਿਚ ਜੀਵੰਤ ਅਤੇ ਅਖੰਡ ਬਣੇ ਰਖਣ ਵਿਚ ਸਮਰਥ ਹੈ।[145] ਇਸ ਲਈ ਕਹਿਣਾ ਪਵੇਗਾ ਕਿ ਪੁਰਾਣਾਂ ਵਿਚ ਹਿੰਦੂ ਕੌਮ ਦੀ ਪ੍ਰਾਚੀਨ ਸੰਸਕ੍ਰਿਤੀ, ਸਭਿਅਤਾ, ਸਿੱਖਿਆ, ਇਤਿਹਾਸ, ਗਿਆਨ-ਵਿਗਿਆਨ, ਤਿਆਗ, ਵੀਰਤਾ, ਧਰਮ, ਸ਼ਿਲਪ, ਸਾਹਿਤ ਆਦਿ ਦੀਆਂ ਮੁੱਲਵਾਨ ਨਿਧੀਆਂ ਨਿਹਿਤ ਹਨ। ਅਸੀਂ ਇਨ੍ਹਾਂ ਨੂੰ ਹਿੰਦੂ ਕੌਮ ਦਾ ਸਰਬ-ਉੱਤਮ ਕੋਸ਼ ਮੰਨਣ ਲਈ ਵਿਵਸ਼ ਹਾਂ।[146] ਇਹ ਪੁਰਾਣ ਹਿੰਦੂਆਂ ਦੇ ਧਾਰਮਿਕ ਵਿਧੀ-ਵਿਧਾਨ, ਤੀਰਥਾਂ, ਵਰਤਾਂ, ਯੱਗਾਂ ਹੋਰ ਅਨੇਕ ਪ੍ਰਕਾਰ ਦੇ ਅਨੁਸ਼ਠਾਨਕ ਤੱਤਾਂ ਅਤੇ ਸੰਸਕਾਰਾਂ ਦਾ ਉਲੇਖ ਕਰਦੇ ਹਨ।[147] ਸਮੇਂ ਦੇ ਬੀਤਣ ਨਾਲ ਪੁਰਾਣਾਂ ਨੇ ਪਹਿਲਾ ਸਰੂਪ ਬਦਲ ਲਿਆ ਅਤੇ ਇਹ ਹਿੰਦੂ ਧਰਮ ਦੇ ਰੀਤੀ-ਰਿਵਾਜਾਂ ਦੇ ਪ੍ਰਮਾਣਿਕ ਗ੍ਰੰਥ ਬਣ ਗਏ। ਪੁਰਾਣਾਂ ਵਿਚ ਵਰਣ ਆਸ਼ਰਮ, ਧਰਮ, ਸ਼ਰਾਧ, ਪਰਾਸ਼ਚਿਤ, ਦਾਨ, ਪੂਜਾ, ਵਰਤ ਤੀਰਥ, ਦੀਖਿਆ ਆਦਿ ਵਿਸ਼ਿਆਂ ਦਾ ਸ਼ਾਮਿਲ ਹੋਣਾ ਇਸ ਗੱਲ ਦੀ ਗਵਾਹੀ ਭਰਦੇ ਹਨ।[148]

## ਸਥਾਪਨਾਵਾਂ

ਪੁਰਾਣਾਂ ਨੂੰ ਕੇਵਲ ਧਾਰਮਿਕ ਪੁਸਤਕਾਂ ਨਹੀਂ ਕਿਹਾ ਜਾ ਸਕਦਾ। ਨਿਰਸੰਦੇਹ ਪੁਰਾਣਾਂ ਦਾ ਸੰਬੰਧ ਧਰਮ ਨਾਲ ਵੀ ਹੈ ਕਿਉਂਕਿ ਇਹ ਪੁਜਨੀਕ ਦੇਵੀ ਦੇਵਤਿਆਂ ਦੀਆਂ ਕਥਾ-ਕਹਾਣੀਆਂ ਨਾਲ ਭਰਪੂਰ ਹਨ। ਪਰੰਤੂ ਇਨ੍ਹਾਂ ਦੇ ਬਹੁਤ ਸਾਰੇ ਭਾਗ ਐਸੇ ਵੀ ਹਨ,

ਜਿਨ੍ਹਾਂ ਵਿਚ ਇਹ ਧਾਰਮਿਕ ਅੰਗ ਨਾਮਮਾਤਰ ਵੀ ਨਹੀਂ ਹੈ। ਉਨ੍ਹਾਂ ਵਿਚ ਭੂਗੋਲ, ਗਣਿਤ, ਕਲਾ ਅਤੇ ਹੋਰ ਅਨੇਕ ਵਿਦਿਆਵਾਂ ਦਾ ਭਰਪੂਰ ਗਿਆਨ ਮਿਲਦਾ ਹੈ। ਜੇਕਰ ਸਿਰਫ਼ ਧਾਰਮਿਕ ਉਪਦੇਸ਼ ਹੀ ਦੇਣਾ ਹੁੰਦਾ ਤਾਂ ਏਨੇ ਸਾਰੇ ਪ੍ਰਸੰਗ ਦੀ ਕੀ ਲੋੜ ਸੀ। ਇਸ ਵਿਚ ਕਵੀ ਨੇ ਜ਼ਿੰਦਗੀ ਦੇ ਵਿਸ਼ੇ ਨੂੰ ਵੱਖ-ਵੱਖ ਰੂਪ ਵਿਚ ਕਾਵਿਮਈ ਰੰਗ ਨਾਲ ਚਿਤ੍ਰਣ ਕੀਤਾ ਹੈ। ਜਿਸ ਕਰਕੇ ਇਹ ਲੋਕਾਂ ਨੂੰ ਜਿਆਦਾ ਪ੍ਰਭਾਵਿਤ ਕਰਦੇ ਹਨ। ਜੇਕਰ ਸਿਰਫ਼ ਧਾਰਮਿਕ ਗ੍ਰੰਥ ਹੀ ਹੁੰਦੇ ਤਾਂ ਹੁਣ ਤਕ ਇਹ ਕਦੋਂ ਦੇ ਅਲੋਪ ਹੋ ਚੁੱਕੇ ਹੁੰਦੇ।[149]

ਉਪਰੋਕਤ ਵਿਵਰਣ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਪੁਰਾਣ ਅਨੇਕ ਅਜਿਹੇ ਵਿਸ਼ੇ ਆਪਣੇ ਅੰਦਰ ਸਮੇਟੀ ਬੈਠੇ ਹਨ, ਜਿਹੜੇ ਮਨੁੱਖੀ ਜੀਵਨ ਦੇ ਹਰੇਕ ਖੇਤਰ ਨਾਲ ਸੰਬੰਧ ਰਖਦੇ ਹਨ। ਭਾਵੇਂ ਇਨ੍ਹਾਂ ਵਿਚਲੀਆਂ ਘਟਨਾਵਾਂ ਨੂੰ ਅਲੌਕਿਕ ਰਸ ਭਰਪੂਰ ਜਾਂ ਕਾਲਪਨਿਕ ਮੰਨਿਆ ਜਾਂਦਾ ਹੈ ਪਰੰਤੂ ਫਿਰ ਵੀ ਜਨ-ਮਾਨਸ ਵਿਚ ਇਨ੍ਹਾਂ ਪ੍ਰਤਿ ਕਦੇ ਵੀ ਅਵਿਸ਼ਵਾਸ ਦੀ ਭਾਵਨਾ ਨਹੀਂ ਉਤਪੰਨ ਹੁੰਦੀ। ਲੋਕਾਂ ਦੁਆਰਾ ਕਦੇ ਵੀ ਇਹ ਨਹੀਂ ਨਕਾਰੇ ਜਾਂਦੇ। ਇਸ ਲਈ ਇਹ ਲੋਕ ਜੀਵਨ ਦਾ ਅਨਿੱਖੜਵਾਂ ਅੰਗ ਬਣ ਗਏ ਹਨ।

ਹਵਾਲੇ


1. ਵਿਯੋਗੀ ਹਰਿ (ਸੰਪਾ.), ਹਮਾਰੀ ਪਰੰਪਰਾ, ਪੰਨਾ 308.
2. ਸ੍ਰੀ ਕ੍ਰਿਸ਼ਨਮਣੀ ਤ੍ਰਿਪਾਠੀ, ਪੁਰਾਣ ਤਤ੍ਵ ਮੀਮਾਂਸਾ, ਪੰਨੇ 38-39.
3. ਡਾ. ਰਾਜਬਲੀ ਪਾਂਡੇ (ਸੰਪਾ.), ਹਿੰਦੂ ਧਰਮ ਕੋਸ਼, ਪੰਨਾ 405.
4. ਰਾਮਪ੍ਰਸਾਦ ਤ੍ਰਿਪਾਠੀ (ਸੰਪਾ.), ਹਿੰਦੀ ਵਿਸ਼ਵਕੋਸ਼, ਭਾਗ 7, ਪੰਨਾ 247.
5. ਰਾਣਾਪ੍ਰਸਾਦ ਸ਼ਰਮਾ (ਸੰਪਾ.), ਪੌਰਾਣਿਕ ਕੋਸ਼, ਪੰਨੇ 312-13.
6. ਜੌਨ ਡੌਸਨ (ਸੰਪਾ.), ਹਿੰਦੂ ਮਿਥਿਹਾਸ ਕੋਸ਼, ਪੰਨਾ 353.
7. ਡਾ. ਵਰਿੰਦ੍ਰ ਸਿੰਘ, ਮਿਥਕ ਦਰਸ਼ਨ ਕਾ ਵਿਕਾਸ, ਪੰਨਾ 8.
8. ਡਾ. ਧਰਮਦੇਵ ਤਿਵਾਰੀ, ਹਿੰਦੀ ਔਰ ਅਸਮੀ ਕੇ ਪੌਰਾਣਿਕ ਨਾਟਕ, ਪੰਨਾ 27.
9. ਪਿਆਰਾ ਸਿੰਘ ਪਦਮ (ਸੰਪਾ.), ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 36.
10. ਡਾ. ਧਰਮਦੇਵ ਤਿਵਾਰੀ, ਹਿੰਦੀ ਔਰ ਅਸਮੀ ਕੇ ਪੌਰਾਣਿਕ ਨਾਟਕ, ਪੰਨਾ 24.
11. ਵਿਯੋਗੀ ਹਰਿ (ਸੰਪਾ.), ਹਮਾਰੀ ਪਰੰਪਰਾ, ਪੰਨਾ 311.
12. ਡਾ. ਰਾਜਵੰਸ਼ ਸਹਾਏ 'ਹੀਰਾ' (ਸੰਪਾ.), ਸੰਸਕ੍ਰਿਤ ਸਾਹਿਤ ਕੋਸ਼, ਪੰਨਾ 284
13. ਮਤਸਯ ਪੁਰਾਣ, 53, 3-4.
14. ਡਾ. ਧਰਮਦੇਵ ਤਿਵਾਰੀ, ਹਿੰਦੀ ਔਰ ਅਸਮੀ ਕੇ ਪੌਰਾਣਿਕ ਨਾਟਕ, ਪੰਨਾ 25.
15. ਡਾ. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਪੰਨਾ 54.

16. ਜਸਵੰਤ ਕੇਕੇਵਾਲ, ਰਵਿਦਾਸ ਬਾਣੀ ਦਾ ਲੋਕਧਾਰਾਈ ਅਧਿਐਨ, ਅਣਛਪਿਆ ਸ਼ੋਧ-ਪ੍ਰਬੰਧ, ਪੰਨੇ 67-68.

17. ਡਾ. ਰਾਮੇਸ਼ੂਰ ਦਯਾਲ, ਮੱਧਕਾਲੀਨ ਵਿਸ਼ਨੂੰ-ਭਗਤੀ ਪਰੰਪਰਾ ਅਤੇ ਲੋਕ-ਸਿਮ੍ਰਿਤੀ, ਪੰਨਾ 27.

18. W.J. Wilkins, Hindu Mythology, p. 90.

19. ਡਾ. ਧਰਮਦੇਵ ਤਿਵਾਰੀ, ਹਿੰਦੂ ਧਰਮ ਅਸਮੀ ਤੇ ਪੌਰਾਣਿਕ ਨਾਟਕ, ਪੰਨਾ 26.

20. ਡਾ. ਰਾਮੇਸ਼ੂਰ ਦਯਾਲ, ਮੱਧਕਾਲੀਨ ਵਿਸ਼ਨੂੰ-ਭਗਤੀ ਪਰੰਪਰਾ ਅਤੇ ਲੋਕ ਸਿਮ੍ਰਿਤੀ, ਪੰਨਾ 27.

21. C. Kunhan Raja, Survey of Sanskrit Literature, p. 75.

22. ਬਲਦੇਵ ਉਪਾਧਿਆਇ (ਅਨੁ.), ਪੁਰਾਣ ਵਿਮਰਸ਼, ਪੰਨਾ 59.

23. ਡਾ. ਰਾਜਬਲੀ ਪਾਂਡੇ (ਸੰਪਾ.), ਹਿੰਦੂ ਧਰਮ ਕੋਸ਼, ਪੰਨਾ 406.

24. ਡਾ. ਰਤਨ ਸਿੰਘ ਜੱਗੀ, ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ, ਪੰਨਾ 28.

25. ਭਾਗਵਤ ਪੁਰਾਣ, ਅਧਿਆਇ ਪਹਿਲਾ.

26. ਵਿਸ਼ਨੂੰ ਪੁਰਾਣ, ਅਧਿਆਇ ਪਹਿਲਾ

27. Cornelia Dimmit & J.A.B. van Buitenen, Classical Hindu Mythology, p. 7.

28. W.J. Wilins, Hindu Mythology, p. 91.

29. ਡਾ. ਰਾਜਵੰਸ਼ ਸਹਾਏ 'ਹੀਰਾ' (ਸੰਪਾ.), ਸੰਸਕ੍ਰਿਤ ਸਾਹਿਤ ਕੋਸ਼, ਪੰਨਾ 283.

30. Dr Pusalkar, Studies in Epics and Puranas of India, pp. 44-45.

31. C. Kunhan Raja, Survey of Sanskrit Literature, p. 74.

32. ਡਾ. ਰਾਜਬੰਸ ਸਹਾਏ 'ਹੀਰਾ' (ਸੰਪਾ.), ਸੰਸਕ੍ਰਿਤ ਸਾਹਿਤ ਕੋਸ਼, ਪੰਨਾ 234.

33. ਡਾ. ਜਗਦੀਸ਼ ਤ੍ਰਿਪਾਠੀ, ਆਚਾਰਯ ਰੰਗੀ: ਸੰਸਕ੍ਰਿਤ ਸਾਹਿਤ ਕਾ ਇਤਿਹਾਸ ਦਰਸ਼ਨ, ਪੰਨਾ 194.

34. ਡਾ. ਧਰਮਵੀਰ ਭਿਰਾਰੀ, ਹਿੰਦੀ ਔਰ ਅਸਮੀ ਕੇ ਪੌਰਾਣਿਕ ਨਾਟਕ, ਪੰਨਾ 29.

35. ਬਲਦੇਵ ਉਪਾਧਿਆਏ (ਆਚਾਰੀਆ), ਪੁਰਾਣ ਵਿਮਰਸ਼, ਪੰਨਾ 6.

36. ਸੋਹਨ ਤੇਜਨ (ਸੰਪਾ.), ਹਿੰਦੂ ਮਿਥਿਹਾਸ ਕੋਸ਼, ਪੰਨਾ 353.

37. ਸਰਗਸ਼੍ਚ ਪ੍ਰਤਿਸਰਗਸ਼੍ਚ ਵੰਸ਼ੋ ਮਨਵੰਤਰਾਣਿ ਚ।
ਵੰਸ਼ਾਨੁਚਰਿਤ ਚੈਵ ਪੁਰਾਣੰ ਪੰਚਲਕਸ਼ਣਮ।

38. ਬਲਦੇਵ ਉਪਾਧਿਆਏ (ਆ.), ਪੁਰਾਣ ਵਿਮਰਸ਼, ਪੰਨਾ 127.

39. ਰਾਜਬੰਸ ਸਹਾਏ ਹੀਰਾ, ਸੰਸਕ੍ਰਿਤ ਸਾਹਿਤ ਕੋਸ਼, ਪੰਨੇ 286-87; ਬਲਦੇਵ ਉਪਾਧਿਆਏ (ਆਚਾਰੀਆ), ਪੁਰਾਣ ਵਿਮਰਸ਼, ਪੰਨੇ 277-92.

40. ਵਿਸ਼ਨੂ ਪੁਰਾਣ, 1/2/24.

41. ਉਹੀ, 1/5/21.

42. R.C. Hazra, Studies in the Puranic Records on Hindu Rites and Customs, p. 5.

43. F.E. Pargiter, Ancient Indian Historical Tradition, p. 34.

44. Dr Pusalkar, Studies in Epics and Puranas of India (An Introduction), p. 45.

45. ਸ੍ਰੀਮਦ ਭਾਗਵਤ ਪੁਰਾਣ, 12/7/9.

46. ਸ੍ਰੀਮਦ ਭਾਗਵਤ ਗੀਤਾ, 4/7.

47. ਬਚਿੱਤਰ ਨਾਟਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਛੰਦ, 71.

48. Dr Pusalkar, Studies in Epicsand Puranas of India, p. 46.

49. ਡਾ. ਜਯਸ਼ੰਕਰ ਤ੍ਰਿਪਾਠੀ, ਆਚਾਰਯ ਦੰਡੀ: ਸੰਸਕ੍ਰਿਤ ਕਾਵਿ ਸ਼ਾਸਤ੍ਰ ਕਾ ਇਤਿਹਾਸ ਦਰਸ਼ਨ, ਪੰਨਾ 194.

50. ਵਾਯੂ ਪੁਰਾਣ, 1/2/52.

51. ਰਾਮਪ੍ਰਸਾਦ ਤ੍ਰਿਪਾਠੀ, ਹਿੰਦੀ ਵਿਸ਼ਵਕੋਸ਼, ਭਾਗ 7, ਪੰਨਾ 249.

52. ਸ੍ਰੀਮਦਭਾਗਵਤ ਪੁਰਾਣ, 1/3

53. ਉਹੀ, 2/7.

54. ਉਹੀ, 1/3.

55. Cornelia Dimmit and J.A.van Buitenen, Classical Hindu Mythology (An Introduction), p. 7.

56. ਡਾ. ਧਰਮਦੇਵ ਤਿਵਾਰੀ, ਹਿੰਦੀ ਔਰ ਅਸਮੀ ਕੇ ਪੌਰਾਣਿਕ ਨਾਟਕ, ਪੰਨਾ 30.

57. ਬਲਦੇਵ ਉਪਾਧਿਆਏ (ਸ਼ਾ.), ਪੁਰਾਣ-ਵਿਮਰਸ਼, ਪੰਨਾ 87; ਡਾ. ਰਾਜਬੀਰ ਸਹਾਏ 'ਹੀਰਾ', ਸੰਸਕ੍ਰਿਤ ਸਾਹਿਤ ਕੋਸ਼, ਪੰਨੇ 189-90

58. ਮਤਸਯ ਪੁਰਾਣ, 53/67-68.

59. ਜੌਨ ਡੌਸਨ (ਸੰਪਾ.), ਹਿੰਦੂ ਮਿਥਿਹਾਸ ਕੋਸ਼, ਪੰਨਾ 354.

60. ਬਲਦੇਵ ਉਪਾਧਿਆਏ (ਸ਼ਾ.), ਪੁਰਾਣ ਵਿਮਰਸ਼, ਪੰਨੇ 93-94.

61. ਜੌਨ ਡੌਸਨ (ਸੰਪਾ.), ਹਿੰਦੂ ਮਿਥਿਹਾਸ ਕੋਸ਼, ਪੰਨਾ 364.

62. ਰਾਮਪ੍ਰਸਾਦ ਤ੍ਰਿਪਾਠੀ (ਸੰਪਾ.), ਹਿੰਦੀ ਵਿਸ਼ਵਕੋਸ਼, ਭਾਗ 7, ਪੰਨਾ

63. ਸ੍ਰੀਮਦਭਾਗਵਤ ਪੁਰਾਣ, 12/13.

64. ਜੌਨ ਡੌਸਨ (ਸੰਪਾ.), ਹਿੰਦੂ ਮਿਥਿਹਾਸ ਕੋਸ਼, ਪੰਨਾ 364.

65. ਰਾਜਬੀਰ ਸਹਾਏ ਹੀਰਾ (ਡਾ.), ਸੰਸਕ੍ਰਿਤ ਸਾਹਿਤ ਕੋਸ਼, ਪੰਨੇ 315-16.

66. ਜੌਨ ਡੌਸਨ (ਸੰਪਾ.), ਹਿੰਦੂ ਮਿਥਿਹਾਸ ਕੋਸ਼, ਪੰਨਾ 328.

67. ਬ੍ਰਹਿਮਵੈਵਰਤ ਪੁਰਾਣ, 12/15.

68. ਰਾਮਚੰਦ੍ਰ ਸ਼ਰਮਾ 'ਰਾਹੀ' (ਡਾ.), ਸੰਸਕ੍ਰਿਤ ਸਾਹਿਤ ਕੋਸ਼, ਪੰਨੇ 269-70.

69. ਜੋਨ ਡੌਸਨ (ਸੰਪਾ.), ਹਿੰਦੂ ਮਿਥਿਹਾਸ ਕੋਸ਼, ਪੰਨਾ 328.

70. ਉਹੀ, ਪੰਨਾ 519.

71. ਵੈਵਰਤ ਪੁਰਾਣ, 12/13

72. ਵਿਸ਼ਨੂੰ ਪੁਰਾਣ, ਗੀਤਾ ਪ੍ਰੈਸ, ਗੋਰਖਪੁਰ.

73. R.C. Hazra, Studies in the Puranic Records on Hindu Rites and Customs, p. 22.

74. ਰਾਮਚੰਦ੍ਰ ਸ਼ਰਮਾ 'ਰਾਹੀ' (ਡਾ.), ਸੰਸਕ੍ਰਿਤ ਸਾਹਿਤ ਕੋਸ਼, ਪੰਨਾ 514.

75. ਉਹੀ, ਪੰਨਾ 570.

76. ਸ਼ਿਵ ਪੁਰਾਣ (ਅਨੁਵਾਦ ਸਹਿਤ), ਠਾਕੁਰ ਪ੍ਰਸਾਦ ਐਂਡ ਸਨਜ਼, ਬੁਕਸੇਲਰ, ਵਾਰਾਣਸੀ.

77. ਰਾਮਚੰਦ੍ਰ ਸ਼ਰਮਾ 'ਰਾਹੀ' (ਡਾ.), ਸੰਸਕ੍ਰਿਤ ਸਾਹਿਤ ਕੋਸ਼, ਪੰਨਾ 571

78. ਜੋਨ ਡੌਸਨ (ਸੰਪਾ.), ਹਿੰਦੂ ਮਿਥਿਹਾਸ ਕੋਸ਼, ਪੰਨਾ 388.

79. ਰਾਮਚੰਦ੍ਰ ਸ਼ਰਮਾ 'ਰਾਹੀ' (ਡਾ.), ਸੰਸਕ੍ਰਿਤ ਸਾਹਿਤ ਕੋਸ਼, ਪੰਨਾ 587.

80. ਬ੍ਰਹਿਮ ਵੈਵਰਤ ਪੁਰਾਣ (ਹਿੰਦੀ ਅਨੁਵਾਦ ਸਹਿਤ), ਭਾਈ ਸਰਦਾਰ ਸਿੰਘ ਗਿਆਨ ਸਿੰਘ, ਅੰਮ੍ਰਿਤਸਰ.

81. ਰਾਮਚੰਦ੍ਰ ਸ਼ਰਮਾ 'ਰਾਹੀ' (ਡਾ.), ਸੰਸਕ੍ਰਿਤ ਸਾਹਿਤ ਕੋਸ਼, ਪੰਨਾ 590

82. ਰਾਜਬਲੀ ਪਾਂਡੇ (ਡਾ.) (ਸੰਪਾ.), ਹਿੰਦੂ ਧਰਮ ਕੋਸ਼, ਪੰਨਾ 473

83. R.C. Hazra, Studies in the Puranic Records on Hindu Rites and Customs, p. 55.

84. ਮਤਸਯ ਪੁਰਾਣ, 53/44-45.

85. <u>ਸ੍ਰੀਮਦ ਭਾਗਵਤ ਪੁਰਾਣ</u>, 12/13.

86. <u>ਨਾਰਦ ਪੁਰਾਣ</u>, ਗੀਤਾ ਪ੍ਰੈਸ, ਗੋਰਖਪੁਰ.

87. ਜੋਨ ਡੋਸਨ, <u>ਹਿੰਦੂ ਮਿਥਿਹਾਸ ਕੋਸ਼</u>, ਪੰਨਾ 319.

88. R.C. Hazra, <u>Studies in the Puranic Records on Hindu Rites and Customs</u>, p. 8.

89. <u>ਸ੍ਰੀਮਦ ਭਾਗਵਤ ਪੁਰਾਣ</u>, 12/13.

90. ਰਾਜਵੰਸ਼ ਸਹਾਏ 'ਹੀਰਾ' (ਡਾ.), <u>ਸੰਸਕ੍ਰਿਤ ਸਾਹਿਤ ਕੋਸ਼</u>, ਪੰਨੇ 375-76

91. ਜੋਨ ਡੋਸਨ (ਸੰਪਾ.), <u>ਹਿੰਦੂ ਮਿਥਿਹਾਸ ਕੋਸ਼</u>, ਪੰਨਾ 34.

92. <u>ਸ੍ਰੀਮਦ ਭਾਗਵਤ ਪੁਰਾਣ</u>, 12/13.

93. ਰਾਜਵੰਸ਼ ਸਹਾਏ 'ਹੀਰਾ' (ਡਾ.), <u>ਸੰਸਕ੍ਰਿਤ ਸਾਹਿਤ ਕੋਸ਼</u>, ਪੰਨਾ 3.

94. ਜੋਨ ਡੋਸਨ, <u>ਹਿੰਦੂ ਮਿਥਿਹਾਸ ਕੋਸ਼</u>, ਪੰਨਾ 34

95. ਰਾਜਵੰਸ਼ ਸਹਾਏ 'ਹੀਰਾ' (ਡਾ.), <u>ਸੰਸਕ੍ਰਿਤ ਸਾਹਿਤ ਕੋਸ਼</u>, ਪੰਨਾ 4.

96. R.C. Hazra, <u>Studies in the Puranic Records on Hindu Rites and Customs</u>, p. 138.

97. <u>ਸ੍ਰੀਮਦ ਭਾਗਵਤ ਪੁਰਾਣ</u>, 12/13.

98. ਰਾਜਵੰਸ਼ ਸਹਾਏ 'ਹੀਰਾ', <u>ਸੰਸਕ੍ਰਿਤ ਸਾਹਿਤ ਕੋਸ਼</u>, ਪੰਨਾ 338.

99. ਜੋਨ ਡੋਸਨ (ਸੰਪਾ.), <u>ਹਿੰਦੂ ਮਿਥਿਹਾਸ ਕੋਸ਼</u>, ਪੰਨਾ 387.

100. ਰਾਜਵੰਸ਼ ਸਹਾਏ 'ਹੀਰਾ', <u>ਸੰਸਕ੍ਰਿਤ ਸਾਹਿਤ ਕੋਸ਼</u>, ਪੰਨਾ 338.

101. ਜੋਨ ਡੋਸਨ (ਸੰਪਾ.), <u>ਹਿੰਦੂ ਮਿਥਿਹਾਸ ਕੋਸ਼</u>, ਪੰਨਾ 363.

102. ਸ੍ਰੀਮਦਭਾਗਵਤ ਪੁਰਾਣ, 12/13.

103. ਬ੍ਰਹਮਵੈਵਰਤ ਪੁਰਾਣ, ਗੀਤਾ ਪ੍ਰੈਸ, ਗੋਰਖਪੁਰ.

104. R.C. Hazra, Studies in the Puranic Records on Hindu Rites and Customs, p. 167.

105. ਜੋਨ ਡੈਸਨ (ਸੰਪਾ.), ਹਿੰਦੂ ਮਿਥਿਹਾਸ ਕੋਸ਼, ਪੰਨਾ 490

106. ਰਾਜਬੰਸ ਸਹਾਏ 'ਹੀਰਾ' (ਸੰਪਾ.), ਸੰਸਕ੍ਰਿਤ ਸਾਹਿਤ ਕੋਸ਼, ਪੰਨੇ 482-83

107. ਜੋਨ ਡੈਸਨ (ਸੰਪਾ.), ਹਿੰਦੂ ਮਿਥਿਹਾਸ ਕੋਸ਼, ਪੰਨਾ 490.

108. ਸ੍ਰੀਮਦ ਭਾਗਵਤ ਪੁਰਾਣ, 12/13.

109. ਰਾਜਬੰਸ ਸਹਾਏ 'ਹੀਰਾ' (ਡਾ.) (ਸੰਪਾ.), ਸੰਸਕ੍ਰਿਤ ਸਾਹਿਤ ਕੋਸ਼, ਪੰਨਾ 50[illegible].

110. R.C. Hazra, Studies in the Puranic Records on Hindu Rites and Customs, p. 97.

111. ਜੋਨ ਡੈਸਨ (ਸੰਪਾ.), ਹਿੰਦੂ ਮਿਥਿਹਾਸ ਕੋਸ਼, ਪੰਨਾ 504.

112. ਉਹੀ, ਪੰਨਾ 85

113. ਸ੍ਰੀਮਦਭਾਗਵਤ ਪੁਰਾਣ, 12/13.

114. ਰਾਜਬੰਸ ਸਹਾਏ 'ਹੀਰਾ' (ਡਾ.) (ਸੰਪਾ.), ਸੰਸਕ੍ਰਿਤ ਸਾਹਿਤ ਕੋਸ਼, ਪੰਨਾ 663-64

115. ਮਤਸਯ ਪੁਰਾਣ, 53/44-45.

116. R.C. Hazra, Studies in the Puranic Records on Hindu Rites and Customs, p. 78.

117. ਵਾਮਨ ਪੁਰਾਣ, ਗੀਤਾ ਪ੍ਰੈਸ, ਗੋਰਖਪੁਰ.

118. R.C. Hazra, Studies in the Puranic Records on Hindu Rites and Customs, p. 78.

119. ਜੌਨ ਡੌਸਨ (ਸੰਪਾ.), ਹਿੰਦੂ ਮਿਥਿਹਾਸ ਕੋਸ਼, ਪੰਨਾ 202.

120. ਸ੍ਰੀਮਦਭਾਗਵਤ ਪੁਰਾਣ, 12/13.

121. ਰਾਜਬੰਸ਼ ਸਹਾਏ 'ਹੀਰਾ' (ਡਾ.) (ਸੰਪਾ.), ਸੰਸਕ੍ਰਿਤ ਸਾਹਿਤ ਕੋਸ਼, ਪੰਨਾ 146-47.

122. R.C. Hazra, Studies in the Puranic Records on Hindu Rites and Customs, p. 65.

123. ਮਤਸਯ ਪੁਰਾਣ, ਗੀਤਾ ਪ੍ਰੈਸ, ਗੋਰਖਪੁਰ.

124. R.C. Hazra, Studies in the Puranic Records on Hindu Rites and Customs, pp. 29-31.

125. ਰਾਜਬੰਸ਼ ਸਹਾਏ 'ਹੀਰਾ' (ਡਾ.) (ਸੰਪਾ.), ਸੰਸਕ੍ਰਿਤ ਸਾਹਿਤ ਕੋਸ਼, ਪੰਨਾ 158.

126. ਰਾਜਬਲੀ ਪਾਂਡੇ (ਡਾ.) (ਸੰਪਾ.), ਹਿੰਦੂ ਧਰਮ ਕੋਸ਼, ਪੰਨਾ 228.

127. ਸ੍ਰੀਮਦਭਾਗਵਤ ਪੁਰਾਣ, 12/13.

128. ਰਾਜਬੰਸ਼ ਸਹਾਏ 'ਹੀਰਾ' (ਡਾ.) (ਸੰਪਾ.), ਸੰਸਕ੍ਰਿਤ ਸਾਹਿਤ ਕੋਸ਼, ਪੰਨਾ 158.

129. ਮਤਸਯ ਪੁਰਾਣ, 53/44-45.

130. ਰਾਜਬੰਸ਼ ਸਹਾਏ ਹੀਰਾ (ਡਾ.), (ਸੰਪਾ.), ਸੰਸਕ੍ਰਿਤ ਸਾਹਿਤ ਕੋਸ਼, ਪੰਨੇ 318-19.

131. ਰਤਨ ਸਿੰਘ ਜੱਗੀ (ਡਾ.), ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ, ਪੰਨਾ 24.

132. R.C. Hazra, Studies in the Up-Puranas, p. 13.

133. ਧਰਮਦੇਵ ਤਿਵਾਰੀ (ਡਾ.), <u>ਹਿੰਦੀ ਔਰ ਅਸਮੀ ਕੇ ਪੌਰਾਣਿਕ ਨਾਟਕ</u>, ਪੰਨਾ 31.

134. ਉਹੀ.

135. ਉਹੀ.

136. ਰਾਜਵੰਸ਼ ਸਹਾਏ 'ਹੀਰਾ' (ਡਾ.) (ਸੰਪਾ.), <u>ਸੰਸਕ੍ਰਿਤ ਸਾਹਿਤ ਕੋਸ਼</u>, ਪੰਨੇ 190-91.

137. ਵਿਯੋਗੀ ਹਰਿ (ਸੰਪਾ.), <u>ਹਮਾਰੀ ਪਰੰਪਰਾ</u>, ਪੰਨਾ 307.

138. ਰਤਨ ਸਿੰਘ ਜੱਗੀ (ਡਾ.), <u>ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ</u>, ਪੰਨਾ 21.

# ਅਧਿਆਇ ਦੂਜਾ

## ਰਵਿਦਾਸ ਬਾਣੀ: ਸਾਹਿਤਕ ਪ੍ਰਵਿਰਤੀਆਂ ਦੇ ਸੰਦਰਭ ਵਿਚ ਪੌਰਾਣਿਕਤਾ

ਪਰਿਭਾਸ਼ਾ

ਭਗਤ-ਜਨਾਂ ਦੇ ਵੇਰਵੇ

ਪੌਰਣਾਤਮਕ ਦ੍ਰਿਸ਼ਟੀ

ਸਾਰਣੀ

ਨਿਸ਼ਕਰਸ਼

## ਰਵਿਦਾਸ ਬਾਣੀ: ਸਾਹਿਤਕ ਪ੍ਰਵਿਰਤੀਆਂ ਦੇ ਸੰਦਰਭ ਵਿਚ ਪੌਰਾਣਿਕਤਾ

ਪ੍ਰਵਿਰਤੀ ਦਾ ਸੰਬੰਧ ਮਨੁੱਖੀ ਚੇਤਨਾ ਦੇ ਅਚੇਤ ਅਤੇ ਅਰਧ-ਸੁਚੇਤ ਪੱਖ ਨਾਲ ਹੈ। ਸੁਚੇਤ ਰੂਪ ਵਿਚ ਇਹ ਸਾਹਿਤ ਜਾਂ ਸਭਿਆਚਾਰ ਵਿਚ ਵਿਹਾਰਕ ਰੂਪ (practical shape) ਧਾਰਨ ਕਰ ਲੈਂਦੀ ਹੈ। ਇਹ ਵਿਹਾਰਕ ਪੱਖ ਅੱਗੇ ਵੱਖ-ਵੱਖ ਮਿਥਾਂ, ਟੋਟਮਾਂ, ਜਾਦੂ-ਟੂਣੇ, ਰੱਖਾਂ ਅਤੇ ਟੈਬੂਜ਼ (taboos) ਨੂੰ ਜਨਮ ਦਿੰਦਾ ਹੈ। ਮਨੁੱਖੀ ਚੇਤਨਾ ਦੇ ਆਦਿ ਕਾਲੀ ਵਿਕਾਸ ਤੋਂ ਲੈ ਕੇ ਅਜੋਕੇ ਵਿਕਾਸ ਦੇ ਪੜਾਅ ਤਕ ਇਹ ਵਿਧੀ ਅਤੇ ਵਿਹਾਰ ਉਸ ਦੇ ਅੰਤਰਕਰਨ ਵਿਚ ਸਮਾਏ ਹੋਏ ਹਨ। ਪ੍ਰਸਿੱਧ ਸਮਾਜ ਸ਼ਾਸਤਰੀ ਲੇਵੀ-ਸਤ੍ਰਾਸ ਇਸੇ ਅਵਸਥਾ ਨੂੰ ਆਦਿਕਾਲੀ ਮਨੁੱਖ ਦਾ ਪੜਾਅ-ਦਰ-ਪੜਾਅ (Savage Mind) ਵਿਕਾਸ ਆਖਦਾ ਹੈ।[1]

### ਪਰਿਭਾਸ਼ਾ

ਪੌਰਾਣਿਕਤਾ ਦੇ ਸੰਦਰਭ ਵਿਚ ਸਾਡਾ ਸਮੁੱਚਾ ਮੱਧਕਾਲੀ ਸਾਹਿਤ ਵਧੇਰੇ ਕਰ ਮਨੁੱਖਾ ਮਨ ਦੇ ਅਰਧ-ਚੇਤਨ (sub-conscious) ਦਾ ਹੀ ਅਭਿਵਿਅਕਤ ਰੂਪ ਹੈ। ਅਚੇਤ ਵਿਚ ਲੁਕੀਆਂ ਆਕਾਂਖਿਆਵਾਂ ਅਤੇ ਉਸ ਸਮੇਂ ਦੇ ਮੌਜੂਦਾ ਆਰਥਿਕ-ਸਮਾਜਿਕ ਪ੍ਰਬੰਧ ਨੂੰ ਮਨੁੱਖ ਕਈ ਪਰਪੰਚਾਂ ਰਾਹੀਂ ਜੋੜਦਾ-ਤੋੜਦਾ ਰਹਿੰਦਾ ਸੀ। ਮਾਨਸਿਕ ਸ਼ਾਂਤੀ ਦੀ ਥਾਂ ਉਸ ਨੂੰ ਧਾਰਮਿਕਤਾ ਵੱਲ ਆਕ੍ਰਸ਼ਤ ਕਰ ਦੇਂਦੀ ਸੀ। ਪ੍ਰਾਪਤ ਸੰਚੇਤਨਾ ਨੂੰ ਸਾਹਿਤਕ-ਸਭਿਆਚਾਰਕ ਰੂਪ ਦੇਣ ਲਈ ਮਨੁੱਖ ਜਿਹਨਾਂ ਰੂਪਕਾਂ (metaphors) ਦਾ ਆਸਰਾ ਲੈਂਦਾ ਸੀ, ਉਹੀ ਅੱਗੇ ਸਾਹਿਤਕ ਪ੍ਰਵਿਰਤੀਆਂ ਬਣ ਜਾਂਦੀਆਂ ਹਨ। ਉਂਜ ਇਹਨਾਂ ਦਾ ਕਈਨਵਾਂ ਰੂਪ

ਦੇਵ-ਕਥਾਵਾਂ ਜਾਂ ਮਿਥਕ ਕਥਾਵਾਂ ਵਾਲੀਆਂ ਕਹਾਣੀ ਰੂਪੀਆਂ ਵਿਚੋਂ ਵੀ ਲੱਭਿਆ ਜਾ ਸਕਦਾ ਹੈ।

ਜਿੱਥੋਂ ਤਕ ਮੱਧਕਾਲੀ ਸਾਹਿਤ ਦਾ ਸਵਾਲ ਹੈ, ਉਥੇ ਆਦਿ-ਗ੍ਰੰਥ ਦਾ ਸਾਹਿਤ-ਸ਼ਾਸਤਰਕ ਅਧਿਐਨ ਕਰਦਿਆਂ ਇਹ ਗੱਲ ਸਹਿਜੇ ਹੀ ਕਹੀ ਜਾ ਸਕਦੀ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਪੌਰਾਣਿਕ ਹਵਾਲਿਆਂ ਦਾ ਪ੍ਰਯੋਗ ਵਿਸ਼ੇਸ਼ ਰੂਪ ਵਿਚ ਕੀਤਾ ਹੈ। ਆਪਣੇ ਸੂਖਮ ਵਿਚਾਰਾਂ ਨੂੰ ਜਨ-ਸਾਧਾਰਨ ਤਕ ਪਹੁੰਚਾਉਣ ਲਈ ਉਨ੍ਹਾਂ ਨੇ ਇਨ੍ਹਾਂ ਪੌਰਾਣਿਕ ਹਵਾਲਿਆਂ ਦੀ ਸਫਲ ਵਰਤੋਂ ਕੀਤੀ ਹੈ। ਪੌਰਾਣਿਕ ਕਥਾਵਾਂ ਵਧੇਰੇ ਲੋਕ ਤੇ ਅਲੌਕਿਕ ਹੋਣ ਕਾਰਨ ਸੁਭਾਵਿਕ ਆਮ ਆਦਮੀ ਦੇ ਦਿਲਾਂ ਤੇ ਅਮਿੱਟ ਛਾਪ ਬਣ ਕੇ ਉੱਕਰੀਆਂ ਗਈਆਂ ਸਨ। ਇਸੇ ਤਰ੍ਹਾਂ ਸੰਤਾਂ, ਭਗਤਾਂ ਨੇ ਵੀ ਆਪਣੀ ਬਾਣੀ ਵਿਚ ਪੌਰਾਣਿਕ ਹਵਾਲਿਆਂ ਦੀ ਵਰਤੋਂ ਖੁੱਲ੍ਹ ਕੇ ਕੀਤੀ ਹੈ। ਉਨ੍ਹਾਂ ਨੇ ਇਨ੍ਹਾਂ ਕਥਾਵਾਂ ਨੂੰ ਤਤਕਾਲੀਨ ਸੰਦਰਭ ਵੀ ਪ੍ਰਦਾਨ ਕੀਤਾ ਹੈ।

ਰਵਿਦਾਸ ਬਾਣੀ ਦੀ ਚੇਤਨਾ ਨੂੰ ਜੇ ਇਤਿਹਾਸਕ ਪੱਖ ਤੋਂ ਵਾਚਣਾ ਹੋਵੇ ਤਾਂ ਇਸ ਦੀ ਗਹਿਨ ਸੰਰਚਨਾ ਵਿਚ ਜਾਣਾ ਪਵੇਗਾ। ਭਗਤ ਬਾਣੀਆਂ ਵਿਚੋਂ ਰਵਿਦਾਸ ਬਾਣੀ ਖੰਡਨਾਤਮਕ ਜੁਗਤ ਅਪਣਾਉਂਦੀ ਦਿੱਸਦੀ ਹੈ। ਭਾਵੇਂ ਉਹਨਾਂ ਦੇ ਸਮਕਾਲੀਆਂ ਜਾਂ ਕਰੀਬੀ ਭਗਤਾਂ ਜਿਵੇਂ ਸਿੱਖ ਗੁਰੂ ਸਾਹਿਬਾਨ, ਕਬੀਰ, ਦਾਦੂ ਆਦਿ ਨੇ ਵੀ ਖੰਡਨ ਦੀ ਜੁਗਤ ਅਪਣਾਈ, ਪਰ ਰਵਿਦਾਸ ਚੇਤਨਾ ਆਪਣੀ ਦਾਸ ਚੇਤਨਾ ਜਾਂ ਦਾਸੀ ਬ੍ਰਿਤੀ ਵਿਚੋਂ ਉਪਜੀ ਮਾਨਸਿਕਤਾ ਸਦਕਾ ਪੂਰੀ ਤਾਕਤ ਨਾਲ ਇਸ ਨੂੰ ਰੱਦ ਕਰਦੀ ਹੈ।

ਉਦਾਹਰਨ ਰੂਪ ਵਿਚ:

ਸਿਵ ਸਨਕਾਦਿਕ ਅੰਤ ਨਾ ਪਾਯਾ, ਖੋਜਤ ਬ੍ਰਹਮਾ ਜਨਮ ਗੰਵਾਯਾ।
ਤੀਰਥ ਨ ਪਾਤੀ ਪੂਜੋਂ ਨ ਦੇਵਾ, ਸਹਜ ਸਮਾਧਿ ਕਰੋਂ ਹਰਿ ਸੇਵਾ।[2]

ਸਿਵ ਸਨਕਾਦਿਕ ਪਾਰ ਨ ਪਾਵੈਂ, ਸੋ ਬਪੁਰੇ ਕੀ ਕੌਨ ਗਿਨਤੀ ਹੈ।
ਜਾਕੀ ਪ੍ਰੀਤਿ ਨਿਰੰਤਰ ਹਰਿ ਸੋਂ, ਕਹੈ ਰਵਿਦਾਸ ਤਾਕੀ ਸਦਾ ਹੀ ਬਨੀ ਹੈ।[3]

ਅਰਥਾਤ ਸ਼ਿਵ ਜੀ ਅਤੇ ਬ੍ਰਹਮਾ ਵਰਗੇ ਦੇਵਤਾ ਵੀ ਉਸ ਪਾਰਬ੍ਰਹਮ ਦਾ ਅੰਤ ਪਾਉਣ ਵਿਚ ਨਾਕਾਮਯਾਬ ਰਹੇ ਹਨ। ਇਸ ਲਈ ਮਨੁੱਖ ਨੂੰ ਸਹਿਜ ਰੂਪ ਵਿਚ ਉਸ ਪਰਮੇਸ਼ਵਰ ਦੀ ਭਗਤੀ ਹੀ ਕਰਨੀ ਚਾਹੀਦੀ ਹੈ:

ਸਤਿ ਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ।
ਤੀਨੋ ਜੁਗ ਤੀਨੋ ਦਿੜੇ ਕਲਿ ਕੇਵਲ ਨਾਮ ਅਧਾਰ।[4]

ਅਰਥਾਤ ਸਤਿਜੁਗ ਵਿਚ ਸੱਚ ਦਾ, ਤ੍ਰੇਤਾ ਵਿਚ ਯੱਗ ਦਾ, ਦੁਆਪਰ ਵਿਚ ਪੂਜਾ ਦਾ ਬੋਲ-ਬਾਲਾ ਰਿਹਾ ਹੈ ਪਰੰਤੂ ਕਲਜੁਗ ਵਿਚ ਕੇਵਲ ਨਾਮ ਦੀ ਹੀ ਪ੍ਰਧਾਨਤਾ ਹੈ।

ਜੇ ਉਹੁ ਅਠਸਠਿ ਤੀਰਥ ਨ੍ਹਾਵੈ। ਜੇ ਉਹੁ ਦੁਆਦਸ ਸਿਲਾ ਪੂਜਾਵੈ।
ਜੇ ਉਹੁ ਕੂਪ ਤਟਾ ਦੇਵਾਵੈ। ਕਰੈ ਨਿੰਦ ਸਭ ਬਿਰਥਾ ਜਾਵੈ।
ਸਾਧ ਕਾ ਨਿੰਦਕੁ ਕੈਸੇ ਤਰੈ। ਸਰਪਰ ਜਾਨਹੁ ਨਰਕ ਹੀ ਪਰੈ।
ਜੇ ਉਹੁ ਗ੍ਰਹਨ ਕਰੈ ਕੁਲਖੇਤਿ। ਅਰਪੈ ਨਾਰਿ ਸੀਗਾਰ ਸਮੇਤਿ।
ਸਗਲਸਿੰਮ੍ਰਿਤ ਸ੍ਰਵਨੀ ਸੁਨੈ। ਕਰੈ ਨਿੰਦ ਕਵਨੈ ਨਹੀ ਗੁਨੈ।[5]

ਗੁਰੂ ਰਵਿਦਾਸ ਜੀ ਆਖਦੇ ਹਨ ਕਿ ਜੇਕਰ ਕੋਈ ਮਨੁੱਖ ਪੁਰਾਣਾਂ ਵਿਚ ਦੱਸੇ ਹੋਏ ਅਠਾਹਟ ਤੀਰਥਾਂ ਦਾ ਇਸ਼ਨਾਨ ਕਰੇ, ਦੁਆਦਸ ਸਿਲਾਂ ਦੀ ਪੂਜਾ ਕਰੇ, ਤਾਲਾਬ ਵੀ ਦਾਨ ਕਰੇ, ਕੁਰਖੇਤਰ ਵਿਚ ਜਾ ਕੇ ਇਸ਼ਨਾਨ ਵੀ ਕਰਕੇ ਆਵੇ ਅਤੇ ਆਪਣੀ ਨਾਰ ਨੂੰ ਵੀ

ਦਾਨ ਕਰ ਦੇਵੇ ਅਤੇ ਸਾਰੇ ਵੇਦਾਂ ਦਾ ਪਾਠ ਵੀ ਸੁਣੇ ਪਰ ਜੇ ਉਹ ਸਾਧੂ ਦੀ ਨਿੰਦਾ ਕਰਦਾ ਹੈ ਤਾਂ ਉਸ ਦੇ ਇਹ ਸਾਰੇ ਕੀਤੇ ਦਾਨਾਂ ਦੀ ਕੋਈ ਕੀਮਤ ਨਹੀਂ ਹੋ ਸਕਦੀ।

ਅਸਲ ਵਿਚ ਜਿੱਥੋਂ ਤਕ ਪੈਰਾਡਿਕਤਾ ਦਾ ਸੰਬੰਧ ਹੈ, ਰਵਿਦਾਸ ਬਾਣੀ ਇਸ ਨੂੰ ਇਕ ਪ੍ਰਤੀਗਾਮੀ ਰੂਪ ਵਿਚ ਲੈਂਦੀ ਹੈ, ਅਨੁਸਾਰੀ ਰੂਪ ਵਿਚ ਨਹੀਂ। ਇਹ ਇਕ ਪਰਕਾਰ ਦਾ ਵਿਰੋਧਾਭਾਸੀ ਮਾਡਲ ਹੈ, ਜਿਸ ਅਧੀਨ ਕਿ ਰਵਿਦਾਸ ਬਾਣੀ ਆਪਣਾ ਨਵ-ਨਿਰਮਿਤ ਬਾਣੀ ਮਾਡਲ ਪ੍ਰਸਤੁਤ ਕਰਦੀ ਹੈ। ਸਪਸ਼ਟ ਹੈ ਕਿ ਜਦ ਗੁਰੂ ਰਵਿਦਾਸ ਜੀ ਇਹ ਲਿਖਦੇ ਹਨ, 'ਮਿਥਿਆ ਸਨਾਤਨਿਕ ਪਾਰ ਨ ਪਾਵੈਂ, ਸੋ ਕਪੂਰੇ ਹੀ ਜੋਨ ਫਿਰੀ ਹੈ;' ਤਾਂ ਇਥੇ ਉਹ ਜਿਵ ਮੁਕਤੀ ਨੂੰ ਇਕ ਡਾਇਲੈਕਟਿਕਸ ਵਜੋਂ ਲੈ ਰਹੇ ਪ੍ਰਤੀਤ ਹੁੰਦੇ ਹਨ। ਡਾਇਲੈਕਟਿਕਸ ਭਾਵ ਦਵੰਦ ਤੋਂ ਭਾਵ ਜੀਵਨ ਦੇ ਦੋਵੇਂ ਸਾਰਥਕ, ਨਿਰਾਰਥਕ ਪਹਿਲੂ ਹਨ। ਨਿਰੋਲ ਤੇ ਅੰਤਿਮ, ਨਿਰਵੈਰਨ ਸੋਚ ਦੀ ਪ੍ਰਾਪਤੀ ਜਾਂ ਪ੍ਰਸਤੁਤੀ ਨਾ ਜਿਵ ਕੋਲ ਹੈ, ਨਾ ਬ੍ਰਹਮਾ ਕੋਲ, ਬਲਕਿ ਉਸ ਅਨੰਤ ਪਰਮਾਤਮਾ ਕੋਲ ਹੈ। ਇਸੇ ਲਈ ਡਾ. ਰਤਨ ਸਿੰਘ ਜੱਗੀ ਰਵਿਦਾਸ ਬਾਣੀ ਦੇ ਸੰਦਰਭ ਵਿਚ ਗੱਲ ਕਰਦੇ ਰਵਿਦਾਸ ਚੇਤਨਾ ਨੂੰ ਅਵਤਾਰੀ ਪੁਰਸ਼ ਵਾਲੀ ਆਖਦੇ ਹਨ, ਤਾਂਹੀਂ ਕਿ ਇਸ ਉਹ ਸਮੁੱਚੀ ਸਿੱਧ ਪਰਿਪਾਠ ਤੇ ਨਿਰਗੁਣਧਾਰਾ ਨੂੰ ਆਪਣੇ ਕਲੇਵਰ ਵਿਚ ਲੈਂਦੇ ਹਨ।[6]

ਜਿੱਥੋਂ ਤਕ ਵਿਰੋਧਾਤਮਕ ਸੁਰਤਾਂ ਦਾ ਸਵਾਲ ਹੈ, ਰਵਿਦਾਸ ਬਾਣੀ ਉਹਨਾਂ ਦਾ ਸਾਰਥਕ ਰੂਪ ਵੀ ਪ੍ਰਸਤੁਤ ਕਰਦੀ ਹੈ, ਕਿਉਂਕਿ ਨਿਰਗੁਣਧਾਰਾ ਵਿਚ ਜਾਂ ਰਵਿਦਾਸ ਵਰਗੇ ਸਾਧਕਾਂ ਦੀ ਚੇਤਨਾ ਵਿਚ ਪ੍ਰਭੂ ਪ੍ਰਾਪਤੀ ਪ੍ਰਮੁੱਖ ਸੀ ਅਤੇ ਸਾਧਨ ਗੌਣ ਰੂਪ ਵਿਚ ਪੇਸ਼ ਸਨ। ਇਸੇ ਲਈ ਹੀ ਰਵਿਦਾਸ ਬਾਣੀ ਵਿਚ ਕੁਝ ਅਜਿਹੇ ਮੁਹਾਵਰੇ ਵੀ ਵੇਖੇ ਜਾ ਸਕਦੇ ਹਨ,

ਜਿਹਨਾਂ ਵਿਚ ਪ੍ਰਮੁੱਖ ਅਵਤਾਰਾਂ ਦੀ ਪ੍ਰਸ਼ੰਸਾ ਕੀਤੀ ਗਈ ਹੈ। ਭਗਤ ਰਵਿਦਾਸ ਜੀ ਨੇ ਪੌਰਾਣਿਕ ਪਾਤਰਾਂ ਅਰਥਾਤ ਗਨਿਕਾ, ਅਜਾਮਲ, ਗਜ, ਪ੍ਰਹਿਲਾਦ, ਧਰੂ ਆਦਿ ਭਗਤਾਂ ਦੇ ਪ੍ਰਸੰਗਾਂ ਵਿਚ ਪ੍ਰਭੂ ਦੀ ਅਵਤਾਰ ਰੂਪ ਵਿਚ ਸਹਾਇਤਾ ਨੂੰ ਸਲਾਹਿਆ ਹੈ ਕਿਉਂਕਿ ਇਹ ਸਹਾਇਤਾ ਮਨੁੱਖ ਦੀ ਹੋਣੀ ਨੂੰ ਕਲਿਆਣ ਕਰਾ ਕੇ ਉਸਾਰੀ ਵਾਲੇ ਪਾਸੇ ਲੈ ਕੇ ਜਾਂਦੀ ਹੈ।

ਇਨ੍ਹਾਂ ਦੇ ਕੁਝ ਉਦਾਹਰਨ ਨਿਮਨਲਿਖਿਤ ਅਨੁਸਾਰ ਹਨ:

ਐਸੇ ਜਾਨਿ ਜਪੋ ਰੇ ਜੀਅ, ਜਪਿ ਲਉ ਰਾਮ ਨ ਭਰਮੋ ਜੀਅ।ਰਹਾਉ।
ਗਨਿਕਾ ਥੀ ਕਿਸ ਕਰਮਾ ਜੋਗ, ਪਰ-ਪੁਰਖਨ ਸਿਉ ਰਮਤੀ ਭੋਗ।
ਨਿਸਿ ਬਾਸਰ ਦੁਸਕਰਮ ਕਮਾਈ, ਰਾਮ ਕਹਤ ਬੈਕੁੰਠ ਜਾਈ।[7]

ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ, ਗਏ ਹਰਿ ਕੇ ਪਾਸ।
ਐਸੇ ਦੁਰਮਤਿ ਨਿਸਤਰੇ ਤੂੰ ਕਿਉ ਨ ਤਰਹਿ ਰਵਿਦਾਸ।[8]

ਅਜਾਮੇਲ ਗਜ ਗਨਿਕਾ ਤਾਰੀ, ਕਾਟੀ ਕੁੰਚਰ ਕੀ ਪਾਸ ਰੇ।
ਐਸੇ ਦੁਰਮਤਿ ਮੁਕਤਿ ਕੀਏ, ਤੌ ਕਿਉ ਨ ਤਿਰੈ ਰਵਿਦਾਸ ਰੇ।[9]

ਗਨਿਕਾ, ਅਜਾਮਲ ਅਤੇ ਗਜ ਦੇ ਹਵਾਲੇ ਅਸੀਂ ਉਪਰੋਕਤ ਸਤਰਾਂ ਵਿਚ ਵੇਖਦੇ ਹਾਂ। ਇਹ ਪੌਰਾਣਿਕ ਪਾਤਰ ਆਚਰਣ ਵਿਚ ਦੁਸ਼ਟ ਪਾਤਰ ਸਨ, ਪਰੰਤੂ ਪ੍ਰਭੂ ਦੀ ਕਿਰਪਾ ਸਦਕਾ ਇਹ ਰਾਮ-ਨਾਮ ਦੇ ਜਾਪ ਨਾਲ ਮੁਕਤੀ ਪ੍ਰਾਪਤ ਕਰ ਗਏ। ਇਨ੍ਹਾਂ ਦੀਆਂ ਉਦਾਹਰਣਾਂ ਦੇਣ ਦਾ ਮਕਸਦ, ਮਨੁੱਖ ਨੂੰ ਚੰਗੇ ਜੀਵਨ ਪ੍ਰਤਿ ਅਗਵਾਈ ਦੇਣਾ ਹੈ। ਇਹ ਅਗਵਾਈ ਮਨੁੱਖੀ ਸਮਾਜ ਦੀ ਸਿਹਤ ਲਈ ਬਹੁਤ ਜ਼ਰੂਰੀ ਹੈ।

ਜਿਨ੍ਹਾਂ ਬਾਰੇ ਵਿਸਥਾਰ ਨਾਲ ਅਗਲੇ ਅਧਿਆਇ ਵਿਚ ਚਰਚਾ ਕੀਤੀ ਜਾਵੇਗੀ।

ਇਸੇ ਤਰ੍ਹਾਂ ਬਾਲਮੀਕਿ ਰਿਸ਼ੀ ਦਾ ਉਦਾਹਰਨ ਵੀ ਬਹੁਤ ਪ੍ਰਸਿੱਧ ਹੈ। ਕਹਿੰਦੇ ਹਨ ਕਿ ਉਹ ਆਰੰਭ ਵਿਚ ਡਾਕੂ ਸੀ, ਪਰੰਤੂ ਰਿਸ਼ੀਆਂ ਦੇ ਸੰਪਰਕ ਵਿਚ ਆਉਣ ਸਦਕਾ ਉਸ ਦੀ ਮਲੀਨ ਬੁੱਧੀ ਜਾਂਦੀ ਰਹੀ ਅਤੇ ਉਹ ਇਕ ਪਰਮ ਭਗਤ ਦੇ ਰੂਪ ਵਿਚ ਪ੍ਰਸਿੱਧ ਹੋਏ:

ਹੈ ਹਿਤ: ਬੇਦਿ ਭੇਤ ਅਭੇਤ, ਕਾਹੇ ਨ ਬਾਲਮੀਕਿਹੀ ਦੇਖ।
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ, ਰਾਮ ਭਗਤਿ ਬਿਸੇਖ।[10]

ਇਸੇ ਤਰ੍ਹਾਂ ਹੀ ਧ੍ਰੂਵ ਭਗਤ ਅਤੇ ਪ੍ਰਹਿਲਾਦ ਭਗਤ ਦੀਆਂ ਸਾਖੀਆਂ ਹਨ, ਜਿਨ੍ਹਾਂ ਨੇ ਆਪਣੀ ਭਗਤੀ ਅਤੇ ਸ਼ਰਧਾ ਸਦਕਾ ਬੈਕੁੰਠ ਧਾਮ ਦੀ ਪ੍ਰਾਪਤੀ ਕੀਤੀ ਸੀ।

ਸੋਈ ਤੁਮਰੋ ਜਿਹਿ ਆਪੁ ਨਿਵਾਜਤ।
ਬਾਲਕ ਧਰੂਅ ਕੂੰ ਅੰਕ ਰਾਖਿ ਹਰਿ, ਖੰਭ ਫਾਰਿ ਪ੍ਰਹਲਾਦ ਉਬਾਰਤ।[11]

ਨਿਸਚਰ ਜਾਤ ਵਿਧ ਕੇਤੁ ਬਭੀਖਣ, ਅਭੈ ਦੇਹਿ ਸਰਨ ਮਹਿ ਰਾਖੇ।
ਕਨਕ ਕਸਿਪਹ ਕ੍ਰੁਧ ਪੇਖਿ ਪ੍ਰਭੂ, ਖੰਭ ਫਾਰਿ ਪ੍ਰਹਲਾਦਹੁ ਰਾਖੇ।
ਧ੍ਰੂਅ ਕੂੰ ਅਟਲੁ ਪਦ ਹਰਿ ਦੀਨੇ, ਭਗਤ ਸਿਰੋਮਣਿ ਨਾਮ ਧਰਾਏ।
ਖਟ ਰਸ ਭੋਗ ਸੁਯੋਧਨ ਤਯਾਗੀ, ਦਾਸ ਬਿਦੁਰ ਕੂੰ ਮਾਨ ਬਢਾਏ।[12]

ਅਸੁਰ ਹਰਨਾਕਸ ਕ੍ਰੋਧ ਕੀਏ ਜਿਹ, ਪ੍ਰਹਲਾਦ ਮਾਰਿਬੇ ਕੋ ਕੀਨੋ ਸਾਜਾ।
ਭਗਤ ਹੇਤੁ ਆਪਿ ਹਰਿ ਪ੍ਰਗਟਿਓ, ਹੋਇ ਨਿਰੰਕਾਰ ਨਰਸਿੰਘ ਰਾਜਾ।[13]

ਭਗਤ ਧਰੂਵ ਆਪਣੀ ਮਤ੍ਰੇਈ ਮਾਂ ਦਾ ਸਤਾਇਆ ਹੋਇਆ ਅਤੇ ਭਗਤ ਪ੍ਰਹਿਲਾਦ ਆਪਣੇ ਪਿਤਾ ਦੇ ਜ਼ੁਲਮ ਤੋਂ ਤੰਗ ਆ ਕੇ ਭਗਤੀ ਦੇ ਰਸਤੇ ਪਿਆ ਅਤੇ ਪਰਮਾਤਮਾ ਨੂੰ ਪ੍ਰਾਪਤ ਹੋਇਆ। ਭਗਤ ਪ੍ਰਹਿਲਾਦ ਦਾ ਵਿਸ਼ਨੂੰ ਦੇ ਅਵਤਾਰ ਨਰਸਿੰਘ ਨੇ ਥੰਮ ਸੇਤੀ ਪ੍ਰਗਟ ਹੋ ਕੇ ਉਧਾਰ ਕੀਤਾ। ਇਨ੍ਹਾਂ ਸਾਖੀਆਂ ਨਾਲ ਇਹ ਵਿਸ਼ਵਾਸ ਦ੍ਰਿੜ੍ਹ ਹੁੰਦਾ ਹੈ ਕਿ ਭਗਵਾਨ ਆਪਣੇ ਭਗਤਾਂ ਦੀ ਹਰ ਵੇਲੇ ਸਹਾਇਤਾ ਕਰਦਾ ਹੈ।

ਨਿਸਚਰ ਕੁਲਿ ਜੈਧੂ ਭਭੀਖਣ, ਤਿਹੁ ਸਿਰ ਛਤ੍ਰ ਧਰੇ।
ਫਲ ਬੇਰਿ ਬੇਰਿਨ ਭਖੇ ਭੀਲਨੀ ਕੇ, ਨਰਿਮਨ ਪੋਖ ਪੂਜਰੇ।
ਦਰਿਦ੍ਰ ਸੁਦਾਮਾ ਤਿਸੁ ਆਪੁ ਸਮ, ਲੇਤਨ ਜੋਰ ਕਰੇ।
ਕਹਿ ਰਵਿਦਾਸ ਕ੍ਰਿਸ਼ਨ ਕਰੁਣਾਮੈ, ਨਾਮ ਲੇਤ ਉਧਰੇ।[14]

ਮਨ ਮਹਿ ਦਰਪ ਕਿਓ ਤੋ ਰਾਵਣਿ ਕਿਸ ਗਨ ਦੇਖਿ ਪਿਤਾਣੀ।
ਦਸਰਥ ਨੰਦਨ ਸਰ ਸੰਧਾਨੈ, ਲੰਕ ਭਭੀਖਣ ਪਾਈ।[15]

ਇਸੇ ਤਰ੍ਹਾਂ ਹੀ ਇਹ ਅਤੀ ਪ੍ਰਸਿੱਧ ਉਦਾਹਰਨ ਹੈ ਕਿ ਹੱਠਧਰਮੀ ਦੇ ਕਾਰਣ ਰਾਵਣ ਨੇ ਆਪਣੀ ਲੰਕਾ ਗੁਆ ਲਈ, ਫਲਸਰੂਪ ਰਾਜਾ ਰਾਮ ਜੀ ਨੇ ਸਾਰੀ ਲੰਕਾ ਦਾ ਰਾਜ ਰਾਵਣ ਦੇ ਭਰਾ ਵਿਭੀਸ਼ਣ ਨੂੰ ਦੇ ਦਿੱਤਾ।

ਉਪਰੋਕਤ ਉਦਾਹਰਨਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਰਵਿਦਾਸ ਜੀ ਨੇ ਪੌਰਾਣਿਕ ਹਵਾਲਿਆਂ ਦੀ ਵਰਤੋਂ ਖੰਡਨਾਤਮਕ ਅਤੇ ਮੰਡਨਾਤਮਕ ਦ੍ਰਿਸ਼ਟੀ ਦੋਵਾਂ ਪੱਖਾਂ ਤੋਂ ਕੀਤੀ ਹੈ। ਆਪਣੀ ਗੱਲ ਨੂੰ ਸਹਿਜ ਢੰਗ ਨਾਲ ਲੋਕਾਂ ਤਕ ਪਹੁੰਚਾਉਣ ਲਈ ਇਨ੍ਹਾਂ ਪੌਰਾਣਿਕ ਹਵਾਲਿਆਂ ਦੀ ਵਰਤੋਂ ਕਰਨੀ, ਕਿਸੇ ਵੀ ਰਚੇਤਾ ਦੇ ਵਾਸਤੇ ਇਕ ਕਾਰਗਰ ਹਥਿਆਰ ਸੀ।

ਰਵਿਦਾਸ ਚੇਤਨਾ ਨੂੰ ਬਾਣੀ ਅਧੀਨ ਨਿਹਿਤ ਕਰਨਾ ਹੋਵੇ ਤਾਂ ਇਕ ਗੱਲ ਕੋ-ਵਾਰ ਸਵੀਕਾਰ ਕਰਨੀ ਪੈਂਦੀ ਹੈ ਕਿ ਪੌਰਾਣਿਕ ਚੇਤਨਾ ਦਾ ਆਸਰਾ ਭਗਤ ਰਵਿਦਾਸ ਜੀ ਕੇਵਲ ਉਪਚਾਰਿਕ ਰੂਪ ਵਿਚ ਕਰਦੇ ਹਨ ਅਤੇ ਉਹ ਵੀ ਪਰੋਖ ਰੂਪ ਵਿਚ ਕਰਦੇ ਹਨ। ਉਹਨਾਂ ਦਾ ਅਸਲ ਮਨੋਰਥ ਆਪਣੇ "ਨਿਰਾਕਾਰ ਸਰੂਪ" ਵਾਲੇ ਪ੍ਰਭੂ ਦੀ ਅਰਚਨਾ ਅਤੇ ਮਹਿਮਾ ਨੂੰ ਦਰਸਾਣਾ ਵਿਚ ਹੈ। ਇਹ ਭਗਤ ਰਵਿਦਾਸ ਵਲੋਂ ਮਹਾਂਪੁਰਖਾਂ ਦਾ ਸਰਗੁਣਧਾਰਾ ਤੋਂ ਨਿਰਗੁਣਧਾਰਾ ਵੱਲ ਪਸਾਰ ਕਰਨ ਦਾ ਇੱਕੋ ਇਕ ਸਾਧਨ ਪ੍ਰਤੀਤ ਹੁੰਦਾ ਹੈ ਜਿਸ ਬਾਬਤ ਜਸਬੀਰ ਸਿੰਘ ਸਾਬਰ[16] ਨੇ ਸੰਕੇਤ ਦਿੱਤਾ ਹੈ।

ਇਥੇ ਇਹ ਪੱਖ ਸਪਸ਼ਟ ਕਰਨਾ ਅਨਿਵਾਰੀ ਹੈ ਕਿ ਰਵਿਦਾਸ ਚੇਤਨਾ ਪੌਰਾਣਿਕਤਾ ਨੂੰ ਕਿਸ ਸੰਦਰਭ ਵਿਚ ਲੈਂਦੀ ਹੈ। ਜਿਥੋਂ ਤਕ ਵਿਸ਼ਵਾਸ ਦਾ ਤਾਅੱਲੁਕ ਹੈ, ਰਵਿਦਾਸ ਚੇਤਨਾ ਅਨਿੰਨ ਰੂਪ ਵਿਚ ਨਿਰਾਕਾਰ ਪਰਮਾਤਮਾ ਦੀ ਚੇਤਨਾ ਵਿਚ ਲੀਨ ਹੈ। ਇਵੇਂ ਪੌਰਾਣਿਕਤਾ ਦੇ ਪੱਖਾਂ ਨੂੰ ਪਰਖਦੀ ਹੈ। ਪ੍ਰਮੁੱਖ ਰੂਪ ਵਿਚ ਇਹ ਸਾਖ਼ਯਾਤਕਾਰ ਚੇਤਨਾ ਵਿਚ ਸਮਾਈ ਹੁੰਦੀ ਹੈ ਅਤੇ ਗੌਣ ਰੂਪ ਵਿਚ ਸਰਗੁਣਧਾਰਾ ਦੇ ਅਪਸਾਰਿਕ ਅਤੇ ਪਰੰਪਰਾਵਾਦੀ ਵਿਧਾਨ ਤੋਂ ਮੁਕਤੀ ਪਾਉਂਦੀ ਪ੍ਰਤੀਤ ਹੁੰਦੀ ਹੈ। ਇੰਜ ਇਹ ਚੇਤਨਾ ਇਸ ਲੜੀ ਵਿਚ ਚਲਦੀ ਹੈ:

1. ਸੰਕ੍ਰਿਆਸ਼ੀਲਤਾ ਤੋਂ ——> ਰਚਨਾ-ਪ੍ਰਕਿਰਿਆ ਵੱਲ
2. ਰਚਨਾ ਪ੍ਰਕਿਰਿਆ ਤੋਂ ——> ਸੰਪੂਰਨ ਅਭਿਵਿਅਕਤੀ ਵੱਲ

ਜਿਥੋਂ ਤਕ ਸਾਖ਼ਯਾਤਕਾਰ ਚੇਤਨਾ ਦਾ ਸਵਾਲ ਹੈ, ਉਸ ਬਾਬਤ ਸਾਹਿਤਕਤਾ ਦੇ ਸੰਦਰਭ ਨੂੰ ਜਾਣਨਾ ਅਨਿਵਾਰੀ ਹੈ। ਸਾਹਿਤ, ਸਭਿਆਚਾਰ ਨੂੰ ਪੂਰਨ ਅਭਿਵਿਅਕਤੀ ਦੇਣ ਲਈ

ਕਿਸੇ ਵੀ ਭਾਸ਼ਾ ਬੋਲ ਰਹੀ ਵੀ ਪੂਰਨ ਭਾਸ਼ਕ ਆਧਾਰ ਅਤੇ ਰੂਪਕ ( metaphor ) ਅਤੇ ਚਿੰਨ੍ਹ ( signs ) ਨਹੀਂ ਹੁੰਦੇ। ਇਸ ਲਈ ਸਮੁੱਚੀ ਸਭਿਆਚਾਰਕ ਆਧਾਰ ਭਾਸ਼ਾਈ ਤੁਲਨਾ ( language comparison ) ਵਿਚ ਪੈਂਦੀ ਹੈ। ਵਿਧਾਨ ਨਾਮਵਾਦੀਆਂ ਤਾਂ ਸਾਰਾ ਸਿਰਜਕ ਜਗਤ ਅਤੇ ਬੋਲ-ਕਥਾਵਾਂ ਅਤੇ ਬੋਲ-ਸਾਧਨ ਦੇ ਮਨ ਦੇ ਵਿਕਾਸ ਦੀ ਅਭਿਵਿਅਕਤੀ ਮਾਤਰ ਤਾਂ ਹਨ। ਰੋਲਾਂ ਬਾਰਤ ਇਸ ਬਾਰੇ ਬੜਾ ਸਪਸ਼ਟ ਸੰਕੇਤ ਦੇਂਦਾ ਇਸ ਨੂੰ ਲਿਖਤ ( writing ) ਆਖਦਾ ਹੈ। ਉਸ ਮੁਤਾਬਕ ਜਦ ਕਿਸੇ ਭਾਸ਼ਾ ਜਾਂ ਸਾਹਿਤਕ ਲਿਖਤ ਵਿਚਲੀ ਲਿਖਤ ਨਿਰੰਤਰ ਰੂਪ ਵਿਚ ਇਕ ਚਿੰਨ੍ਹ ਸਿਰਜਦੀ ਜਾਵੇ ਅਤੇ ਪਾਠਕ ਨੂੰ ਨਿੰਸਤਾ ਦਾ ਅਹਿਸਾਸ ਹੋਵੇ ਤਾਂ ਉਹੀ ਪਾਠ ( text ) ਇਕ ਪੂਰਨ ਲਿਖਤ ( writing ) ਬਣ ਜਾਂਦੀ ਹੈ। ਆਪਣੇ ਖੋਜ-ਪ੍ਰਬੰਧ __Writing Degree Zero__ ਵਿਚ ਉਹ ਅਜਿਹੀ ਹੀ ਲਿਖਤ ਜਾਂ ਪਾਠ ਨੂੰ ਆਦਰਸ਼ ਮੰਨਦਾ ਹੈ।[17] ਉਹ ਅੱਗੇ ਪਾਠ ਨੂੰ ਦੋ ਹਿੱਸਿਆਂ ਵਿਚ ਵੰਡਦਾ ਹੈ :-

1. ਆਮ ਬੋਲ-ਚਾਲ (Discourse)

2. ਸਾਹਿਤਕ ਪ੍ਰਵਚਨ (Literary discourse)

ਸਾਹਿਤਕ ਪ੍ਰਵਚਨ ਲਈ ਅਨਿਵਾਰੀ ਹੈ ਕਿ ਰਚੇਤਾ ਜਾਂ ਰਚਨਾਕਾਰ ਤੁਲਨਾਤਮਕ ਅਤੇ ਭਾਵਾਤਮਕ ਚੇਤਨਾਵਾਂ ਵਿਚ ਪਵੇ।

ਅਤੇ ਰਚਨਾਕਾਰ ਜੋ ਵੀ ਜਿੱਥੇ ਪੈਰਾਡਾਇਮ ਨੂੰ ਵਰਤਦੇ ਪ੍ਰਤੀਤ ਹੁੰਦੇ ਹਨ, ਉਹ ਉਹ ਆਪਣੀ ਬੋਲ ਨੂੰ ਦ੍ਰਿਸ਼ਟਾਂਤ ਲਈ ਆਪਣੀ ਨਿਰਉਕਤ ਹੋਣਾ ਨੂੰ ਪੂਰਨ ਤੌਰ ਸਪਸ਼ਟ ਕਰਨ ਲਈ ਪੈਰਾਡਾਇਮ ਦਾ ਆਸਰਾ ਲੈਂਦੇ ਹਨ। ਇਸ ਪ੍ਰਕਾਰ ਉਹ ਆਪਣੀ ਬੋਲ ਨੂੰ ਆਮ ਬੋਲ ਤੋਂ ਹਟਾ ਕੇ ਉਸ ਨੂੰ ਸਾਹਿਤਕ ਪ੍ਰਵਚਨ ਜਾਂ ਧਾਰਮਿਕ ਪ੍ਰਵਚਨ ਬਣਾਉਂਦੇ ਪ੍ਰਤੀਤ ਹੁੰਦੇ ਹਨ। ਜੋ

## ੮੫ ਪੌਰਾਣਿਕਤਾ ਉਹਨਾਂ ਲਈ ਸਾਧਨ ਮਾਤਰ ਹੈ।

ਇਸ ਸੰਦਰਭ ਵਿਚ ਉਹਨਾਂ ਦੇ ਪੂਰਬਲੇ ਸੰਤਾਂ ਅਤੇ ਭਗਤਾਂ ਦੇ ਹਵਾਲੇ ਦਿੱਤੇ ਜਾ ਸਕਦੇ ਹਨ, ਜਿਨ੍ਹਾਂ ਆਪਣੇ ਪ੍ਰਵਚਨਾਂ ਨੂੰ ਸਾਹਿਤਕ ਜਾਂ ਧਾਰਮਿਕ ਬਣਾਉਣ ਲਈ ਪੌਰਾਣਿਕਤਾ ਦਾ ਆਸਰਾ ਲਿਆ ਹੈ।

ਜਿੱਥੇ ਸਾਡਾ ਮੂਲ ਆਧਾਰ ਤਾਂ ਰਵਿਦਾਸ ਬਾਣੀ ਦਾ ਹੀ ਡੂੰਘਾਈ ਨਾਲ ਅਧਿਐਨ ਕਰਨਾ ਹੈ, ਪਰੰਤੂ ਇਸ ਦੇ ਨਾਲ ਹੀ ਰਵਿਦਾਸ ਜੀ ਤੋਂ ਪਹਿਲਾਂ ਹੋਏ ਭਗਤਾਂ ਅਤੇ ਉਨ੍ਹਾਂ ਦੇ ਸਮਕਾਲੀ ਭਗਤਾਂ ਦੀ ਬਾਣੀ ਦੀ ਸੰਖੇਪ ਰੂਪ ਵਿਚ ਜਾਣਕਾਰੀ ਆਵੱਸ਼ਕ ਹੋਵੇਗੀ। ਇਥੇ ਅਸੀਂ ਇਨ੍ਹਾਂ ਭਗਤਾਂ ਦੀ ਬਾਣੀ ਦਾ ਉਹੀ ਅੰਸ਼ ਹੀ ਲਵਾਂਗੇ ਜਿਸ ਵਿਚ ਉਨ੍ਹਾਂ ਨੇ ਪੌਰਾਣਿਕ ਹਵਾਲਿਆਂ ਨੂੰ ਮੁੱਖ ਤੌਰ ਤੇ ਇਸਤੇਮਾਲ ਕੀਤਾ ਹੈ।

ਭਗਤਾਂ ਦੇ ਜਨਮ ਅਤੇ ਮ੍ਰਿਤੂ ਕਾਲ ਉਂਜ ਤਾਂ ਵਾਦ-ਵਿਵਾਦ ਦਾ ਹੀ ਵਿਸ਼ਾ ਹਨ, ਪਰੰਤੂ ਅਸੀਂ ਇਸ ਵਿਸ਼ੇ ਨੂੰ ਨਾ ਛੇੜਦੇ ਹੋਏ ਇਕ ਆਮ ਧਾਰਨਾ ਦੇ ਅਨੁਸਾਰ ਹੀ ਇਨ੍ਹਾਂ ਭਗਤਾਂ ਦੀ ਬਾਣੀ ਮੁਲਾਂਕਣ ਕਰਨ ਦੀ ਕੋਸ਼ਿਸ਼ ਕਰਾਂਗੇ।

ਕਬੀਰ ਜੀ ਨੇ ਆਪਣੀਆਂ ਰਚਨਾਵਾਂ ਵਿਚ ਕੇਵਲ ਜੈਦੇਵ ਅਤੇ ਨਾਮਦੇਵ ਦਾ ਹੀ ਉਲੇਖ ਕੀਤਾ ਹੈ ਜਦ ਕਿ ਰਵਿਦਾਸ ਜੀ ਨੇ ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ ਅਤੇ ਸੈਨ ਦੀ ਵੀ ਚਰਚਾ ਕੀਤੀ ਹੈ, ਜਿਸ ਤੋਂ ਸਪਸ਼ਟ ਹੈ ਕਿ ਕਬੀਰ ਜੀ ਭਗਤ ਰਵਿਦਾਸ ਜੀ ਤੋਂ ਪੂਰਬਲੇ ਸੰਤ ਕਵੀ ਹਨ।[18]

ਵੈਸੇ ਉਪਰੋਕਤ ਸਾਰੇ ਹੀ ਭਗਤ ਕਿਸੇ ਨਾ ਕਿਸੇ ਰੂਪ ਵਿਚ ਭਾਰਤੀ ਮਨੁੱਖ ਦੀ ਸੋਚ ਅਤੇ ਸਮਝ ਨੂੰ ਅਨੁਭਵ ਕਰਦੇ ਆਪਣੇ ਵਿਲੱਖਣ ਅੰਦਾਜ਼ ਵਿਚ ਬਾਣੀ ਦਾ ਰੂਪ ਪ੍ਰਦਾਨ ਕਰ ਰਹੇ ਸਨ। ਇਕ ਵਾਚਣਯੋਗ ਸੰਦਰਭ ਇਹ ਹੈ ਕਿ ਬਹੁਤੇ ਭਗਤਾਂ ਦੇ ਨਾਂ ਅਤੇ

ਸੁਖਦਾਵਲੀ ਇੱਕੋ ਪ੍ਰਕਾਰ ਦੇ ਸੁਰ ਵਾਲੀ ਹੈ। ਸਾਰੇ ਭਗਤ ਹੀ ਆਪਣੇ ਪਾਠ ਨੂੰ ਪਰਪੱਕ ਅਤੇ ਪ੍ਰਗਟ ਰੂਪ ਵਾਲਾ ਕਰਨ ਲਈ ਪੌਰਾਣਿਕਤਾ ਨੂੰ ਇਕ ਸਾਧਨ ਮਾਤਰ ਵਜੋਂ ਲੈਂਦੇ ਪ੍ਰਤੀਤ ਹੁੰਦੇ ਹਨ।

ਇਸ ਕਾਰਜ ਦੀ ਪੂਰਤੀ ਲਈ ਸਭ ਤੋਂ ਪਹਿਲਾਂ ਵਿਚਾਰ ਅਧੀਨ ਭਗਤ ਰਾਮਾਨੰਦ ਦੀ ਬਾਣੀ ਦ੍ਰਿਸ਼ਟੀਗੋਚਰ ਹੁੰਦੀ ਹੈ।

ਭਗਤ ਰਾਮਾਨੰਦ: ਰਾਮਾਨੰਦ ਜੀ ਨੂੰ ਰਵਿਦਾਸ ਜੀ ਨੇ ਗੁਰੂ ਸਵੀਕਾਰ ਕੀਤਾ। ਇਨ੍ਹਾਂ ਦੇ ਕੇਵਲ ਇਕ ਪਦਾ ਹੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਹੈ:

ਤੂੰ ਪੂਰਿ ਰਹਿਓ ਹੈ ਸਭ ਸਮਾਨਾ।
ਬੇਦ ਪੁਰਾਨ ਸਭ ਦੇਖੇ ਜੋਇ।
ਊਹਾਂ ਤਉ ਜਾਈਐ ਜਉ ਈਹਾਂ ਨ ਹੋਇ।[19]

ਰਾਮਾਨੰਦ ਜੀ ਪਰਮਾਤਮਾ ਨੂੰ ਹਰ ਥਾਂ ਵਿਆਪਕ ਅਤੇ ਆਪਣੇ ਹਿਰਦੇ ਅੰਦਰ ਹੀ ਵੱਸਿਆ ਸਮਝਦੇ ਹਨ। ਆਪ ਅਨੁਸਾਰ ਪ੍ਰਭੂ ਨੂੰ ਵੇਦ, ਪੁਰਾਣ ਪੜ੍ਹ ਕੇ ਨਹੀਂ ਪਾਇਆ ਜਾ ਸਕਦਾ। ਪ੍ਰਭੂ ਨੂੰ ਬਾਹਰ ਅਸੀਂ ਤਾਂ ਲੱਭੀਏ, ਜੇਕਰ ਉਹ ਸਾਡੇ ਹਿਰਦੇ ਵਿਚ ਨਾ ਵਸਦਾ ਹੋਵੇ ਅਰਥਾਤ ਰਾਮਾਨੰਦ ਜੀ ਨੇ ਵੇਦ, ਪੁਰਾਣ ਆਦਿ ਪੜ੍ਹਨ ਅਤੇ ਹੋਰ ਕਰਮ-ਕਾਂਡਾਂ ਦੀ ਨਿਖੇਧੀ ਹੀ ਕੀਤੀ ਹੈ। ਜੇਕਰ ਮਨੁੱਖ ਦਾ ਹਿਰਦਾ ਸ਼ੁੱਧ ਹੈ ਤਾਂ ਉਹ ਪਰਮਾਤਮਾ ਨੂੰ ਆਪਣੇ ਹਿਰਦੇ ਵਿਚ ਹੀ ਪਾ ਸਕਦਾ ਹੈ।

ਇਹ ਸਪਸ਼ਟ ਹੈ ਕਿ ਰਾਮਾਨੰਦ ਜੀ ਨੇ ਇਸ ਸ਼ਬਦ ਵਿਚ ਵੇਦਾਂ, ਪੁਰਾਣਾਂ ਆਦਿ ਦਾ ਖੰਡਨ ਹੀ ਕੀਤਾ ਹੈ।

ਭਗਤ ਤ੍ਰਿਲੋਚਨ: ਭਗਤ ਤ੍ਰਿਲੋਚਨ ਜੀ ਦੇ ਚਾਰ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਹਨਾਂ ਵਿਚ ਪੌਰਾਣਿਕ ਹਵਾਲਿਆਂ ਦੀ ਵਰਤੋਂ ਤ੍ਰਿਲੋਚਨ ਜੀ ਨੇ ਆਪਣੇ ਵਿਚਾਰ ਦੀ ਅਭਿਵਿਅਕਤੀ ਲਈ ਕੀਤੀ ਹੈ। ਪਰੰਤੂ ਤ੍ਰਿਲੋਚਨ ਸਾਰੇ ਹੀ ਪੌਰਾਣਿਕ ਹਵਾਲੇ ਉਨ੍ਹਾਂ ਸਭ ਕਰਮਾਂ, ਨਾਵਾਂ, ਪਾਤਰਾਂ ਦਾ ਖੰਡਨ ਹੀ ਕਰਦੇ ਹਨ ਜਿਨ੍ਹਾਂ ਨੂੰ ਪੁਰਾਣਾਂ ਵਿਚ ਅਨਿਵਾਰੀ ਕਰਮ ਦਸਿਆ ਗਿਆ ਹੈ। ਇਥੇ ਆਪ ਦੀ ਬਾਣੀ ਵਿਚੋਂ ਕੁਝ ਹਵਾਲੇ ਪ੍ਰਸਤੁਤ ਕੀਤੇ ਜਾ ਰਹੇ ਹਨ:

ਕਾਇ ਕਮੰਡਲੁ ਕਾਪੜੀਆ ਰੇ, ਅਠਸਠਿ ਕਾਇ ਫਿਰਾਹੀ।
ਬਦਤਿ ਤ੍ਰਿਲੋਚਨ ਸੁਨੁ ਰ ਪ੍ਰਾਣੀ, ਕਣ ਬਿਨੁ ਗਾਹੁ ਕਿ ਪਾਹੀ।[20]

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ।
ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ।1।ਰਹਾਉ।
ਸੰਕਰਾ ਮਸਤਕਿ ਬਸਤਾ, ਸੁਰਸਰੀ ਇਸਨਾਨ ਰੇ।
ਕੁਲ ਜਨ ਮਧੇ ਮਿਲ੍ਯ੍ਯਿੋ ਸਾਰਗਪਾਨ ਰੇ।
ਕਰਮ ਕਰਿ ਕਲੰਕੁ ਮਫੀਟਸਿ ਰੀ।2।
ਬਿਸ੍ਵ ਕਾ ਦੀਪਕੁ ਸ੍ਵਾਮੀ, ਤਾ ਚੇ ਰੇ ਸੁਆਰਥੀ ਪੰਖੀ ਰਾਇ
ਗਰੁੜ ਤਾ ਚੇ ਬਾਧਵੇ।
ਕਰਮ ਕਰਿ ਅਰੁਣ ਪਿੰਗਲਾ ਰੀ।2।
ਅਨਿਕ ਪਾਤਿਕ ਹਰਤਾ, ਤ੍ਰਿਭਵਣ ਨਾਥੁ ਰੀ,
ਤੀਰਥਿ ਤੀਰਥਿ ਭ੍ਰਮਤਾ, ਲਹੈ ਨ ਪਾਰੁ ਰੀ।[21]

ਇਨ੍ਹਾਂ ਸ਼ਬਦਾਂ ਵਿਚ ਤ੍ਰਿਲੋਚਨ ਜੀ ਨੇ ਪੁਰਾਣਾਂ ਵਿਚ ਦੱਸੇ ਪ੍ਰਚਲਿਤ ਅਵਤਾਰ-ਪੂਜਾ, ਦਾਨ-ਪੁੰਨ, ਤੀਰਥ ਇਸ਼ਨਾਨ ਆਦਿ ਦਾ ਖੰਡਨ ਕੀਤਾ ਹੈ। ਭਗਤ ਤ੍ਰਿਲੋਚਨ ਜੀ ਕਹਿੰਦੇ ਹਨ

ਕਿ ਮਨੁੱਖ ਆਪਣੇ ਕੀਤੇ ਹੋਏ ਕੰਮਾਂ ਦਾ ਫਲ ਪਰਮਾਤਮਾ ਨੂੰ ਦਿੰਦਾ ਹੈ। ਮਨੁੱਖ ਸ਼ਿਵ ਜੀ ਦੀ ਪੂਜਾ ਕਰਦਾ ਹੈ ਪਰੰਤੂ ਸ਼ਿਵ ਜੀ ਦੇ ਮੱਥੇ 'ਤੇ ਧਾਰਣ ਕੀਤਾ ਹੋਇਆ ਚੰਦਰਮਾ ਆਪਣੇ ਕੀਤੇ ਕਰਮਾਂ ਕਾਰਣ, ਸਰਾਪਿਆ ਹੋਇਆ ਹੈ। ਰੋਗ ਗੰਗਾ 'ਚ ਇਸ਼ਨਾਨ ਕਰਨਾ ਅਤੇ ਸ਼ਿਵਜੀ ਦਾ ਚੰਦਰਮਾ ਦੀ ਗੁੰਝ ਵਿਚ ਧਾਰਨ ਹੋਣਾ ਵੀ, ਚੰਦਰਮਾ ਦੇ ਕਲੰਕ ਨੂੰ ਮਿਟਾ ਨਹੀਂ ਸਕਿਆ।

ਇਸੇ ਤਰ੍ਹਾਂ ਅਰੁਣ (ਪ੍ਰਭਾਤ) ਪਿੰਗਲਾ ਦੀ ਪਿਤਾ, ਜਾਂਦੇ ਕਿ ਸੂਰਜ ਦਾ ਰਥਵਾਨ ਸੀ ਅਤੇ ਗਰੁੜ ਦਾ ਵਿਰਜੇਦਾਰ ਸੀ। ਬ੍ਰਹਮ ਹੱਤਿਆ ਕਾਰਣ, ਸ਼ਿਵ ਜੀ ਦੇ ਹੱਥ ਤੋਂ ਬ੍ਰਹਮਾ ਦਾ ਸਿਰ ਨਹੀਂ ਛੁੱਟਿਆ। ਉਹ ਅਨੇਕ ਤੀਰਥਾਂ ਵਿਚ ਵੀ ਭਟਕਿਆ ਪਰ ਸਿਰ, ਸ਼ਿਵ ਜੀ ਦੇ ਹੱਥੋਂ ਨਹੀਂ ਛੁੱਟ ਸਕਿਆ ਸੀ। ਅਜਿਹੇ ਇਹ ਤੁਹਾਡਾ ਹੀ ਸਮਝਾਵਣੀ।

ਸਮੁੰਦਰ, ਟਟੀਹਰੀ ਦੇ ਆਂਡਿਆਂ ਨੂੰ ਰੋੜ੍ਹ ਕੇ ਲੈ ਜਾਣ ਕਾਰਣ ਖਾਰਾ ਹੋ ਗਿਆ ਸੀ। ਪਰ ਪੌਰਾਣਿਕ ਕਥਾਵਾਂ ਅਨੁਸਾਰ ਉਸ ਵਿਚੋਂ ਚੌਦਾਂ ਰਤਨ ਨਿਕਲੇ ਸਨ ਪਰੰਤੂ ਫਿਰ ਵੀ ਉਸ ਦਾ ਤਾਂ ਖਾਰਾਪਨ ਦੂਰ ਨਹੀਂ ਹੋ ਸਕਿਆ। ਇਸੇ ਤਰ੍ਹਾਂ ਹਨੂੰਮਾਨ ਜੀ ਨੇ ਸ੍ਰੀ ਰਾਮ ਜੀ ਦੀ ਅਟੁੱਟ ਸੇਵਾ ਕੀਤੀ, ਪਰੰਤੂ ਬਦਲੇ ਵਿਚ ਇਕ ਲੰਗੋਟੀ ਜਿਹੀ ਚੀਜ਼ ਹੀ ਮਿਲੀ। ਤੁਸੀਂ ਰਾਮ ਜੀ ਨੂੰ ਹਨੂੰਮਾਨ ਤੋਂ ਜ਼ਿਆਦਾ ਕਿਵੇਂ ਪ੍ਰਸੰਨ ਕਰ ਸਕੋਗੇ।

ਇਨ੍ਹਾਂ ਉਦਾਹਰਨਾਂ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਪੂਰਬਲੇ ਕਰਮਾਂ ਦਾ ਫਲ ਤਾਂ ਭੋਗਣਾ ਹੀ ਪੈਂਦਾ ਹੈ, ਇਸ ਲਈ ਕਿਸੇ ਕਰਮ-ਕਾਂਡ ਆਦਿ ਦੀ ਜ਼ਰੂਰਤ ਨਹੀਂ ਹੈ।

ਸੋ ਭਗਤ ਤ੍ਰਿਲੋਚਨ ਜੀ ਨੇ ਆਪਣੀ ਬਾਣੀ ਵਿਚ ਪੌਰਾਣਿਕ ਹਵਾਲਿਆਂ ਨਾਲ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਮਨੁੱਖ ਦਾ ਜੀਵਨ ਆਚਰਣ ਸ਼ੁੱਧ ਹੋਵੇ ਤਦ ਹੀ ਉਸ ਦਾ ਕਲਿਆਣ ਹੋ ਸਕਦਾ ਹੈ।

**ਭਗਤ ਨਾਮਦੇਵ:** ਭਗਤ ਨਾਮਦੇਵ ਜੀ ਵੀ ਭਗਤ ਤ੍ਰਿਲੋਚਨ ਜੀ ਦੇ ਸਮਕਾਲੀ ਹੀ ਮੰਨੇ ਜਾਂਦੇ ਹਨ। ਆਪ ਦੇ ਇਕਾਹਠ ਪਦੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਆਪ ਦੀ ਬਾਣੀ ਦਾ ਅਧਿਐਨ ਕਰਨ ਉਪਰੰਤ ਪੌਰਾਣਿਕ ਹਵਾਲਿਆਂ ਦੀ ਸਾਰਥਕਤਾ ਲੱਭੀ ਜਾ ਸਕਦੀ ਹੈ। ਆਪ ਦੀ ਬਾਣੀ ਵਿਚ ਪੌਰਾਣਿਕ ਹਵਾਲਿਆਂ ਪ੍ਰਤੀ ਮੰਡਨਾਤਮਕ ਅਤੇ ਖੰਡਨਾਤਮਕ ਦੋਵਾਂ ਤਰ੍ਹਾਂ ਦੀ ਪ੍ਰਵਿਰਤੀ ਵੇਖੀ ਜਾ ਸਕਦੀ ਹੈ।

ਬੇਣੀ ਕੇ ਕੁਲ ਸੁਨਿ ਕੀ ਬਾਣੀ, ਜਨਮਿ ਥਾਪਿ ਧ੍ਰੂ ਥਾਪਿਓ ਹੋ।
ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ।[22]

ਅੰਬਰੀਕ ਕਉ ਦੀਓ ਅਭੈ ਪਦੁ, ਰਾਜੁ ਭਭੀਖਣ ਅਧਿਕ ਕਰਿਓ।
ਨਉ ਨਿਧਿ ਠਾਕੁਰਿ ਦਈ ਸੁਦਾਮੈ, ਧ੍ਰੂਅ ਅਟਲੁ ਅਜਹੂ ਨ ਟਰਿਓ।
ਭਗਤ ਹੇਤਿ ਮਾਰਿਓ ਹਰਨਾਖਸੁ, ਨਰਸਿੰਘ ਰੂਪ ਹੋਇ ਦੇਹ ਧਰਿਓ।[23]

ਭਗਤ ਨਾਮਦੇਵ ਜੀ ਨੇ ਉਪਰੋਕਤ ਸਤਰਾਂ ਵਿਚ ਪੌਰਾਣਿਕ ਹਵਾਲਿਆਂ ਦੀ ਵਰਤੋਂ ਕਰਕੇ ਇਹ ਸਪਸ਼ਟ ਕੀਤਾ ਹੈ ਕਿ ਪਰਮਾਤਮਾ ਆਪਣੇ ਸੱਚੇ ਭਗਤਾਂ ਦੀ ਸੁਣਵਾਈ ਕਰਦਾ ਹੈ ਅਤੇ ਮੁਸ਼ਕਿਲ ਵਿਚ ਉਸ ਦਾ ਸਹਾਈ ਵੀ ਹੁੰਦਾ ਹੈ। ਭਗਤ ਬਾਣੀ ਅਤੇ ਗੁਰਬਾਣੀ ਵਿਚ ਇਹ ਇਕ ਵਿਸ਼ਵਾਸ ਦੀ ਸੁਰ ਹੈ ਜਿਹੜੀ ਮਨੁੱਖ ਨੂੰ ਧੀਰਜ ਨਾਲ ਕਾਰਜ ਕਰਨ ਦੀ ਪ੍ਰੇਰਨਾ ਦਿੰਦੀ ਹੈ। ਨਾਮਦੇਵ ਜੀ ਉਸ ਪਰਮਾਤਮਾ ਦੇ ਗੁਣ ਗਾਉਂਦੇ ਹਨ ਕਿ ਉਹ ਮੇਰਾ ਪਰਮੇਸ਼ਵਰ ਹੈ ਜਿਸ ਨੇ ਮੰਦਰ ਉਤੇ ਪੁੱਠ ਘੁਮਾਇਆ ਸੀ ਅਤੇ ਜਿਸ ਨੇ ਭਗਤ ਧ੍ਰੂ ਨੂੰ ਅਟੱਲ ਪਦਵੀ ਪ੍ਰਦਾਨ ਕੀਤੀ ਸੀ, ਜਿਸ ਨੇ ਲੰਕਾ ਨੂੰ ਜਿੱਤ ਕੇ ਸੀਤਾ ਨੂੰ ਵਾਪਸ ਲਿਆਂਦਾ ਸੀ ਅਤੇ ਲੰਕਾ ਦਾ ਰਾਜ ਵਿਭੀਸ਼ਣ ਨੂੰ ਦਿੱਤਾ ਸੀ ਅਤੇ ਹਰਨਾਖਸ਼ ਨੂੰ ਮਾਰ ਕੇ ਆਪਣੇ ਭਗਤ ਪ੍ਰਹਿਲਾਦ ਦੀ ਲਾਜ ਰੱਖੀ ਸੀ।

ਨਾਮਦੇਵ ਜੀ ਨਾਮਸਿਮਰਨ ਨਾਲ ਹੀ ਹਉਮੈ ਅਤੇ ਸਾਰੇ ਪਾਪਾਂ ਦਾ ਅੰਤ ਹੋਣਾ ਮੰਨਦੇ ਹਨ। ਇਸ ਲਈ ਪੌਰਾਣਿਕ ਪਾਤਰਾਂ ਦੇ ਹਵਾਲੇ ਦਿੰਦੇ ਹਨ। ਜਿਸ ਤਰ੍ਹਾਂ ਅਜਾਮਲ, ਗਣਿਕਾ, ਪੂਤਨਾ, ਗਜ, ਅਹੱਲਿਆ, ਕੁਬਜਾ, ਦ੍ਰੋਪਦੀ ਆਦਿ।

ਹਰਿ ਹਰਨਾਖਸ ਹਰੇ ਪਰਾਨ।
ਅਜੈਮਲ ਕੀਓ ਬੈਕੁੰਠ ਥਾਨ।
ਸੂਆ ਪੜਾਵਤ ਗਨਿਕਾ ਤਰੀ।
ਸੋ ਹਰਿ ਨੈਨਹੁ ਕੀ ਪੂਤਰੀ।2।
ਹਰਿ ਹਰਿ ਕਰਤ ਪੂਤਨਾ ਤਰੀ।
ਬਾਲਘਾਤਨੀ ਕਪਟਹਿ ਭਰੀ।
ਸਿਮਰਨ ਦ੍ਰੋਪਦ ਸੁਤ ਉਧਰੀ।
ਗਊਤਮ ਸਤੀ ਸਿਲਾ ਨਿਸਤਰੀ।3।[24]

ਮੇਰੇ ਬਾਪੁ ਮਾਧਉ ਤੂੰ ਧਨੁ ਕੇਸੋ ਸਾਂਵਲੀ ਬੀਠਲਾਇ।1।
ਕਰ ਧਰੇ ਚਕ੍ਰ ਬੈਕੁੰਠ ਤੇ ਆਏ, ਗਜ ਹਸਤੀ ਕੇ ਪ੍ਰਾਨ ਉਧਾਰੀਅਲੇ।
ਦੁਹਸਾਸਨ ਕੀ ਸਭਾ ਦ੍ਰੋਪਤੀ, ਅੰਬਰ ਲੇਤ ਉਬਾਰੀਅਲੇ।
ਗੋਤਮ ਨਾਰਿ ਅਹਲਿਆ ਤਾਰੀ, ਪਾਵਨ ਕੇਤਕ ਤਾਰੀਅਲੇ।[25]

ਸੋ ਭਗਤ ਨਾਮਦੇਵ ਜੀ ਅਨੁਸਾਰ ਪ੍ਰਭੂ ਹਮੇਸ਼ਾਂ ਹੀ ਭਗਤਾਂ ਦੀ ਓਟ ਲੈਂਦਾ ਹੈ, ਜਿਵੇਂ ਕ੍ਰਿਸ਼ਨ ਜੀ ਨੇ ਦਰੋਪਦੀ ਦੀ ਓਟ ਕੀਤੀ ਅਤੇ ਜਿਵੇਂ ਸ੍ਰੀ ਰਾਮ ਨੇ ਸਰਾਪੀ ਹੋਈ ਨਾਰੀ ਅਹੱਲਿਆ ਨੂੰ ਆਪਣੀ ਚਰਨੀ ਲਾ ਕੇ ਤਾਰਿਆ।

ਭਗਤ ਕਬੀਰ: ਭਗਤ ਕਬੀਰ, ਭਗਤ ਰਵਿਦਾਸ ਜੀ ਦੇ ਨਜ਼ਦੀਕ ਸਮਕਾਲੀ ਸਨ। ਆਪ ਦੀ ਬਾਣੀ ਵਿਚ ਤਤਕਾਲੀਨ ਸਮਾਜ ਵਿਚ ਵਿਆਪਕ ਬ੍ਰਾਹਮਣੀ ਪ੍ਰਵਿਰਤੀ ਵਿਰੁੱਧ ਕਟਾਖ਼ ਕਰੇ ਵਿਸ਼ੇਸ਼ ਉਪਲੱਬਧ ਹਨ। ਆਪ ਨੇ ਜ਼ੋਰਦਾਰ ਸ਼ਬਦਾਂ ਵਿਚ ਬ੍ਰਾਹਮਣੀ ਕਰਮ-ਕਾਂਡਾਂ, ਰੀਤੀ-ਰਿਵਾਜਾਂ ਆਦਿ ਦਾ ਖੰਡਨ ਕੀਤਾ ਹੈ। ਇਸ ਉਦੇਸ਼ ਹਿਤ ਆਪ ਨੇ ਪੌਰਾਣਿਕ ਹਵਾਲਿਆਂ ਦੀ ਵਰਤੋਂ ਸਹਿਜ ਰੂਪ ਵਿਚ ਹੀ ਕੀਤੀ ਹੈ। ਪਰੰਤੂ ਬਹੁਤੇ ਹਵਾਲੇ ਖੰਡਨਾਤਮਕ ਰੂਪ ਵਿਚ ਵਰਤੇ ਗਏ ਹਨ। ਕਿਉਂਕਿ ਉਨ੍ਹਾਂ ਦੇ ਵੇਲੇ ਵਿਚ ਪੁਰਾਣ ਕਥਾਵਾਂ ਦਾ ਇਹੋ ਰੂਪ ਹੀ ਪ੍ਰਚਲਿਤ ਸੀ।

ਕਬੀਰ ਜੀ ਦੀ ਬਾਣੀ ਭਗਤਾਂ ਵਾਂਗ ਹੀ ਸਿਰਫ਼ ਨਾਮ ਸਿਮਰਨ ਬਾਰੇ ਸੋਚੀ ਸੁਰਾਂ ਵਿਚ ਪ੍ਰਬੀਨ ਰਖਦੇ ਹਨ। ਇਸ ਦੀਆਂ ਕੁਝ ਉਦਾਹਰਣਾਂ ਅਸੀਂ ਇਥੇ ਪ੍ਰਸਤੁਤ ਕਰਾਂਗੇ:

ਸਨਕ ਸਨੰਦ ਅੰਤੁ ਨਹੀ ਪਾਇਆ।
ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ।
ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ।[26]

ਸਨਕ ਸਨੰਦ ਮਹੇਸ ਸਮਾਨਾਂ।
ਸੇਖਨਾਗਿ ਤੇਰੋ ਮਰਮੁ ਨ ਜਾਨਾਂ।
ਸੰਤ ਸੰਗਤਿ ਰਾਮੁ ਰਿਦੈ ਬਸਾਈ।1।ਰਹਾਉ।
ਹਨੂਮਾਨ ਸਰਿ ਗਰੁੜ ਸਮਾਨਾਂ।
ਸੁਰਪਤਿ ਨਰਪਤਿ ਨਹੀ ਗੁਨ ਜਾਨਾਂ।2।
ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ।
ਕਮਲਾਪਤਿ ਕਵਲਾ ਨਹੀ ਜਾਨਾਂ।3।
ਕਹਿ ਕਬੀਰ ਸੋ ਭਰਮੈ ਨਾਹੀ।
ਪਗ ਲਗਿ ਰਾਮ ਰਹੈ ਸਰਨਾਂਹੀ।4।1।[27]

ਕਿਆ ਪੜੀਐ ਕਿਆ ਗੁਨੀਐ।
ਕਿਆ ਬੇਦ ਪੁਰਾਣਾ ਸੁਨੀਐ।
ਪੜੇ ਸੁਨੇ ਕਿਆ ਹੋਈ।
ਜਉ ਸਹਜ ਨ ਮਿਲਿਓ ਸੋਈ।[29]

ਉਪਰੋਕਤ ਤੁਕਾਂ ਵਿਚ ਕਬੀਰ ਜੀ ਪੌਰਾਣਿਕ ਦੇਵਤਿਆਂ ਆਦਿ ਦਾ ਖੰਡਨ ਕਰਦੇ ਹੋਏ ਦਸਦੇ ਹਨ ਕਿ ਇਹ ਦੇਵਤੇ ਜਿਹੜੇ ਕਿ ਲੋਕਾਂ ਦੁਆਰਾ ਪੂਜੇ ਜਾਂਦੇ ਹਨ, ਵੀ ਉਸ ਪਰਮਾਤਮਾ ਦੇ ਗੁਣਾਂ ਦਾ ਅੰਤ ਨਹੀਂ ਪਾ ਸਕੇ। ਸਨਕ ਸਨੰਦਨ ਜਿਹੇ ਗਿਆਨੀ ਅਤੇ ਸ਼ਿਵ ਜੀ ਵਰਗੇ ਦੇਵਤਾ ਵੀ ਤੇਰਾ ਅੰਤ ਪਾਉਣ ਵਿਚ ਅਸਮਰੱਥ ਹਨ। ਹਨੂੰਮਾਨ, ਗਰੁੜ, ਰਾਜਾ ਇੰਦਰ ਵੀ ਗੁਣ ਦਾ ਮਰਮ ਪਾਉਣ ਵਿਚ ਅਸਮਰੱਥ ਹਨ। ਇਸ ਲਈ ਕਬੀਰ ਇਨ੍ਹਾਂ ਉਦਾਹਰਨਾਂ ਨੂੰ ਦੇ ਕੇ ਇਹ ਸਪਸ਼ਟ ਕਰਦੇ ਹਨ ਕਿ ਮਨੁੱਖ ਨੂੰ ਸਿਰਫ਼ ਪ੍ਰਭੂ ਦੇ ਨਾਮ ਸਿਮਰਨ ਨਾਲ ਹੀ ਮੁਕਤੀ ਮਿਲ ਸਕਦੀ ਹੈ।

ਖੰਡਨਾਤਮਕ ਦ੍ਰਿਸ਼ਟੀ ਨੂੰ ਪੇਸ਼ ਕਰਦੀਆਂ ਕੁਝ ਹੋਰ ਉਦਾਹਰਨਾਂ ਵੀ ਵੇਖੀਆਂ ਜਾ ਸਕਦੀਆਂ ਹਨ:

ਸਰਪਨੀ ਤੇ ਊਪਰਿ ਨਹੀ ਬਲੀਆ।
ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ।[29]

ਇਥੇ ਭਗਤ ਕਬੀਰ ਜੀ ਅਪਣੀ ਗੱਲ ਮਾਇਆ ਬਾਰੇ ਕਰ ਰਹੇ ਹਨ। ਇਸ ਸਪਣੀ ਤੋਂ ਵੱਧ ਸ਼ਕਤੀਸ਼ਾਲੀ ਹੋਰ ਕੋਣ ਹੋ ਸਕਦਾ ਹੈ ਜਿਸਨੇ ਬ੍ਰਹਮਾ, ਵਿਸ਼ਨੂੰ, ਸ਼ਿਵ ਜਿਹੇ ਦੇਵਤਿਆਂ ਨੂੰ ਵੀ ਆਪਣੇ ਜਾਲ ਵਿਚ ਫਸਾ ਕੇ ਰਖਿਆ ਹੋਇਆ ਹੈ।

ਲੰਕਾ ਸਾ ਕੋਟੁ, ਸਮੁੰਦ ਸੀ ਖਾਈ।
ਤਿਹ ਰਾਵਨ ਘਰ ਖਬਰਿ ਨ ਪਾਈ।1।
ਕਿਆ ਮਾਗਉ, ਕਿਛੁ ਥਿਰੁ ਨ ਰਹਾਈ।
ਦੇਖਤ ਨੈਨ ਚਲਿਓ ਜਗੁ ਜਾਈ।1।ਰਹਾਉ।
ਇਕੁ ਲਖੁ ਪੂਤ, ਸਵਾ ਲਖੁ ਨਾਤੀ।
ਤਿਹ ਰਾਵਨ ਘਰ ਦੀਆ ਨ ਬਾਤੀ।2।[30]

ਇਸ ਸ਼ਬਦ ਵਿਚ ਕਬੀਰ ਜੀ ਲੰਕਾ ਦੇ ਰਾਜਾ ਰਾਵਣ ਦੇ ਅਭਿਮਾਨ ਦੀ ਕਥਾ ਦੱਸਦੇ ਹੋਏ ਕਹਿੰਦੇ ਹਨ ਕਿ ਰਾਵਣ ਦੇ ਘਰ ਵਿਚ ਸਭ ਕੁਝ ਹੋਣ ਤੇ ਵੀ ਉਸ ਦੇ ਘਰ ਦਾ ਦੀਵਾ ਜਗਾ ਨਹੀਂ ਰੁੱਕ ਸਕਿਆ। ਇਸ ਲਈ ਸਿਰਫ਼ ਨਾਮ ਸਿਮਰਨ ਹੀ ਇਕ ਰਸਤਾ ਹੈ ਜੋ ਕਿ ਭਵਸਾਗਰ ਤੋਂ ਪਾਰ ਉਤਾਰ ਸਕਦਾ ਹੈ। ਬਾਣੀ ਦਾ ਵਿਸ਼ਵਾਸ ਰਿਹਾ ਹੈ ਕਿ ਪ੍ਰਭੂ ਹਰ ਮਨੁੱਖ ਦੇ ਹਿਰਦੇ ਵਿਚ ਵਸਦਾ ਹੈ। ਇਸ ਲਈ ਉਸ ਦੇ ਨਾਮ ਨਾਲ ਜੁੜ ਕੇ ਸਦਾਚਾਰਕ ਜੀਵਨ ਦੀ ਸੋਝੀ ਹੋ ਸਕਦੀ ਹੈ। ਚੰਗੇਰੇ ਜੀਵਨ ਲਈ ਇਹ ਸੋਝੀ ਜ਼ਰੂਰੀ ਵੀ ਹੈ।

ਸੋਨਾ ਕੁਸਮਾ ਸੋਨਾ ਚਿੰਤੁ ਚਰਿ ਸੋਨਾ ਸੋਨਾ ਹੇ ਚੰਦ।
ਸੋਨਾ ਸਮਤਾ ਇਹੁ ਸੰਸਾਰ ਇਕੁ ਹਰਿ ਨਿਰਮਲ ਜਾ ਕਾ ਅੰਤ ਨ ਪਾਰੁ।[31]

ਕੋਟਿ ਸੂਰ ਜਾ ਕੈ ਪਰਗਾਸ ਕੋਟਿ ਮਹਾਦੇਵ ਅਰੁ ਕਬਿਲਾਸ।
ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ਬ੍ਰਹਮਾ ਕੋਟਿ ਬੇਦ ਉਚਰੈ।
ਜਉ ਜਾਚਉ, ਤਉ ਕੇਵਲ ਰਾਮ, ਆਨ ਦੇਵ ਸਿਉ ਨਾਹੀ ਕਾਮ।[32]

ਕਬੀਰ ਜੀ ਨੇ ਉਨ੍ਹਾਂ ਦੇਵੀ-ਦੇਵਤਿਆਂ ਨੂੰ ਉਸ ਪਰਮਾਤਮਾ ਦੇ ਦਰ ਤੇ ਖੜੋਤਾ ਦੱਸਿਆ ਹੈ ਜਿਨ੍ਹਾਂ ਦੀ ਮਨੁੱਖ ਪੂਜਾ ਕਰਦਾ ਹੈ, ਇਸ ਲਈ ਕਬੀਰ ਜੀ ਕਹਿੰਦੇ ਹਨ ਕਿ ਮੈਂ ਜੋ ਕੁਝ ਵੀ ਮੰਗਦਾ ਹਾਂ, ਉਸ ਪਰਮਾਤਮਾ ਦੇ ਦਰ ਤੋਂ ਹੀ ਮੰਗਦਾ ਹਾਂ। ਇਹ ਹਕੀਕਤ ਵੀ

ਹੈ ਕਿ ਦੇਵੀ-ਦੇਵਤੇ ਤਾਂ ਖੁਦ ਪਰਮਾਤਮਾ ਦੀ ਅੰਸ਼ ਹੋਣ ਕਰਕੇ ਸਭ ਕੁਝ ਪਰਮਾਤਮਾ ਪਾਸੋਂ ਮੰਗ ਕੇ ਪ੍ਰਾਪਤ ਕਰਦੇ ਹਨ। ਮਨੁੱਖ ਵੀ ਤਾਂ ਪਰਮਾਤਮਾ ਦੀ ਹੀ ਅੰਸ਼ ਹੈ। ਇਸ ਲਈ ਉਸ ਨੂੰ ਵੀ ਪਰਮਾਤਮਾ ਪਾਸੋਂ ਹੀ ਮੰਗਣਾ ਚਾਹੀਦਾ ਹੈ।

<u>ਤਾਰਕਿਕ ਦ੍ਰਿਸ਼ਟੀ</u>: ਕਬੀਰ ਜੀ ਨੇ ਭਾਵੇਂ ਵਧੇਰੇ ਕਰਕੇ ਕਰਮ-ਕਾਂਡ ਦਾ ਖੰਡਨ ਹੀ ਕੀਤਾ ਹੈ ਪਰ ਜਿੱਥੇ ਉਨ੍ਹਾਂ ਨੇ ਰੱਬੀ ਜੀਵਨ ਬਾਰੇ ਸਹਾਇਕ ਪੌਰਾਣਿਕ ਹਵਾਲਿਆਂ ਦੀ ਗੱਲ ਕੀਤੀ ਹੈ, ਉਥੇ ਉਨ੍ਹਾਂ ਦੀ ਸੁਰ ਖੰਡਨਾਤਮਕ ਤਾਰਕਿਕ ਹੋ ਗਈ ਹੈ। ਉਦਾਹਰਣ ਲਈ:

ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ।
ਤੇਊ ਉਤਰਿ ਪਾਰਿ ਪਰੇ, ਰਾਮ ਨਾਮ ਲੀਨੇ।[33]

ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ, ਹਰਨਾਖਸੁ ਨਖ ਬਿਦਾਰਿਓ।[34]

ਕਹਿ ਕਬੀਰ ਸੰਸਾ ਭ੍ਰਮੁ ਚੂਕੈ, ਧ੍ਰੂ ਪ੍ਰਹਿਲਾਦ ਨਿਵਾਜਾ।[35]

ਇਥੇ ਆਪਣੀ ਬਾਣੀ ਵਿਚ ਨਾਮ ਸਿਮਰਨ ਦੀ ਮਹਿਮਾ ਦੱਸਦੇ ਹੋਏ ਭਗਤ ਕਬੀਰ ਜੀ ਕਹਿੰਦੇ ਹਨ ਕਿ ਨਾਮ ਸਿਮਰਨ ਨਾਲ ਤਾਂ ਅਜਾਮਲ, ਗਨਿਕਾ ਜਿਹੇ ਪਾਪੀ ਵੀ ਤਰ ਗਏ ਅਤੇ ਧ੍ਰੂ, ਪ੍ਰਹਲਾਦ ਵਰਗੇ ਭਗਤਾਂ ਦਾ ਵੀ ਨਾਮ ਸਿਮਰਨ ਸਦਕਾ ਪਾਰ ਉਤਾਰਾ ਹੋ ਗਿਆ। ਪ੍ਰਹਿਲਾਦ ਦੀ ਸਾਖੀ ਨੂੰ ਲੈ ਕੇ ਤਾਂ ਕਬੀਰ ਜੀ ਨੇ ਪੂਰਾ ਸ਼ਬਦ ਹੀ ਉਚਾਰਨ ਕੀਤਾ ਹੈ:

ਪ੍ਰਹਲਾਦ ਪਠਾਏ ਪੜਨਸਾਲ। ਸੰਗਿ ਸਖਾ ਬਹੁ ਲੀਏ ਬਾਲ।
ਮੋ ਕਉ ਕਹਾ ਪੜਾਵਸਿ ਆਲ ਜਾਲ। ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋਪਾਲ।
ਨਹੀ ਛੋਡਉ ਰੇ ਬਾਬਾ ਰਾਮ ਨਾਮ। ਮੇਰੋ ਅਉਰ ਪੜਨ ਸਿਉ ਨਹੀ ਕਾਮ।
ਸੰਡੈ ਮਰਕੈ ਕਹਿਓ ਜਾਇ। ਪ੍ਰਹਿਲਾਦ ਬੁਲਾਏ ਬੇਗਿ ਧਾਇ।

ਤੂੰ ਰਾਮ ਨਾਮ ਕੀ ਛੋਡੁ ਬਾਨਿ। ਤੁਝੁ ਤੁਰਤੁ ਛਡਾਊਂ ਮੇਰੋ ਕਹਿਓ ਮਾਨਿ।
ਮੋ ਕਉ ਕਹਾ ਸਤਾਵਹੁ ਬਾਰ ਬਾਰ। ਪ੍ਰਭਿ ਜਲ ਥਲ ਗਿਰਿ ਕੀਏ ਪਹਾਰ।
ਇਕੁ ਰਾਮੁ ਨ ਛੋਡਉ ਗੁਰਹਿ ਗਾਰਿ। ਮੋ ਕਉ ਘਾਲਿ ਜਾਰਿ, ਭਾਵੈ ਮਾਰਿ ਡਾਰਿ।
ਕਾਢਿ ਖੜਗੁ ਕੋਪਿਓ ਰਿਸਾਇ। ਤੁਝ ਰਾਖਨਹਾਰੋ ਮੋਹਿ ਬਤਾਇ।
ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ। ਹਰਨਾਖਸੁ ਛੇਦਿਓ ਨਖ ਬਿਦਾਰ।
ਓਇ ਪਰਮ ਪੁਰਖ ਦੇਵਾਧਿਦੇਵ। ਭਗਤ ਹੇਤ ਨਰਸਿੰਘ ਭੇਵ।
ਕਹਿ ਕਬੀਰ ਕੋ ਲਖੈ ਨ ਪਾਰ।
ਪ੍ਰਹਿਲਾਦ ਉਧਾਰੇ ਅਨਿਕ ਬਾਰ।[36]

ਭਗਤ ਪ੍ਰਹਿਲਾਦ ਦੀ ਸਾਖੀ ਸਦੀਆਂ ਤੋਂ ਮਨੁੱਖੀ ਸੋਚ ਨੂੰ ਟੁੰਬਦੀ ਆਈ ਹੈ। ਬਾਣੀਕਾਰਾਂ ਨੇ ਤਾਂ ਇਸ ਨੂੰ ਵਾਰ-ਵਾਰ ਲਿਆਕੇ ਹਰ ਮਨੁੱਖ ਅੰਦਰ ਪ੍ਰਹਿਲਾਦ ਵਰਗੀ ਲਗਨ ਭਰ ਦਿੱਤੀ ਹੈ। ਭਗਤ ਕਬੀਰ ਜੀ ਵੀ ਇਥੇ ਇਸ ਮਿੱਥ ਕਥਾ ਨੂੰ ਆਪਣੀ ਮੂਲ ਸੋਚ ਨੂੰ ਦ੍ਰਿੜਾਉਣ ਲਈ ਵਰਤਦੇ ਪ੍ਰਤੀਤ ਹੁੰਦੇ ਹਨ। ਇਸ ਪ੍ਰਕਾਰ ਭਾਰਤੀ ਸਾਹਿਤ ਦੇ ਪੁਰਾਤਨ ਵਿਰਸੇ ਪੁਰਾਣਾਂ ਨੇ ਅਨੇਕ ਸਦੀਆਂ ਤੋਂ ਲੋਕ ਮਨ ਵਿਚ ਆਪਣੇ ਲਈ ਸੁਰੱਖਿਅਤ ਸਥਾਨ ਬਣਾਇਆ ਹੋਇਆ ਹੈ। ਬਾਣੀਕਾਰਾਂ ਨੇ ਵੀ ਇਨ੍ਹਾਂ ਪੁਰਾਣਾਂ ਦੀਆਂ ਕਥਾਵਾਂ ਨੂੰ ਵਾਰ-ਵਾਰ ਆਪਣੀ ਬਾਣੀ ਵਿਚ ਲਿਆ ਕੇ ਲੋਕਾਂ ਤਕ ਆਪਣੀ ਗਹਿਰ ਗੰਭੀਰ ਸੋਚ ਪਹੁੰਚਾਈ ਹੈ। ਉਪਰੋਕਤ ਤੋਂ ਵੀ ਸਪਸ਼ਟ ਹੈ ਕਿ ਗੁਰੂ ਰਵਿਦਾਸ ਅਤੇ ਉਨ੍ਹਾਂ ਤੋਂ ਪੁਰਬਲੇ ਜਿਨ੍ਹਾਂ ਹੋਰ ਭਗਤ ਬਾਣੀਕਾਰਾਂ ਨੇ ਪੌਰਾਣਿਕ ਹਵਾਲਿਆਂ ਦੀ ਵਰਤੋਂ ਕੀਤੀ ਹੈ, ਉਨ੍ਹਾਂ ਨੇ ਵਿਸ਼ੇਸ਼ ਤੌਰ ਤੇ ਹੇਠ ਲਿਖੇ ਪੌਰਾਣਿਕ ਪ੍ਰਸੰਗ ਲਿਆਂਦੇ ਹਨ।

1. ਦੇਵੀ-ਦੇਵਤਿਆਂ ਦੇ ਪ੍ਰਸੰਗ
2. ਰਿਸ਼ੀਆਂ-ਮੁਨੀਆਂ ਦੇ ਪ੍ਰਸੰਗ
3. ਮੁਕਤੀ ਪ੍ਰਾਪਤ ਪ੍ਰਭੂ ਭਗਤਾਂ ਦੇ ਪ੍ਰਸੰਗ

ਇਹ ਸਿਰਜਿਤ ਪੰਥ ਭਾਰਤੀ ਰੂਪ ਵਿਚ ਇਸ ਪ੍ਰਕਾਰ ਦਰਸਾ ਸਕਦੇ ਹਾਂ:

| ਦੇਵੀ-ਦੇਵਤਿਆਂ ਦੇ ਪ੍ਰਸੰਗ | ਰਿਸ਼ੀਆਂ-ਮੁਨੀਆਂ ਦੇ ਪ੍ਰਸੰਗ | ਮੁਕਤੀ ਪ੍ਰਾਪਤ ਪ੍ਰਭੂ ਭਗਤਾਂ ਦੇ ਪ੍ਰਸੰਗ | ਪੌਰਾਣਿਕ ਪਾਤਰ |
|---|---|---|---|
| ਬ੍ਰਹਮਾ | ਸਨਕ ਸਨੰਦਨ | ਅਜਾਮਲ | ਰਾਵਣ |
| ਵਿਸ਼ਨੂ | ਬਾਲਮੀਕਿ | ਗਜ | ਵਿਭੀਖਣ |
| ਸ਼ਿਵ | ਗੌਤਮ | ਗਨਿਕਾ | ਹਰਨਾਖਸ਼ |
| ਇੰਦਰ | | ਪ੍ਰਹਿਲਾਦ | ਦ੍ਰੋਪਦੀ |
| ਕ੍ਰਿਸ਼ਨ | | ਧਰੂ | [illegible] |
| ਰਾਮਚੰਦ੍ਰ | | ਕੁਬਜਾ | ਦੁਰਯੋਧਨ |
| ਦੁਰਗਾ ਦੇਵੀ | | ਪੂਤਨਾ | ਵਿਦੁਰ |
| ਨਰਸਿੰਘ ਅਵਤਾਰ | | ਅਹੱਲਿਆ | ਜਾਨਕੀ |
| | | | ਸੁਦਾਮਾ |
| | | | ਸੰਕਰੀਤ |
| | | | ਦੁਸ਼ਾਸਨ |
| | | | ਹਨੂਮਾਨ |

ਇਨ੍ਹਾਂ ਪ੍ਰਸੰਗਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਹਰ ਜੁੱਗ ਵਿਚ ਇਨ੍ਹਾਂ ਦੀ ਕਥਾਤਮਕ ਸਾਰਥਕਤਾ ਕਾਇਮ ਰਹੀ ਹੈ। ਅੱਜ ਵੀ ਇਹ ਉਸੇ ਤਰ੍ਹਾਂ ਹੀ ਸਾਰਥਕ ਹਨ ਜਿਵੇਂ ਕਿ ਗੁਰੂ ਰਵਿਦਾਸ ਜੀ ਦੇ ਸਮੇਂ ਵਿਚ ਸਨ। ਇਸ ਪੱਖੋਂ ਸਭਨਾਂ ਹੀ ਭਗਤਾਂ ਦੀ ਸੋਚ ਇੱਕੋ ਤਰ੍ਹਾਂ ਕੰਮ

ਕਰਦੀ ਸੀ। ਇਸ ਕਰਕੇ ਹੀ ਉਨ੍ਹਾਂ ਦੀ ਸ਼ਬਦਾਵਲੀ, ਉਨ੍ਹਾਂ ਦੇ ਭਾਵ ਵਿਚਾਰ ਅਤੇ ਪੌਰਾਣਿਕ ਪ੍ਰਸੰਗ ਇਕ ਦੂਜੇ ਨਾਲ ਕਾਫੀ ਸਮਾਨਤਾ ਰਖਦੇ ਹਨ। ਇਸ ਦਾ ਵੱਡਾ ਕਾਰਨ ਇਹ ਹੈ ਕਿ ਰਵਿਦਾਸ ਬਾਣੀ ਹੌਲੀ-ਹੌਲੀ ਆਪਣਾ ਸਾਹਿਤਕ ਸਭਿਆਚਾਰਕ ਚਿਹਨ ਵੀ ਸਿਰਜਦੀ ਤੁਰੀ ਗਈ। ਇਹ ਬਿਲਕੁਲ ਉਵੇਂ ਹੀ ਹੋਇਆ ਜਿਵੇਂ ਗੁਰਮਤਿ ਚੇਤਨਾ ਹੌਲੀ-ਹੌਲੀ ਪੰਜਾਬੀ ਸਭਿਆਚਾਰ ਵਿਚ ਮੁਹਾਵਰਾ ਬਣ ਕੇ ਫੈਲਦੀ ਗਈ। ਇੰਜ ਹੀ ਰਵਿਦਾਸ ਬਾਣੀ ਮੁਹਾਵਰਾ ਬਣ ਕੇ ਆਪਣਾ ਇਕ ਵੱਖਰਾ ਪੈਰਾਡਾਈਮ ( paradigm ) ਸਿਰਜਦੀ ਰਹੀ।

## ਪੈਰ-ਟਿੱਪਣੀਆਂ ਅਤੇ ਹਵਾਲੇ


1. Claude Levi-Strauss, Myth and Meaning, p. 14.
2. ਪ੍ਰੋਫੈਸਰ ਧਰਮਪਾਲ ਸਿੰਗਲ (ਸੰਪਾ.), ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 19.
3. ਉਹੀ, ਪੰਨਾ 44.
4. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346.
5. ਉਹੀ, ਪੰਨਾ 875.
6. ਡਾ. ਰਤਨ ਸਿੰਘ ਜੱਗੀ, ਵਿਚਾਰਧਾਰਾ, ਪੰਨੇ 114-15.
7. ਬਾਣੀ ਸ੍ਰੀ ਰਵਿਦਾਸ ਜੀ, ਪੰਨਾ 23.
8. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1124.
9. ਬਾਣੀ ਸ੍ਰੀ ਰਵਿਦਾਸ ਜੀ, ਪੰਨਾ 71.
10. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1124.
11. ਬਾਣੀ ਸ੍ਰੀ ਰਵਿਦਾਸ ਜੀ, ਪੰਨਾ 29.
12. ਉਹੀ, ਪੰਨਾ 43.
13. ਉਹੀ, ਪੰਨਾ 49.
14. ਉਹੀ, ਪੰਨਾ 44.
15. ਉਹੀ, ਪੰਨਾ 66.
16. ਜਸਬੀਰ ਸਿੰਘ ਸਾਬਰ (ਸੰਪਾ.), ਭਗਤ ਰਵਿਦਾਸ : ਸ੍ਰੋਤ ਪੁਸਤਕ, ਪੰਨਾ 49.

17. Roland Barthes, *Writing Degree Zero*, pp. 24-26.

18. ਡਾ. ਚੰਦ੍ਰਦੇਵ ਰਾਇ, *ਕਬੀਰ ਔਰ ਰੈਦਾਸ: ਏਕ ਤੁਲਨਾਤਮਕ ਅਧਿਐਨ*, ਪੰਨਾ 66.

19. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1195.

20. ਉਹੀ, ਪੰਨਾ 525

21. ਉਹੀ, ਪੰਨਾ 695.

22. ਉਹੀ, ਪੰਨਾ 657.

23. ਉਹੀ, ਪੰਨਾ 1108.

24. ਉਹੀ, ਪੰਨਾ 874.

25. ਉਹੀ, ਪੰਨਾ 983.

26. ਉਹੀ, ਪੰਨਾ 478.

27. ਉਹੀ, ਪੰਨਾ 691.

28. ਉਹੀ, ਪੰਨਾ 655.

29. ਉਹੀ, ਪੰਨਾ 480.

30. ਉਹੀ, ਪੰਨਾ 481.

31. ਉਹੀ, ਪੰਨਾ 1158.

32. ਉਹੀ, ਪੰਨਾ 1162.

33. ਉਹੀ, ਪੰਨਾ 692.

34. ਉਹੀ, ਪੰਨਾ 856.

35. ਉਹੀ, ਪੰਨਾ 856.

36. ਉਹੀ, ਪੰਨਾ 1198.

# ਅਧਿਆਇ ਤੀਜਾ

## ਰਵਿਦਾਸ ਬਾਣੀ: ਪੌਰਾਣਿਕ ਤੱਤ

ਪੌਰਾਣਿਕ ਦੇਵਤੇ

ਰਿਸ਼ੀ-ਮੁਨੀਆਂ ਦੇ ਕਥਾ ਪ੍ਰਸੰਗ

ਮੁਕਤੀ ਪ੍ਰਾਪਤ ਪ੍ਰਭੂ ਭਗਤਾਂ ਦੇ ਪ੍ਰਸੰਗ

ਪੌਰਾਣਿਕ ਘਟਨਾਵਾਂ

ਪ੍ਰਾਚੀਨ ਰਾਜ-ਵੰਸ਼ਾਂ ਦੇ ਕਥਾ ਪ੍ਰਸੰਗ

ਭਗਤ ਰੱਖਿਆ ਖਾਤਿਰ ਪ੍ਰਭੂ ਅਵਤਰਨ

ਰਾਮਾਇਣ ਅਤੇ ਮਹਾਂਭਾਰਤ ਨਾਲ ਸੰਬੰਧਤ ਘਟਨਾਵਾਂ ਅਤੇ ਪਾਤਰ

ਪੌਰਾਣਿਕ ਪ੍ਰਤੀਕ

## ਰਵਿਦਾਸ ਬਾਣੀ: ਪੌਰਾਣਿਕ ਤੱਤ

ਗੁਰਬਾਣੀ ਚਿੰਤਨ ਦੇ ਮੂਲ ਪਾਸਾਰ ਤੋਂ ਅਤੇ ਇਸ ਦੀ ਸਿਧਾਂਤਕ ਸ਼ੈਲੀ ਤੋਂ ਇਹ ਗੱਲ ਭਲੀ-ਭਾਂਤ ਨਿਰੂਪਿਤ ਹੁੰਦੀ ਹੈ ਕਿ ਇਸ ਚੇਤਨਾ ਦਾ ਮੂਲ ਆਧਾਰ ਨਿਰਾਕਾਰ ਅਰਾਧਨਾ ਨਾਲ ਜੁੜਦਾ ਹੈ। ਇਸ ਦੇ ਬਾਵਜੂਦ ਗੁਰਬਾਣੀ ਦੀ ਚੇਤਨਾ ਵਿਚੋਂ ਨਿਹਿਤ ਲੋਕਵੇਦੀ ਆਪਣੇ ਅੰਦਰ ਵੇਦਾਂ, ਪੁਰਾਣਾਂ ਦੇ ਹਵਾਲੇ ਅੰਗੀਕਾਰ ਕਰੀ ਬੈਠੀ ਹੈ। ਇਹ ਨਿਰਾਕਾਰ ਅਤੇ ਸਾਕਾਰ ਚੇਤਨਾ ਦਾ ਫਰਕ ਪੈਦਾ ਕਰਨ ਵਾਲਿਆਂ ਅੰਦਰ ਇਕ ਭ੍ਰਾਂਤੀ ਪੈਦਾ ਕਰ ਸਕਦੀ ਹੈ।

ਪਰ ਇਸ ਦਾ ਇੱਕੋ ਇਕ ਪੱਖ ਇਹ ਸਾਹਮਣੇ ਆਉਂਦਾ ਹੈ ਕਿ ਮਨੁੱਖ ਕੋਲ ਭਾਸ਼ਾਈ ਸਮਰੱਥਾ ਥੋੜ੍ਹੀ ਹੈ, ਉਹ ਅਪ੍ਰਤੱਖ ਨੂੰ ਪ੍ਰਤੱਖ ਕਰਨ ਲਈ ਤੁਲਨਾਤਮਕ ਵੇਰਵਿਆਂ ਅਤੇ ਰੂਪਕਾਂ ਦੇ ਸਹਾਰੇ ਜੋੜਦਾ ਹੈ। ਇੰਜ ਉਹ ਅਪਰੋਖ ਨੂੰ ਪਰੋਖ ਕਰਦਾ ਹੈ।

ਗੁਰਮਤਿ ਚੇਤਨਾ ਵੀ ਇਸੇ ਪ੍ਰਕਾਰ ਦੀ ਜੁਗਤ ਅਪਣਾਉਂਦੀ ਪ੍ਰਤੀਤ ਹੁੰਦੀ ਹੈ। ਗੁਰੂ ਸਾਹਿਬਾਨ ਅਤੇ ਨਿਰਗੁਣਧਾਰਾ ਨਾਲ ਜੁੜੇ ਭਗਤਾਂ ਨੇ ਭਾਵੇਂ ਚੇਤਨਾ ਦੇ ਪੱਖ ਤੋਂ ਨਿਰਗੁਣਧਾਰਾ ਦਾ ਪੱਲਾ ਫੜਿਆ ਪਰ ਆਪਣੀ ਚੇਤਨਾ ਨੂੰ ਦ੍ਰਿੜਾਉਣ ਲਈ ਉਨ੍ਹਾਂ ਵੇਦਾਂ, ਪੁਰਾਣਾਂ ਅਤੇ ਹੋਰ ਕਈ ਲੋਕਧਾਰਮਿਕ ਵੇਰਵਿਆਂ ਦੀ ਜੁਗਤ ਭਰਪੂਰ ਵਰਤੋਂ ਕੀਤੀ। ਤਾਰਕਿਕ ਦ੍ਰਿਸ਼ਟੀ ਨਾਲ ਵੇਖਿਆਂ ਵੈਸੇ ਵੀ ਨਿਰਗੁਣ ਅਤੇ ਸਗੁਣ ਵਿਚ ਕੋਈ ਫਰਕ ਨਹੀਂ, ਫਰਕ ਹੈ ਤਾਂ ਸਿਰਫ਼ ਮਨੁੱਖੀ ਚੇਤਨਾ ਦੇ ਵੱਖ-ਵੱਖ ਪਾਸਾਰਾਂ ਦਾ, ਜੋ ਕਿ ਅਭਿਵਿਅਕਤੀ ਲਈ ਵੱਖ-ਵੱਖ ਆਯਾਮ ਲੱਭਦੇ ਹਨ।

ਜਿਸ ਤਰ੍ਹਾਂ ਵੈਦਿਕ ਗਿਆਨ ਵਿਗਿਆਨ ਨੂੰ ਜਨ-ਸਾਧਾਰਨ ਤਕ ਪਹੁੰਚਾਉਣ ਲਈ ਵਿਆਸ ਜੀ ਨੇ ਸਰਲ ਸੰਸਕ੍ਰਿਤ ਭਾਸ਼ਾ ਵਿਚ ਪੁਰਾਣਾਂ ਦਾ ਸੰਪਾਦਨ ਕੀਤਾ ਸੀ, ਉਸੇ ਤਰ੍ਹਾਂ ਹੀ ਗੁਰੂ ਗ੍ਰੰਥ ਬਾਣੀ ਉਸੇ ਗਿਆਨ-ਵਿਗਿਆਨ ਨੂੰ ਸੰਮਕਾਲੀਨ ਜਨ-ਮਾਨਸ ਤੱਕ ਪਹੁੰਚਾਉਣ ਲਈ ਜਨ-ਭਾਸ਼ਾ ਦੇ ਮਾਧਿਅਮ ਨਾਲ ਪ੍ਰਸਤੁਤ ਸੰਕਲਨ ਵਿਚ ਨੀਤਿ, ਭਗਤੀ, ਸਤਿਸੰਗ, ਨਾਮ-ਸਿਮਰਨ, ਸਤਿਗੁਰੂ ਮਹਿਮਾ ਅਤੇ ਇਸੇ ਤਰ੍ਹਾਂ ਦੇ ਹੋਰ ਵਿਸ਼ਿਆਂ ਦਾ ਅਧਾਤਮ ਗਾਨ ਕਰ ਰਹੀ ਹੈ। ਇਸ ਤਰ੍ਹਾਂ ਨਾਲ ਸਮੁੱਚਾ ਗੁਰੂ ਗ੍ਰੰਥ ਸਾਹਿਬ ਵੀ ਇਕ ਪੁਰਾਣ ਹੀ ਕਿਹਾ ਜਾਣਾ ਚਾਹੀਦਾ ਹੈ।[1] ਸੂਫੀ ਅਤੇ ਭਗਤ ਕਵੀਆਂ ਨੇ ਵੀ ਉਪਨਿਸ਼ਦਾਂ ਅਤੇ ਪੁਰਾਣਾਂ ਦੀਆਂ ਕਥਾਵਾਂ ਨੂੰ ਬੜੀ ਉਦਾਰਤਾ ਨਾਲ ਆਪਣੀ ਰਚਨਾ ਵਿਚ ਮੂਰਤੀਮਾਨ ਕੀਤਾ ਹੈ। ਇਸ ਪੱਖੋਂ ਗੁਰੂ ਰਵਿਦਾਸ ਜੀ ਵੀ ਅਤਿਅੰਤ ਵਿਦਵਾਨ ਅਤੇ ਭਾਰਤੀ ਸਭਿਆਚਾਰ ਦੇ ਮੂਲ ਸੋਮੇ ਨਾਲ ਜੁੜੇ ਹੋਏ ਮਹਾਨ ਕਵੀ ਸਨ। ਉਨ੍ਹਾਂ ਤੋਂ ਪਹਿਲਾਂ ਅਤੇ ਉਨ੍ਹਾਂ ਦੇ ਵੇਲੇ ਵਿਚ ਜੋ ਕੁਝ ਵੀ ਲੋਕ ਮਾਨਸ ਵਿਚ ਵਸਿਆ ਹੋਇਆ ਸੀ, ਗੁਰੂ ਜੀ ਨੇ ਉਸ ਨੂੰ ਆਪਣੀ ਬਾਣੀ ਵਿਚ ਸਮਰਸ ਕਰਕੇ ਪੇਸ਼ ਕੀਤਾ ਹੈ। ਉਨ੍ਹਾਂ ਦੀ ਬਾਣੀ ਦੀ ਲੋਕਪ੍ਰਿਯਤਾ ਦਾ ਇਕ ਮੁੱਖ ਕਾਰਨ ਇਹ ਵੀ ਸੀ।

ਇਸ ਦ੍ਰਿਸ਼ਟੀ ਤੋਂ ਇਸ ਅਧਿਆਇ ਵਿਚ ਰਵਿਦਾਸ ਬਾਣੀ ਵਿਚ ਪ੍ਰਸਤੁਤ ਪੌਰਾਣਿਕ ਹਵਾਲੇ, ਰਿਸ਼ੀ-ਮੁਨੀਆਂ ਦੇ ਕਥਾ-ਪ੍ਰਸੰਗ, ਮੁਕਤੀ ਪ੍ਰਾਪਤ ਪ੍ਰਭੂ ਭਗਤਾਂ ਦੇ ਪ੍ਰਸੰਗ, ਪੌਰਾਣਿਕ ਘਟਨਾਵਾਂ, ਪ੍ਰਾਚੀਨ ਰਾਜ-ਵੰਸ਼ਾਂ ਦੇ ਕਥਾ-ਪ੍ਰਸੰਗ, ਭਗਤ ਰੱਖਿਆ ਖ਼ਾਤਿਰ ਪ੍ਰਭੂ ਅਵਤਰਨ, ਰਾਮਾਇਣ ਅਤੇ ਮਹਾਭਾਰਤ ਨਾਲ ਸੰਬੰਧਤ ਘਟਨਾਵਾਂ ਅਤੇ ਪਾਤਰ ਅਤੇ ਪੌਰਾਣਿਕ ਪ੍ਰਤੀਕ ਦਾ ਸੰਖੇਪ ਰੂਪ ਵਿਚ ਅਧਿਐਨ ਪ੍ਰਸਤੁਤ ਕੀਤਾ ਜਾਵੇਗਾ।

## 1. ਪੌਰਾਣਿਕ ਦੇਵਤੇ

ਰਵਿਦਾਸ ਬਾਣੀ ਵਿਚ ਪੌਰਾਣਿਕ ਦੇਵਤੇ ਜਿਵੇਂ ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿ ਦੇ ਹਵਾਲੇ ਮੌਜੂਦ ਹਨ। ਇਨ੍ਹਾਂ ਪੌਰਾਣਿਕ ਹਵਾਲਿਆਂ ਦੀ ਵਰਤੋਂ ਕਰਕੇ ਰਵਿਦਾਸ ਜੀ ਨੇ ਇਸ ਗੱਲ ਨੂੰ ਦ੍ਰਿੜਾਇਆ ਹੈ ਕਿ ਪਰਮਾਤਮਾ ਦਾ ਨਾਮ ਹੀ ਸਭ ਤੋਂ ਵੱਡੀ ਸਚਾਈ ਹੈ, ਉਸ ਦੇ ਤੁੱਲ ਹੋਰ ਕੋਈ ਨਹੀਂ ਹੈ। ਭਗਵਾਨ ਵਿਸ਼ਨੂੰ ਜਾਂ ਬ੍ਰਹਮਾ, ਜਿਨ੍ਹਾਂ ਨੂੰ ਦੇਵਤਿਆਂ ਦੀ ਪਦਵੀ ਪ੍ਰਾਪਤ ਹੈ, ਵੀ ਉਸ ਮਨੁੱਖ ਦੇ ਸਮਾਨ ਨਹੀਂ ਹਨ ਜੋ ਨਾਮ ਦਾ ਸਿਮਰਨ ਕਰਦਾ ਹੈ, ਅਰਥਾਤ ਗੁਰੂ ਰਵਿਦਾਸ ਜੀ ਨੇ ਨਾਮ ਸਿਮਰਨ ਨੂੰ ਹੀ ਸਭ ਤੋਂ ਉੱਤਮ ਦੱਸਿਆ ਹੈ। ਉਦਾਹਰਨ ਵਜੋਂ:

ਹਰਿ ਜਪਤ ਤੇਊ ਜਨਾ ਪਦਮ ਕਵਲਾਸਪਤਿ ਤਾਸ ਸਮ ਤੁਲਿ ਨਹੀ ਆਨ ਕੋਊ।[2]

ਅਰਥਾਤ ਜੋ ਪੁਰਸ਼ ਹਰੀ ਦਾ ਨਾਮ ਜਪਦੇ ਹਨ ਉਨ੍ਹਾਂ ਪੁਰਸ਼ਾਂ ਦੇ ਸਮਾਨ ਨਾ ਤਾਂ ਬ੍ਰਹਮਾ, ਨਾ ਹੀ ਵਿਸ਼ਨੂੰ ਹੋ ਸਕਦੇ ਹਨ।

ਬ੍ਰਹਮਾ: ਬ੍ਰਹਮਾ ਜੀ ਹਿੰਦੂ ਤ੍ਰਿਮੂਰਤੀ ਦੇ ਪ੍ਰਮੁੱਖ ਦੇਵਤਾ ਮੰਨੇ ਜਾਂਦੇ ਹਨ। ਇਹ ਉਸ ਬ੍ਰਹਮਾਂਡ (ਦੁਨਿਆਵੀ ਅੰਡੇ) ਤੋਂ ਪ੍ਰਗਟ ਹੋਏ ਸਨ ਜਿਸ ਨੂੰ ਪ੍ਰਮੁੱਖ ਕਰਤੇ ਨੇ ਪੈਦਾ ਕੀਤਾ ਸੀ। ਇਹ ਪ੍ਰਜਾਪਤੀ ਅਤੇ ਸਭ ਜੀਵ-ਜੰਤੂਆਂ ਦੇ ਪਿਤਾ ਹਨ ਅਤੇ ਰਿਸ਼ੀਆਂ ਜਾਂ ਪ੍ਰਜਾਪਤੀਆਂ ਵਿਚੋਂ ਸਭ ਤੋਂ ਪਹਿਲਾਂ ਹਨ।[3] ਇਕ ਹੋਰ ਮਤ ਅਨੁਸਾਰ ਸ਼ੇਸ਼ ਦੀ [illegible] ਤੇ ਬੈਠੇ ਵਿਸ਼ਨੂੰ ਜੀ ਦੀ ਨਾਭੀ ਵਿਚੋਂ ਜੋ ਕਮਲ ਉਤਪੰਨ ਹੋਇਆ ਸੀ, ਉਸੇ ਤੋਂ ਬ੍ਰਹਮਾ ਦਾ ਜਨਮ ਹੋਇਆ ਸੀ।

ਬ੍ਰਹਮਾ ਦੇ ਚਾਰ ਮੁਖ ਹੋਣ ਕਾਰਨ ਉਨ੍ਹਾਂ ਨੂੰ ਚਤੁਰਮੁਖ ਵੀ ਕਿਹਾ ਜਾਂਦਾ ਹੈ।[4] ਇਨ੍ਹਾਂ ਦੀਆਂ ਚਾਰ ਬਾਹਵਾਂ ਹਨ। ਇਕ ਹੱਥ ਵਿਚ ਸੁਰਾਹੀ ਡੰਡਾ ਜਾਂ ਮਾਲਾ ਜਾਂ ਪਰਿਵੀਤ ਨਾਂ ਦਾ ਧਨੁਸ਼ ਜਾਂ ਪਾਣੀ ਫੜਿਆ ਹੋਇਆ ਹੈ। ਵਿਦਿਆ ਦੀ ਦੇਵੀ ਸਰਸਵਤੀ ਇਨ੍ਹਾਂ ਦੀ ਪਤਨੀ ਹੈ, ਜਿਸ ਨੂੰ ਬ੍ਰਾਹਮੀ ਵੀ ਕਹਿੰਦੇ ਹਨ। ਇਹ ਹੰਸ ਦੀ ਸਵਾਰੀ ਕਰਦੇ ਹਨ।[5]

**ਵਿਸ਼ਨੂੰ :** ਵਿਸ਼ ਧਾਤੂ = ਵਿਆਪਕ ਹੋਣਾ। ਇਹ ਭਾਰਤੀ ਮਿਥਿਹਾਸ ਦੇ ਤ੍ਰਿਦੇਵਾਂ ਵਿਚੋਂ ਦੂਜੇ ਦੇਵਤਾ ਹਨ। ਰਿਗਵੇਦ ਵਿਚ ਵਿਸ਼ਨੂੰ ਨੂੰ ਪ੍ਰਥਮ ਸ਼੍ਰੇਣੀ ਦੇ ਦੇਵਤਿਆਂ ਵਿਚ ਨਹੀਂ ਗਿਣਿਆ ਜਾਂਦਾ। ਮਹਾਂਭਾਰਤ ਅਤੇ ਪੁਰਾਣਾਂ ਵਿਚ ਇਸ ਨੂੰ ਪ੍ਰਜਾਪਤੀ (ਸਿਰਜਣਹਾਰ) ਅਤੇ ਸਭ ਤੋਂ ਵੱਡਾ ਦੇਵਤਾ ਮੰਨਦੇ ਹਨ, ਇਸ ਕਰਕੇ ਇਸ ਦੀਆਂ ਤਿੰਨ ਅਵਸਥਾਵਾਂ ਹਨ: ਬ੍ਰਹਮਾ ਜੋ ਕ੍ਰਿਆਸ਼ੀਲ ਸਿਰਜਣਹਾਰ ਅਤੇ ਇਕ ਕੰਵਲ ਵਿਚੋਂ ਜੋ ਵਿਸ਼ਨੂੰ ਦੀ ਧੁੰਨੀ ਵਿਚੋਂ, ਜਦੋਂ ਉਹ ਪਾਣੀ ਵਿਚ ਸੁੱਤੇ ਪਏ ਸਨ, ਪੈਦਾ ਹੋਏ ਸਨ। ਦੂਸਰਾ ਵਿਸ਼ਨੂੰ ਆਪ ਰੱਖਿਅਕ, ਇਕ ਅਵਤਾਰ ਜਾਂ ਮਨੁੱਖੀ ਰੂਪ ਵਿਚ ਜਿਵੇਂ ਕ੍ਰਿਸ਼ਨ ਰੂਪ ਵਿਚ, ਤੀਸਰਾ ਸ਼ਿਵ ਜਾਂ ਰੁਦਰ; ਸੰਘਾਰਕ ਸ਼ਕਤੀ ਜੋ ਮਹਾਂਭਾਰਤ ਅਨੁਸਾਰ ਇਸ ਦੇ ਮੱਥੇ ਵਿਚੋਂ ਨਿਕਲੇ ਸਨ।[6] ਵਿਸ਼ਨੂੰ ਦੇ ਦਸ ਅਵਤਾਰ ਮੰਨੇ ਜਾਂਦੇ ਹਨ ਪਰੰਤੂ ਭਾਗਵਤ ਪੁਰਾਣ[7] ਵਿਚ ਇਹ ਗਿਣਤੀ ਬਾਈ ਦੱਸੀ ਗਈ ਹੈ। ਜਿਨ੍ਹਾਂ ਵਿਚ ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਸਭ ਤੋਂ ਵੱਧ ਲੋਕਪ੍ਰਿਯ ਹਨ। ਇਨ੍ਹਾਂ ਦੀ ਪਤਨੀ ਲਛਮੀ ਹੈ। ਇਨ੍ਹਾਂ ਦੇ ਸਵਰਗ ਨੂੰ ਬੈਕੁੰਠ ਕਹਿੰਦੇ ਹਨ ਅਤੇ ਇਹ ਗਰੁੜ ਪੰਛੀ ਦੀ ਸਵਾਰੀ ਕਰਦੇ ਹਨ।[8]

**ਸ਼ਿਵ:** ਭਗਵਾਨ ਸ਼ਿਵ ਸੰਬੰਧੀ ਹਵਾਲਾ ਵੀ ਰਵਿਦਾਸ ਬਾਣੀ ਵਿਚ ਉਪਲਬਧ ਹੈ। ਉਦਾਹਰਨ ਵਜੋਂ:

ਸਿਵ ਸਨਕਾਦਿਕ ਪਾਰ ਨ ਪਾਵੈ ਸੋ ਕਛੁਹੈ ਕੀ ਕੌਨ ਗਿਨੀ ਹੈ।
ਜਾਕੀ ਪ੍ਰੀਤਿ ਨਿਰੰਤਰਿ ਰਹਿ ਸੋਂ, ਕਹੇ ਰਵਿਦਾਸ ਤਾਕੀ ਸਦਾ ਹੀ ਬਨੀ ਹੈ।[9]

ਅਰਥਾਤ ਜਿਸ ਕੁਦਰਤ ਜਾਂ ਪਰਮਾਤਮਾ ਦਾ ਅੰਤ ਸ਼ਿਵ, ਸਨਕਾਦਿਕ ਵਰਗੇ ਦੇਵਤਾ ਅਤੇ ਰਿਸ਼ੀ-ਮੁਨੀ ਨਹੀਂ ਪਾ ਸਕੇ, ਉਸ ਨੂੰ ਜਾਣਨਾ ਮੇਰੇ ਵਰਗੇ ਮਨੁੱਖ ਦੀ ਸਮਝ ਤੋਂ ਬਾਹਰ ਦੀ ਗੱਲ ਹੈ। ਮੁਕਦੀ ਗੱਲ ਇਹ ਹੈ ਕਿ ਜਿਨ੍ਹਾਂ ਪ੍ਰਾਣੀਆਂ ਦੀ ਪ੍ਰੀਤ ਉਸ ਹਰੀ ਅਰਥਾਤ ਪਰਮਾਤਮਾ ਨਾਲ ਜੁੜੀ ਹੋਈ ਹੈ, ਉਨ੍ਹਾਂ ਪ੍ਰਾਣੀਆਂ ਲਈ ਸਦਾ ਹੀ ਸੁੱਖ ਹੁੰਦਾ ਹੈ।

ਭਗਵਾਨ ਸ਼ਿਵ ਬਾਰੇ ਵੇਦਾਂ ਵਿਚ ਕੋਈ ਵੇਰਵਾ ਉਪਲੱਬਧ ਨਹੀਂ ਹੈ। ਇਸ ਦੇ ਸਥਾਨ ਤੇ ਰੁਦਰ ਨਾਮ ਦਾ ਜ਼ਿਕਰ ਆਉਂਦਾ ਹੈ। ਰੁਦਰ ਪ੍ਰਜਾਪਤੀ ਦਾ ਪੁੱਤਰ ਹੈ। ਵੇਦਾਂ ਦੇ 'ਰੁਦਰ' ਦੇਵਤਾ ਤੋਂ ਹੀ ਸ਼ਿਵ ਦਾ ਵਿਕਾਸ ਹੋਇਆ। ਸ਼ਿਵ ਹਿੰਦੂ ਤ੍ਰੈਮੂਰਤੀ ਦੇ ਤੀਜੇ ਦੇਵਤਾ ਹਨ। ਪੁਨਰ-ਉਤਪਤੀ ਕਾਰਨ ਮਹਾਨ ਸ਼ਕਤੀ ਹੈ ਅਤੇ ਇਹ ਕਲਿਆਣਕਾਰੀ ਹੈ। ਇਨ੍ਹਾਂ ਦਾ ਨਿਵਾਸ ਕੈਲਾਸ਼ ਪਰਬਤ ਹੈ। ਇਹ ਜਟਾਂ ਨੂੰ ਧਾਰਨ ਕਰਨ ਵਾਲੇ ਅਤੇ ਸਰੀਰ ਤੇ ਵਭੂਤੀ ਮਲੀ ਰੱਖਣ ਵਾਲੇ ਦੇਵਤੇ ਹਨ। ਸਿਰ ਤੇ ਸੱਪ ਅਤੇ ਗਲ ਵਿਚ ਖੋਪਰੀਆਂ ਦੀ ਮਾਲਾ ਹੁੰਦੀ ਹੈ। ਇਨ੍ਹਾਂ ਦਾ ਗਲਾ ਵਿਸ਼ ਪੀਣ ਕਾਰਨ ਨੀਲੇ ਰੰਗ ਦਾ ਹੈ ਅਤੇ ਸਰੀਰ ਲਾਲ ਹੁੰਦਾ ਹੈ। ਵਾਲਾਂ 'ਚ ਗੰਗਾ ਵਹਿੰਦੀ ਹੈ ਅਤੇ ਮਸਤਕ ਤੇ ਚੰਦਰਮਾ ਧਾਰਨ ਕੀਤੇ ਹੋਏ ਹੈ। ਇਹ ਨੰਦੀ ਬੈਲ ਦੀ ਸਵਾਰੀ ਕਰਦੇ ਹਨ। ਇਨ੍ਹਾਂ ਦਾ ਤਾਂਡਵ ਨਾਚ ਪ੍ਰਸਿੱਧ ਹੈ ਅਤੇ ਇਨ੍ਹਾਂ ਦੀ ਪਤਨੀ ਪਾਰਵਤੀ ਹਮੇਸ਼ਾ ਨਾਲ ਰਹਿੰਦੀ ਹੈ।[10]

## 2. ਰਿਸ਼ੀ-ਮੁਨੀਆਂ ਦਾ ਸੰਦਰਭਗਤ ਵੇਰਵਾ

ਸੰਦਰਭਗਤ ਵੇਰਵਿਆਂ ਦਾ ਪ੍ਰਕਾਰਜੀ ਸੰਬੰਧ ਹਮੇਸ਼ਾ ਵਸਤੂਆਂ ਅਤੇ ਵਿਚਾਰਾਂ ਦੇ ਆਪਸ ਵਿਚ ਕਾਰਜਸ਼ੀਲ ਹੋਣ ਵਿਚ ਨਿਹਿਤ ਹੈ। ਇਹ ਕਾਰਜਸ਼ੀਲ ਆਧਾਰ ਆਪੋ ਆਪਣੇ ਮਾਡਲ ਤਲਾਸ਼ ਕਰਦੇ ਹਨ। ਇਸ ਦਾ ਸੰਬੰਧ ਭਾਸ਼ਾਈ ਜੁਗਤਾਂ ( devices ) ਨਾਲ ਜੁੜਦਾ ਹੈ। ਉਦਾਹਰਣ ਵਜੋਂ ਹਰ ਚੇਤਨਾ ਆਪੋ ਆਪਣੀ ਪਛਾਣ ( identity ) ਤਲਾਸ਼ਦੀ ਹੈ। ਆਮ ਆਦਮੀ ਆਮ ਆਦਮੀ ਨੂੰ, ਚੋਰ ਇਕ ਚੋਰ ਨੂੰ, ਮਜ਼ਲੂਮ ਨੂੰ ਦੂਜੇ ਮਜ਼ਲੂਮ ਨੂੰ, ਕਾਤਲ ਕਾਤਲ ਨੂੰ ਅਤੇ ਸਾਧੂ ਇਕ ਸਾਧੂ ਨੂੰ ਹੀ ਤਲਾਸ਼ਦਾ ਆਪਣਾ ਸਥਾਪਤ ਮਾਡਲ ਤਲਾਸ਼ਦਾ ਹੈ।

ਰਵਿਦਾਸ ਬਾਣੀ ਨੂੰ ਵੀ ਉਪਰੋਕਤ ਦੇ ਸੰਦਰਭ ਵਿਚ ਵਾਚਣ ਦੀ ਲੋੜ ਬਣੀ ਰਹਿੰਦੀ ਹੈ। ਜਦੋਂ ਉਨ੍ਹਾਂ ਦੀ ਬਾਣੀ ਵਿਚੋਂ ਰਿਸ਼ੀਆਂ-ਮੁਨੀਆਂ ਦੇ ਪ੍ਰਸੰਗਾਂ ਨੂੰ ਸੰਦਰਭ ਦੇ ਰੂਪ ਵਿਚ ਤਲਾਸ਼ਣ ਦੀ ਲੋੜ ਮਹਿਸੂਸ ਹੋਵੇ, ਉਥੇ ਉਹ ਉਨ੍ਹਾਂ ਰਿਸ਼ੀਆਂ-ਮੁਨੀਆਂ ਦੇ ਪ੍ਰਸੰਗਾਂ ਵਿਚ ਆਪਣੇ ਹੀ ਨਿਸਚੇ ਨੂੰ ਦੁਹਰਾ ਰਹੇ ਹੁੰਦੇ ਹਨ। ਗੁਰੂ ਰਵਿਦਾਸ ਜੀ ਓਹਲੇ ਨਾਲ ਪ੍ਰਤੀਕਾਂ ਦੇ ਸਹਾਰੇ ਨਾਲ ਆਪਣੇ ਕਿਸੇ ਮੱਤ ਨੂੰ ਦ੍ਰਿੜ੍ਹਾ ਰਹੇ ਪ੍ਰਤੀਤ ਹੁੰਦੇ ਹਨ। ਪ੍ਰਸਿੱਧ ਚਿੰਤਕ ਅਤੇ ਭਾਸ਼ਾ-ਵਿਗਿਆਨੀ ਰੋਲਾਂ ਬਾਰਤ ( Roland Barthe ), ਇਹੋ ਪ੍ਰਤੀਕਾਤਮਕ ਢੰਗ ਨੂੰ ਲੇਖਕ ਦੀਆਂ ਭਾਸ਼ਕੀ ਜੁਗਤਾਂ ਕਹਿੰਦਾ ਹੈ।[11]

ਜਿਥੋਂ ਤਕ ਸੰਤ ਜਨਾਂ ਦਾ ਸਵਾਲ ਹੈ, ਸਮਾਜ ਦੇ ਧਾਰਮਿਕ, ਰਾਜਨੀਤਿਕ ਸੰਘਰਸ਼ਾਂ ਵਿਚੋਂ ਸੰਤ-ਜਨਾਂ ਦਾ ਵਿਕਾਸ ਹੁੰਦਾ ਹੈ। ਪੁਰਖਾਂ ਵਿਚ ਸੰਤਪੁਰਖ, ਸੰਤਪੁਰਖਾਂ 'ਚੋਂ ਸੰਤ ਅਤੇ ਸੰਤਾਂ 'ਚੋਂ ਰਿਸ਼ੀ ਸ੍ਰੇਸ਼ਟ ਹੁੰਦੇ ਹਨ ਕਿਉਂਕਿ ਉਹ ਤ੍ਰਿਕਾਲ ਦਰਸ਼ੀ ਹੁੰਦੇ ਹਨ ਅਤੇ

ਉਨ੍ਹਾਂ ਵਿਚ ਆਤਮਾ ਨਾਲ ਪਰਮਾਤਮਾ ਦਾ ਮਿਲਾਪ ਕਰਨ ਦੀ ਮੁਕਤੀ ਹੁੰਦੀ ਹੈ।[12]

ਜਿੱਥੇ ਤਕ ਰਵਿਦਾਸ ਬਾਣੀ ਵਿਚ ਪੌਰਾਣਿਕ ਆਧਾਰਾਂ ਨੂੰ ਰੂਪਮਾਨ ਕਰਦੇ ਰਿਸ਼ੀ-ਮੁਨੀਆਂ ਦੀਆਂ ਕਥਾਵਾਂ ਦਾ ਪ੍ਰਸੰਗ ਹੈ, ਉਹ ਗੁਰੂ ਰਵਿਦਾਸ ਜੀ ਨੇ ਆਪਣੇ ਭਾਵਾਂ ਅਤੇ ਵਿਚਾਰਾਂ ਨੂੰ ਦ੍ਰਿੜ੍ਹ ਕਰਾਉਣ ਲਈ ਵਰਤੇ ਹਨ:

ਸਨਕ ਸਨੰਦਨ ਮਹਾਮੁਨਿ ਗਿਆਨੀ ਸੁਕਨਾਰਦ ਅਰੁ ਬਿਆਸ ਇਹੈ ਬਖਾਨੀ।
ਭਾਖਤ ਸਿਵ ਉਮਾਪਤਿ ਸੁਆਮੀ, ਸੇਸ ਸਹਸਮੁਖ ਕੀਰਤਿ ਗਾਮੀ।[13]

ਇਸ ਪ੍ਰਕਾਰ ਇਥੇ ਗੁਰੂ ਰਵਿਦਾਸ ਜੀ ਪਰਮਾਤਮਾ ਦੀ ਮਹਿਮਾ ਦਾ ਗੁਣ-ਗਾਇਨ ਕਰਦੇ ਹੋਏ ਕਹਿੰਦੇ ਹਨ ਕਿ ਸਨਕ, ਸਨੰਦਨ, ਸੁਕਦੇਵ, ਵਿਆਸ ਨੇ ਵੀ ਤੇਰੀ ਮਹਿਮਾ ਦਾ ਵਿਖਿਆਨ ਕੀਤਾ ਹੈ। ਵੇਦ, ਉਮਾਪਤਿ ਸ਼ਿਵ ਅਤੇ ਹਜ਼ਾਰਾਂ ਮੂੰਹਾਂ ਵਾਲੇ ਸ਼ੇਸ਼ਨਾਗ ਵੀ ਤੇਰੀ ਹੀ ਕੀਰਤੀ ਦਾ ਗੁਣਗਾਨ ਕਰਦੇ ਹਨ।

ਸਨਕਾਦਿਕ ਬ੍ਰਹਮਾ ਦੇ ਚਾਰ ਮਾਨਸ ਪੁੱਤਰ ਸਨਕ, ਸਨੰਦਨ, ਸਨਾਤਨ ਅਤੇ ਸਨਤ ਕੁਮਾਰ ਹਨ। ਇਹ ਇਕ ਹੀ ਆਯੂ ਦੇ ਸਨ ਅਤੇ ਸਦਾ ਇਕੱਠੇ ਹੀ ਰਹਿੰਦੇ ਸਨ। ਇਨ੍ਹਾਂ ਦੇ ਸੰਬੰਧ ਵਿਚ ਕਿਹਾ ਜਾਂਦਾ ਹੈ ਕਿ ਬ੍ਰਹਮਾ ਨੇ ਇਨ੍ਹਾਂ ਨੂੰ ਪ੍ਰਜਾਪਤੀ ਬਣਾਉਣ ਲਈ ਉਤਪੰਨ ਕੀਤਾ ਸੀ, ਪਰੰਤੂ ਆਪਣੇ ਜਨਮ ਦੇ ਬਾਅਦ ਹੀ ਸਾਰੇ ਭਾਈ ਭਗਵਾਨ ਦੀ ਉਪਾਸਨਾ ਵਿਚ ਲੀਨ ਹੋ ਗਏ, ਜਿਸ ਕਰਕੇ ਬ੍ਰਹਮਾ ਨੂੰ ਹੋਰ ਪੁੱਤਰਾਂ ਦੀ ਉਤਪਤੀ ਕਰਨੀ ਪਈ। ਇਨ੍ਹਾਂ ਦੇ ਪਰਮ ਗਿਆਨੀ ਤਥਾ ਵਿਸ਼ਨੂੰ ਦੇ ਸਭਾਸਦ ਹੋਣ ਦਾ ਵੀ ਉਲੇਖ ਮਿਲਦਾ ਹੈ। ਸਨਤ ਕੁਮਾਰ ਬਾਰੇ ਕਿਹਾ ਜਾਂਦਾ ਹੈ ਕਿ ਇਨ੍ਹਾਂ ਨੇ ਕੁਝ ਸਮੇਂ ਲਈ ਪ੍ਰਜਾਪਤੀ ਦਾ ਆਸਨ ਗ੍ਰਹਿਣ ਕੀਤਾ ਸੀ ਅਤੇ ਪਹਿਲੇ ਪ੍ਰਜਾਪਤੀ ਸਨ।[14]

ਨਾਰਦ ਬ੍ਰਹਮਾ ਦੇ ਪੁੱਤਰ ਮੰਨੇ ਜਾਂਦੇ ਹਨ। ਸੁਭ-ਸ੍ਰਿਸ਼ਟੀ ਦੇ ਸਮੇਂ ਬ੍ਰਹਮਾ ਦੇ ਮਾਨਸ ਪੁੱਤਰ ਦੇ ਰੂਪ ਵਿਚ ਇਨ੍ਹਾਂ ਦਾ ਉਲੇਖ ਮਿਲਦਾ ਹੈ। ਆਪਣੇ ਪਿਤਾ ਦੁਆਰਾ ਸ਼ਾਪਿਤ ਹੋ ਕੇ ਗੰਧਰਵ-ਜੋਨੀ ਵਿਚ ਇਨ੍ਹਾਂ ਦੀ ਉਤਪਤੀ ਹੋਈ ਸੀ। ਕਿੰਤੂ ਆਪਣੀ ਕਠਿਨ ਤਪੱਸਿਆ ਨਾਲ ਇਹ ਫੇਰ ਤੋਂ ਆਪਣੇ ਪਹਿਲੇ ਰੂਪ ਨੂੰ ਪ੍ਰਾਪਤ ਕਰ ਸਕੇ ਸਨ।[15]

ਭਾਗਵਤ ਵਿਚ ਲਿਖਿਆ ਹੈ ਕਿ ਪਹਿਲੇ ਕਲਪ ਵਿਚ ਨਾਰਦ ਜੀ ਦਾਸੀ ਪੁੱਤਰ ਰਹੇ, ਦੁੱਖਾਂ ਕਾਰਨ ਇਨ੍ਹਾਂ ਦੀ ਮਾਤਾ ਨੇ ਰਿਸ਼ੀਆਂ ਕੋਲ ਰਹਿਣਾ ਸ਼ੁਰੂ ਕਰ ਦਿੱਤਾ। ਜਦ ਉਹ ਬਾਹਰ ਜਾਂਦੀ ਤਾਂ ਨਾਰਦ ਜੀ ਨੂੰ ਰਿਸ਼ੀਆਂ ਕੋਲ ਛੱਡ ਜਾਂਦੀ, ਜਿੱਥੇ ਉਹ ਕਥਾ ਦਾ ਸਤਸੰਗ ਸੁਣਦੇ, ਜਿਸ ਨਾਲ ਉਹ ਗਿਆਨ ਵੈਰਾਗ ਭਗਤੀ ਨੂੰ ਪ੍ਰਾਪਤ ਹੋਏ। ਜਦ ਮਾਤਾ ਦੀ ਮ੍ਰਿਤੂ ਹੋਈ ਤਾਂ ਜੰਗਲ ਵਿਚ ਜਾ ਕੇ ਭਾਗਵਤ ਦਾ ਧਿਆਨ ਕਰਨ ਲਗੇ। ਇਕ ਵਾਰ ਭਗਵਤ ਦੇ ਰੂਪ ਸਰੂਪ ਦਾ ਪ੍ਰਕਾਸ਼ ਇਨ੍ਹਾਂ ਦੇ ਹਿਰਦੇ ਵਿਚ ਪ੍ਰਗਟ ਹੋਇਆ, ਜਿਸ ਤੋਂ ਬੇਕਲ ਹੋ ਕੇ ਇਹ ਭਗਵਤ ਗਿਆਨ ਵਿਚ ਲੀਨ ਹੋ ਗਏ।[16]

ਸੁਕਦੇਵ: ਭਾਰਤ ਦੇ ਸਭ ਤੋਂ ਮਹਾਨ ਪੌਰਾਣਿਕ ਕਥਾਕਾਰ। ਛੋਟੀ ਉਮਰ ਵਿਚ ਹੀ ਪੂਰਨ ਤੱਤ ਗਿਆਨੀ ਹੋਣ ਕਾਰਨ ਰਿਸ਼ੀਆਂ ਵਿਚ ਆਦਰਸ਼ਯੋਗ ਮੰਨੇ ਜਾਂਦੇ ਹਨ। ਇਹ ਵਿਆਸ ਦੇ ਪੁੱਤਰ ਸਨ। ਸ਼ਿਵ ਜਦ ਪਾਰਬਤੀ ਨੂੰ ਅਮਰ ਹੋਣ ਲਈ ਸਹਸ੍ਰ ਵਿਸ਼ਨੂੰ ਨਾਮ ਦਾ ਉਪਦੇਸ਼ ਦੇ ਰਹੇ ਸਨ, ਉਸ ਸਮੇਂ ਉਸ ਕਥਾ ਨੂੰ ਇਕ ਸ਼ੁਕ ਵੀ ਸੁਣ ਰਿਹਾ ਸੀ। ਸ਼ਿਵ ਨੂੰ ਜਦ ਪਤਾ ਲੱਗਾ ਉਨ੍ਹਾਂ ਉਸ ਦਾ ਪਿੱਛਾ ਕੀਤਾ। ਉਸ ਸਮੇਂ ਵਿਆਸ-ਪਤਨੀ ਆਪਣੇ ਵਿਹੜੇ ਵਿਚ ਖਲੋਤੀ ਸੀ। ਉਨ੍ਹਾਂ ਨੂੰ ਦੇਖ ਕੇ ਸ਼ੁਕ ਸਰੀਰ ਛੱਡ ਕੇ, ਇਨ੍ਹਾਂ ਦੇ ਪੇਟ ਵਿਚ ਚਲੇ ਗਏ ਅਤੇ ਬਾਰ੍ਹਾਂ ਵਰ੍ਹਿਆਂ ਤਕ ਉਥੇ ਹੀ ਰਹੇ। ਵਿਆਸ ਮਹਾਭਾਰਤ ਅਤੇ ਗੀਤਾ ਆਪਣੀ ਪਤਨੀ ਨੂੰ ਸੁਣਾਉਂਦੇ

ਸਨ। ਇਸ ਪ੍ਰਕਾਰ ਕਲਯੁਗ ਵਿਚ ਹੀ ਮੁੜ ਤਤਗਿਆਨੀ ਹੋ ਗਏ। ਕਥਾਂਤਰ ਵਿਚ ਰਾਜਾ ਪਰੀਕਸ਼ਿਤ ਨੂੰ ਭਾਗਵਤ ਇਨ੍ਹਾਂ ਨੇ ਹੀ ਸੁਣਾਈ ਸੀ।[17]

ਰਿਸ਼ੀ ਵੇਦ ਵਿਆਸ ਸਤਯਵਤੀ ਨਾਮਕ ਮਿਛੇਰ ਦੀ ਕੰਨਿਆ ਦੇ ਗਰਭ ਤੋਂ ਮਹਾਰਿਸ਼ੀ ਪਰਾਸ਼ਰ ਦੇ ਔਰਸ ਪੁੱਤਰ ਸਨ। ਭਾਗਵਤ ਪੁਰਾਣ ਵਿਚ ਇਹ ਵਿਸ਼ਨੂੰ ਦੇ ਅਵਤਾਰ ਮੰਨੇ ਜਾਂਦੇ ਹਨ। ਇਕ ਦੀਪ ਵਿਚ ਜਨਮ ਹੋਣ ਕਾਰਨ ਇਨ੍ਹਾਂ ਦਾ ਨਾਮ ਕ੍ਰਿਸ਼ਣ ਦ੍ਵੈਪਾਯਨ ਪੈ ਗਿਆ।[18] ਜਨਮ ਉਪਰੰਤ ਪਿਤਾ ਨਾਲ ਜੰਗਲ ਵਿਚ ਤਪੱਸਿਆ ਕਰਨ ਲਈ ਚਲੇ ਗਏ। ਇਹ ਭੀਸ਼ਮ ਦੇ ਸੌਤੇਲੇ ਭਰਾ ਸਨ। ਮਹਾਂਭਾਰਤ ਦਾ ਅੱਖੀਂ ਵੇਖਿਆ ਯੁੱਧ, ਇਨ੍ਹਾਂ ਨੇ ਕਲਮਬੰਦ ਕੀਤਾ। ਵੇਦ ਅਤੇ ਪੁਰਾਣ ਵੀ ਇਨ੍ਹਾਂ ਦੁਆਰਾ ਹੀ ਰਚੇ ਹੋਏ ਮੰਨੇ ਗਏ ਹਨ। ਪੁਰਾਣ ਦੇ ਆਧਾਰ ਆਪਣੇ ਜੀਵਨ ਦੇ ਸਰਵਸ੍ਰੇਸ਼ਠ ਗ੍ਰੰਥ 'ਬ੍ਰਹਮਸੂਤਰ' ਦੀ ਰਚਨਾ ਕੀਤੀ। 'ਬ੍ਰਹਮਸੂਤਰ' ਸਾਰੇ ਦਾਰਸ਼ਨਿਕ ਵਿਚਾਰਧਾਰਾਵਾਂ ਦਾ ਨਿਚੋੜ ਹੈ।[19]

ਗੁਰੂ ਰਵਿਦਾਸ ਜੀ ਨੇ ਗੁਰੂ ਵੰਦਨਾ ਕਰਦੇ ਹੋਏ ਅਤੇ ਗੁਰੂ ਦੀ ਮਹੱਤਾ ਦੱਸਣ ਲਈ ਸਾਰੇ ਗੁਰੂਆਂ ਦੇ ਨਾਮ ਦਾ ਜਾਪ ਕੀਤਾ ਹੈ। ਜਿਨ੍ਹਾਂ ਵਿਚ ਵਿਭਿੰਨ ਰਿਸ਼ੀ-ਮੁਨੀਆਂ ਦੇ ਹਵਾਲੇ ਵੀ ਸ਼ਾਮਲ ਹਨ:

ਅਹੋ ਦੇਵ ਗੁਰੂਗੌਤਮ ਵਾਮਦੇਵ ਵਿਸ਼ਵਾਮਿਤ੍ਰ ਵਿਆਸ,
ਜਮਦਗਨਿ ਸ੍ਰਿੰਗਿ ਰਿਸ਼ਿ ਦੁਰਬਾਸਾ ਮਾਰਕੰਡੇ ਬਾਲਮੀਕਿ ਭ੍ਰਿਗੁ ਅੰਗਿਰਾਹ,
ਕਪਿਲ ਬਕਦਾਲਿਭ ਸੁਖਮਤਿ ਸਨਕਾ ਅਸ਼ਟਾਵਕ੍ਰ,
ਗੁਰ ਕੌਸ਼ਾਲਕ ਜਾਗਿਨ ਅਗਸਤਿ ਪੁਲਸਤਿ ਪਾਰਾਸ਼ਰ ਸਿਵ ਵਿਧਾਤਾ,
ਜਗਗੁਰ ਸੁਕ ਰਿਖਿ ਵਸ਼ਿਸ਼ਠਿ ਅਗਿਸਤ,
ਜਿਹਨਿ ਜਾਗਿਅਗਿਨਿ ਕਿਤੋ ਵੈ ਧਯਾਨ ਦਾਤਾ।
ਅਹੋ ਦੇਵ ਧਰੂਵ ਅੰਬਰੀਖ ਪ੍ਰਹਲਾਦ ਨਾਰਦ।[20]

ਗੌਤਮ ਰਿਸ਼ੀ ਬਾਰੇ ਅਸੀਂ ਥੋੜੇ ਰਨ ਕੇ ਵਿਚਾਰ ਕਰਾਂਗੇ।

"ਵਾਮਦੇਵ ਗੌਤਮ ਰਿਸ਼ੀ ਦੇ ਪੁੱਤਰ ਕਹੇ ਗਏ ਹਨ। ਇਹ ਗੌਤਮ ਦੀ ਸੰਤਾਨ ਹੂਏ ਹਨ। ਰਿਸ਼ੀ ਵਾਮਦੇਵ ਅਜੇ ਮਾਂ ਦੀ ਕੁੱਖ ਵਿਚ ਹੀ ਸਨ, ਜਦ ਉਨ੍ਹਾਂ ਨੂੰ ਆਪਣੇ ਪੂਰਵਜਨਮ ਆਦਿ ਦਾ ਗਿਆਨ ਹੋ ਗਿਆ ਸੀ।"[21]

ਵਿਸ਼ਵਾਮਿਤ੍ਰ 'ਰਿਗਵੇਦ' ਦੇ ਅਨੇਕ ਮੰਤਰਾਂ ਦੇ ਨਿਰਮਾਤਾ ਕਹੇ ਜਾਂਦੇ ਹਨ। ਰਿਗਵੇਦ ਵਿਚ ਇਨ੍ਹਾਂ ਦਾ ਉਲੇਖ ਕੁਸ਼ ਵੰਸ਼ ਦੇ ਮਹਾਰਾਜ ਕੁਸ਼ਿਕ ਦੇ ਪੁੱਤਰ ਦੇ ਰੂਪ ਵਿਚ ਮਿਲਦਾ ਹੈ। ਪਰ ਬਾਦ ਦੇ ਸਾਹਿਤ ਵਿਚ ਇਹ ਪੁਰੂਵੰਸ਼ੀ ਮਹਾਰਾਜ ਗਾਧਿ ਦੇ ਪੁੱਤਰ ਕਹੇ ਗਏ ਹਨ। ਵਿਸ਼ਵਾਮਿਤ੍ਰ ਦੇ ਜੀਵਨ ਨਾਲ ਅਨੇਕ ਕਥਾਵਾਂ ਪ੍ਰਚਲਿਤ ਹਨ। ਇਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ ਬ੍ਰਹਮਰਿਸ਼ੀ ਵਸ਼ਿਸ਼ਠ ਦੇ ਪ੍ਰਤਿ ਉਨ੍ਹਾਂ ਦੀ ਦੁਸ਼ਮਨੀ ਹੈ। ਵਸ਼ਿਸ਼ਠ, ਵਿਸ਼ਵਾਮਿਤ੍ਰ ਨੂੰ ਖੱਤਰੀ ਕੁਲ ਵਿਚ ਉਤਪੰਨ ਹੋਣ ਕਾਰਨ ਹੀਨ ਦ੍ਰਿਸ਼ਟੀ ਨਾਲ ਵੇਖਦੇ ਸਨ।[22] ਵਿਸ਼ਵਾਮਿਤ੍ਰ ਦਾ ਅਰਥ ਹੈ ਜੋ ਸਮੁੱਚੇ ਵਿਸ਼ਵ ਦੇ ਮਿੱਤਰ ਹੋਣ ਅਤੇ ਜਿਨ੍ਹਾਂ ਨਾਲ ਮਿੱਤਰਤਾ ਕਰਨ ਲਈ ਸਾਰਾ ਵਿਸ਼ਵ ਲਾਲਾਇਤ ਹੋਵੇ। ਵਸ਼ਿਸ਼ਠ ਦੇ ਪ੍ਰਜਾਤਾਂਤਰਿਕ ਰਾਜ ਦੀ ਸੀਮਾ ਨਾਲ ਲਗਦਾ ਹੋਇਆ ਵਿਸ਼ਵਾਮਿਤ੍ਰ ਦਾ ਸੈਨਿਕ ਰਾਜ ਸੀ। ਵਸ਼ਿਸ਼ਠ ਕੋਲ ਕਾਮਧੇਨ ਗਊ ਸੀ, ਜਿਹੜੀ ਮੰਗਣ ਤੇ ਹਰ ਵਸਤੂ ਹਾਜ਼ਰ ਕਰ ਦਿੰਦੀ ਸੀ। ਇਹ ਦੇਖ ਕੇ ਵਿਸ਼ਵਾਮਿਤ੍ਰ ਨੇ ਉਸ ਨੂੰ ਲੈਣ ਦੀ ਇੱਛਾ ਪ੍ਰਗਟਾਈ ਪਰੰਤੂ ਵਸ਼ਿਸ਼ਠ ਨੇ ਨਾਹ ਕਰ ਦਿੱਤੀ ਜਿਸ ਤੇ ਵਿਸ਼ਵਾਮਿਤ੍ਰ ਨੇ ਆਪਣੀ ਚਤੁਰੰਗਿਣੀ ਸੈਨਾ ਲੈ ਕੇ ਵਸ਼ਿਸ਼ਠ ਦੇ ਰਾਜ ਤੇ ਹਮਲਾ ਕਰ ਦਿੱਤਾ। ਪਰੰਤੂ ਵਸ਼ਿਸ਼ਠ ਕੋਲ ਕਾਮਧੇਨ ਗਊ ਹੋਣ ਕਾਰਣ, ਉਸ ਨੂੰ ਕੋਈ ਪਰੇਸ਼ਾਨੀ ਨਹੀਂ ਹੋਈ।[23] "ਵਸ਼ਿਸ਼ਠ ਤੋਂ ਹਾਰਨ ਉਪਰੰਤ ਇਨ੍ਹਾਂ ਨੇ ਘੋਰ ਤਪੱਸਿਆ ਦੁਆਰਾ ਆਪਣੇ ਆਪ ਨੂੰ ਬ੍ਰਾਹਮਣ ਵਰਨ ਵਿਚ ਪਰਿਵਰਤਤ ਕਰਨ ਦਾ ਯਤਨ ਕੀਤਾ। ਅੰਤ ਵਿਚ ਦੇਵਤਿਆਂ ਦੇ

ਕਹਿਣ 'ਤੇ ਵਸ਼ਿਸ਼ਠ ਨੇ ਇਨ੍ਹਾਂ ਨੂੰ ਬ੍ਰਹਮਰਿਸ਼ੀ ਦੇ ਰੂਪ ਵਿਚ ਸਵੀਕਾਰ ਕਰ ਲਿਆ ਸੀ।[24]

ਰਿਸ਼ੀ ਵਿਆਸ ਬਾਰੇ ਅਸੀਂ ਪਹਿਲਾਂ ਵੀ ਲਿਖ ਚੁੱਕੇ ਹਾਂ।

"ਜਮਦਗਨਿ ਦਾ ਰਿਗਵੇਦ ਵਿਚ ਕਈ ਵਾਰ ਉਲੇਖ ਮਿਲਦਾ ਹੈ। ਇਨ੍ਹਾਂ ਦੀ ਪਤਨੀ ਦਾ ਨਾਂ ਰੇਣੁਕਾ ਸੀ। ਇਨ੍ਹਾਂ ਦੀ ਮ੍ਰਿਤੂ ਕਾਰਤਵੀਰਜ ਦੁਆਰਾ ਹੋਈ, ਜਦ ਕਿ ਇਹ ਧਿਆਨ ਮਗਨ ਅਵਸਥਾ ਵਿਚ ਸਨ। ਇਹ ਵੀ ਵਿਸ਼ਵਾਮਿਤ੍ਰ ਦੇ ਵਿਰੋਧੀ ਸਨ।[25] ਇਹ ਭਗਤੀ ਨਾਲ ਅਗਨੀਹੋਤਰ ਤੱਕ ਕੀਤਾ ਕਰਦੇ ਸਨ ਅਤੇ ਇਨ੍ਹਾਂ ਦੀ ਪਤਨੀ ਰੇਣੁਕਾ, ਆਪ ਦੀ ਸੇਵਾ ਕਰਦੀ ਸੀ। ਇਕ ਦਿਨ ਅਤਿ ਪ੍ਰਸੰਨ ਹੋ ਕੇ ਆਪ ਨੇ ਆਪਣੇ ਪੁੱਤਰ ਸ੍ਰੀ ਪਰਸ਼ੂਰਾਮ ਨੂੰ ਆਗਿਆ ਦਿੱਤੀ ਕਿ ਤੂੰ ਆਪਣੀ ਮਾਤਾ ਅਤੇ ਦੋਵੇਂ ਵੱਡੇ ਭਰਾਵਾਂ ਦੇ ਸੀਸ ਆਪਣੇ ਪਰਸੂ ਨਾਲ ਉਤਾਰ ਦਿਆ। ਪਰਸ਼ੂਰਾਮ ਨੇ ਉਸ ਤਰ੍ਹਾਂ ਹੀ ਕੀਤਾ। ਆਪ ਨੇ ਬਹੁਤ ਪ੍ਰਸੰਨ ਹੋ ਕੇ ਪੁੱਤਰ ਨੂੰ ਵਰ ਮੰਗਣ ਲਈ ਕਿਹਾ। ਪੁੱਤਰ ਨੇ ਕਿਹਾ ਕਿ ਮੇਰੀ ਮਾਤਾ ਅਤੇ ਭਰਾਵਾਂ ਨੂੰ ਜੀਵਤ ਕਰ ਦਿੱਤਾ ਜਾਵੇ। ਜਮਦਗਨਿ ਨੇ ਅਜਿਹਾ ਹੀ ਕੀਤਾ।"[26]

ਸ਼੍ਰਿੰਗੀ ਰਿਸ਼ੀ ਪ੍ਰਸਿੱਧ ਰਿਸ਼ੀ ਸ਼ਮੀਕ ਦੇ ਪੁੱਤਰ ਸਨ। ਧਿਆਨਮਗਨ ਸ਼ਮੀਕ ਨੇ ਆਖੇਟ ਵਿਚ ਰਤ ਪ੍ਰੀਕਸ਼ਿਤ ਨੂੰ ਰਸਤਾ ਨਾ ਵਿਖਾਇਆ, ਜਿਸ ਕਰਕੇ ਉਨ੍ਹਾਂ ਇਕ ਮ੍ਰਿਤ ਸੱਪ ਇਨ੍ਹਾਂ ਦੇ ਗੱਲ ਵਿਚ ਪਾ ਦਿੱਤਾ। ਜਦ ਇਹ ਗੱਲ ਸ਼੍ਰਿੰਗੀ ਨੂੰ ਪਤਾ ਲਗੀ ਤਦ ਸ਼੍ਰਿੰਗੀ ਨੇ ਕ੍ਰੋਧਿਤ ਹੋ ਕੇ ਇਹ ਸ਼ਾਪ ਦਿੱਤਾ ਕਿ ਅੱਜ ਤੋਂ ਸਤਵੇਂ ਦਿਨ ਸੱਪ ਦੇ ਡੱਸਣ ਨਾਲ ਰਾਜਾ ਦੀ ਮ੍ਰਿਤੂ ਹੋਵੇਗੀ। ਇਸ ਤਰ੍ਹਾਂ ਹੀ ਹੋਇਆ।[27]

ਦੁਰਵਾਸਾ ਰਿਸ਼ੀ ਅਤਰੀ ਦੇ ਪੁੱਤਰ ਸਨ ਅਤੇ ਰੁਦ੍ਰ ਦੇ ਅਵਤਾਰ ਮੰਨੇ ਜਾਂਦੇ ਸਨ। ਬ੍ਰਹਮਾ ਜੀ ਇਨ੍ਹਾਂ ਦੁਆਰਾ ਹੀ ਲੋਕਾਂ ਨੂੰ ਸਰਾਪ ਦਿੰਦੇ ਸਨ।[28] ਦੁਰਵਾਸਾ ਨੇ ਜੀਵਨ ਭਰ ਭਗਤਾਂ ਦੀ ਪਰੀਖਿਆ ਲਈ।[29]

ਰਿਸ਼ੀ ਮਾਰਕੰਡੇ, ਮਾਰਕੰਡੇ ਪੁਰਾਣ ਦੇ ਪ੍ਰਣੇਤਾ ਸਨ। ਆਪਣੀ ਤਪੱਸਿਆ ਅਤੇ ਦੀਰਘਆਯੂ ਦੇ ਲਈ ਇਹ ਪ੍ਰਸਿੱਧ ਹਨ।[30] ਇਨ੍ਹਾਂ ਦੇ ਪਿਤਾ ਦਾ ਨਾਂ ਮ੍ਰਿਕੰਡੂ ਰਿਸ਼ੀ ਸੀ। ਇਹ ਵੇਦ-ਵਿਦਿਆ ਵਿਚ ਨਿਪੁੰਨ ਸਨ ਤਥਾ ਆਜਨਮ ਬ੍ਰਹਮਚਾਰੀ ਰਹਿਣ ਦੇ ਇੱਛੁਕ ਵੀ ਸਨ। ਇਸ ਤਰ੍ਹਾਂ ਇਨ੍ਹਾਂ ਨੇ ਮ੍ਰਿਤੂ ਨੂੰ ਵੀ ਜਿੱਤ ਲਿਆ ਸੀ। ਕ੍ਰੋੜਾਂ ਵਰ੍ਹਿਆਂ ਤਕ ਭਗਵਾਨ ਦੀ ਆਰਾਧਨਾ ਕਰਨ ਕਾਰਣ, ਇੰਦ੍ਰ, ਇਨ੍ਹਾਂ ਦੀ ਤਪੱਸਿਆ ਤੋਂ ਵਿਚਲਿਤ ਹੋ ਗਿਆ ਅਤੇ ਭਗਤੀ ਨੂੰ ਭੰਗ ਕਰਨ ਲਈ ਕਈ ਅਪਸਰਾਵਾਂ ਨੂੰ ਵੀ ਭੇਜਿਆ।[31]

ਰਿਸ਼ੀ ਬਾਲਮੀਕਿ ਬਾਰੇ ਅਸੀਂ ਪਹਿਲਾਂ ਲਿਖ ਚੁੱਕੇ ਹਾਂ।

ਭ੍ਰਿਗੂ ਰਿਸ਼ੀ, ਨਾਰਦ ਜੀ ਦੇ ਉਪਦੇਸ਼ ਨਾਲ ਬਹੁਤ ਵੱਡੇ ਭਗਵਤ ਭਗਤ ਹੋਏ ਹਨ। ਇਹ ਬਹੁਤ ਸਾਰੀਆਂ ਵਿਦਿਆ ਦੇ ਆਚਾਰਜ ਹਨ।[32] ਇਹ ਸ਼ਿਵ ਦੇ ਪੁੱਤਰ ਮੰਨੇ ਗਏ ਹਨ। ਇਕ ਵਾਰ ਇਹ ਨਿਰਣੈ ਕਰਨ ਲਈ ਕਿ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼, ਤਿੰਨਾਂ ਵਿਚੋਂ ਕੌਣ ਵੱਡਾ ਹੈ, ਇਨ੍ਹਾਂ ਨੇ ਤਿੰਨਾਂ ਦਾ ਅਪਮਾਨ ਕੀਤਾ। ਬ੍ਰਹਮਾ ਅਤੇ ਮਹੇਸ਼ ਕ੍ਰੋਧਿਤ ਹੋ ਗਏ। ਵਿਸ਼ਨੂੰ ਦੇ ਸੁੱਤੇ ਸਮੇਂ, ਉਨ੍ਹਾਂ ਦੀ ਛਾਤੀ ਤੇ ਲੱਤ ਮਾਰੀ, ਭ੍ਰਿਗੂ ਜਾਗਣ ਉਪਰੰਤ ਕ੍ਰੋਧ ਕਰਨ ਦੇ ਬਜਾਏ ਵਿਸ਼ਨੂੰ ਨੇ ਪੁੱਛਿਆ ਕਿ ਤੁਹਾਡੇ ਪੈਰ ਵਿਚ ਚੋਟ ਤਾਂ ਨਹੀਂ ਆਈ। ਇਸ ਤੇ ਭ੍ਰਿਗੂ ਵਿਸ਼ਨੂੰ ਦੀ ਮਹਾਨਤਾ ਨੂੰ ਮੰਨ ਗਏ। ਕਈ ਪੁਰਾਣਾਂ ਅਨੁਸਾਰ ਭ੍ਰਿਗੂ ਬ੍ਰਹਮਾ ਦੇ ਮਾਨਸ ਪੁੱਤਰ ਤਥਾ ਦਸ ਪ੍ਰਜਾਪਤੀਆਂ ਵਿਚੋਂ ਇਕ ਹਨ।[33]

ਅੰਗਿਰਾ ਰਿਸ਼ੀ ਨੇ ਨਾਰਦ ਜੀ ਦੇ ਉਪਦੇਸ਼ ਨਾਲ ਵਾਸੂਦੇਵ ਭਗਵਾਨ ਦੀ ਪੂਜਾ ਕੀਤੀ ਸੀ। ਇਨ੍ਹਾਂ ਦੇ ਬ੍ਰਹਸਪਤਿ ਪੁੱਤਰ ਹੋਏ।[34] ਬ੍ਰਹਮਾ ਦੇ [illegible] ਮਾਨਸ ਪੁੱਤਰਾਂ ਵਿਚੋਂ ਇਕ ਸਨ।[35]

ਕਪਿਲ ਵਿਸ਼ਨੂੰ ਦੇ ਅਵਤਾਰਾਂ ਵਿਚੋਂ ਇਕ (ਪੰਜਵੇਂ), ਜਿਨ੍ਹਾਂ ਦੀ ਉਤਪਤੀ ਕਰਦਮ ਰਿਸ਼ੀ ਦੀ ਪਤਨੀ ਦੇਵਹੂਤੀ ਦੀ ਕੁੱਖੋਂ ਹੋਈ ਸੀ। ਦੇਵਹੂਤੀ ਨੇ ਭਗਵਾਨ ਦੀ ਤਪੱਸਿਆ ਕਰਕੇ ਉਨ੍ਹਾਂ ਤੋਂ ਵਿਸ਼ਨੂੰ ਦੇ ਸਮਾਨ ਪੁੱਤਰ ਪ੍ਰਾਪਤ ਕਰਨ ਦੀ ਇੱਛਾ ਪ੍ਰਗਟ ਕੀਤੀ। ਭਗਵਾਨ ਨੇ ਆਪ ਦੇ ਸਮਾਨ ਕੇਵਲ ਆਪਣੇ ਨੂੰ ਹੀ ਪਾ ਕੇ ਆਪ ਹੀ ਉਸ ਦੀ ਕੁੱਖੋਂ ਜਨਮ ਗ੍ਰਹਿਣ ਕਰਨ ਦਾ ਵਚਨ ਦਿੱਤਾ। ਫਲਸਰੂਪ ਦੇਵਹੂਤੀ ਦੀ ਕੁੱਖੋਂ ਕਪਿਲ ਭਗਵਾਨ ਦੀ ਉਤਪਤੀ ਹੋਈ। ਦੇਵਹੂਤੀ ਦੇ ਗਿਆਨ ਅਤੇ ਭਗਤੀ ਸੰਬੰਧੀ ਪ੍ਰਸ਼ਨਾਂ ਦੇ ਉੱਤਰ ਦੇ ਰੂਪ ਵਿਚ ਜੋ ਕੁਝ ਕਪਿਲ ਮੁਨੀ ਨੇ ਕਿਹਾ ਉਹੀ ਅੱਗੇ ਚਲ ਕੇ ਸਾਂਖਯ ਦਰਸ਼ਨ ਦੇ ਰੂਪ ਵਿਚ ਪ੍ਰਸਿੱਧ ਹੋਇਆ।[36]

ਅਗਸਤ ਰਿਸ਼ੀ ਰਿਗਵੇਦ ਦੀਆਂ ਕਈ ਰਿਚਾਵਾਂ ਦੇ ਰਚੇਤਾ ਮੰਨੇ ਜਾਂਦੇ ਹਨ। ਜਨਮ ਸਮੇਂ ਇਹ ਇਕ ਅੰਗੂਠੇ ਦੇ ਬਰਾਬਰ ਲੰਮੇ ਸਨ, ਇਸ ਲਈ ਇਨ੍ਹਾਂ ਨੂੰ ਮਾਨ ਵੀ ਕਿਹਾ ਜਾਂਦਾ ਹੈ। ਸ਼ਾਸਤਰ ਤੋਂ ਇਹ ਵਸ਼ਿਸ਼ਟ ਤੋਂ ਬਾਦ ਦੇ ਸਨ ਅਤੇ ਪ੍ਰਜਾਪਤੀਆਂ ਵਿਚ ਨਹੀਂ ਗਿਣੇ ਜਾਂਦੇ। ਕਹਿੰਦੇ ਹਨ ਕਿ ਵਿੰਧਿਆ ਪਰਬਤ ਨੂੰ ਦੰਡਤ ਕਰਨ ਲਈ ਇਨ੍ਹਾਂ ਅੱਗੇ ਝੁਕਣਾ ਪਿਆ ਅਤੇ ਇਹ ਪਹਿਲਾਂ ਵਾਲੀ ਉਚਾਈ ਗਵਾ ਬੈਠਾ। ਅਗਸਤ ਨਾਮ ਇਸੇ ਕਾਰਣ ਕਰਕੇ ਪਿਆ।[37]

ਪੁਲਸਤ੍ਯ ਬ੍ਰਹਮਾ ਦੇ ਮਾਨਸ ਪੁੱਤਰ, ਦਕਸ਼ ਦੇ ਜਵਾਈ ਤਥਾ ਸ਼ੰਕਰ ਦੇ ਸਾਢੂ ਸਨ। ਕਰਦਮ ਪ੍ਰਜਾਪਤਿ ਦੀ ਪੁੱਤਰੀ ਹਵਿਰਭੁਵਾ ਇਨ੍ਹਾਂ ਦੀ ਪਤਨੀ ਸੀ, ਜਿਨ੍ਹਾਂ ਤੋਂ ਅਗਸਤ ਅਤੇ ਵਿਸ਼ਰਵਾ ਦੋ ਪੁੱਤਰ ਪੈਦਾ ਹੋਏ। ਇਹ ਸਪਤਰਿਸ਼ੀਆਂ ਵਿਚੋਂ ਇਕ ਸਨ।[38]

ਪਰਾਸ਼ਰ ਮੁਨੀ, ਰਿਸ਼ੀ ਵਸ਼ਿਸ਼ਟ ਦੇ ਪੋਤਰੇ ਸਨ ਅਤੇ ਸ਼ਕਤੀ ਜੀ ਦੇ ਪੁੱਤਰ ਸਨ। ਪ੍ਰਭੂ ਨੇ ਦਰਸ਼ਨ ਦੇ ਕੇ ਆਗਿਆ ਦਿੱਤੀ, "ਮੈਂ ਤੇਰਾ ਪੁੱਤਰ ਹੋਵਾਂਗਾ।" ਪਰਾਸ਼ਰ ਰਿਸ਼ੀ

ਦੇ ਹੀ ਪੁੰਤਰਵੇਦ ਵਿਦਵਾਨ ਸਨ, ਜਿਹੜੇ ਸਤਯੁਗੀ ਵੀ ਕੁੱਝ ਉਤਪੰਨ ਹੋਏ ਸਨ।[39]

ਜੜਭਰਤ ਇਕ ਪ੍ਰਾਚੀਨ ਰਾਜਾ ਸੀ। ਪਰਮ ਵਿਦਵਾਨ ਤਥਾ ਸ਼ਾਸਤਰ ਵਿਦਿਆ ਵਿਚ ਨਿਪੁੰਨ ਹੁੰਦੇ ਹੋਏ ਵੀ ਇਹ ਸੰਸਾਰਿਕ ਵਾਸ਼ਨਾਵਾਂ ਤੋਂ ਪਿੱਛਾ ਨਹੀਂ ਛੁਡਾ ਸਕੇ। ਅੰਤ ਵਿਚ ਈਸ਼ਵਰ ਦੇ ਸਥਾਨ ਤੇ ਮ੍ਰਿਗ ਦਾ ਧਿਆਨ ਕਰਦੇ ਹੋਏ ਮਰੇ, ਜਿਸ ਦੇ ਫਲਸਰੂਪ ਪਸ਼ੂ ਜੂਨੀ ਵਿਚ ਉਤਪੰਨ ਹੋਏ। ਚੌਰਾਸੀ ਜੂਨਾਂ ਭੋਗਦੇ ਹੋਏ ਫੇਰ ਤੋਂ ਮਨੁੱਖ ਬਣੇ, ਕਿੰਤੂ ਫਿਰ ਵੀ ਇਨ੍ਹਾਂ ਦੀ ਜੜ੍ਹਤਾ ਨਹੀਂ ਗਈ, ਜਿਸ ਕਾਰਣ ਇਹ ਜੜਭਰਤ ਕਹਿਲਾਏ। ਇਕ ਵਾਰ ਰਾਜਾ ਸੌਵੀਰ ਨੇ ਇਨ੍ਹਾਂ ਨੂੰ ਪਾਲਕੀ ਖਿੱਚਣ ਤੇ ਲਾ ਦਿੱਤਾ। ਇਸੀ ਅਪਮਾਨ ਕਾਰਣ, ਇਨ੍ਹਾਂ ਨੂੰ ਆਤਮ-ਗਿਆਨ ਹੋਇਆ।[40]

ਚਿਅਵਨ ਰਿਸ਼ੀ: ਮਹਾਂਭਾਰਤ ਅਨੁਸਾਰ ਇਨ੍ਹਾਂ ਦੀ ਮਾਤਾ ਪਲੋਮਾ ਅਤੇ ਪਿਤਾ ਭ੍ਰਿਗੂ ਸਨ। ਇਕ ਵਾਰ ਨਰਮਦਾ ਤਟ ਤੇ ਘੋਰ ਤਪੱਸਿਆ ਕਰ ਰਹੇ ਸਨ। ਇਨ੍ਹਾਂ ਦੇ ਸਾਰੇ ਸਰੀਰ ਨੂੰ ਦੀਮਕਾਂ ਨੇ ਢੱਕ ਲਿਆ, ਕੇਵਲ ਅੱਖਾਂ ਹੀ ਚਮਕਦੀਆਂ ਰਹਿ ਗਈਆਂ। ਉਨ੍ਹਾਂ ਦੇ ਇਸ ਆਸ਼੍ਰਮ ਵਿਚ ਇਕ ਵਾਰ ਰਾਜਾ ਸ਼ਰਯਾਤ ਦੀ ਕੰਨਿਆ ਸੁਕੰਨਿਆ ਪਹੁੰਚੀ ਅਤੇ ਇਨ੍ਹਾਂ ਦੀਆਂ ਅੱਖਾਂ ਨੂੰ ਜੁਗਨੂੰ ਸਮਝ ਕੇ ਖੋਦ ਦਿੱਤਾ, ਜਿਸ ਨਾਲ ਅੱਖਾਂ ਵਿਚੋਂ ਖੂਨ ਵਹਿਣਾ ਸ਼ੁਰੂ ਹੋ ਗਿਆ। ਰਾਜਾ ਸ਼ਰਯਾਤ ਖਿਮਾ ਮੰਗਣ ਆਏ, ਪਰ ਇਸਤ੍ਰੀ ਰੂਪ ਵਿਚ ਸੁਕੰਨਿਆ ਨੂੰ ਦੇਣ ਤੇ ਹੀ ਚਿਅਵਨ ਖਿਮਾ ਦੇਣ ਲਈ ਤਿਆਰ ਹੋਏ। ਚਿਅਵਨ ਕਾਫ਼ੀ ਕਰੂਪ ਸਨ, ਇਸ ਲਈ ਲੋਕ ਸੁਕੰਨਿਆ ਦਾ ਮਜ਼ਾਕ ਉਡਾਉਂਦੇ ਸਨ। ਇਕ ਵਾਰ ਅਸ਼ਵਨੀ ਕੁਮਾਰਾਂ ਨੇ ਸੁਕੰਨਿਆ ਨੂੰ ਵਿਚਲਿਤ ਕਰਨਾ ਚਾਹਿਆ ਅਤੇ ਉਸ ਦੇ ਸਤੀਤ੍ਵ ਦੀ ਪ੍ਰੀਖਿਆ ਲੈਣੀ ਚਾਹੀ। ਕੁਮਾਰ ਚਿਅਵਨ ਨੂੰ ਸਰੋਵਰ ਵਿਚ ਆਪਣੇ ਨਾਲ ਲੈ ਗਏ। ਦੈਵੀ-ਦੇਹ ਧਾਰਨ ਕਰਕੇ

ਉਹ ਸਾਰੇ ਇਕ ਹੀ ਰੂਪ ਧਾਰਨ ਕਰਕੇ ਬਾਹਰ ਨਿਕਲੇ। ਸੁਕੰਨਿਆ ਨੂੰ ਉਨ੍ਹਾਂ ਵਿਚੋਂ ਕਿਸੇ ਇਕ ਨੂੰ ਚੁਣਨ ਲਈ ਕਿਹਾ ਗਿਆ। ਉਸ ਨੇ ਇਨ੍ਹਾਂ ਨੂੰ ਹੀ ਚੁਣਿਆ, ਜਿਸ ਤੇ ਕੁਮਾਰ ਪ੍ਰਸੰਨ ਹੋਏ ਅਤੇ ਉਨ੍ਹਾਂ ਨੇ ਦੇਵੀ-ਦਵਾਈ ਨਾਲ ਚਿਯਵਨਿ ਨੂੰ ਸਥਾਈ ਜੋਬਨ ਪ੍ਰਦਾਨ ਕੀਤਾ। ਇਹ ਦਵਾਈ ਹਾਲੇ ਵੀ ਚਯਵਨਿਪ੍ਰਾਸ਼ ਦੇ ਨਾਮ ਨਾਲ ਪ੍ਰਸਿੱਧ ਹੈ।[41]

ਰਿਸ਼ੀ ਯਾਜਵਲਕਯ ਬੜੇ ਪ੍ਰਤਾਪੀ ਮੁਨੀ ਸਨ। ਆਪ ਨੇ ਪਹਿਲਾਂ ਸੂਰਯ ਨਾਰਾਯਣ ਤੋਂ ਵਿਦਿਆ ਹਾਸਿਲ ਕੀਤੀ। ਕਿਸੇ ਕਾਰਨ ਸੂਰਯ ਭਗਵਾਨ ਆਪ ਤੋਂ ਅਪ੍ਰਸੰਨ ਹੋ ਗਏ ਤਾਂ ਇਨ੍ਹਾਂ ਨੇ ਸਾਰੀ ਵਿਦਿਆ ਉਗਲ ਦਿੱਤੀ (ਵਮਨ ਕਰ ਦਿੱਤੀ)। ਇਹ ਪ੍ਰਾਕ੍ਰਮ ਦੇਖ ਕੇ ਪ੍ਰਸੰਨ ਹੋ ਕੇ ਰਵਿਦੇਵ ਨੇ ਵਰ ਦਿੱਤਾ ਕਿ ਜੋ ਤੇਰੇ ਨਾਲ ਵਾਦ-ਵਿਵਾਦ ਕਰੇਗਾ, ਉਸ ਦਾ ਸਿਰ ਫਟ ਜਾਵੇਗਾ।[42] ਬੁਧੀਮਾਨ ਅਤੇ ਤੇਜੱਸਵੀ ਵੈਦਿਕ ਲੋਕ ਜਿਸ ਨੂੰ ਸਭ ਤੋਂ ਪਹਿਲਾਂ ਨਮਸਕਾਰ ਕਰਦੇ ਹਨ, ਉਨ੍ਹਾਂ ਦਾ ਨਾਮ ਯਾਜਵਲਕਯ ਹੈ। ਵੈਦਿਕ ਮੰਤਰ ਵਿਚ ਕਿਹਾ ਹੈ "ਪਹਿਲਾਂ ਮੈਂ ਯੋਗੀਸ਼ਵਰ ਯਾਗਵਲਕ ਨੂੰ ਨਮਸਕਾਰ ਕਰਦਾ ਹਾਂ ਅਤੇ ਫਿਰ ਨਾਰਾਯਣ ਨੂੰ।"[43]

ਅੰਬਰੀਸ਼ ਅਯੋਧਿਆ ਦਾ ਇਕ ਪ੍ਰਸਿੱਧ ਸੂਰਜਵੰਸ਼ੀ ਰਾਜਾ ਸੀ। ਇਹ ਬਹੁਤ ਪ੍ਰਾਕਰਮੀ ਸੀ। ਇਹ ਉੱਚਕੋਟੀ ਦੇ ਵਿਸ਼ਨੂੰ ਭਗਤ ਸਨ। ਸਾਰਾ ਰਾਜ-ਭਾਗ ਕਰਮਚਾਰੀਆਂ ਨੂੰ ਸੌਂਪ ਕੇ ਇਹ ਆਪਣਾ ਬਹੁਤਾ ਸਮਾਂ ਹਰਿ ਭਜਨ ਵਿਚ ਬਤੀਤ ਕਰਦੇ ਸਨ।[44]

## 3. ਮੁਕਤੀ ਪ੍ਰਾਪਤ ਪ੍ਰਭੂ-ਭਗਤਾਂ ਦੇ ਪ੍ਰਸੰਗ

ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਨਾਮ-ਸਿਮਰਨ ਅਤੇ ਪ੍ਰਭੂ-ਭਗਤੀ ਦੇ ਮਹੱਤਵ ਨੂੰ ਦ੍ਰਿੜ੍ਹਾਉਣ ਲਈ ਐਸੇ ਪੌਰਾਣਿਕ ਪਾਤਰਾਂ ਦੇ ਹਵਾਲੇ ਦਿੱਤੇ ਹਨ ਜਿਨ੍ਹਾਂ ਆਪਣੀ ਸਾਰੀ ਜਿੰਦਗੀ ਪਾਪਾਂ ਵਿਚ ਬਿਤਾ ਦਿੱਤੀ, ਸਾਰੀ ਜਿੰਦਗੀ ਵਿਚ ਕਦੀ ਕੋਈ ਸ਼ੁਭ ਕਰਮ

ਨਹੀਂ ਕੀਤਾ ਪਰੰਤੂ ਅੰਤਿਮ ਸਮੇਂ ਪ੍ਰਭੂ ਦੀ ਕਿਰਪਾ ਨਾਲ ਅਤੇ ਨਾਮ-ਸਿਮਰਨ ਸਦਕਾ ਉਹ ਭਵਸਾਗਰ ਤੋਂ ਪਾਰਹੋ ਗਏ, ਮੁਕਤੀ ਪਾ ਗਏ। ਜਿਨ੍ਹਾਂ ਵਿਚੋਂ ਗਨਿਕਾ, ਅਜਾਮਲ, ਬਾਲਮੀਕਿ, ਗਜਰਾਜ, ਆਦਿ ਦੇ ਨਾਮ ਵਰਣਨਯੋਗ ਹਨ। ਰਵਿਦਾਸ ਬਾਣੀ ਵਿਚ ਗਨਿਕਾ ਦਾ ਉਲੇਖ ਚਾਰ ਸਥਾਨਾਂ ਤੇ ਹੋਇਆ ਮਿਲਦਾ ਹੈ:

ਅਜਾਮਲ ਪਿੰਗੁਲਾ ਲੁਭਤ ਕੁੰਚਰ ਗਏ ਹਰਿ ਕੈ ਪਾਸ।
ਐਸੇ ਦੁਰਮਤਿ ਨਿਸਤਰੇ ਤੂੰ ਕਿਉ ਨ ਤਰਹਿ ਰਵਿਦਾਸ।[45]

ਗਨਿਕਾ ਕੀ ਕਿਸ ਕਰਮਾ ਜੋਗ, ਪਰ-ਪੁਰਸਨ ਸੋ ਰਮਤੀ ਭੋਗ।
ਨਿਸਿ ਬਾਸਰ ਦੁਸਕਰਮ ਕਮਾਈ, ਰਾਮ ਕਹਤ ਬੈਕੁੰਠੇ ਜਾਈ।[46]

ਅਜਾਮੇਲ ਰਾਜ ਗਨਿਕਾ ਤਾਰੀ, ਕਾਟੀ ਕੁੰਚਰ ਕੀ ਪਾਸ ਰੇ।
ਐਸੇ ਦੁਰਮਤਿ ਮੁਕਤਿ ਕੀਏ, ਤੌ ਕਿਉ ਨ ਤਿਰੈ ਰਵਿਦਾਸ ਰੇ।[47]

ਸਬਰੀ ਗੀਧ ਅਜਾਮਲਿ ਸਦਨਾ, ਰਾਮ ਕ੍ਰਿਪਾ ਗਨਕਾ ਤਰਿ ਜਾਵਤਾ।[48]

ਗੁਰਬਾਣੀ ਵਿਚ ਵੀ ਗੁਰੂ ਸਾਹਿਬਾਨ ਨੇ ਗਨਿਕਾ ਦੇ ਪ੍ਰਸੰਗ ਨੂੰ ਅਣਡਿੱਠ ਨਹੀਂ ਕੀਤਾ।

ਅਜਾਮਲ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ।[49]

ਉਪਰੋਕਤ ਪੰਕਤੀਆਂ ਤੋਂ ਸਪਸ਼ਟ ਹੈ ਕਿ ਕਿਸ ਤਰ੍ਹਾਂ ਨਾਮ-ਸਿਮਰਨ ਨਾਲ ਗਨਿਕਾ ਨੂੰ ਮੁਕਤੀ ਮਿਲ ਗਈ ਅਤੇ ਉਸ ਨੂੰ ਬੈਕੁੰਠ ਧਾਮ ਪ੍ਰਾਪਤ ਹੋਇਆ। ਗਨਿਕਾ ਸੰਬੰਧੀ ਪ੍ਰਸੰਗ ਨਿਮਨ ਅਨੁਸਾਰ ਹੈ:

ਗਣਿਕਾ[50] ਕਾਸ਼ੀ ਵਿਚ ਰਹਿਣ ਵਾਲੀ ਇਕ ਸੁੰਦਰ ਵੇਸਵਾ ਸੀ। ਉਸ ਦੇ ਨਿਵਾਸ ਸਥਾਨ ਤੇ ਸਦਾ ਭੋਗ-ਵਿਲਾਸ ਦਾ ਵਾਤਾਵਰਣ ਛਾਇਆ ਰਹਿੰਦਾ ਸੀ। ਕੁਝ ਚਿਰ ਮਗਰੋਂ ਇਕ ਭਿਆਨਕ ਅਤੇ ਤੂਫ਼ਾਨੀ ਵਰਖਾ ਦੀ ਰਾਤ ਵਿਚ ਕੁਝ ਸਾਧੂ ਵਿਸ਼ਰਾਮ ਕਰਨ ਲਈ ਉਸ ਦੇ ਮਕਾਨ ਦੇ ਅੰਦਰ ਪਹੁੰਚੇ। ਭੋਗ-ਵਿਲਾਸ ਦੀ ਭਾਵਨਾ ਤੋਂ ਅਛੂਤੇ ਇਨ੍ਹਾਂ ਸਾਧੂਆਂ ਨੂੰ ਆਪਣੇ ਘਰ ਵਿਚ ਵੜਨ ਲਈ ਆਏ ਦੇਖ ਕੇ ਵੇਸਵਾ ਨੇ ਪਵਿੱਤਰ ਮਨ ਅਤੇ ਸ਼ੁੱਧ ਆਚਰਣ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਨੂੰ ਰਹਿਣ ਲਈ ਸਥਾਨ ਅਤੇ ਭੋਜਨ ਦਿੱਤਾ। ਵੇਸਵਾ ਦੁਆਰਾ ਕੀਤੇ ਗਏ ਸਨਮਾਨ ਤੋਂ ਪ੍ਰਸੰਨ ਹੋ ਕੇ ਪਰ ਉਸ ਦੀ ਪਤਿਤ ਅਵਸਥਾ ਤੋਂ ਦੁਖੀ ਹੋ ਕੇ, ਅਤੇ ਉਸ ਨੂੰ ਇਸ ਸਥਿਤੀ ਵਿਚੋਂ ਉਭਾਰਨ ਦਾ ਨਿਸ਼ਚਾ ਕਰਕੇ ਸਾਧੂਆਂ ਨੇ ਉਸ ਨੂੰ ਇਕ ਤੋਤਾ ਦਿੱਤਾ ਅਤੇ ਕਿਹਾ ਕਿ ਇਸ ਤੋਤੇ ਨੂੰ ਉਹ ਪ੍ਰਤਿ ਦਿਨ ਰਾਮ-ਰਾਮ ਪੜ੍ਹਾਇਆ ਕਰੇ। ਉਸ ਦਿਨ ਤੋਂ ਉਹ ਬੜੇ ਪਵਿੱਤਰ ਭਾਵ ਨਾਲ ਉਸ ਨੂੰ ਰਾਮ-ਨਾਮ ਸਿਖਾਉਣ ਲਗ ਪਈ। ਇਸ ਪ੍ਰਕਾਰ ਸ਼ਰਧਾ ਭਾਵਨਾ ਨਾਲ ਰਾਮ ਨਾਮ ਦੇ ਸਿਮਰਨ ਨਾਲ ਉਸ ਨੂੰ ਮੁਕਤੀ ਪ੍ਰਾਪਤ ਹੋਈ।

ਇਸ ਪ੍ਰਸੰਗ ਤੋਂ ਸਪਸ਼ਟ ਹੈ ਕਿ ਜੇ ਮਹਾਂਪਾਪੀ ਮਨੁੱਖ ਵੀ ਸੱਚੇ ਮਨ, ਲਗਨ ਅਤੇ ਸ਼ਰਧਾ ਨਾਲ ਰਾਮ ਨਾਮ ਸਿਮਰਨ ਕਰਦਾ ਹੈ ਤਾਂ ਉਸ ਲਈ ਮੁਕਤੀ ਪ੍ਰਾਪਤ ਕਰਨਾ ਸਹਿਜ ਹੋ ਜਾਂਦਾ ਹੈ।

ਗਣਿਕਾ ਵਾਂਗ ਹੀ ਅਜਾਮਲ ਦੀ ਪੌਰਾਣਿਕ ਕਥਾ ਵੀ ਇਸੇ ਤੱਥ ਨੂੰ ਪ੍ਰਮਾਣਿਤ ਕਰਦੀ ਹੈ। ਅਜਾਮਲ ਸੰਬੰਧੀ ਪੌਰਾਣਿਕ ਕਥਾ ਇਸ ਪ੍ਰਕਾਰ ਹੈ।

ਅਜਾਮਲ[51] ਇਕ ਯੋਗੀ ਅਤੇ ਵਿਦਵਾਨ ਬ੍ਰਾਹਮਣ ਸੀ। ਉਹ ਕਨੌਜ ਵਿਚ ਰਹਿੰਦਾ ਸੀ। ਉਸ ਦਾ ਸੰਬੰਧ ਇਕ ਵੇਸਵਾ ਨਾਲ ਹੋ ਗਿਆ। ਫਲਸਰੂਪ ਉਸ ਨੂੰ ਉਸ ਨੇ ਆਪਣੀ ਰਖੇਲ ਰਖ ਲਿਆ। ਇਸ ਤੇ ਕਨੌਜ ਦੇ ਲੋਕਾਂ ਨੇ ਉਸ ਦਾ ਅਪਮਾਨ ਕਰਕੇ ਉਸ ਨੂੰ ਸ਼ਹਿਰ ਵਿਚੋਂ ਕੱਢ

ਦਿੱਤਾ। ਫੇਰ ਉਹ ਕੁਟੀਆ ਬਣਾ ਕੇ ਜੰਗਲ ਵਿਚ ਰਹਿਣ ਲੱਗ ਪਿਆ। ਇਥੇ ਅਜਾਮਲ ਨੇ ਧਰਮ-ਕਰਮ ਛੱਡ ਕੇ ਮੀਟ-ਸ਼ਰਾਬ ਦਾ ਸੇਵਨ ਸ਼ੁਰੂ ਕਰ ਦਿੱਤਾ। ਕਰਦਾ ਵੀ ਕਿਉਂ ਨਾ, ਵੇਸ਼ਵਾ ਦਾ ਪ੍ਰਭਾਵ ਜਿਉਂ ਸੀ। ਇਥੇ ਉਸ ਦੇ ਪੰਜ ਪੁੱਤਰ ਪੈਦਾ ਹੋਏ। ਛੇਵੀਂ ਸੰਤਾਨ ਦਾ ਜਦ ਜਨਮ ਹੋਣ ਵਾਲਾ ਸੀ ਤਦ ਸੁਭਾਗ ਵਸ ਇਕ ਸਾਧੂ ਉਸ ਦੇ ਕੋਲ ਆਇਆ। ਅਜਾਮਲ ਨੇ ਆਪਣੇ ਪੂਰਵ-ਸੰਸਕਾਰਾਂ ਦੇ ਕਾਰਣ ਉਸ ਸਾਧੂ ਦਾ ਬੜਾ ਸਤਿਕਾਰ ਕੀਤਾ। ਸਾਧੂ ਉਸ ਦੀ ਵਾਸਤਵਿਕਤਾ ਨੂੰ ਸਮਝ ਗਿਆ। ਜਾਂਦੇ ਹੋਏ ਉਹ ਸਾਧੂ ਉਸ ਨੂੰ ਕਹਿ ਗਿਆ ਕਿ ਉਸ ਦੀ ਛੇਵੀਂ ਸੰਤਾਨ ਵੀ ਪੁੱਤਰ ਹੀ ਹੋਵੇਗੀ। ਉਹਨੇ ਅਜਾਮਲ ਨੂੰ ਇਹ ਵੀ ਦੱਸਿਆ ਕਿ ਉਸ ਦਾ ਨਾਮ ਨਾਰਾਇਣ ਰਖਿਆ ਜਾਵੇ। 'ਨਾਰਾਇਣ' ਨਾਮ ਵਿਚ ਪ੍ਰਭੂ ਨਾਮ ਦੇ ਸਿਮਰਨ ਦੀ ਸ਼ਕਤੀ ਹੈ। "ਮਹਾਂਭਾਰਤ ਅਨੁਸਾਰ ਪਰਮਾਤਮਾ ਜਾਂ ਆਤਮਾ ਦਾ ਨਾਮ 'ਨਰ' ਹੈ। ਪਰਮਾਤਮਾ ਤੋਂ ਸਭ ਤੋਂ ਪਹਿਲਾਂ ਉਤਪੰਨ ਹੋਣ ਕਾਰਨ ਆਕਾਸ਼ਾਦਿ ਨੂੰ ਨਾਰ ਕਹਿੰਦੇ ਹਨ। ਇਹ ਸਰਵਤਰ ਵਿਆਪਕ ਹੈ ਤਥਾ ਸਭ ਦੀ ਉਤਪਤੀ ਦਾ ਕਾਰਨ ਹੈ, ਇਸ ਲਈ ਪਰਮਾਤਮਾ ਦਾ ਨਾਮ ਨਾਰਾਇਣ ਹੋਇਆ। ਨਰਾਂ ਦਾ (ਜੀਵਾਂ ਦਾ) ਤ੍ਰਿਮੂਰਤੀਆਂ ਦੁਆਰਾ ਸਿਰਜਨ, ਸੰਹਾਰ ਅਤੇ ਪਾਲਨ ਕਰਨ ਦੇ ਕਾਰਨ ਵੀ ਅਯਨ ਹੋਣ ਕਾਰਨ ਇਹ ਨਾਰਾਇਣ ਕਹੇ ਜਾਂਦੇ ਹਨ। ਕਿਤੇ-ਕਿਤੇ ਇਹ ਵੀ ਲਿਖਿਆ ਮਿਲਦਾ ਹੈ ਕਿ ਕਿਸੇ ਮਨਵੰਤਰ ਵਿਚ ਵਿਸ਼ਨੂੰ 'ਨਰ' ਨਾਮਕ ਰਿਸ਼ੀ ਦੇ ਪੁੱਤਰ ਹੋਏ ਸੀ। ਇਸ ਕਰਕੇ ਉਨ੍ਹਾਂ ਦਾ ਨਾਮ ਨਾਰਾਇਣ ਪੈ ਗਿਆ।"[52] ਜਦ ਅਜਾਮਲ ਦਾ ਅੰਤ-ਕਾਲ ਆ ਗਿਆ ਅਤੇ ਯਮ ਦੇ ਦੂਤ ਉਸ ਨੂੰ ਲੈਣ ਲਈ ਪਹੁੰਚ ਗਏ ਤਦ ਅਜਾਮਲ ਨੇ ਪੁੱਤਰ-ਮੋਹ ਅਧੀਨ ਉਸ ਦਾ ਨਾਮ ਲੈ ਕੇ ਪੁਕਾਰਿਆ — 'ਨਾਰਾਇਣ'। ਇਸ ਤੇ ਪਰਮ ਪ੍ਰਭੂ, ਨਾਰਾਇਣ ਦੇ ਦੂਤ ਵੀ ਆ ਗਏ।

ਉਹ ਉਸ ਨੂੰ ਯਮਰਾਜ ਦੇ ਦੂਤਾਂ ਦੇ ਬੰਧਨ ਤੋਂ ਛੁਡਾ ਕੇ ਬੈਕੁੰਠ ਵਿਚ ਲੈ ਗਏ।[53] ਨਿਰਸੰਦੇਹ ਨਾਰਾਇਣ ਅਜਾਮਲ ਦੇ ਛੋਟੇ ਪੁੱਤਰ ਦਾ ਨਾਮ ਸੀ, ਪਰੰਤੂ ਸ਼ੁੱਧ ਭਾਵ ਨਾਲ ਲਏ ਗਏ 'ਨਾਰਾਇਣ' ਸ਼ਬਦ ਵਿਚ ਐਸੀ ਅਲੌਕਿਕ ਸ਼ਕਤੀ ਨਿਹਿਤ ਹੈ ਜੋ ਉਸ ਨੂੰ ਪਰਮ ਤੱਤ ਦੀ ਪ੍ਰਾਪਤੀ ਤਕ ਪਹੁੰਚਾਉਂਦੀ ਹੈ ਅਤੇ ਭੋਗ-ਵਿਲਾਸੀ ਅਤੇ ਸ਼ਰਾਬੀ ਅਜਾਮਲ ਜਿਹੇ ਮਨੁੱਖਾਂ ਦਾ ਵੀ ਕਲਿਆਣ ਕਰਦੀ ਹੈ।

ਇਸੇ ਤਰ੍ਹਾਂ ਬਾਲਮੀਕਿ, ਰਾਮ ਭਗਤ ਹੋਏ ਹਨ ਜਿਨ੍ਹਾਂ ਦਾ ਹਵਾਲਾ ਵੀ ਰਵਿਦਾਸ ਬਾਣੀ ਵਿਚ ਉਪਲਬੱਧ ਹੈ:

ਰੇ ਚਿਤ! ਚੇਤਿ ਚੇਤ ਅਚੇਤ, ਕਾਹੇ ਨ ਬਾਲਮੀਕਹਿ ਦੇਖ।
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ, ਰਾਮ ਭਗਤਿ ਬਿਸੇਖ।[54]

"ਬਾਲਮੀਕਿ ਆਰੰਭ ਵਿਚ ਇਕ ਅਨਾਥ ਬ੍ਰਾਹਮਣ ਬਾਲਕ ਸਨ। ਭੀਲਾਂ ਦੁਆਰਾ ਪਾਲਣਾ ਹੋਈ ਅਤੇ ਭੀਲਣੀ ਨਾਲ ਇਨ੍ਹਾਂ ਦਾ ਵਿਆਹ ਹੋਇਆ। ਸ਼ਿਕਾਰ ਕਰਨਾ ਅਤੇ ਡਾਕਾ ਮਾਰਨਾ ਇਨ੍ਹਾਂ ਦਾ ਕੰਮ ਸੀ। ਇਕ ਵਾਰ ਸਪਤ-ਰਿਸ਼ੀਆਂ ਉਪਰ ਡਾਕਾ ਮਾਰਿਆ। ਉਨ੍ਹਾਂ ਦੇ ਸੰਪਰਕ ਨਾਲ ਵਿਨਾਸ਼ਕਾਰੀ ਬੁੱਧੀ ਜਾਂਦੀ ਰਹੀ ਅਤੇ ਇਹ 'ਮਰਾ ਮਰਾ' ਜਪਦੇ ਰਹੇ। ਇਸ ਤੋਂ 'ਰਾਮ ਰਾਮ' ਮੰਤਰ ਬਣ ਗਿਆ। ਇਨ੍ਹਾਂ ਨੇ ਘੋਰ ਤਪੱਸਿਆ ਕੀਤੀ। ਇੱਥੋਂ ਤਕ ਕਿ ਦੀਮਕਾਂ ਨੇ ਇਨ੍ਹਾਂ ਉੱਤੇ ਆਪਣੇ ਘਰ ਬਣਾ ਲਏ। ਸਪਤਰਿਸ਼ੀਆਂ ਨੇ ਫੇਰ ਇਨ੍ਹਾਂ ਦਾ ਉਧਾਰ ਕੀਤਾ ਅਤੇ ਦੈਵੀ ਗਿਆਨ ਦਾ ਉਪਦੇਸ਼ ਦਿੱਤਾ। ਇਨ੍ਹਾਂ ਨੇ 'ਰਾਮਾਇਣ' ਦੀ ਰਚਨਾ ਕੀਤੀ। ਸੀਤਾ ਨੂੰ ਬਨਵਾਸ ਦੌਰਾਨ ਸ਼ਰਨ ਵੀ ਦਿੱਤੀ।"[55]

ਵਾਲਮੀਕਿ ਦਾ ਹਵਾਲਾ ਦੇ ਕੇ ਰਵਿਦਾਸ ਜੀ ਨੇ ਇਹ ਸਿੱਧ ਕਰਾਉਣ ਦਾ ਜਤਨ ਕੀਤਾ ਹੈ ਕਿ ਪ੍ਰਭੂ-ਪ੍ਰਾਪਤੀ ਦੇ ਰਸਤੇ ਵਿਚ ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ। ਕੋਈ ਵੀ ਪੁਰਸ਼ ਆਪਣੀ ਆਸਥਾ ਅਤੇ ਨਿਸ਼ਠਾ ਨਾਲ ਪ੍ਰਭੂ ਪ੍ਰਾਪਤੀ ਨੂੰ ਅੱਪੜ ਸਕਦਾ ਹੈ।

ਇਸੇ ਸੰਦਰਭ ਵਿਚ ਲੁਬਿਧ ਅਤੇ ਗਜਰਾਜ ਦਾ ਹਵਾਲਾ ਵੀ ਵਰਣਨਯੋਗ ਹੈ। ਇਨ੍ਹਾਂ ਸੰਬੰਧੀ ਉਦਾਹਰਣਾਂ ਅਸੀਂ ਪਿੱਛੇ ਦੇ ਆਏ ਹਾਂ। ਇਨ੍ਹਾਂ ਦੋਹਾਂ ਕਥਾਵਾਂ ਭਾਗਵਤ ਪੁਰਾਣ ਵਿਚ ਉਪਲਬੱਧ ਹਨ।

ਲੁਬਿਧ[56] ਸੰਬੰਧੀ ਕਥਾ ਇਉਂ ਹੈ ਕਿ ਜਿਸ ਸਮੇਂ ਸ੍ਰੀ ਕ੍ਰਿਸ਼ਨ ਪਦਮ ਆਸਣ ਦੀ ਅਵਸਥਾ ਵਿਚ ਬੈਠੇ ਹੋਏ ਸਨ, ਤਦ ਲੁਬਿਧ ਨੇ ਸ੍ਰੀ ਕ੍ਰਿਸ਼ਣ ਦੇ ਚਰਣ ਕਮਲ ਵਿਚ ਪਦਮ ਚਮਕਦਾ ਹੋਇਆ ਵੇਖਿਆ ਅਤੇ ਸਮਝਿਆ ਕਿ ਕਿਸੇ ਮਿਰਗ ਦੇ ਨੈਨ ਚਮਕ ਰਹੇ ਹਨ। ਇਹ ਸਮਝ ਕੇ ਲੁਬਿਧ ਨੇ ਧਨੁਖ ਤੇ ਬਾਣ ਚੜ੍ਹਾ ਕੇ ਉਸ ਪਦਮ 'ਤੇ ਨਿਸ਼ਾਨਾ ਲਾਇਆ। ਲੁਬਿਧ ਨੇ ਸਮਝਿਆ ਕਿ ਮੈਂ ਮਿਰਗ ਨੂੰ ਮਾਰ ਦਿੱਤਾ ਹੈ। ਖੁਸ਼ੀ ਨਾਲ ਪਾਗਲ ਹੋਇਆ ਜਦ ਉਸ ਦੇ ਨੇੜੇ ਪਹੁੰਚਿਆ ਤਦ ਵੇਖਿਆ ਕਿ ਉਸ ਨੇ ਸ੍ਰੀ ਕ੍ਰਿਸ਼ਣ ਨੂੰ ਹੀ ਮਿਰਗ ਸਮਝ ਕੇ ਬਾਣ ਚਲਾ ਦਿੱਤਾ ਹੈ। ਪ੍ਰਭੂ ਦਾ ਸੁੰਦਰ ਰੂਪ ਵੇਖ ਕੇ ਚਕ੍ਰਿਤ ਰਹਿ ਗਿਆ, ਜਿਨ੍ਹਾਂ ਆਪਣੇ ਪੈਰਾਂ ਵਿਚ ਪਦਮ ਧਾਰਣ ਕੀਤਾ ਹੋਇਆ ਸੀ। ਲੁਬਿਧ ਹੱਥ ਜੋੜ ਕੇ ਸ੍ਰੀ ਕ੍ਰਿਸ਼ਨ ਦੇ ਪੈਰਾਂ ਵਿਚ ਡਿੱਗ ਪਿਆ ਅਤੇ ਮਾਫ਼ੀ ਮੰਗਣ ਲੱਗਾ, "ਮੇਰੇ ਤੋਂ ਜੋ ਅਣਜਾਣਪੁਣੇ ਵਿਚ ਅਪਰਾਧ ਹੋ ਗਿਆ ਹੈ, ਉਸ ਲਈ ਮੈਨੂੰ ਮਾਫ਼ ਕਰ ਦਿਉ।" ਸ੍ਰੀ ਕ੍ਰਿਸ਼ਣ ਬੜੇ ਦਿਆਲੂ ਸਨ, ਉਨ੍ਹਾਂ ਨੇ ਕਿਹਾ, "ਇਸ ਵਿਚ ਤੇਰਾ ਕੋਈ ਦੋਸ਼ ਨਹੀਂ ਹੈ, ਮੇਰੀ ਇੱਛਾ ਨਾਲ ਹੀ ਬਾਣ ਦੀ ਪ੍ਰਾਪਤੀ ਮੈਨੂੰ ਹੋਈ ਹੈ। ਇਸ ਲਈ ਤੂੰ ਆਪਣੇ ਮਨ ਵਿਚੋਂ ਇਹ ਖਿਆਲ ਕੱਢ ਦੇ ਕਿ ਤੂੰ ਕੋਈ ਅਪਰਾਧ ਕੀਤਾ ਹੈ। ਮੇਰੇ ਦਰਸ਼ਨ ਦਾ ਫਲ ਤੈਨੂੰ ਮਿਲੇਗਾ ਕਿ ਤੂੰ ਸਵਰਗ ਲੋਕ ਨੂੰ ਪ੍ਰਾਪਤ ਹੋਵੇਂਗਾ।"

ਗਜ ਸੈਂਦੀ ਕਥਾ ਇਸ ਪ੍ਰਕਾਰ ਹੈ: ਗਜ[51] (ਹਾਥੀ) ਇਕ ਦਿਨ ਤਲਾਉ ਵਿਚ ਨਹਾਉਣ ਗਿਆ ਤਾਂ ਉਸ ਤਲਾਉ ਵਿਚ ਰਹਿੰਦੇ ਇਕ ਗ੍ਰਾਹ (ਮਗਰਮੱਛ) ਨੇ ਉਸ ਦਾ ਪੈਰ ਫੜ ਲਿਆ। ਉਸ ਨੂੰ ਮੁਸੀਬਤ ਵਿਚ ਫਸਿਆ ਵੇਖ ਕੇ ਉਸ ਦੇ ਸਾਥੀ ਦੌੜ ਗਏ। ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਕੇ ਉਸ ਨੇ ਨਾਰਾਇਣ ਅੱਗੇ ਫਰਿਆਦ ਕੀਤੀ ਤਾਂ ਨਾਰਾਇਣ ਨੇ ਆਪ ਆ ਕੇ ਉਸ ਨੂੰ ਗ੍ਰਾਹ ਦੇ ਪੰਜੇ 'ਚੋਂ ਛੁਡਾਇਆ। ਗ੍ਰਾਹ ਦੇ ਮੂੰਹ ਵਿਚ ਸੁਦਰਸ਼ਨ ਚੱਕ੍ਰ ਮਾਰ ਕੇ ਉਸ ਦਾ ਮੂੰਹ ਪਾੜ ਕੇ ਗਜ ਨੂੰ ਮੁਕਤ ਕਰਾਇਆ। ਦਰਅਸਲ ਗਜ ਪਿਛਲੇ ਜਨਮ ਵਿਚ ਰਾਜਾ ਇੰਦਰਦੁਮਨ ਸੀ। ਇਕ ਵਾਰ ਉਹ ਰਾਜ-ਪਾਟ ਛੱਡ ਕੇ ਜੰਗਲ ਵਿਚ ਚਲਾ ਗਿਆ। ਜੰਗਲ ਵਿਚ ਉਹ ਤਪੱਸਿਆ ਕਰ ਰਿਹਾ ਸੀ ਕਿ ਉਥੇ ਅਗਸਤਯ ਰਿਸ਼ੀ ਆਏ। ਰਾਜੇ ਦਾ ਧਿਆਨ ਤਪੱਸਿਆ ਵਿਚ ਸੀ, ਜਿਸ ਕਾਰਣ ਉਸ ਨੇ ਰਿਸ਼ੀ ਦਾ ਸਵਾਗਤ ਨਾ ਕੀਤਾ, ਜਿਸ ਤੋਂ ਕ੍ਰੋਧਿਤ ਹੋ ਕੇ ਰਿਸ਼ੀ ਨੇ ਉਸ ਨੂੰ ਸਰਾਪ ਦਿੱਤਾ, "ਤੂੰ ਹਾਥੀ ਦਾ ਤਨ ਪਾਵੇਂਗਾ।" ਤਦ ਰਾਜੇ ਨੇ ਆਪਣੀ ਮੁਕਤੀ ਦਾ ਮਾਰਗ ਪੁੱਛਿਆ ਤਾਂ ਰਿਸ਼ੀ ਨੇ ਕਿਹਾ, "ਜਦੋਂ ਗ੍ਰਾਹ ਤੇਰੀ ਲੱਤ ਫੜੇਗਾ ਤਦ ਭਗਵਾਨ ਆ ਕੇ ਤੈਨੂੰ ਮੁਕਤੀ ਦਿਵਾਵੇਗਾ।"

ਇਸ ਤਰ੍ਹਾਂ ਇਹ ਕਥਾ ਵੀ ਨਾਮ-ਸਿਮਰਨ ਦੇ ਪੱਖ ਨੂੰ ਹੀ ਦ੍ਰਿੜ੍ਹਾਉਂਦੀ ਹੈ। ਇਸੇ ਤਰ੍ਹਾਂ ਰਵਿਦਾਸ ਬਾਣੀ ਵਿਚ ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ, ਸੈਨ ਆਦਿ ਦਾ ਵੀ ਉਲੇਖ ਮਿਲਦਾ ਹੈ:

ਨਾਮਦੇਵ ਕਬੀਰ ਤ੍ਰਿਲੋਚਨ ਸਧਨਾ ਸੈਨ ਤਰੈ।
ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।[58]

ਹਰਿ ਕੇ ਨਾਮ ਕਬੀਰ ਉਜਾਗਰ।
ਜਨਮ ਜਨਮ ਕੇ ਕਾਟੇ ਕਾਗਰ।
ਨਿਮਤ ਨਾਮਦੇਉ ਦੂਧੁ ਪੀਆਇਆ।
ਤਉ ਜਗ ਜਨਮ ਸੰਕਟ ਨਹੀ ਆਇਆ।[59]

## ਸੰਤ ਨਾਮ ਦੇਵ

ਨਾਮਦੇਵ ਕਿਆ ਜਾਤਿ ਕੇ ਓਛ, ਜਾਕੋ ਜਸ ਗਾਵੈ ਤ੍ਰਿਲੋਕ।
ਭਗਤਿ ਹੇਤ ਭਗਤਾ ਕੇ ਚਲੇ, ਅੰਕਮਾਲ ਲੇ ਬੀਠਲ ਮਿਲੇ।[60]

ਸੰਤ ਨਾਮਦੇਵ ਦਾ ਜਨਮ ਸੰਮਤ 1326 ਨੂੰ ਸਤਾਰਾ ਜ਼ਿਲ੍ਹੇ ਦੇ ਨਰਸੀ ਬਮਨੀ (ਬਰਮਨੀ) ਪਿੰਡ ਵਿਚ ਹੋਇਆ ਮੰਨਿਆ ਜਾਂਦਾ ਹੈ। ਸੰਤ ਵਿਸੋਬਾ ਖੇਚਰ ਨੂੰ ਉਨ੍ਹਾਂ ਨੇ ਆਪਣਾ ਗੁਰੂ ਸਵੀਕਾਰ ਕੀਤਾ ਸੀ। ਸੰਤ ਨਾਮਦੇਵ ਮੂਲ ਰੂਪ ਵਿਚ ਨਿਰਗੁਣ ਉਪਾਸਕ ਸਨ ਪਰੰਤੂ ਸਰਗੁਣ ਉਪਾਸਨਾ ਨੂੰ ਵੀ ਅਪਣਾਇਆ ਹੋਇਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ ਸੱਠ ਤੋਂ ਵੀ ਵਧੀਕ ਪਦ ਸ਼ਾਮਿਲ ਹਨ।[61] ਆਪ ਬੀਠਲ ਦੇ ਪੁਜਾਰੀ ਸਨ। ਕਹਿੰਦੇ ਹਨ ਕਿ ਬਚਪਨ ਵਿਚ ਆਪ ਨੇ ਬੀਠਲ ਨੂੰ ਦੁੱਧ ਪਿਆਇਆ ਸੀ। ਦਿੱਲੀ ਦੇ ਰਾਜਾ ਮੁਹੰਮਦ ਬਿਨ ਤੁਗਲਕ ਦੇ ਕਹਿਣ ਤੇ ਆਪ ਨੇ ਮੋਈ ਗਊ ਨੂੰ ਵੀ ਜੀਉਂਦਾ ਕਰ ਦਿੱਤਾ ਸੀ। ਅੰਤਿਮ ਸਮਾਂ ਆਪ ਨੇ ਪੰਡਰਪੁਰ ਵਿਚ ਹੀ ਬਤੀਤ ਕੀਤਾ।[62]

## ਸੰਤ ਕਬੀਰ

ਕੋਟਿ ਜਤਨ ਜੋ ਕੋਊ ਕਰੈ, ਰਾਮ ਨਾਮ ਬਿਨ ਤੇਊ ਨ ਨਿਸਤਰੈ।
ਨਿਰਗੁਨ ਤੇ ਗੁਨ ਦੇਖੋ ਆਈ, ਦੇਹੀ ਸਹਿਤ ਕਬੀਰ ਸਿਧਾਈ।[63]

ਕਬੀਰ ਸਾਹਿਬ ਦੇ ਸਰਬ-ਪ੍ਰਸਿੱਧ ਸੰਤ ਹੁੰਦੇ ਹੋਏ ਵੀ ਉਨ੍ਹਾਂ ਦੇ ਜੀਵਨ ਕਾਲ, ਜਨਮ-ਮਰਨ, ਸਥਾਨ ਤੇ ਸੰਬੰਧ ਵਿਚ ਹਾਲੇ ਤਕ ਵਿਦਵਾਨਾਂ ਵਿਚ ਬਹੁਤ ਮਤਭੇਦ ਨਜ਼ਰ ਆਉਂਦਾ ਹੈ। ਕਬੀਰ ਸਾਹਿਬ ਦੀ ਮ੍ਰਿਤੂ ਸੰਭਾਵਿਤ ਵਿਕ੍ਰਮ ਸੰਮਤ ਦੀ ਸੋਲ੍ਹਵੀਂ ਸ਼ਤਾਬਦੀ ਦੇ ਪਹਿਲੇ ਚਰਨ ਵਿਚ ਕਿਸੇ ਸਮੇਂ ਹੋਈ ਹੋਵੇਗੀ। ਇਸ ਤਰ੍ਹਾਂ ਮੰਨ ਲੈਣ ਨਾਲ ਇਨ੍ਹਾਂ ਦੀ ਜਨਮ-ਤਿਥੀ 1455 ਤੋਂ ਕੁਝ ਪਹਿਲਾਂ ਅਰਥਾਤ ਪੰਦਰ੍ਹਵੀਂ ਦੇ ਦੂਜੇ ਜਾਂ ਪਹਿਲੇ ਚਰਨ ਤਕ ਵੀ ਲੈ ਜਾਣਾ ਹੋਵੇਗਾ। ਇਨ੍ਹਾਂ ਦਾ ਨਿਵਾਸ ਸਥਾਨ ਕਾਂਸ਼ੀ ਅਤੇ ਜਾਤ ਜੁਲਾਹਾ ਮੰਨਣਾ ਵੀ ਵਿਵਾਦਗ੍ਰਸਤ ਹੀ ਹੈ। ਆਪ ਮੂਲ ਰੂਪ ਵਿਚ ਨਿਰਗੁਣਵਾਦੀ ਸੰਤ ਸਨ। ਆਪ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਗਭਗ ਸਵਾ ਦੋ ਸੌ ਪਦ ਅਤੇ ਢਾਈ ਸੌ ਸਾਖੀਆਂ ਦਰਜ ਹਨ।[64] ਕਬੀਰ ਜੀ ਸ਼ੁਰੂ ਤੋਂ ਹੀ ਬ੍ਰਹਮਗਿਆਨੀ ਸਨ। ਮੁਸਲਮਾਨਾਂ ਦੀ ਰਿਵਾਇਤ ਅਨੁਸਾਰ ਆਪ ਨੇ ਸੁੰਨਤ ਨਹੀਂ ਸੀ ਕਰਵਾਈ। ਬ੍ਰਾਹਮਣ ਜਾਤੀ ਆਪਦੀ ਨੀਵੀਂ ਜਾਤ ਕਰਕੇ ਆਪ ਨੂੰ ਨਫ਼ਰਤ ਕਰਦੀ ਸੀ। ਆਪਣੇ ਗਿਆਨ ਅਤੇ ਸਿੱਖਿਆ ਨਾਲ ਆਪ ਨੇ 'ਮੁਕੰਦਾ' ਬ੍ਰਾਹਮਣ ਦਾ ਅਗਿਆਨ ਤੋੜਿਆ ਸੀ। ਆਪਣੇ ਅੰਤਲੇ ਸਮੇਂ ਵਿਚ ਕਬੀਰ ਜੀ ਪਰਿਵਾਰ ਸਮੇਤ ਕਾਂਸ਼ੀ ਛੱਡ ਕੇ ਮਗਹਰ ਆ ਵਸੇ ਅਤੇ ਇਥੇ ਹੀ ਅੰਤਿਮ ਸਵਾਸ ਲਏ।[65]

## ਸੰਤ ਤ੍ਰਿਲੋਚਨ

ਸੰਤ ਤ੍ਰਿਲੋਚਨ ਦਾ ਜਨਮ ਸੰਮਤ 1324 ਨੂੰ ਹੋਇਆ ਮੰਨਿਆ ਜਾਂਦਾ ਹੈ ਅਤੇ ਇਹ ਵੈਸ਼ਯ ਕੁਲ ਨਾਲ ਸੰਬੰਧਤ ਸਨ। ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਘਰ ਭਗਵਾਨ ਨੇ ਹੀ

ਅੰਤਰਜਾਮੀ ਦੇ ਨਾਮ ਨਾਲ ਕੁਝ ਦਿਨਾਂ ਤਕ ਨੌਕਰੀ ਕੀਤੀ ਸੀ। ਤ੍ਰਿਲੋਚਨ ਦੀ ਅਤੇ ਨਾਮਦੇਵ ਦੀ ਪਰਸਪਰ ਮਿੱਤਰਤਾ ਦਾ ਵੀ ਉਲੇਖ ਮਿਲਦਾ ਹੈ ਜਿਵੇਂ ਸੰਤ ਤ੍ਰਿਲੋਚਨ ਜੀ ਮੂਲ ਰੂਪ ਵਿਚ ਉੱਤਰ ਪ੍ਰਦੇਸ਼ ਦੇ ਨਿਵਾਸੀ ਸਨ ਪਰੰਤੂ ਦੱਖਣ ਦੇ ਮਹਾਰਾਸ਼ਟਰ ਵਿਚ ਬਹੁਤ ਦੇਰ ਤਕ ਰਹੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੀਆਂ ਕੇਵਲ ਚਾਰ ਰਚਨਾਵਾਂ ਹੀ ਮਿਲਦੀਆਂ ਹਨ।[66]

ਸੰਤ ਸਧਨਾ

ਸੰਤ ਸਧਨਾ ਵਿਕਰਮ ਦੀ ਤੇਰ੍ਹਵੀਂ ਸਦੀ ਵਿਚ ਪੱਛਮੀ ਪ੍ਰਦੇਸ਼ ਵਿਚ ਕਿਸੇ ਸਥਾਨ ਤੇ ਪੈਦਾ ਹੋਏ ਸਨ ਅਤੇ ਇਹ ਨਾਮਦੇਵ ਦੇ ਸਮਕਾਲੀ ਸਨ। ਇਨ੍ਹਾਂ ਦੀ ਜਾਤ ਕਸਾਈ ਦੱਸੀ ਜਾਂਦੀ ਹੈ। ਆਪ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਇਕ ਪਦ ਮਿਲਦਾ ਹੈ।[67] ਸੰਤ ਜੀ ਮਾਸ ਵੇਚਣ ਦਾ ਧੰਦਾ ਕਰਦੇ ਸਨ ਪਰੰਤੂ ਕੁਝ ਦੇਰ ਬਾਅਦ ਆਪ ਨੂੰ ਗਿਆਨ ਹੋਣ ਤੇ ਆਪ ਪ੍ਰਭੂ ਭਗਤੀ ਲਈ ਜਗਨਨਾਥਪੁਰੀ ਚਲੇ ਗਏ। ਰਸਤੇ ਵਿਚ ਰਾਤ ਪੈਣ ਤੇ ਆਪ ਇਕ ਘਰ ਵਿਚ ਠਹਿਰੇ। ਉਸ ਘਰ ਵਿਚਲੀ ਔਰਤ ਨੇ ਆਪ ਨੂੰ ਭੋਜਨ ਦਿੱਤੀ ਅਤੇ ਆਪ ਤੇ ਮੋਹਿਤ ਹੋ ਗਈ। ਉਸ ਔਰਤ ਦਾ ਆਪਣਾ ਪਤੀ ਕਰੂਪ ਹੋਣ ਕਰਕੇ, ਉਸ ਨੇ ਸੰਤ ਜੀ ਅੱਗੇ ਵਿਆਹ ਦਾ ਪ੍ਰਸਤਾਵ ਰਖਿਆ, ਜੋ ਕਿ ਸੰਤ ਜੀ ਨੇ ਠੁਕਰਾ ਦਿੱਤਾ। ਜਿਸ ਤੇ ਉਸ ਔਰਤ ਨੇ ਰੌਲਾ ਪਾ ਦਿੱਤਾ ਕਿ ਇਹ ਆਦਮੀ ਮੇਰੇ ਪਤੀ ਦਾ ਖੂਨ ਕਰਨਾ ਚਾਹੁੰਦਾ ਹੈ। ਜਿਸ ਤੇ ਰਾਜਾ ਨੇ ਸੰਤ ਜੀ ਦੇ ਹੱਥ ਪੈਰ ਕਟਵਾ ਦਿੱਤੇ। ਪਰੰਤੂ ਅਸਲੀਅਤ ਪਤਾ ਲੱਗਣ ਤੇ ਰਾਜੇ ਨੇ ਉਸ ਔਰਤ ਨੂੰ ਧਰਤੀ ਵਿਚ ਗੱਡ ਕੇ ਕੁੱਤਿਆਂ ਕੋਲੋਂ ਪੜਵਾ ਦਿੱਤਾ।[68]

ਸੰਤ ਸੈਨ

ਸੰਤ ਸੈਨ ਦੇ ਸੰਬੰਧ ਵਿਚ ਦੋ ਭਿੰਨ-ਭਿੰਨ ਮੱਤ ਪ੍ਰਚਲਿਤ ਹਨ। ਇਨ੍ਹਾਂ ਵਿਚ ਇਕ ਮਤ ਦੇ ਅਨੁਸਾਰ ਇਹ ਬੀਦਰ ਦੇ ਰਾਜਾ ਕੋਲ ਨਿਯੁਕਤ ਸਨ ਤਥਾ ਪ੍ਰਸਿੱਧ ਸੰਤ

ਗਿਆਨੇਸ਼ਵਰ ਦੀ ਸ਼ਿਸ਼ ਮੰਡਲੀ ਨਾਲ ਸੰਬੰਧਿਤ ਸਨ। ਦੂਸਰੇ ਮਤ ਅਨੁਸਾਰ ਇਹ ਬਾਂਧਵਗੜ੍ਹ ਦੇ ਰਾਜਾ ਦੇ ਸੇਵਕ ਸਨ ਅਤੇ ਸਵਾਮੀ ਰਾਮਾਨੰਦ ਦੇ ਸ਼ਿਸ਼ਾਂ ਵਿਚੋਂ ਇਕ ਸਨ। ਉਨ੍ਹਾਂ ਦੀ ਪ੍ਰਾਪਤ ਮਰਾਠੀ ਰਚਨਾਵਾਂ ਦੁਆਰਾ ਪਹਿਲੀ ਗੱਲ ਦੀ ਪੁਸ਼ਟੀ ਹੁੰਦੀ ਜਾਪਦੀ ਹੈ। ਪ੍ਰੋਫੈਸਰ ਰਾਨਾਡੇ ਨੇ ਉਨ੍ਹਾਂ ਦਾ ਸਮਾਂ ਸੰ. 1505 ਦੇ ਆਸ-ਪਾਸ ਮੰਨਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਇਕ ਪਦ ਆਇਆ ਹੈ।[69]

## 4. ਪੌਰਾਣਿਕ ਘਟਨਾਵਾਂ

ਉਸ ਪਰਮਾਤਮਾ ਜਾਂ ਪਰਮੇਸ਼ਵਰ ਦੀਆਂ ਨਜ਼ਰਾਂ ਵਿਚ ਕੋਈ ਊਚ-ਨੀਚ ਦਾ ਭਾਵ ਨਹੀਂ ਹੈ। ਅਮੀਰ, ਗਰੀਬ ਸਭ ਇਕ ਬਰਾਬਰ ਹਨ। ਉਹ ਸਭ ਨੂੰ ਇਕ ਨਜ਼ਰ ਨਾਲ ਹੀ ਵੇਖਦਾ ਹੈ, ਚਾਹੇ ਉਹ ਕਿਸੇ ਵੀ ਰੂਪ ਵਿਚ ਹੋਵੇ। ਮੁਸ਼ਕਿਲ ਸਮਿਆਂ ਵਿਚ ਪਏ ਹੋਏ ਆਪਣੇ ਭਗਤਾਂ ਦਾ ਉਹ ਸਦਾ ਹੀ ਸਹਾਇਕ ਸਿੱਧ ਹੁੰਦਾ ਹੈ।

ਇਸ ਤੱਥ ਨੂੰ ਪ੍ਰਮਾਣਿਤ ਕਰਦੀ ਹੋਈ ਇਕ ਘਟਨਾ ਭਗਵਾਨ ਸ੍ਰੀ ਕ੍ਰਿਸ਼ਨ ਅਤੇ ਸੁਦਾਮਾ ਨਾਲ ਸੰਬੰਧਤ ਹੈ ਜਿਸ ਦਾ ਸੰਕੇਤ ਰਵਿਦਾਸ ਬਾਣੀ ਵਿਚ ਵੀ ਮਿਲਦਾ ਹੈ:

ਦਰਿਦ ਸੁਦਾਮਾ ਕਿਯੁ ਆਪੁ ਸਮ, ਚੰਨਣ ਨੀਰ ਭਰੇ।
ਕਹਿ ਰਵਿਦਾਸ ਕ੍ਰਿਸ਼ਨ ਕਰੁ ਨਾਮੈ, ਨਾਮ ਲੇਤ ਉਧਰੈ।[70]

ਗਰੀਬ ਸੁਦਾਮਾ ਨੇ ਭਗਵਾਨ ਸ੍ਰੀ ਕ੍ਰਿਸ਼ਨ ਦੇ ਦਰਸ਼ਨ ਪਾ ਕੇ ਆਪਣੇ ਜੀਵਨ ਨੂੰ ਸਫਲ ਬਣਾ ਲਿਆ। ਭਗਵਾਨ ਨੇ ਉਸ ਦੇ ਸਾਰੇ ਦੁੱਖ, ਦਰਦ ਮਿਟਾ ਕੇ ਉਸ ਨੂੰ ਇਕ ਬੇਸ਼ਕੀਮਤੀ ਜ਼ਿੰਦਗੀ ਬਿਤਾਉਣ ਦਾ ਅਵਸਰ ਪ੍ਰਦਾਨ ਕੀਤਾ। ਝੌਂਪੜੀ ਦੀ ਥਾਂ ਮਹਿਲਾਂ ਨੇ ਲੈ ਲਈ।

ਰਵਿਦਾਸ ਜੀ ਨੇ ਇਸ ਉਦਾਹਰਨ ਦਾ ਪ੍ਰਯੋਗ ਕਰਕੇ, ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਮਨੁੱਖ ਆਪਣੀ ਸੱਚੀ ਲਗਨ ਅਤੇ ਪ੍ਰੇਮ-ਭਾਵ ਨਾਲ ਕੀਤੀ ਪ੍ਰਭੂ-ਭਗਤੀ ਨਾਲ ਆਪਣੇ ਜੀਵਨ ਨੂੰ ਸਫਲ ਬਣਾਉਣ ਵਿਚ ਕਾਮਯਾਬ ਹੋ ਜਾਂਦਾ ਹੈ। ਇਹ ਪ੍ਰਸੰਗ ਭਾਗਵਤ ਪੁਰਾਣ ਵਿਚ ਪਾਇਆ ਜਾਂਦਾ ਹੈ, ਜਿਹੜਾ ਕਿ ਸੰਖੇਪ ਵਿਚ ਨਿਮਨ ਅਨੁਸਾਰ ਹੈ:

ਕ੍ਰਿਸ਼ਨ[71] ਅਤੇ ਸੁਦਾਮਾ ਇਕ ਆਦਰਸ਼ ਸਹਿਪਾਠੀ ਸਨ। ਕਹਿੰਦੇ ਹਨ ਕਿ ਉਜੈਨ ਦੇ ਸੰਦੀਪਨ ਆਸ਼੍ਰਮ ਵਿਚ ਸੰਦੀਪਨ ਗੁਰੂ ਤੋਂ ਦੋਵਾਂ ਨੇ ਇਕੱਠੇ ਹੀ ਗਿਆਨ ਪ੍ਰਾਪਤ ਕੀਤਾ ਸੀ। ਇਕ ਵਾਰ ਗੁਰੂ ਦੇ ਆਸ਼੍ਰਮ ਵਿਚ ਲਕੜੀਆਂ ਦੀ ਜ਼ਰੂਰਤ ਸੀ ਤਾਂ ਦੋਵੇਂ ਇਸ ਇਕੱਠੇ ਹੀ ਲਕੜੀਆਂ ਲੈਣ ਲਈ ਜੰਗਲ ਗਏ। ਰਾਹ ਵਿਚ ਹਨੇਰੇ ਕਾਰਨ, ਉਜੈਨ ਦੇ ਕੋਲ ਨਾਰਾਇਣ ਦਾ ਨਾਮ ਲੈ ਪਿੰਡ ਵਿਚ, ਧਰਤੀ 'ਤੇ ਸੌਂ ਕੇ ਅਤੇ ਹੱਥ ਦਾ ਸਿਰਹਾਣਾ ਬਣਾ ਕੇ ਦੋਵਾਂ ਨੇ ਰਾਤ ਬਿਤਾਈ ਸੀ। ਦੁਪਹਿਰ ਨੂੰ ਉਹ ਭੁੰਨੇ ਚਾਵਲ (ਸੱਤੂ) ਦਾ ਸੇਵਨ ਕਰਦੇ ਸਨ। ਸੁਦਾਮਾ ਪੜ੍ਹਨ ਵਿਚ ਕ੍ਰਿਸ਼ਨ ਨਾਲੋਂ ਹੁਸ਼ਿਆਰ ਸੀ। ਦੋਵਾਂ ਨੇ ਇਕੱਠਿਆਂ ਸਿੱਖਿਆ ਪ੍ਰਾਪਤ ਕੀਤੀ ਅਤੇ ਸਿੱਖਿਆ ਪ੍ਰਾਪਤ ਕਰਕੇ ਦੋਵੇਂ ਆਪਣੇ ਆਪਣੇ ਘਰ ਚਲੇ ਗਏ।

ਸਮੇਂ ਦੀ ਗੱਲ ਹੈ ਕਿ ਉਨ੍ਹਾਂ ਵਿਚੋਂ ਇਕ ਕ੍ਰਿਸ਼ਨ ਤਾਂ ਅੱਗੇ ਚਲ ਕੇ ਦੁਆਰਕਾਪੁਰੀ ਦਾ ਰਾਜਾ ਬਣਿਆ ਅਤੇ ਸੁਦਾਮਾ ਨੂੰ ਅਤਿਅੰਤ ਗਰੀਬੀ ਦਾ ਜੀਵਨ ਬਿਤਾਉਣਾ ਪਿਆ। ਸੁਦਾਮਾ ਦੱਖਣ ਦੇ ਵਿਦ੍ਰਭ ਨਾਮ ਨਗਰ ਵਿਚ ਰਹਿਣ ਲਗ ਪਿਆ। ਇਕ ਦਿਨ ਸੁਦਾਮਾ ਦੀ ਪਤਨੀ ਨੇ ਇਸ ਦਰਿਦਰਤਾ ਤੋਂ ਅਕਕਾ ਕੇ ਆਪਣੇ ਪਤੀ ਨੂੰ ਕਿਹਾ ਕਿ ਕ੍ਰਿਸ਼ਨ ਜੋ ਕਿ ਦੁਆਰਕਾਪੁਰੀ ਦਾ ਰਾਜਾ ਹੈ, ਤੁਹਾਡਾ ਮਿੱਤਰ ਹੈ, ਤਾਂ ਕਿਉਂ ਨਾ ਤੁਸੀਂ ਉਸ ਕੋਲ ਜਾਵੋ ਤਾਂ ਕਿ ਉਹ ਸਾਡੀ ਇਸ ਮੰਦੀ ਅਵਸਥਾ ਦਾ ਕੋਈ ਸਮਾਧਾਨ ਲਭ ਦੇਵੇ। ਪਤਨੀ ਦੀ ਗੱਲ ਸੁਣ ਕੇ ਸੁਦਾਮਾ

ਨੇ ਕਿਹਾ ਕਿ ਮੈਂ ਬਿਨਾਂ ਕੁਝ ਲੈ ਕੇ, ਕ੍ਰਿਸ਼ਨ ਦੇ ਕੋਲ ਕਿਸ ਤਰ੍ਹਾਂ ਜਾ ਸਕਦਾ ਹਾਂ। ਤਦ ਉਨ੍ਹਾਂ ਨੂੰ ਆਸ਼੍ਰਮ ਜੀਵਨ ਵਿਚ ਨਾਸ਼ਤੇ ਦੇ ਸਮੇਂ ਖਾਏ ਜਾਣ ਵਾਲੇ ਚਾਵਲਾਂ ਦੀ ਯਾਦ ਆ ਗਈ ਅਤੇ ਉਸ ਨੇ ਸੋਚਿਆ ਕਿ ਇਸ ਤੋਂ ਵੱਧ ਕੇ ਹੋਰ ਕਿਹੜੀ ਭੇਟ ਹੋ ਸਕਦੀ ਹੈ। ਇਹ ਸੋਚ ਕੇ ਉਨ੍ਹਾਂ ਇਕ ਪੋਟਲੀ ਵਿਚ ਚਾਵਲ ਬੰਨ੍ਹੇ ਅਤੇ ਕ੍ਰਿਸ਼ਨ ਨੂੰ ਮਿਲਣ ਵਾਸਤੇ ਚਲ ਪਏ।

ਜਦੋਂ ਸੁਦਾਮਾ ਦੁਆਰਕਾਪੁਰੀ ਪਹੁੰਚੇ ਤਾਂ ਉਥੋਂ ਦਾ ਸੁੱਖ-ਆਰਾਮ ਵੇਖ ਕੇ ਚਕਿਤ ਰਹਿ ਗਏ। ਫਿਰ ਜਦੋਂ ਉਨ੍ਹਾਂ ਕ੍ਰਿਸ਼ਨ ਦਾ ਮਹਿਲ ਦੇਖਿਆ ਤਾਂ ਇਕ ਪਲ ਲਈ ਠਿਠਕ ਗਏ। ਸੋਚਾਂ ਵਿਚ ਡੁੱਬ ਗਏ ਕਿ ਕਿੱਥੇ ਇਹ ਮਹਿਲ ਦਾ ਸਵਾਮੀ ਅਤੇ ਕਿੱਥੇ ਇਹ ਦਰਿਦ੍ਰ ਸੁਦਾਮਾ ਪਰ ਫੇਰ ਵੀ ਉਨ੍ਹਾਂ ਹਿੰਮਤ ਨਹੀਂ ਹਾਰੀ ਅਤੇ ਦੁਆਰਪਾਲ ਨੂੰ ਕਿਹਾ ਕਿ ਕ੍ਰਿਸ਼ਨ ਨੂੰ ਕਹੋ ਕਿ ਤੁਹਾਡਾ ਸਹਿਪਾਠੀ ਸੁਦਾਮਾ ਆਇਆ ਹੈ। ਦੁਆਰਪਾਲ ਨੇ ਅੰਦਰ ਜਾ ਕੇ ਕ੍ਰਿਸ਼ਨ ਨੂੰ ਖਬਰ ਦਿੱਤੀ। ਕ੍ਰਿਸ਼ਨ ਉਸ ਵਕਤ ਆਪਣੀਆਂ ਪਟਰਾਣੀਆਂ ਨਾਲ ਘਿਰੇ ਬੈਠੇ ਸਨ। ਸੁਦਾਮਾ ਦਾ ਨਾਂ ਸੁਣ ਕੇ ਉਸੇ ਵਕਤ, ਨੰਗੇ ਪੈਰੀਂ, ਬਾਹਰਲੇ ਦੁਆਰ ਦੇ ਦੌੜੇ ਆਏ ਅਤੇ ਸੁਦਾਮਾ ਦਾ ਭਰਪੂਰ ਸਵਾਗਤ ਕੀਤਾ ਅਤੇ ਆਪਣੇ ਨਾਲ ਅੰਦਰ ਲੈ ਆਏ ਅਤੇ ਉਨ੍ਹਾਂ ਦੀ ਖੂਬ ਸੇਵਾ ਕਰਨ ਦਾ ਹੁਕਮ ਦਿੱਤਾ। ਫੇਰ ਕ੍ਰਿਸ਼ਨ ਨੇ ਪੁੱਛਿਆ ਕਿ ਮੇਰੇ ਲਈ ਭਾਬੀ ਨੇ ਕੀ ਭੇਜਿਆ ਹੈ ਤਾਂ ਸੁਦਾਮਾ ਕੋਲੋਂ ਕ੍ਰਿਸ਼ਨ ਨੇ ਉਹ ਚਾਵਲਾਂ ਵਾਲੀ ਪੋਟਲੀ ਖੋਹ ਲਈ ਅਤੇ ਬੜੇ ਮਜ਼ੇ ਨਾਲ ਖਾਧੇ। ਫੇਰ ਉਨ੍ਹਾਂ ਨੇ ਬੀਤੇ ਦੀਆਂ ਬੇਸ਼ੁਮਾਰ ਗੱਲਾਂ ਕੀਤੀਆਂ। ਕੁਝ ਦਿਨਾਂ ਬਾਦ ਸੁਦਾਮਾ ਨੇ ਘਰ ਜਾਣ ਬਾਰੇ ਕ੍ਰਿਸ਼ਨ ਨਾਲ ਗੱਲ ਕੀਤੀ। ਕ੍ਰਿਸ਼ਨ ਨੇ ਆਪਣੇ ਕਰਮਚਾਰੀਆਂ ਨੂੰ ਕਹਿ ਕੇ ਸੁਦਾਮਾ ਦੀ ਝੌਂਪੜੀ ਦੀ ਜਗ੍ਹਾ ਸੁੰਦਰ ਮਹਿਲ ਬਣਵਾ ਦਿੱਤਾ। ਜਦੋਂ ਸੁਦਾਮਾ ਘਰ ਪਹੁੰਚੇ ਤਦ ਆਪਣੀ ਝੌਂਪੜੀ ਦੀ ਜਗ੍ਹਾ ਸੁੰਦਰ ਮਹਿਲ ਖੜ੍ਹਾ ਦੇਖਿਆ। ਉਨ੍ਹਾਂ ਦੀ ਪਤਨੀ ਵੀ ਕੀਮਤੀ ਗਹਿਣਿਆਂ ਨਾਲ ਸਜੀ ਹੋਈ

ਦੁਆਰ 'ਤੇ ਖਲੋਤੀ ਸੀ। ਵਿਚਾਰੇ ਸੁਦਾਮਾ ਦੀਆਂ ਅੱਖਾਂ ਵਿਚ ਅਥਰੂ ਆ ਗਏ ਅਤੇ ਬੋਲੇ, "ਸਹਿਪਾਠੀ ਹੋਵੇ ਤਾਂ ਐਸਾ, ਜਿਸ ਦੇ ਸਪਰਸ਼ ਨਾਲ ਲੋਹਾ ਵੀ ਕੰਚਨ ਹੋ ਜਾਵੇ।"

ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਐਸੇ ਨਾਮਵਰ ਭਗਤਾਂ ਦੇ ਹਵਾਲੇ ਵੀ ਪੇਸ਼ ਕੀਤੇ ਹਨ ਜਿਨ੍ਹਾਂ ਆਪਣੀ ਦ੍ਰਿੜ੍ਹ ਭਗਤੀ ਅਤੇ ਪ੍ਰੇਮ ਨਾਲ ਉਸ ਮਾਰਗ ਨੂੰ ਤਲਾਸ਼ਿਆ, ਜਿਹੜਾ ਕਿ ਭਾਵੇਂ ਮੁਸ਼ਕਿਲ ਹੈ, ਪਰੰਤੂ ਉਸ ਮਾਰਗ ਤੇ ਚਲਣ ਦਾ ਫਲ ਬੜਾ ਮਿੱਠਾ ਹੈ। ਇਨ੍ਹਾਂ ਭਗਤਾਂ ਦੇ ਨਾਂ ਸਦਾ ਹੀ ਆਦਰ ਨਾਲ ਲਏ ਜਾਂਦੇ ਰਹੇ ਹਨ ਅਤੇ ਲਏ ਜਾਂਦੇ ਰਹਿਣਗੇ। ਇਨ੍ਹਾਂ ਭਗਤਾਂ ਵਿਚ ਭਗਤ ਧ੍ਰੂ ਦਾ ਨਾਂ ਵਰਣਨਯੋਗ ਹੈ। ਰਵਿਦਾਸ ਬਾਣੀ ਵਿਚ ਇਸ ਭਗਤ ਦਾ ਹਵਾਲਾ ਦੋ ਸਥਾਨਾਂ ਤੇ ਮਿਲਦਾ ਹੈ:

ਸੋਈ ਉਬਰੈ ਜਿਹਿ ਆਪੁ ਨਿਵਾਜਤ।ਟੇਕ।
ਬਾਰਕ ਧਰੂਵ ਨੂੰ ਥੰਭ ਰਾਖਿ ਹਰਿ, ਥੰਭ ਫਾਰਿ ਪ੍ਰਹਲਾਦ ਉਬਾਰਤ।[72]

ਧ੍ਰੂ ਨੂੰ ਅਟਲ ਪਦ ਹਰਿ ਦੀਨੋਂ, ਭਗਤ ਸਿਰੋਮਣਿ ਨਾਮ ਧਰਾਵੈ।[73]

ਭਾਈ ਗੁਰਦਾਸ ਨੇ ਵੀ ਆਪਣੀਆਂ ਵਾਰਾਂ ਵਿਚ ਭਗਤ ਧ੍ਰੂ ਦੀ ਕਥਾ ਦਾ ਹਵਾਲਾ ਦਿੱਤਾ ਹੈ, ਜਿਸ ਦਾ ਭਾਵ ਵੀ ਅਜਿਹਾ ਹੀ ਹੈ:

ਹੋਇ ਨਿਮਾਣਾ ਭਗਤਿ ਕਰ ਗੁਰਮੁਖ ਧ੍ਰੂ ਹਰਿ ਦਰਸ਼ਨ ਪਾਯਾ।
ਭਗਤ ਵਛਲ ਹੋਇ ਭੇਟਿਆ ਮਾਣ ਨਿਮਾਣੇ ਆਪ ਦਿਵਾਯਾ।
ਮਾਤਲੋਕ ਵਿਚ ਮੁਕਤਿ ਕਰ ਨਿਹਚਲ ਵਾਸ ਅਕਾਸ ਚੜ੍ਹਾਯਾ।[74]

ਭਗਤ ਧਰੂਵ ਦੀ ਕਥਾ ਪ੍ਰਸੰਗ ਨਿਮਨ ਅਨੁਸਾਰ ਹੈ:

ਰਾਜਾ ਸੁਯੰਭੂਮਨੂ ਦੇ ਘਰ ਦੋ ਬੇਟੇ ਉੱਤਾਨਪਾਦ ਅਤੇ ਪ੍ਰਿਯਵ੍ਰਤ ਪੈਦਾ ਹੋਏ। ਉੱਤਾਨਪਾਦ ਆਪਣੇ ਪਿਤਾ ਦੀ ਮ੍ਰਿਤੂ ਮਗਰੋਂ ਰਾਜ-ਗੱਦੀ ਤੇ ਬੈਠਾ। ਉੱਤਾਨਪਾਦ ਨੇ ਦੋ ਸ਼ਾਦੀਆਂ ਕੀਤੀਆਂ। ਸੁਨੀਤੀ ਅਤੇ ਸੁਰੁਚੀ ਉਸ ਦੀਆਂ ਦੋ ਪਤਨੀਆਂ ਸਨ। ਵੱਡੀ ਰਾਣੀ ਦੇ ਪੁੱਤਰ ਦਾ ਨਾਂ ਧਰੂਵ ਸੀ ਅਤੇ ਛੋਟੀ ਰਾਣੀ ਦੇ ਪੁੱਤਰ ਦਾ ਨਾਂ ਉੱਤਮ ਸੀ। ਰਾਜਾ ਛੋਟੀ ਰਾਣੀ ਅਤੇ ਉਸ ਦੇ ਪੁੱਤਰ ਉੱਤਮ ਨੂੰ ਵਧੇਰੇ ਪਸੰਦ ਕਰਦਾ ਸੀ ਅਤੇ ਵੱਡੀ ਰਾਣੀ ਅਤੇ ਉਸ ਦੇ ਪੁੱਤਰ ਨੂੰ ਘੱਟ ਪਸੰਦ ਕਰਦਾ ਸੀ।

ਇਕ ਦਿਨ ਰਾਜਾ ਛੋਟੀ ਰਾਣੀ ਅਤੇ ਬੇਟੇ ਉੱਤਮ ਨਾਲ ਰਾਜ ਸਿੰਘਾਸਨ ਤੇ ਬੈਠਾ ਸੀ। ਉੱਤਮ ਆਪਣੇ ਪਿਤਾ ਦੀ ਗੋਦੀ ਵਿਚ ਬੈਠਾ ਸੀ। ਉਸੇ ਵਕਤ ਧ੍ਰੂਵ ਖੇਡਦਾ ਹੋਇਆ ਆਇਆ ਅਤੇ ਉਸ ਨੇ ਜ਼ਿੱਦ ਕੀਤੀ ਕਿ ਉਹ ਵੀ ਆਪਣੇ ਪਿਤਾ ਦੀ ਗੋਦੀ ਵਿਚ ਬੈਠਣਾ ਚਾਹੁੰਦਾ ਹੈ, ਪਰੰਤੂ ਛੋਟੀ ਰਾਣੀ ਨੇ ਬੜੀ ਬੇਰਹਿਮੀ ਨਾਲ ਜਵਾਬ ਦਿੱਤਾ ਕਿ ਮੈਂ ਪਿਛਲੇ ਜਨਮ ਵਿਚ ਤਪ ਕੀਤਾ ਸੀ, ਇਸ ਲਈ ਮੈਨੂੰ ਇਸ ਜਨਮ ਵਿਚ ਰਾਜ ਸਿੰਘਾਸਨ ਨਸੀਬ ਹੋਇਆ ਹੈ। ਇਸ ਲਈ ਤੂੰ ਜਪ-ਤਪ ਕਰ, ਫਿਰ ਮੇਰੇ ਪੇਟ ਤੋਂ ਜਨਮ ਲੈ ਕੇ ਆਵੇਂ, ਤਾਂ ਹੀ ਤੂੰ ਇਸ ਰਾਜ ਸਿੰਘਾਸਨ ਦਾ ਹੱਕਦਾਰ ਕਹਾਵੇਂਗਾ। ਇਹ ਗੱਲ ਧਰੂਵ ਨੂੰ ਤੀਰ ਸਮਾਨ ਲੱਗੀ। ਧਰੂਵ ਰੋਂਦਾ-ਰੋਂਦਾ ਆਪਣੀ ਮਾਤਾ ਕੋਲ ਗਿਆ ਅਤੇ ਸਾਰੀ ਗੱਲ ਉਸ ਨੂੰ ਦੱਸੀ। ਉਸ ਦੀ ਮਾਤਾ ਨੇ ਕਿਹਾ ਕਿ ਛੋਟੀ ਮਾਤਾ ਠੀਕ ਹੀ ਕਹਿੰਦੀ ਹੈ। ਇਸ ਲਈ ਤੂੰ ਵੀ ਤਪੱਸਿਆ ਕਰ, ਜਿਸ ਨਾਲ ਨਾਰਾਇਣ ਜੀ ਪ੍ਰਸੰਨ ਹੋ ਜਾਣਗੇ। ਇਹ ਗੱਲ ਸੁਣ ਕੇ ਧਰੂਵ ਜੰਗਲ ਵਿਚ ਤਪ ਕਰਨ ਵਾਸਤੇ ਨਿਕਲ ਤੁਰਿਆ। ਧਰੂਵ ਇਸ ਸੋਚ ਵਿਚ ਡੁੱਬਿਆ ਹੋਇਆ ਸੀ ਕਿ ਪਰਮੇਸ਼ਵਰ ਦਾ ਪਤਾ ਕਿਵੇਂ ਪਾਇਆ ਜਾਵੇ, ਉਦੋਂ ਹੀ ਨਾਰਦ ਜੀ ਉਸ ਸਾਹਮਣੇ ਪ੍ਰਗਟ ਹੋਏ ਅਤੇ ਕਿਹਾ, "ਧਰੂਵ ਤੂੰ ਜਿਸ ਰਸਤੇ ਤੇ ਜਾ ਰਿਹਾ ਹੈਂ, ਉਸ ਮਾਰਗ ਤੇ ਚਲਣਾ ਮੁਸ਼ਕਿਲ ਹੈ, ਇਸ ਲਈ ਤੂੰ ਵਾਪਿਸ ਆਪਣੇ ਘਰ ਚਲਾ ਜਾਹ, ਮੈਨੂੰ ਤੈਨੂੰ, ਜੋ

ਤੇਰੀ ਇੱਛਾ ਹੋਵੇ, ਦਿਵਾ ਦੇਵਾਂਗਾ।" ਪਰੰਤੂ ਧਰੂਵ ਨੇ ਹੱਠ ਕੀਤਾ ਕਿ ਮੈਂ ਤਾਂ ਪਰਮੇਸ਼ਵਰ ਨੂੰ ਪ੍ਰਾਪਤ ਕਰਕੇ ਹੀ ਰਹਾਂਗਾ। ਤਦ ਨਾਰਦ ਜੀ ਨੇ ਧਰੂਵ ਨੂੰ ਕਿਹਾ, "ਤੂੰ ਮਥੁਰਾ ਚਲਾ ਜਾਹ, ਜਿਥੇ ਸ੍ਰੀ ਵਿਸ਼ਨ ਜੀ ਦਾ ਅਸਥਾਨ ਹੈ। ਉਸ ਦੇ ਕੋਲ ਜਮਨਾ ਹੈ, ਜਿਸ ਵਿਚ ਤੂੰ ਰੋਜ਼ ਇਸ਼ਨਾਨ ਕਰਿਆ ਕਰੀਂ। ਉਹ ਅਸਥਾਨ ਬੈਕੁੰਠ ਨਾਲੋਂ ਵੀ ਵੱਧ ਮਹਾਨ ਹੈ।" ਨਾਰਦ ਜੀ ਨੇ ਉਸ ਨੂੰ ਮੰਤਰ ਜਾਪ ਕਰਨ ਲਈ ਦਿੱਤਾ। ਸੋ ਧਰੂਵ ਨਾਰਦ ਜੀ ਨੂੰ ਪ੍ਰਣਾਮ ਕਰਕੇ ਆਪਣੇ ਰਸਤੇ ਤੇ ਤੁਰ ਪਿਆ। ਅਨੇਕ ਵਰ੍ਹਿਆਂ ਦੀ ਕਠਿਨ ਤਪੱਸਿਆ ਮਗਰੋਂ ਧਰੂਵ ਨੂੰ ਨਾਰਾਇਣ ਜੀ ਦੇ ਦਰਸ਼ਨ ਹੋਏ। ਨਾਰਾਇਣ ਜੀ ਨੇ ਧਰੂਵ ਨੂੰ ਕਿਹਾ, "ਤੇਰੀ ਭਗਤੀ ਪੂਰੀ ਹੋਈ, ਇਸ ਲਈ ਹੁਣ ਤੂੰ ਜਾ ਕੇ ਰਾਜ-ਭਾਗ ਸੰਭਾਲ। ਤੈਨੂੰ ਬੈਕੁੰਠ ਧਾਮ ਦੀ ਪ੍ਰਾਪਤੀ ਹੋਵੇਗੀ। ਧਰੂਵ ਘਰ ਵਾਪਸ ਚਲਾ ਗਿਆ ਅਤੇ ਆਪਣੇ ਰਾਜ ਭਾਗ ਨੂੰ ਚਲਾਉਣ ਲੱਗਾ।

ਇਸੇ ਤੱਥ ਨੂੰ ਪ੍ਰਮਾਣਿਤ ਕਰਦੀ ਇਕ ਹੋਰ ਕਥਾ ਬਾਰੇ ਵੀ ਰਵਿਦਾਸ ਬਾਣੀ ਵਿਚ ਸੰਕੇਤ ਮਿਲਦਾ ਹੈ। ਇਹ ਕਥਾ ਮਹਾਂਭਾਰਤ ਵਿਚ ਉਪਲੱਬਧ ਹੈ:

ਜੌ ਜਨ ਊਧੌ ਮੋਹਿ ਨ ਬਿਸਾਰੇ, ਹੌ ਨ ਬਿਸਾਰੌਂ ਆਧ ਘਰੀ।
ਜੈਸੇ ਅੰਡੇ ਪੰਛਿਓ ਭਾਰਥ ਮਹਿ, ਲੈ ਗਜ ਬੰਟ ਉਤਾਰ ਧਰੀ।76

ਇਹ ਕਥਾ ਨਿਮਨ ਅਨੁਸਾਰ ਹੈ:

ਮਹਾਂਭਾਰਤ ਦੇ ਯੁੱਧ ਖੇਤਰ ਵਿਚ ਇਕ ਟਟੀਹਰੀ ਨੇ ਯੁੱਧ ਸ਼ੁਰੂ ਹੋਣ ਤੋਂ ਥੋੜ੍ਹਾ ਚਿਰ ਪਹਿਲਾਂ ਇਕ ਅੰਡਾ ਦਿੱਤਾ। ਆਪਣੇ ਬੱਚੇ ਨੂੰ ਬਚਾਉਣ ਲਈ ਉਸ ਨੇ ਪਰਮਾਤਮਾ ਅੱਗੇ ਪ੍ਰਾਰਥਨਾ ਕੀਤੀ। ਕਿਸੇ ਯੋਧੇ ਦੇ ਤੀਰ ਨਾਲ ਹਾਥੀ ਦਾ ਇਕ ਘੰਟਾ ਟੁੱਟ ਕੇ ਅੰਡੇ ਉੱਤੇ ਡਿੱਗ ਪਿਆ। ਅੰਡਾ ਉਸ ਨਾਲ ਢੱਕਿਆ ਗਿਆ ਅਤੇ ਅਠਾਰ੍ਹਾਂ ਦਿਨ ਲਗਾਤਾਰ ਯੁੱਧ ਹੁੰਦੇ ਰਹਿਣ ਦੇ ਬਾਵਜੂਦ ਵੀ ਅੰਡਾ ਸਹੀ ਸਲਾਮਤ ਰਿਹਾ।77

ਮਨੁੱਖ ਨੂੰ ਅਭਿਮਾਨ ਛੱਡ ਕੇ ਉਸ ਪਰਮਾਤਮਾ ਦਾ ਨਾਂ ਲੈਣਾ ਚਾਹੀਦਾ ਹੈ, ਉਸ ਦੀ ਸ਼ਰਣ ਜਾਣਾ ਚਾਹੀਦਾ ਹੈ। ਜਿਹੜਾ ਮਨੁੱਖ ਆਪਣੀ ਹਉਮੈ ਛੱਡ ਕੇ ਉਸ ਪਰਮਾਤਮਾ ਉੱਤੇ ਆਪਣਾ ਸਭ ਕੁਝ ਵਾਰ ਦਿੰਦਾ ਹੈ, ਪਰਮਾਤਮਾ ਵੀ ਉਸ ਦੇ ਸਿਰ 'ਤੇ ਆਪਣਾ ਹੱਥ ਰਖਦਾ ਹੈ ਅਤੇ ਔਖੀ ਘੜੀ ਵਿਚ ਉਸ ਨੂੰ ਪਾਰ ਲਗਾਉਂਦਾ ਹੈ।

ਪੁਰਾਣਾਂ ਵਿਚ ਕਈ ਐਸੇ ਪਾਤਰਾਂ ਦੇ ਹਵਾਲੇ ਮਿਲਦੇ ਹਨ, ਜਿਨ੍ਹਾਂ ਨੇ ਆਪਣੇ ਅਭਿਮਾਨ ਕਾਰਣ ਆਪਣਾ ਸਰਵਨਾਸ਼ ਕਰ ਲਿਆ। ਇਸੇ ਤੱਥ ਨੂੰ ਪ੍ਰਮਾਣਿਤ ਕਰਦੀ ਇਕ ਘਟਨਾ ਦਾ ਉਲੇਖ ਰਵਿਦਾਸ ਬਾਣੀ ਵਿਚ ਵੀ ਮਿਲਦਾ ਹੈ:

ਕੀਓ ਨਿੰਦਨੀ ਜਾਦਵ ਕਪਿਲ ਸੌਂ, ਮਨ ਮਹਿੰ ਕਪਟ ਰਚਾਇਆ।
ਕਰਿ ਨਿੰਦਾ ਨਾਸੂ ਹਰਿ ਜਨ ਕੀ, ਔਰਹੂ ਬੰਸ ਨਸਾਇਆ।[78]

ਰਵਿਦਾਸ ਜੀ ਇਥੇ ਅਭਿਮਾਨੀ ਪੁਰਸ਼ਾਂ ਦਾ ਹਵਾਲਾ ਦਿੰਦੇ ਹੋਏ ਕਹਿੰਦੇ ਹਨ ਕਿ ਅਭਿਮਾਨ ਕਾਰਣ ਮਨੁੱਖ ਆਪਣੇ ਬੰਸ ਦੇ ਸਰਵਨਾਸ਼ ਦਾ ਕਾਰਣ ਵੀ ਬਣ ਜਾਂਦਾ ਹੈ। ਇਸ ਤੋਂ ਪਹਿਲਾਂ ਅਸੀਂ ਰਾਵਣ ਨਾਲ ਸੰਬੰਧਤ ਘਟਨਾ ਦਾ ਉਲੇਖ ਕਰ ਚੁੱਕੇ ਹਾਂ। ਇਹ ਘਟਨਾ ਵੀ ਉਸੇ ਤੱਥ ਦੀ ਪ੍ਰੋੜ੍ਹਤਾ ਕਰਦੀ ਹੈ। ਇਹ ਘਟਨਾ ਨਿਮਨ ਅਨੁਸਾਰ ਹੈ:

ਭਗਵਾਨ ਕ੍ਰਿਸ਼ਨ[79] ਦੀ ਯਾਦਵ ਕੁਲ ਦੇ ਕੁਝ ਮੁੰਡਿਆਂ ਨੇ ਕਪਿਲ ਮੁਨੀ ਨਾਲ ਮਖੌਲ ਕੀਤਾ। ਉਹ ਇਕ ਮੁੰਡੇ ਨੂੰ ਕੁੜੀਆਂ ਵਾਲੇ ਕਪੜੇ ਪੁਆ ਕੇ ਅਤੇ ਉਹਦੇ ਪੇਟ ਉੱਤੇ ਬਾਟੀ ਬੰਨ੍ਹ ਕੇ ਰਿਸ਼ੀ ਕੋਲ ਲੈ ਗਏ ਅਤੇ ਪੁੱਛਣ ਲੱਗੇ, "ਤੁਸੀਂ ਆਪਣੀ ਜੋਤਸ਼ ਵਿਦਿਆ ਰਾਹੀਂ ਦੱਸੋ ਕਿ ਇਸ ਕੁੜੀ ਦੇ ਪੇਟੋਂ ਕੀ ਪੈਦਾ ਹੋਵੇਗਾ। ਕਪਿਲ ਮੁਨੀ ਨੇ ਸਰਾਪ ਦਿੱਤਾ ਕਿ ਇਹਦੇ ਪੇਟੋਂ ਉਹ ਪੈਦਾ ਹੋਵੇਗਾ ਜਿਹੜਾ ਤੁਹਾਡੀ ਕੁਲ ਦਾ ਨਾਸ਼ ਕਰ ਦੇਵੇਗਾ। ਉਹ ਮੁੰਡੇ ਡਰ ਗਏ। ਉਨ੍ਹਾਂ ਨੇ ਬਾਟੀ ਨੂੰ ਘਸਾ-ਘਸਾ ਕੇ ਨਦੀ ਕਿਨਾਰੇ ਸੁੱਟ ਦਿੱਤਾ। ਉਸ ਜਗ੍ਹਾ ਤਲਵਾਰ ਦੀ ਧਾਰ

ਕਰਨੀ ਕਾਟੀ ਪੈਂਦਾ ਹੈ ਕਣੀ ਜੋ ਬਹੁਤ ਤਿੱਖੀ ਸੀ ਅਤੇ ਆਦਰ ਵੈਰੀ ਉਸ ਕਾਟੀ ਨਾਲ ਆਪਸ ਵਿਚ ਲੜ ਲੜ ਕੇ ਮਰ ਗਏ।"

ਇਸ ਤਰ੍ਹਾਂ ਯਾਦਵ ਕੁਲ ਦੇ ਮੁੱਖੀਆਂ ਨੇ ਆਪਣੇ ਯੁੱਗ ਵਿਚ ਆ ਕੇ ਰਿਸ਼ੀ ਨਾਲ ਸਲੂਕ ਕੀਤਾ ਤਾਂ ਉਸ ਦਾ ਲੋਕਾਂ ਨੂੰ ਇਸ ਦਾ ਤਿੱਖਾ ਫਲ ਭੁਗਤਣਾ ਪਿਆ। ਸਪਸ਼ਟ ਹੈ ਕਿ ਮਨੁੱਖ ਨੂੰ ਆਪਣੇ ਕਰਮਾਂ ਦਾ ਫਲ ਮਿਲਦਾ ਹੈ, ਚੰਗਾ ਜਾਂ ਮਾੜਾ।

## 5. ਪ੍ਰਾਚੀਨ ਰਾਜ-ਵੰਸ਼ਾਂ ਦੇ ਕਥਾ ਪ੍ਰਸੰਗ

ਪ੍ਰਾਚੀਨ ਰਾਜ ਵੰਸ਼ਾਂ ਦੇ ਕਥਾ-ਪ੍ਰਸੰਗ ਦੇ ਸੰਦਰਭ ਵਿਚ ਰਵਿਦਾਸ ਬਾਣੀ ਵਿਚ ਰਾਜਾ ਨਹੁਸ਼ ਦੇ ਕਥਾ-ਪ੍ਰਸੰਗ ਨੂੰ ਵੇਖਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਹਿਰਨਕਸ਼ਿਪੂ ਦੀ ਕਥਾ ਨੂੰ ਵੀ ਆਧਾਰ ਬਣਾਇਆ ਗਿਆ ਹੈ, ਜਿਸ ਦੀ ਚਰਚਾ ਅੱਗੇ ਚਲ ਕੇ ਕਰਾਂਗੇ। ਇਥੇ ਰਾਜਾ ਨਹੁਸ਼ ਦੇ ਕਥਾ-ਪ੍ਰਸੰਗ ਨੂੰ ਵਿਸ਼ਲੇਸ਼ਿਤ ਕਰਨ ਦਾ ਯਤਨ ਕਰਾਂਗੇ। ਰਵਿਦਾਸ ਬਾਣੀ ਵਿਚ ਇਸ ਦਾ ਉਲੇਖ ਨਿਮਨ ਅਨੁਸਾਰ ਹੈ:

ਮਨ ਰੇ ਹਰਿ ਭਜ ਰਾਮ ਸਨੇਹੇ।
ਜੋ ਜਿਹ ਕਰੇ ਸੋਈ ਸੋ ਪਾਵੈ, ਕਰਮ ਫਲ ਅੰਤਕਾਲ ਨਿਬੇੜੇ। ਟੇਕ।
ਬਹੁਤੇ ਜਗਿ ਕਰੇ ਨਹੁ ਰਾਜਾ, ਮਨ ਮਹਿ ਗਣੀ ਬਡਾਈ।
ਕਰਿ ਹੰਕਾਰ ਸੰਤ ਰਿਖਿ ਜ ਜੋੜੇ, ਜੋਨ ਸਰਪਹੁ ਪਾਈ।[8]

ਇਨ੍ਹਾਂ ਸਤਰਾਂ ਤੋਂ ਗੁਰੂ ਰਵਿਦਾਸ ਜੀ ਦਾ ਭਾਵ ਹੈ ਕਿ ਹਰੇਕ ਮਨੁੱਖ ਨੂੰ ਉਸ ਦੇ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ, ਚੰਗੇ ਕੰਮਾਂ ਦਾ ਚੰਗਾ ਅਤੇ ਮੰਦੇ ਕਰਮਾਂ ਦਾ ਮੰਦਾ ਫਲ। ਇਸ ਲਈ ਮਨੁੱਖ ਨੂੰ ਹੰਕਾਰ ਛੱਡ ਕੇ ਹਰਿ ਦਾ ਭਜਨ ਹਰ ਵੇਲੇ ਕਰਨਾ ਚਾਹੀਦਾ ਹੈ।

ਇਸ ਤੱਥ ਨੂੰ ਪ੍ਰਮਾਣਿਤ ਕਰਨ ਲਈ ਗੁਰੂ ਰਵਿਦਾਸ ਜੀ ਰਾਜਾ ਨਹੁਸ਼ ਦਾ ਉਦਾਹਰਣ ਪ੍ਰਸਤੁਤ ਕਰਦੇ ਹਨ, ਜੋ ਆਪਣੇ ਹੰਕਾਰ-ਵੱਸ ਸਰਪ-ਜੂਨ ਨੂੰ ਪਹੁੰਚਿਆ।

ਇਹ ਪ੍ਰਸੰਗ ਨਿਮਨਲਿਖਤ ਅਨੁਸਾਰ ਹੈ:

ਇੰਦਰ[31] ਬ੍ਰਹਮਹੱਤਿਆ ਦੇ ਡਰ ਕਾਰਨ ਪੁਸ਼ਕਰਤੀਰਥ ਵਿਚ ਜਾ ਕੇ ਲੁਕ ਗਿਆ, ਇਸ ਮੌਕੇ ਦਾ ਫਾਇਦਾ ਉਠਾ ਕੇ ਨਹੁਸ਼ ਨਾਮ ਦੇ ਰਾਜੇ ਨੇ ਬਲਪੂਰਵਕ ਇੰਦਰਪੁਰੀ ’ਤੇ ਕਬਜ਼ਾ ਕਰ ਲਿਆ।

ਇਕ ਦਿਨ ਨਹੁਸ਼ ਨੇ ਸਵਰਗ ਦੀ ਗੰਗਾ ਦੇ ਕਿਨਾਰੇ ਇੰਦਰ ਦੀ ਪਤਨੀ ਸ਼ਚੀ ਨੂੰ ਇਕੱਲੀ ਜਾਂਦੀ ਵੇਖਿਆ। ਉਹ ਸ਼ਚੀ ਦੀ ਸੁੰਦਰਤਾ ਵੇਖ ਕੇ ਹੈਰਾਨ ਹੋ ਗਿਆ ਅਤੇ ਉਸ ਦੇ ਸਾਹਮਣੇ ਨਿਮਰਤਾ ਸਹਿਤ ਕਹਿਣ ਲੱਗਾ ਕਿ ਇੰਦਰ ਏਨੀ ਸੁੰਦਰ ਪਤਨੀ ਨੂੰ ਛੱਡ ਕੇ ਪਰਾਈਆਂ ਇਸਤ੍ਰੀਆਂ ਪਿੱਛੇ ਦੌੜਦਾ ਹੈ। ਸਾਰੀਆਂ ਇਸਤ੍ਰੀਆਂ ਤਾਂ ਤੇਰੀਆਂ ਨੌਕਰਾਣੀਆਂ ਬਣਨ ਦੇ ਵੀ ਲਾਇਕ ਨਹੀਂ ਹਨ। ਇਸ ਲਈ ਮੈਂ ਤਾਂ ਤੇਰਾ ਨੌਕਰ ਹਾਂ, ਤੂੰ ਮੇਰੀ ਰਾਣੀ ਬਣ ਜਾ। ਮੈਂ ਤੇਰੀ ਖ਼ਾਤਰ ਆਪਣੀਆਂ ਸਾਰੀਆਂ ਇਸਤ੍ਰੀਆਂ ਨੂੰ ਛੱਡ ਦੇਵਾਂਗਾ। ਇਹ ਕਹਿੰਦਿਆਂ ਹੋਇਆਂ ਨਹੁਸ਼ ਸ਼ਚੀ ਦੇ ਪੈਰਾਂ ’ਤੇ ਡਿੱਗ ਪਿਆ।

ਪਰੰਤੂ ਸ਼ਚੀ ਨੇ ਉੱਤਰ ਵਿਚ ਕਿਹਾ, "ਰਾਜਾ ਹੋਣ ਦੇ ਨਾਤੇ ਤੂੰ ਮੇਰੇ ਪਿਤਾ ਸਮਾਨ ਹੈਂ ਅਤੇ ਮੈਂ ਤੇਰੀ ਧੀ ਸਮਾਨ ਹਾਂ, ਤਾਂ ਰਾਜਾ ਦਾ ਧਰਮ ਬਣਦਾ ਹੈ ਕਿ ਉਹ ਇਸ ਸੰਕਟ ਵਿਚ ਮੇਰਾ ਸਹਾਈ ਹੋਵੇ, ਨਾ ਕਿ ਮੇਰੇ ’ਤੇ ਜ਼ੁਲਮ ਕਰੇ। ਪ੍ਰਜਾ ਅਤਿਆਚਾਰ ਨਹੀਂ, ਰਖਿਆ ਚਾਹੁੰਦੀ ਹੈ। ਗੁਰੂ-ਪਤਨੀ, ਮਿੱਤ੍ਰ-ਪਤਨੀ, ਭਰਾ-ਪਤਨੀ, ਰਾਜ-ਪਤਨੀ, ਦੇਵ-ਪਤਨੀ, ਇਸ਼ਟ-ਪਤਨੀ, ਮਾਸੀ, ਭੂਆ, ਚਾਚੀ, ਭੈਣ, ਮਤੇਈ ਮਾਂ, ਨਣਦੀ,

ਰਾਜਕੁਮਾਰੀ, ਜਿਨ੍ਹਾਂ ਨੂੰ ਸ਼ਾਸਤਰਾਂ ਵਿਚ ਮਾਤਾ ਸਮਾਨ ਮੰਨਿਆ ਗਿਆ ਹੈ। ਇਸ ਲਈ ਮੈਂ ਦੇਵ-ਪਤਨੀ ਹੋਣ ਦੇ ਨਾਤੇ ਤੇਰੀ ਮਾਂ ਲਗਦੀ ਹਾਂ।" ਪਰੰਤੂ ਰਾਜਾ ਕਿਸੇ ਵੀ ਤਰ੍ਹਾਂ ਵੀ ਗੱਲ ਸੁਣਨ ਲਈ ਤਿਆਰ ਨਹੀਂ ਸੀ।

ਸਚੀ ਡਰਦੀ ਹੋਈ ਗੁਰੂ ਬ੍ਰਹਸਪਤੀ ਦੇ ਘਰ ਚਲੀ ਗਈ, ਜਿੱਥੇ ਉਸ ਦੀ ਪਤਨੀ ਤਾਰਾ ਵੀ ਮੌਜੂਦ ਸੀ। ਸਚੀ ਨੇ ਸਾਰੀ ਵਿਥਿਆ ਗੁਰਦੇਵ ਨੂੰ ਸੁਣਾਈ ਅਤੇ ਸਹਾਇਤਾ ਲਈ ਬੇਨਤੀ ਕੀਤੀ। ਬ੍ਰਹਸਪਤੀ ਨੇ ਸਚੀ ਨੂੰ ਹੌਸਲਾ ਦਿੱਤਾ ਅਤੇ ਕਿਹਾ ਕਿ ਰਾਜਾ ਤੇਰਾ ਕੁਝ ਨਹੀਂ ਵਿਗਾੜ ਸਕਦਾ। ਰਾਜਾ ਨਹੁਸ਼ ਨੇ ਆਪਣੇ ਦੂਤ ਰਾਹੀਂ ਰਾਣੀ ਸਚੀ ਨੂੰ ਆਉਣ ਵਾਸਤੇ ਸੁਨੇਹਾ ਭੇਜਿਆ। ਗੁਰੂ ਬ੍ਰਹਸਪਤੀ ਨੇ ਉਸ ਦੂਤ ਨੂੰ ਕਿਹਾ ਕਿ ਸਚੀ ਤਾਂ ਹੀ ਰਾਜਾ ਕੋਲ ਜਾਵੇਗੀ, ਜੇਕਰ ਉਹ ਐਸੀ ਵਿਲੱਖਣ ਪਾਲਕੀ ਵਿਚ ਬੈਠ ਕੇ ਆਵੇ, ਜਿਸ ਵਿਚ ਪਹਿਲਾਂ ਕਦੀ ਕੋਈ ਨਾ ਬੈਠਾ ਹੋਵੇ ਅਤੇ ਉਸ ਪਾਲਕੀ ਨੂੰ ਸੱਤ ਰਿਸ਼ੀ ਖਿੱਚ ਰਹੇ ਹੋਣ।

ਇਹ ਸੁਣ ਕੇ ਰਾਜਾ ਨਹੁਸ਼ ਨੇ ਸਪਤ ਰਿਸ਼ੀਆਂ ਨੂੰ ਇਸ ਕਾਰਜ ਲਈ ਬੁਲਾ ਭੇਜਿਆ। ਸਪਤ ਰਿਸ਼ੀ ਤਿਆਰ ਹੋ ਗਏ ਰਾਹ ਵਿਚ ਆਕੁਲੇ ਹੋਏ, ਰਿਸ਼ੀ ਆਪਣੀ ਚਾਲ ਨਾਲ ਤੁਰ ਰਹੇ ਸਨ, ਤਦ ਨਹੁਸ਼ ਨੇ ਕਿਹਾ, "ਸਰਪ, ਸਰਪ।" ਅਰਥਾਤ ਜਲਦੀ ਚਲੋ। ਇਸ ਤੇ ਰਿਸ਼ੀ ਦੁਰਵਾਸਾ ਨੇ ਕ੍ਰੋਧਿਤ ਹੋ ਕੇ ਨਹੁਸ਼ ਨੂੰ ਸਰਾਪ ਦੇ ਦਿੱਤਾ, "ਸਰਪ, ਸਰਪ ਕਹਿਣ ਵਾਲੇ, ਤੂੰ ਆਪ ਹੀ ਸਰਪ ਹੋ ਜਾ।" ਇਹ ਕਹਿੰਦੇ ਹੀ ਪਾਪੀ ਨਹੁਸ਼ ਸੱਪ ਬਣ ਕੇ ਸਵਰਗ ਤੋਂ ਸਿੱਧਾ ਜੰਗਲ ਵਿਚ ਡਿੱਗ ਪਿਆ ਅਤੇ ਸੱਪ ਦੀ ਜੂਨ ਭੋਗਣ ਲੱਗਾ। ਮਹਾਰਾਜ ਯੁਧਿਸ਼ਟਰ ਆਪਣੇ ਬਨਵਾਸ ਦੌਰਾਨ ਇਸ ਕੋਲ ਪਹੁੰਚੇ ਤਾਂ ਇਸ ਨੂੰ ਆਪਣੇ ਪੁੰਨ-ਪ੍ਰਤਾਪ ਨਾਲ ਸਰਾਪ ਤੋਂ ਮੁਕਤ ਕੀਤਾ ਅਤੇ ਇਹ ਪਰਮਧਾਮ ਨੂੰ ਪ੍ਰਾਪਤ ਹੋਇਆ।

## 6. ਭਗਤ ਰੱਖਿਆ ਖ਼ਾਤਿਰ ਪ੍ਰਭੂ ਅਵਤਰਨ

ਅਵਤਾਰਵਾਦ ਪੁਰਾਣਾਂ ਦਾ ਇਕ ਮੁੱਖ ਵਿਸ਼ਾ ਹੈ। ਸਾਰੇ ਹੀ ਪੁਰਾਣ ਕਿਸੇ ਦੇਵਤਾ ਵਿਸ਼ੇਸ਼ ਦੀ ਉਸਤਤ ਵਿਚ ਲਿਖੇ ਗਏ ਹਨ। ਸੰਸਾਰ ਵਿਚ ਜਦ ਅਧਰਮ ਦਾ ਬੋਲ-ਬਾਲਾ ਹੋ ਜਾਂਦਾ ਹੈ, ਪਾਪਾਂ ਵਿਚ ਵਾਧਾ ਹੋ ਜਾਂਦਾ ਹੈ, ਭਗਵਾਨ ਦੇ ਭਗਤ ਕਸ਼ਟਦਾਇਕ ਸਥਿਤੀ ਵਿਚ ਹੁੰਦੇ ਹਨ, ਤਦ ਭਗਵਾਨ ਆਪ ਅਵਤਾਰ ਧਾਰ ਕੇ ਆਪਣੇ ਭਗਤਾਂ ਨੂੰ ਅਤਿਆਚਾਰ ਤੋਂ ਪਾਰ ਕਰਦੇ ਹਨ। ਨੈਤਿਕਤਾ ਅਤੇ ਸਦਗੁਣਾਂ ਦੀ ਰੱਖਿਆ ਖ਼ਾਤਿਰ ਪ੍ਰਭੂ ਨੇ ਵਿਭਿੰਨ ਅਵਤਾਰ ਧਾਰਣ ਕੀਤੇ ਹਨ ਅਤੇ ਪ੍ਰਿਥਵੀ 'ਤੇ ਵਸਦੇ ਲੋਕਾਂ ਦਾ ਉੱਧਾਰ ਕੀਤਾ ਹੈ।

ਭਾਗਵਤ ਪੁਰਾਣ[32] ਅਨੁਸਾਰ ਭਗਵਾਨ ਦੇ ਚੌਵੀ ਅਵਤਾਰ ਮੰਨੇ ਜਾਂਦੇ ਹਨ। ਨੌ ਪ੍ਰਮੁੱਖ ਅਵਤਾਰ ਪ੍ਰਿਥਵੀ ਤੇ ਆ ਕੇ, ਇਸ ਦਾ ਉਧਾਰ ਕਰ ਚੁੱਕੇ ਹਨ ਅਤੇ ਦਸਵਾਂ ਕਲਕੀ ਅਵਤਾਰ ਇਸ ਕਲਜੁਗ ਦੇ ਅੰਤ ਵਿਚ ਅਵਤਾਰ ਧਾਰਨ ਕਰੇਗਾ ਅਤੇ ਪ੍ਰਿਥਵੀ 'ਤੇ ਵਸਦੇ ਲੋਕਾਂ ਨੂੰ ਮੁਕਤ ਕਰਾਵੇਗਾ। ਭਗਵਾਨ ਦੇ ਮੁੱਖ ਦਸ ਅਵਤਾਰ ਇਹ ਹਨ: ਮਤਸਯਾਵਤਾਰ, ਕੂਰਮਾਵਤਾਰ, ਵਾਰਾਹਾਵਤਾਰ, ਨਰਸਿੰਹਾਵਤਾਰ, ਵਾਮਨਾਵਤਾਰ, ਪਰਸ਼ੂਰਾਮਅਵਤਾਰ, ਰਾਮਚੰਦ੍ਰਾਵਤਾਰ, ਕ੍ਰਿਸ਼ਨਾਵਤਾਰ, ਬੋਧਾਵਤਾਰ ਅਤੇ ਕਲਕੀ ਅਵਤਾਰ।

ਕਲਪ ਦੇ ਅੰਤ ਤੋਂ ਪਹਿਲਾਂ ਪ੍ਰਲਯ ਦੇ ਸਮੇਂ ਮਨੂੰ ਦੀ ਰੱਖਿਆ ਖ਼ਾਤਿਰ ਮਤਸਯਾਵਤਾਰ ਧਾਰਣ ਕੀਤਾ ਗਿਆ। ਦੇਵਤਾਵਾਂ ਤਥਾ ਦਾਨਵਾਂ ਦੇ ਦੁਆਰਾ ਮੰਦਰਾਚਲ ਪਰਬਤ ਦੀ ਮਧਾਣੀ ਬਣਾ ਕੇ ਸਾਗਰ ਮੰਥਨ ਦੇ ਸਮੇਂ ਜਦ ਪਰਬਤ ਪਾਤਾਲ ਵਿਚ ਧੱਸਣ ਲੱਗਾ ਤਾਂ ਉਸ ਨੂੰ ਰੋਕਣ ਲਈ ਭਗਵਾਨ ਵਿਸ਼ਣੂ ਨੇ ਕੂਰਮਾਵਤਾਰ ਧਾਰਣ ਕੀਤਾ। ਜਲ ਵਿਚ ਡੁੱਬੀ ਹੋਈ ਪ੍ਰਿਥਵੀ

ਨੂੰ ਸੋਧਾ ਉਤਾਰਦੇ ਤਥਾ ਉਸੇ ਸ੍ਰਿਸ਼ਟੀ ਦਾ ਪੁਨਰਨਿਰਮਾਣ ਕਰਨ ਵਾਸਤੇ ਵਾਰਾਹਾਵਤਾਰ ਦਾ ਵਰਣਨ ਵਿਸ਼ਨੂੰ ਪੁਰਾਣ ਵਿਚ ਉਪਲਬਧ ਹੈ। ਨਰਸਿੰਹਾਵਤਾਰ, ਭਗਤ ਪ੍ਰਹਲਾਦ ਦੀ ਰੱਖਿਆ ਖ਼ਾਤਿਰ ਧਾਰਣ ਕੀਤਾ। ਰਾਜਾ ਬਲੀ ਦੀ ਅਧੀਨ ਤ੍ਰੈਲੋਕਿਆ ਤਥਾ ਉਸ ਤੋਂ ਉਤਪੰਨ ਅਭਿਮਾਨ ਨੂੰ ਤੋੜਨ ਲਈ ਈਸ਼ਵਰ ਨੇ ਵਾਮਨਾਵਤਾਰ ਧਾਰਣ ਕੀਤਾ। ਖੱਤਰੀਆਂ ਦੀ ਵਧਦੀ ਹੋਈ ਸ਼ਕਤੀ ਨੂੰ ਨਿਯੰਤਰਣ ਕਰਨ ਤਥਾ ਬ੍ਰਾਹਮਣਤਵ ਦੀ ਰੱਖਿਆ ਪਰਸ਼ੂਰਾਮ ਆਗਮਨ ਹੋਇਆ। ਤ੍ਰੇਤਾ ਤਥਾ ਦੁਆਪਰ ਵਿਚ ਰਾਮਚੰਦ੍ਰ, ਕ੍ਰਿਸ਼ਨ ਤਥਾ ਬਲਰਾਮ ਦੇ ਅਵਤਾਰ ਹੋਏ। ਇਨ੍ਹਾਂ ਨੇ ਸ੍ਰਿਸ਼ਟੀ ਵਿਚ ਨੀਤੀ ਦੀ ਜਿੱਤ ਤਥਾ ਅਨੀਤੀ ਦੀ ਹਾਰ ਦਾ ਵਿਧਾਨ ਰਚਿਆ। ਬੁਧਾਵਤਾਰ ਨੂੰ ਨੈਤਿਕਤਾ ਦਾ ਪੁਨਰਸਥਾਪਕ ਮੰਨਿਆ ਜਾਂਦਾ ਹੈ।"[83]

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਸਾਰੇ ਅਵਤਾਰਵਾਦ ਦਾ ਖੰਡਨ ਹੀ ਕਰਦੀ ਹੈ, ਪਰ ਸਿੱਖ ਗੁਰੂਆਂ ਅਤੇ ਹੋਰ ਭਗਤਾਂ ਦੀ ਬਾਣੀ ਵਿਚ ਅਵਤਾਰ ਕਥਾਂ ਸੰਬੰਧੀ ਹਵਾਲੇ ਦੇਖੇ ਜਾ ਸਕਦੇ ਹਨ। ਇਨ੍ਹਾਂ ਅਵਤਾਰਾਂ ਦੇ ਹਵਾਲੇ ਗੁਰੂ ਸਾਹਿਬਾਨ ਜਾਂ ਭਗਤ ਕਵੀਆਂ ਨੇ ਸਾਧਾਰਨ ਮਨੁੱਖ ਵਿਚ ਉਸ ਪਰਮਾਤਮਾ ਦੀ ਅਪਾਰ ਸ਼ਕਤੀ ਅਤੇ ਉਸ ਵਿਚ ਸ਼ਰਧਾ ਅਤੇ ਨਿਸ਼ਠਾ ਨੂੰ ਦ੍ਰਿੜ੍ਹਾਉਣ ਹਿਤ ਹੀ ਦਿੱਤੇ ਹਨ। ਜਿਵੇਂ:

ਦੁਰਮਤਿ ਹਰਣਾਖਸੁ ਦੁਰਾਚਾਰੀ।
ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ।
ਪ੍ਰਹਲਾਦ ਉਧਾਰੇ ਕਿਰਪਾ ਧਾਰੀ।[84]

ਸੈ ਪ੍ਰਹਲਾਦ ਕੀ ਪੈਜ ਜਿਨਿ ਰਖੀ।
ਹਰਨਾਖਸ ਨਖ ਬਿਦਾਰਿਓ।[85]

ਮਛ ਰੂਪ ਅਵਤਾਰੁ ਧਰਿ ਪੁਰਖਾਰਥੁ ਕਰਿ ਬੇਦ ਉਧਾਰੇ।
ਕਛੂ ਰੂਪ ਹੁਇ ਅਵਤਰੇ ਸਾਗਰੁ ਮਥਿ ਜਗਿ ਰਤਨ ਪਸਾਰੇ।
ਤੀਜਾ ਕਰਿ ਬੈਰਾਹੁ ਰੂਪੁ ਧਰਤਿ ਉਧਰੀ ਦੈਤ ਸੰਘਾਰੇ।
ਚਉਥਾ ਕਰਿ ਨਰਸਿੰਘ ਰੂਪੁ ਅਸੁਰੁ ਮਾਰਿ ਪ੍ਰਹਿਲਾਦਿ ਉਬਾਰੇ।
ਇਕਸੈ ਜੀ ਬ੍ਰਹਮੰਡ ਵਿਚਿ ਦਸ ਅਵਤਾਰ ਭਏ ਅਹੰਕਾਰੇ।[86]

ਰਵਿਦਾਸ ਬਾਣੀ ਵਿਚ ਸ੍ਰੋਖ ਦਸ ਅਵਤਾਰਾਂ ਵਿਚੋਂ ਕੇਵਲ ਇਕ ਅਵਤਾਰ ਦਾ ਹਵਾਲਾ ਹੀ ਉਪਲਬੱਧ ਹੈ। ਭਗਵਾਨ ਦਾ ਨਰਸਿੰਹ ਅਵਤਾਰ। ਭਗਤ ਪ੍ਰਹਿਲਾਦ ਦੀ ਸਹਾਇਤਾ ਕਰਨ ਵਾਲੇ ਅਤੇ ਉਸ ਦੇ ਪਿਤਾ ਹਿਰਨਕਸ਼ਿਪ ਦਾ ਸੰਘਾਰ ਕਰਨ ਵਾਲੇ ਨਰਸਿੰਹ ਅਵਤਾਰ ਹੀ ਸਨ। ਇਸ ਸੰਬੰਧੀ ਕਥਾ ਭਾਗਵਤ ਪੁਰਾਣ ਅਤੇ ਵਿਸ਼ਨੂੰ ਪੁਰਾਣ ਵਿਚ ਪਾਈ ਜਾਂਦੀ ਹੈ।

ਪ੍ਰਹਲਾਦਿ ਭਗਤਿ ਨੂੰ ਕਿਨਿ ਕਿਨਿ ਤਾਰੇ, ਕੋਇਰ ਸੁਧਾਰੇ ਰਾਜ।[97]

ਹਰਨਕਸਿਪਰ ਰੂਪਾ ਧੇਧਿ ਪ੍ਰਭੂ, ਧੰਨ ਰਾਖਿ ਪ੍ਰਹਲਾਦਹੁ ਰਾਖੇ।[88]

ਅਸੁਰ ਹਰਨਾਖਸ ਕ੍ਰੋਧ ਅੰਸੇ ਕਿਤੇ, ਪ੍ਰਹਲਾਦ ਮਹਿਕੈ ਤੋ ਤੀਨ ਸਾਜਾ।
ਭਗਤ ਹੇਤੁ ਆਪਿ ਹਰਿ ਪ੍ਰਗਟਿਓ, ਹੋਇ ਨਿਰੰਕਾਰ ਨਰਸਿੰਹ ਰਾਜਾ।[89]

ਪ੍ਰਹਲਾਦ ਚਰਿਤ।[90]

ਇਹ ਕਥਾ ਨਿਮਨਲਿਖਤ ਅਨੁਸਾਰ ਹੈ:

ਹਿਰਨਕਸ਼ਿਪ[91] ਦਾ ਭਰਾ ਹਿਰਨਾਕਸ਼ੁ ਵਾਰਾਹ ਅਵਤਾਰ ਦੇ ਰੂਪ ਵਿਚ ਭਗਵਾਨ ਹੱਥੋਂ ਮਾਰਿਆ ਗਿਆ। ਜਿਸ ਦਾ ਹਿਰਨਕਸ਼ਿਪ ਨੇ ਅੰਤਾਂ ਦਾ ਦੁੱਖ ਮਨਾਇਆ। ਉਸ ਨੇ ਕ੍ਰੋਧ ਵਿਚ ਆ ਕੇ ਸਾਰੇ ਅਸੁਰਾਂ ਨੂੰ ਹਦਾਇਤ ਦਿੱਤੀ ਕਿ ਸਾਰੇ ਜੀਵ-ਜੰਤੂਆਂ, ਮਨੁੱਖਾਂ, ਰਿਸ਼ੀਆਂ

ਤਕ ਕਿ ਦੇਵਤਿਆਂ 'ਤੇ ਵੀ ਅਤਿਆਚਾਰ ਸ਼ੁਰੂ ਕਰ ਦਿੱਤੇ। ਅਸੁਰਾਂ ਨੇ ਇਸ ਆਗਿਆ ਦਾ ਪਾਲਣ ਕੀਤਾ। ਦੇਵਤਿਆਂ ਨੂੰ ਵੀ ਸਵਰਗ 'ਚੋਂ ਕੱਢ ਦਿੱਤਾ ਗਿਆ।

ਹਿਰਨਕਸ਼ਿਪ ਚਾਹੁੰਦਾ ਸੀ ਕਿ ਉਹ ਸਾਰੀ ਦੁਨੀਆਂ ਤੇ ਰਾਜ ਕਰੇ ਅਤੇ ਉਹ ਅਮਰ ਬਣ ਜਾਵੇ। ਇਸ ਮਕਸਦ ਲਈ ਉਸ ਨੇ ਮੰਦ੍ਰਾਚਲ ਪਰਬਤ ਤੇ ਜਾ ਕੇ ਇਕ ਲੱਤ ਦੇ ਭਾਰ ਖੜ੍ਹੇ ਹੋ ਕੇ ਤਪੱਸਿਆ ਕਰਨੀ ਸ਼ੁਰੂ ਕਰ ਦਿੱਤੀ। ਜਦੋਂ ਉਹ ਤਪੱਸਿਆ ਕਰ ਰਿਹਾ ਸੀ ਤਾਂ ਤਾਕਤਵਰ ਦੇਵਤਿਆਂ ਨੇ ਅਸੁਰਾਂ ਨੂੰ ਹਰਾ ਕੇ ਫੇਰ ਤੋਂ ਸਵਰਗ ਨੂੰ ਪ੍ਰਾਪਤ ਕਰ ਲਿਆ। ਜਦੋਂ ਹਿਰਨਕਸ਼ਿਪ ਇਸ ਤਰ੍ਹਾਂ ਘੋਰ ਤਪੱਸਿਆ ਕਰ ਰਿਹਾ ਸੀ, ਤਾਂ ਅੱਗ ਅਤੇ ਧੂੰਏਂ ਦੀਆਂ ਲਾਟਾਂ, ਉਸ ਦੇ ਸਿਰ ਵਿਚੋਂ ਨਿਕਲ ਕੇ ਸਾਰੀ ਦੁਨੀਆਂ ਵਿਚ ਫੈਲ ਗਈਆਂ। ਇਸ ਨੇ ਦੇਵਤਿਆਂ ਨੂੰ ਵੀ ਪ੍ਰਭਾਵਿਤ ਕੀਤਾ। ਦੇਵਤੇ ਫੇਰ ਸਵਰਗ ਨੂੰ ਛੱਡ ਕੇ ਬ੍ਰਹਮ ਲੋਕ ਗਏ ਅਤੇ ਉਨ੍ਹਾਂ ਬ੍ਰਹਮਾ ਨੂੰ ਸਹਾਇਤਾ ਲਈ ਪੁਕਾਰਿਆ। ਦੇਵਤਿਆਂ ਦੀ ਪੁਕਾਰ ਸੁਣ ਕੇ ਬ੍ਰਹਮਾ ਹਿਰਨਕਸ਼ਿਪ ਕੋਲ ਪੁੱਜ ਗਏ। ਉਸ ਦੀ ਤਪੱਸਿਆ ਤੋਂ ਖੁਸ਼ ਹੋ ਕੇ ਉਸ ਨੂੰ ਵਰ ਮੰਗਣ ਲਈ ਕਿਹਾ ਤਾਂ ਹਿਰਨਕਸ਼ਿਪ ਨੇ ਇਹ ਵਰ ਮੰਗਿਆ, "ਨਾ ਮੈਂ ਕਿਸੇ ਸ਼ਸਤਰ ਨਾਲ ਮਾਰਿਆ ਜਾਵਾਂ, ਨਾ ਕਿਸੇ ਚਿੱਕੜ ਨਾਲ, ਨਾ ਪਰਬਤ ਨਾਲ, ਨਾ ਅੱਗ ਨਾਲ ਅਤੇ ਨਾ ਪਾਣੀ ਨਾਲ ਅਤੇ ਨਾ ਹੀ ਚੌਰਾਸੀ ਲੱਖ ਜੂਨਾਂ ਵਿਚ ਪੈਦਾ ਹੋਏ ਕਿਸੇ ਜੀਵ ਦੁਆਰਾ। ਨਾਹੀ ਦੇਵਤਿਆਂ ਅਤੇ ਨਾ ਹੀ ਅਸੁਰਾਂ ਦੁਆਰਾ। ਮੇਰੀ ਮੌਤ ਨਾ ਸਵਰਗ ਵਿਚ ਹੋਵੇ, ਨਾ ਧਰਤੀ ਉਤੇ, ਨਾ ਦਿਨ, ਨਾ ਰਾਤ ਵੇਲੇ ਅਤੇ ਨਾ ਘਰ ਅੰਦਰ ਅਤੇ ਨਾ ਬਾਹਰ।" ਬ੍ਰਹਮਾ ਨੇ ਇਹ ਵਰਦਾਨ ਹਿਰਨਕਸ਼ਿਪ ਨੂੰ ਦੇ ਦਿੱਤਾ। ਇਹ ਵਰਦਾਨ ਪਾ ਕੇ ਹਿਰਨਕਸ਼ਿਪ ਨੇ ਤਿੰਨਾਂ ਲੋਕਾਂ ਵਿਚ ਤਬਾਹੀ ਮਚਾ ਦਿੱਤੀ। ਦੇਵਤੇ ਡਰਦੇ ਹੋਏ ਵਿਸ਼ਨੂੰ ਕੋਲ ਗਏ। ਵਿਸ਼ਨੂੰ ਭਗਵਾਨ ਨੇ ਉਨ੍ਹਾਂ ਦੀ ਪੁਕਾਰ ਸੁਣੀ ਅਤੇ ਕਿਹਾ ਕਿ ਮੈਂ ਇਸ ਅਸੁਰਾਂ ਦੇ ਰਾਜੇ ਦਾ ਸਰਵਨਾਸ਼ ਕਰਾਂਗਾ। ਇਹ ਸੁਣ ਕੇ ਦੇਵਤੇ ਮੁੜ ਚਲੇ ਗਏ।

ਹਿਰਨਕਸ਼ਿਪ ਦੇ ਘਰ ਪੁੱਤਰ ਪੈਦਾ ਹੋਇਆ ਜਿਸ ਦਾ ਨਾਂ ਪ੍ਰਹਿਲਾਦ ਸੀ। ਪ੍ਰਹਿਲਾਦ ਸ਼ੁਰੂ ਤੋਂ ਹੀ ਪ੍ਰਭੂ-ਭਗਤੀ ਵਿਚ ਲੀਨ ਰਹਿੰਦਾ ਸੀ। ਹਿਰਨਕਸ਼ਿਪ ਨੇ ਭਗਵਾਨ ਦੀ ਭਗਤੀ ਬੰਦ ਕਰ ਦਿੱਤੀ ਅਤੇ ਕਿਹਾ ਕਿ ਸਿਰਫ ਮੈਨੂੰ ਹੀ ਭਗਵਾਨ ਮੰਨੋ। ਪਰੰਤੂ ਉਸ ਦੇ ਪੁੱਤਰ ਪ੍ਰਹਿਲਾਦ ਨੇ ਕਦੀ ਵੀ ਉਸ ਨੂੰ ਭਗਵਾਨ ਨਹੀਂ ਮੰਨਿਆ ਅਤੇ ਉਹ ਹਰ ਵੇਲੇ ਨਾਰਾਇਣ ਦਾ ਨਾਂ ਲੈ ਕੇ ਉਸ ਦੀ ਭਗਤੀ ਕਰਦਾ ਰਹਿੰਦਾ ਸੀ। ਜਿਸ ਨੂੰ ਰੋਕਣ ਲਈ ਹਿਰਨਕਸ਼ਿਪ ਨੇ ਤਰ੍ਹਾਂ-ਤਰ੍ਹਾਂ ਜ਼ੁਲਮ ਕੀਤੇ, ਪਰੰਤੂ ਪ੍ਰਹਿਲਾਦ ਦਾ ਵਾਲ ਵੀ ਵਿੰਗਾ ਨਾ ਹੋਇਆ। ਇਹ ਦੇਖ ਕੇ ਭਗਵਾਨ ਵਿਸ਼ਨੂੰ ਨੇ ਨਰਸਿੰਘ ਅਵਤਾਰ ਧਾਰਿਆ ਅਤੇ ਹਿਰਨਕਸ਼ਿਪ ਦਾ ਵਧ ਕਰਨ ਲਈ ਚਲ ਪਏ। ਹਿਰਨਕਸ਼ਿਪ ਨੇ ਪ੍ਰਹਿਲਾਦ ਨੂੰ ਕਿਹਾ ਕਿ ਜੇਕਰ ਤੇਰਾ ਭਗਵਾਨ ਹਰੇਕ ਵਸਤੂ ਵਿਚ ਹਾਜ਼ਰ ਹੈ ਤਾਂ ਇਸ ਥੰਮ 'ਚੋਂ ਉਸ ਨੂੰ ਲੱਭ ਕੇ ਵਿਖਾ। ਪ੍ਰਹਿਲਾਦ ਨੇ ਸੱਚੇ ਮਨ ਨਾਲ ਉਸ ਥੰਮ ਵਲ ਦੇਖ ਕੇ ਨਾਰਾਇਣ ਦਾ ਜਾਪ ਕੀਤਾ। ਆਪਣੇ ਭਗਤ ਦੀ ਲਾਜ ਰੱਖਣ ਲਈ ਭਗਵਾਨ ਉਸੇ ਵੇਲੇ ਉਸ ਥੰਮ ਨੂੰ ਚੀਰ ਕੇ ਨਰਸਿੰਘ ਰੂਪ ਵਿਚ ਪ੍ਰਗਟ ਹੋਏ, ਜਿਸ ਦਾ ਸਰੀਰ ਅੱਧਾ ਸ਼ੇਰ ਅਤੇ ਅੱਧਾ ਮਨੁੱਖ ਦਾ ਸੀ। ਉਸ ਵੇਲੇ ਦੁਪਹਿਰ ਵੀ ਨਹੀਂ ਸੀ। ਹਿਰਨਕਸ਼ਿਪ ਅਤੇ ਨਰਸਿੰਘ ਵਿਚਕਾਰ ਭਿਆਨਕ ਯੁੱਧ ਹੁੰਦਾ ਰਿਹਾ। ਜਦੋਂ ਸੰਧਿਆ ਵੇਲਾ ਹੋ ਗਿਆ ਤਾਂ ਨਰਸਿੰਘ ਨੇ ਹਿਰਨਕਸ਼ਿਪ ਨੂੰ ਖਿੱਚ ਕੇ ਡਿਉਢੀ ਵਿਚ ਲੈ ਆਂਦਾ ਅਤੇ ਆਪਣੇ ਤੇਜ਼ ਅਤੇ ਤਿੱਖੇ ਨਹੁੰਦਰਾਂ ਨਾਲ ਹਿਰਨਕਸ਼ਿਪ ਦਾ ਢਿੱਡ ਪਾੜ ਕੇ ਉਸ ਨੂੰ ਖਤਮ ਕਰ ਦਿੱਤਾ। ਭਗਵਾਨ ਨੇ ਪ੍ਰਹਿਲਾਦ ਨੂੰ ਵਰ ਮੰਗਣ ਲਈ ਕਿਹਾ। ਪ੍ਰਹਿਲਾਦ ਨੇ ਉੱਤਰ ਦਿੱਤਾ ਕਿ ਮੈਨੂੰ ਸਿਰਫ ਆਪਣੀ ਭਗਤੀ ਦਾ ਵਰ ਦਿਉ ਤਾਂ ਕਿ ਮੈਂ ਤਨ, ਮਨ ਨਾਲ ਤੁਹਾਡੀ ਭਗਤੀ ਕਰ ਸਕਾਂ। ਪ੍ਰਭੂ ਨੇ ਉਸ ਨੂੰ ਇਹ ਵਰ ਦੇ ਦਿੱਤਾ ਅਤੇ ਸਾਰਾ ਰਾਜ ਉਸ ਦੇ ਹਵਾਲੇ ਕਰਕੇ ਉਥੋਂ ਅਲੋਪ ਹੋ ਗਏ।

ਇਸ ਪ੍ਰਸੰਗ ਤੋਂ ਸਪਸ਼ਟ ਹੈ ਕਿ ਭਗਤਾਂ 'ਤੇ ਭੀੜ ਪੈਣ ਸਮੇਂ, ਭਗਵਾਨ, ਉਸ ਦੀ ਰੱਖਿਆ ਕਰਦੇ ਹਨ ਅਤੇ ਉਸ ਦਾ ਉਧਾਰ ਕਰਦੇ ਹਨ।

## 7. ਰਾਮਾਇਣ ਅਤੇ ਮਹਾਂਭਾਰਤ ਨਾਲ ਸੰਬੰਧਤ ਘਟਨਾਵਾਂ ਅਤੇ ਪਾਤਰ

ਗੁਰੂ ਰਵਿਦਾਸ ਨੇ ਆਪਣੀ ਬਾਣੀ ਵਿਚ ਰਾਮਾਇਣ ਅਤੇ ਮਹਾਂਭਾਰਤ ਨਾਲ ਸੰਬੰਧਤ ਘਟਨਾਵਾਂ ਅਤੇ ਪਾਤਰਾਂ ਨੂੰ ਵੀ ਪ੍ਰਤੀਕ ਰੂਪ ਵਿਚ ਪੇਸ਼ ਕੀਤਾ ਹੈ। ਰਾਮਾਇਣ ਅਤੇ ਮਹਾਂਭਾਰਤ ਭਾਰਤੀ ਸਭਿਅਤਾ ਅਤੇ ਸੰਸਕ੍ਰਿਤੀ ਨੂੰ ਪੇਸ਼ ਕਰਨ ਵਾਲੇ ਦੋ ਮਹਾਨ ਗ੍ਰੰਥ ਹਨ। ਸਦੀ ਤੋਂ ਲੋਕ ਰਾਮਾਇਣ ਦੀ ਕਥਾ ਸੁਣਦੇ ਆਏ ਅਤੇ ਮਹਾਂਭਾਰਤ ਨੂੰ ਪੜ੍ਹਦੇ ਆਏ ਹਨ। ਇਹ ਇਕ ਤਰ੍ਹਾਂ ਨਾਲ ਭਾਰਤੀ ਜੀਵਨ ਦੇ ਮੂਲ ਸੋਮੇ ਹਨ। ਜਿਥੇ ਰਾਮਾਇਣ ਆਦਰਸ਼ ਚਰਿਤ੍ਰ ਨੂੰ ਪੇਸ਼ ਕਰਨ ਵਾਲਾ ਗ੍ਰੰਥ ਹੈ, ਉਥੇ ਮਹਾਂਭਾਰਤ ਯਥਾਰਥਕ ਜੀਵਨ ਦੀ ਪੇਸ਼ਕਾਰੀ ਕਰਦਾ ਹੈ। ਇਨ੍ਹਾਂ ਨਾਲ ਸੰਬੰਧਤ ਕਥਾਵਾਂ ਦਾ ਜਨ-ਮਾਨਸ ਤੇ ਡੂੰਘਾ ਪ੍ਰਭਾਵ ਪਿਆ ਹੈ।

ਇਸ ਸੰਬੰਧ ਵਿਚ ਰਵਿਦਾਸ ਬਾਣੀ ਵਿਚ ਰਾਮਾਇਣ ਦੀ 'ਅਹੱਲਿਆ-ਉਧਾਰ' ਦੀ ਪ੍ਰਸਿੱਧ ਘਟਨਾ ਦਾ ਦ੍ਰਿਸ਼ਟਾਂਤ ਪ੍ਰਸਤੁਤ ਕੀਤਾ ਗਿਆ ਹੈ:

ਗੌਤਮ ਨਾਰਿ ਉਮਾਪਤਿ ਸ੍ਵਾਮੀ ਸੀਸ ਧਰਨਿ ਸਹਸ ਭਗ ਗਾਮੀ।[92]

ਇਸ ਪ੍ਰਸੰਗ ਦੇ ਸੰਕੇਤ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਵਿਚ ਵੀ ਪਾਏ ਜਾਂਦੇ ਹਨ:

ਗੌਤਮ ਤਪਾ ਅਹੱਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ।
ਸਹਸ ਸਰੀਰ ਚਿਹਨ ਭਗ ਹੂਏ ਤਾ ਮਨ ਪਛੋਤਾਇਆ।[93]

ਗੌਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ।[94]

ਗੋਤਮ ਸਤੀ ਸਿਲਾ ਨਿਸਤਰੀ।[95]

ਹਰਿਦਾਸ ਜੀ ਦੁਆਰਾ ਇਸ ਘਟਨਾ ਨੂੰ ਪੇਸ਼ ਕਰਨ ਦਾ ਮਨੋਰਥ ਇਹ ਹੈ ਕਿ ਲੋਕਾਂ ਵੀ ਕਾਮ, ਕ੍ਰੋਧ, ਲੋਭ, ਮੋਹ, ਮਾਇਆ ਤੋਂ ਛੁਟਕਾਰਾ ਨਹੀਂ ਪਾ ਸਕੇ। ਇਸ ਲਈ ਇਨ੍ਹਾਂ ਪੰਜਾਂ ਵਿਕਾਰਾਂ ਤੋਂ ਛੁਟਕਾਰਾ ਪਾਉਣ ਲਈ ਪ੍ਰਭੂ-ਭਗਤੀ ਉਤੇ ਜ਼ੋਰ ਦਿੱਤਾ ਗਿਆ ਹੈ। ਕੇਵਲ ਪ੍ਰਭੂ-ਭਗਤੀ ਨਾਲ ਹੀ ਮਨੁੱਖ ਇਨ੍ਹਾਂ ਪੰਜਾਂ ਵਿਕਾਰਾਂ ਨੂੰ ਆਪਣੇ ਅਧੀਨ ਕਰ ਸਕਦਾ ਹੈ।

ਇਹ ਘਟਨਾ ਨਿਮਨਲਿਖਤ ਅਨੁਸਾਰ ਹੈ:

ਰਾਜਾ ਜਨਕ[96] ਦੇ ਕੁਲ ਪੁਰੋਹਿਤ ਮਹਾਂਰਿਸ਼ੀ ਗੌਤਮ ਦੀ ਪਤਨੀ ਅਹੱਲਿਆ ਨਾਲ ਇੰਦਰ ਦੇਵ ਨੇ ਧੋਖੇ ਨਾਲ ਵਿਭਚਾਰ ਕੀਤਾ ਸੀ। ਕਿਸੇ ਸਮੇਂ ਦੇਵਰਾਜ ਇੰਦਰ ਨੇ ਚੰਦਰਮਾ ਤੋਂ ਪੁੱਛਿਆ ਸੀ ਕਿ ਸੰਸਾਰ ਵਿਚ ਤੇਰੇ ਤੋਂ ਵੀ ਅਧਿਕ ਸੋਹਣੀ ਸੁੰਦਰ ਇਸਤ੍ਰੀ ਹੈ, ਤਦ ਚੰਦਰਮਾ ਦੁਆਰਾ ਗੌਤਮ-ਪਤਨੀ ਅਹੱਲਿਆ ਦਾ ਭੇਤ ਪਾ ਕੇ ਇੰਦਰ ਕਾਮਵਸ, ਇਕ ਰਾਤ ਚੰਦਰਮਾ ਦੀ ਸਹਾਇਤਾ ਨਾਲ ਇੰਦਰ ਨੇ ਅਹੱਲਿਆ ਦਾ ਭੋਗ ਕਰਨ ਦਾ ਫੈਸਲਾ ਕੀਤਾ। ਚੰਦਰਮਾ ਨੇ ਮੁਰਗਾ ਬਣ ਕੇ ਸਵੇਰ ਹੋਣ ਤੋਂ ਪਹਿਲਾਂ ਬਾਂਗ ਦੇ ਕੇ ਗੌਤਮ ਨੂੰ ਜਲਦ ਹੀ ਗੰਗਾ-ਇਸ਼ਨਾਨ ਵਾਸਤੇ ਜਾਣ ਦੀ ਪ੍ਰੇਰਨਾ ਦਿੱਤੀ। ਗੌਤਮ ਦੇ ਜਾਣ ਉਪਰੰਤ ਇੰਦਰ ਗੌਤਮ ਦਾ ਰੂਪ ਧਾਰਣ ਕਰਕੇ ਅਹੱਲਿਆ ਕੋਲ ਪੁੱਜ ਗਿਆ। ਜਦ ਗੌਤਮ ਗੰਗਾ ਕੋਲ ਇਸ਼ਨਾਨ ਲਈ ਪਹੁੰਚੇ ਤਦ ਗੰਗਾ ਨੇ ਕਿਹਾ ਕਿ ਅੱਧੀ ਰਾਤ ਨੂੰ ਉਠੀ ਸੋਈ ਗੰਗਾ ਨੂੰ ਕਿਉਂ ਜਗਾ ਦਿਤਾ ਹੈ। ਤਦ ਗੌਤਮ ਨੂੰ ਸ਼ੱਕ ਹੋਣ ਲੱਗਾ। ਉਹ ਤੁਰੰਤ ਘਰ ਪਰਤ ਆਇਆ। ਉਸ ਨੂੰ

ਵਾਪਿਸ ਆਉਂਦਾ ਦੇਖ ਕੇ ਇੰਦਰ ਕੰਬਣ ਲੱਗਾ। ਗੌਤਮ ਨੇ ਉਡਦੇ ਹੋਏ ਇੰਦਰ ਦੇ ਮ੍ਰਿਗ-ਛਾਲ ਵਗਾਹ ਮਾਰੀ, ਜਿਸ ਨਾਲ ਇੰਦਰ ਦੇ ਸਰੀਰ ਤੇ ਚਿੰਨ੍ਹ ਬਣ ਗਿਆ। ਕ੍ਰੋਧਵਸ ਗੌਤਮ ਰਿਸ਼ੀ ਨੇ ਇੰਦਰ ਨੂੰ ਨਪੁੰਸਕ ਹੋਣ ਦਾ ਅਤੇ ਸਰੀਰ ਉਪਰ ਇਕ ਹਜ਼ਾਰ ਭਗ-ਚਿੰਨ੍ਹ ਬਣ ਜਾਣ ਦਾ ਸਰਾਪ ਦੇ ਦਿੱਤਾ। ਗੌਤਮ ਦੇ ਸਰਾਪ ਦੁਆਰਾ ਅਹੱਲਿਆ ਵੀ ਪੱਥਰ ਬਣ ਗਈ। ਅਹੱਲਿਆ ਦੀ ਖਿਮਾ ਯਾਚਨਾ ਕਰਨ ਤੇ ਗੌਤਮ ਨੇ ਉਸ ਨੂੰ ਕਿਹਾ ਕਿ ਭਗਵਾਨ ਰਾਮ ਦੀ ਚਰਨ-ਛੋਹ ਨਾਲ ਉਸ ਦਾ ਉਧਾਰ ਹੋਵੇਗਾ। ਅਹੱਲਿਆ ਨੇ ਫੇਰ ਬੇਨਤੀ ਕੀਤੀ ਕਿ ਤ੍ਰੇਤਾ ਯੁਗ ਤਾਂ ਬਹੁਤ ਦੂਰ ਹੈ। ਤਦ ਗੌਤਮ ਨੇ ਕਿਹਾ ਕਿ ਤ੍ਰੇਤਾ ਯੁੱਗ ਦੁਆਪਰ ਨਾਲੋਂ ਪਹਿਲਾਂ ਆ ਜਾਵੇਗਾ, ਤ੍ਰੇਤਾ ਯੁੱਗ ਵਿਚ ਜਦੋਂ ਸ੍ਰੀਰਾਮ ਜਨਕਪੁਰੀ ਨੂੰ ਜਾਂਦੇ ਹੋਏ ਜੰਗਲ ਵਿਚੋਂ ਲੰਘੇ ਤਾਂ ਉਨ੍ਹਾਂ ਦੇ ਚਰਨ ਸਪਰਸ਼ ਨਾਲ ਪੱਥਰ ਬਣੀ ਅਹੱਲਿਆ ਨੂੰ ਮੁਕਤੀ ਮਿਲ ਗਈ।

ਇਸੇ ਤਰ੍ਹਾਂ ਰਵਿਦਾਸ ਜੀ ਨੇ ਭਗਵਾਨ ਰਾਮ ਨਾਲ ਸੰਬੰਧਤ ਇਕ ਹੋਰ ਪ੍ਰਸੰਗ ਵੱਲ ਵੀ ਸੰਕੇਤ ਕੀਤਾ ਹੈ:

ਰਾਮ ਕਹਤ ਸਭ ਜਗਤ ਭੁਲਾਨਾ, ਸੋ ਯਹੁ ਰਾਮ ਨ ਹੋਈ।
ਕਰਮ ਅਕਰਮ ਕਰੁਨਾਮੈ ਕੇਸੌ, ਕਰਤਾ ਨਾਂਵ ਸੁ ਕੋਈ।
ਜਾ ਰਾਮਹਿੰ ਸਭ ਜਗ ਜਾਨੈ, ਭ੍ਰਮ ਭੂਲੇ ਰੇ ਭਾਈ।[97]

ਰਵਿਦਾਸ ਜੀ ਕਹਿੰਦੇ ਹਨ ਕਿ ਜੀਭ ਦੁਆਰਾ ਜਿਸ ਰਾਮ ਦਾ ਨਾਮ ਲਇਆ ਜਾਂਦਾ ਹੈ, ਅਸਲ ਵਿਚ ਉਹ ਸੱਚਾ ਰਾਮ ਨਹੀਂ ਹੈ। ਚੰਗੇ ਅਤੇ ਮੰਦੇ ਕਰਮਾਂ ਦੇ ਬੰਧਨਾਂ ਵਿਚ ਜਕੜੇ ਜੀਵਾਂ ਉਤੇ ਦਇਆ ਕਰਨ ਵਾਲਾ ਅਤੇ ਸਾਰੀ ਸ੍ਰਿਸਟੀ ਦੀ ਰਚਨਾ ਕਰਨ ਵਾਲਾ ਨਾਮ ਉਸ ਪ੍ਰਭੂ ਦਾ ਨਿਜ-ਰੂਪ ਹੈ। ਜੇਕਰ ਸ਼ਬਦ ਕੋਸ਼ ਵਿਚ ਰਾਮ ਸ਼ਬਦ ਦਾ ਅਰਥ ਵੇਖੀਏ, ਤਦ ਉਹ ਨਿਮਨ ਅਨੁਸਾਰ ਹੈ:

ਰਾਮ:  ਰਮਤੇ ਇਤਿ

ਰਮ + ਣ ਵਾ

ਰਮਯਤੇ ਅਨੇਨ

ਰਮ + ਘਞ = ਸੁੰਦਰ, ਮਨੋਹਰ[98]

ਪਰ ਰਾਮਾਇਣ ਵਿਚ ਜਿਸ ਅਵਤਾਰੀ ਰਾਮ ਨੂੰ ਲੋਕ ਸੱਚਾ ਰਾਮ ਸਮਝਦੇ ਹਨ ਉਹ ਤਾਂ ਆਪ ਮਾਇਆ ਦੇ ਸੋਨੇ ਦੇ ਹਿਰਨ ਦੇ ਭਰਮ ਦਾ ਸ਼ਿਕਾਰ ਹੋ ਗਿਆ ਹੈ। ਕਹਿਣ ਦਾ ਭਾਵ ਹੈ ਕਿ ਰਾਮ ਵਰਗਾ ਮਹਾਨ ਪੁਰਸ਼ ਵੀ ਮਾਇਆ ਜਾਲ ਨੂੰ ਨਹੀਂ ਪਹਿਚਾਣ ਕਰ ਸਕਿਆ ਅਤੇ ਮਾਇਆ-ਭਰਮ ਵਿਚ ਆ ਕੇ ਸੋਨ-ਮਿਰਗ ਨੂੰ ਅਸਲੀ ਮਿਰਗ ਸਮਝ ਬੈਠਾ, ਜਿਸ ਦਾ ਫਲ ਉਸ ਨੂੰ ਸਾਰੀ ਉਮਰ ਭੁਗਤਣਾ ਪਿਆ। ਇਸ ਪ੍ਰਸੰਗ ਦਾ ਵੇਰਵਾ ਰਾਮਾਇਣ ਵਿਚ ਮਿਲਦਾ ਹੈ।

ਸੰਸਕ੍ਰਿਤ ਭਾਸ਼ਾ ਵਿਚ ਸਭ ਤੋਂ ਪਹਿਲਾਂ ਰਾਮਾਇਣ ਮਹਾਂਰਿਸ਼ੀ ਬਾਲਮੀਕਿ ਨੇ ਲਿਖੀ ਸੀ। ਗੋਸਵਾਮੀ ਤੁਲਸੀਦਾਸ ਨੇ ਹਿੰਦੀ (ਅਵਧੀ) ਵਿਚ ਰਾਮ ਕਥਾ ਨੂੰ ਲਿਖਿਆ ਅਤੇ ਇਸ ਕਥਾ ਦੇ ਪਾਤਰਾਂ ਨੂੰ ਵਧੇਰੇ ਆਦਰਸ਼ ਰੂਪ ਦੇ ਦਿੱਤਾ। ਗੋਸਵਾਮੀ ਤੁਲਸੀਦਾਸ ਜੀ ਦੀ ਰਚੀ ਹੋਈ ਰਾਮ ਕਥਾ ਦਾ ਨਾਮ ਰਾਮਚਰਿਤ ਮਾਨਸ ਹੈ । ਇਨ੍ਹਾਂ ਤੋਂ ਮਹਾਨ ਕਵੀਆਂ ਨੇ ਰਾਮ ਕਥਾ ਦੇ ਪ੍ਰਸੰਗ ਨੂੰ ਤਕਰੀਬਨ ਇਸੇ ਰੂਪ ਵਿਚ ਹੀ ਲਿਖਿਆ ਹੈ।

ਇਹ ਪ੍ਰਸੰਗ ਸੰਖੇਪ ਵਿਚ ਨਿਮਨ ਅਨੁਸਾਰ ਹੈ:

ਬਨਵਾਸ[99] ਦੌਰਾਨ ਪੰਚਵਟੀ ਦੇ ਸਥਾਨ ਤੇ ਰਾਮ ਅਤੇ ਲਛਮਣ ਨੇ ਕਈ ਦੈਂਤਾਂ ਦੇ ਵਧ ਕੀਤੇ ਸਨ, ਜਿਨ੍ਹਾਂ ਵਿਚੋਂ ਖਰ ਨਾਮ ਦਾ ਦੈਂਤ ਸਭ ਤੋਂ ਮਹੱਤਵਪੂਰਨ ਸੀ। ਅਕੰਪਨ ਨੇ ਸੀਤਾ

ਦੀ ਪ੍ਰਸ਼ੰਸਾ ਰਾਵਣ ਸਾਹਮਣੇ ਕਰਦੇ ਹੋਏ ਕਿਹਾ ਕਿ ਇਹ ਸੰਪੂਰਨ ਇਸਤ੍ਰੀਆਂ ਵਿਚ ਇਕ ਰਤਨ ਹੈ ਅਤੇ ਰਾਵਣ ਨੂੰ ਸੀਤਾ ਦੇ ਅਪਹਰਣ ਦੀ ਸਲਾਹ ਦਿੱਤੀ। ਜਿਸ ਨੂੰ ਸੁਣ ਕੇ ਰਾਵਣ ਨੇ ਸੀਤਾ ਦੇ ਅਪਹਰਣ ਦਾ ਫੈਸਲਾ ਕਰ ਲਿਆ। ਸੀਤਾ ਦੇ ਰੂਪ ਦੀ ਪ੍ਰਸ਼ੰਸਾ ਕਰਦੇ ਹੋਏ, ਰਾਵਣ ਦੀ ਭੈਣ ਸਰੂਪਨਖਾ ਨੇ ਰਾਵਣ ਨੂੰ ਇਸ ਨੂੰ ਆਪਣੀ ਪਤਨੀ ਬਣਾਉਣ ਲਈ ਪ੍ਰੇਰਿਤ ਕੀਤਾ। ਇਸ ਕਾਰਜ ਲਈ ਰਾਵਣ ਨੇ ਮਰੀਚ ਰਿਸ਼ੀ ਦੀ ਸਹਾਇਤਾ ਮੰਗੀ। ਰਾਵਣ ਨੇ ਮਰੀਚ ਨੂੰ ਸੋਨ-ਮਿਰਗ ਦਾ ਰੂਪ ਧਾਰਣ ਕਰਨ ਦੀ ਸਲਾਹ ਦਿੱਤੀ। ਮਰੀਚ ਸੋਨ-ਮਿਰਗ ਬਣ ਕੇ ਸੀਤਾ ਕੋਲ ਜਾ ਕੇ ਘੁੰਮਣ ਲੱਗਾ, ਜਿਸ ਨੂੰ ਦੇਖ ਕੇ ਸੀਤਾ ਚਕ੍ਰਿਤ ਰਹਿ ਗਈ। ਉਸ ਨੇ ਰਾਮ ਨੂੰ ਉਹ ਮਿਰਗ ਲਿਆਉਣ ਲਈ ਜ਼ਿੱਦ ਕੀਤੀ। ਰਾਮ ਉਸ ਮਿਰਗ ਦੇ ਪਿੱਛੇ ਬਾਣ ਲੈ ਕੇ ਦੌੜੇ ਅਤੇ ਮਿਰਗ ਦੇ ਬਾਣ ਮਾਰਿਆ, ਜਿਸ ਨਾਲ ਉਸ ਮਿਰਗ ਅਤੇ ਮਰੀਚ ਦੀ ਮ੍ਰਿਤੂ ਹੋ ਗਈ। ਮਰੀਚ ਨੇ ਮਰਨ ਤੋਂ ਪਹਿਲਾਂ ਰਾਮ ਦੀ ਆਵਾਜ਼ ਵਿਚ ਲਛਮਣ ਅਤੇ ਸੀਤਾ ਨੂੰ ਸਹਾਇਤਾ ਲਈ ਪੁਕਾਰਿਆ। ਸੀਤਾ ਨੇ ਰਾਮ ਦੀ ਆਵਾਜ਼ ਸਮਝ ਕੇ ਲਛਮਣ ਨੂੰ ਰਾਮ ਦੀ ਸਹਾਇਤਾ ਲਈ ਜਾਣ ਵਾਸਤੇ ਵਿਵਸ਼ ਕੀਤਾ। ਪਰ ਉਹ ਕੁਟੀਆ ਦੇ ਬਾਹਰ ਇਕ ਰੇਖਾ ਵਾਹ ਕੇ ਸੀਤਾ ਨੂੰ ਕਹਿ ਗਿਆ ਕਿ ਸੀਤਾ ਉਸ ਰੇਖਾ ਤੋਂ ਬਾਹਰ ਨਾ ਨਿਕਲੇ। ਜਦ ਲਛਮਣ ਆਸ਼੍ਰਮ ਤੋਂ ਬਾਹਰ ਚਲਾ ਗਿਆ ਤਦ ਰਾਵਣ ਨੇ ਸਾਧੂ ਭੇਸ ਵਿਚ ਆ ਕੇ ਸੀਤਾ ਤੋਂ ਭਿੱਖਿਆ ਮੰਗੀ। ਜਾਣ ਤੋਂ ਪਹਿਲਾਂ ਲਛਮਣ ਨੇ ਜਿਹੜੀ ਸੀਤਾ ਦੀ ਸੁਰੱਖਿਆ ਲਈ ਰੇਖਾ ਖਿੱਚ ਦਿੱਤੀ ਸੀ, ਰਾਵਣ ਨੇ ਸੀਤਾ ਨੂੰ ਉਸ ਰੇਖਾ ਤੋਂ ਬਾਹਰ ਆਉਣ ਲਈ ਪ੍ਰੇਰਿਆ। ਸੀਤਾ ਨੇ ਰਾਵਣ ਨੂੰ ਨਾ ਪਹਿਚਾਣਿਆ ਅਤੇ ਧੋਖੇ ਵਿਚ ਆ ਕੇ 'ਲਛਮਣ ਰੇਖਾ' ਤੋਂ ਬਾਹਰ ਆ ਗਈ, ਜਿਸ ਦੇ ਫਲਸਰੂਪ ਰਾਵਣ ਨੇ ਸੀਤਾ ਦਾ ਅਪਹਰਣ ਕਰ ਲਿਆ।

ਰਾਮਾਇਣ ਸੰਬੰਧੀ ਇਕ ਹੋਰ ਪ੍ਰਸੰਗ ਦਾ ਵੇਰਵਾ ਵੀ ਰਵਿਦਾਸ ਬਾਣੀ ਵਿਚ ਮਿਲਦਾ ਹੈ।

ਤ੍ਰਾਸ ਦਈ ਲੰਕੇਸ ਬੰਧੁ ਕਉ ਸਰਨਿ ਰਾਖਿ ਪ੍ਰਭ ਬਚਨ ਉਚਾਰਤ।[100]

ਮਨ ਮਹਿ ਦਰਪੁ ਕਿਓ ਹੈ ਰਾਵਣਿ ਜਿਸ ਬਲ ਦੇਖਿ ਫਿਰਾਈ।
ਦਸਰਥ ਨੰਦਨ ਜਬ ਸੰਘਾਰਯੋ, ਲੰਕ ਬਭੀਖਣ ਪਾਈ।[101]

ਰਵਿਦਾਸ ਜੀ ਇਨ੍ਹਾਂ ਸਤਰਾਂ ਵਿਚ ਕਹਿੰਦੇ ਹਨ ਕਿ ਜਿਨ੍ਹਾਂ ਦਾ ਕੋਈ ਆਸਰਾ ਨਹੀਂ ਹੁੰਦਾ, ਪਰੰਤੂ ਜੋ ਸੱਚੇ ਹਿਰਦੇ ਨਾਲ ਉਸ ਪਰਮਾਤਮਾ ਨੂੰ ਯਾਦ ਕਰਦੇ ਹਨ, ਉਹ ਪਰਮਾਤਮਾ ਉਨ੍ਹਾਂ ਦਾ ਸਹਾਈ ਹੁੰਦਾ ਹੈ ਅਤੇ ਆਪਣੀ ਸ਼ਰਣ ਵਿਚ ਲੈਣ ਤੋਂ ਝਿਜਕਦਾ ਨਹੀਂ ਹੈ। ਰਾਵਣ ਨੂੰ ਆਪਣੀ ਸ਼ਕਤੀ ਦਾ ਘੁਮੰਡ ਹੋਣ ਕਾਰਨ ਉਸ ਨੇ ਸੀਤਾ ਦਾ ਅਪਹਰਣ ਕੀਤਾ, ਜਿਸ ਦੇ ਫਲਸਰੂਪ ਸ੍ਰੀ ਰਾਮਚੰਦ੍ਰ ਜੀ ਉਸ ਦੀ ਤਬਾਹੀ ਦਾ ਕਾਰਣ ਬਣੇ। ਅਭਿਮਾਨੀ ਹੋਣ ਕਰਕੇ ਰਾਵਣ ਨੇ ਆਪਣੇ ਭਰਾ ਵਿਭੀਖਣ ਨੂੰ ਤਿਆਗ ਦਿੱਤਾ, ਪਰੰਤੂ ਵਿਭੀਖਣ ਸ੍ਰੀ ਰਾਮਚੰਦ੍ਰ ਜੀ ਦੀ ਸ਼ਰਣ ਵਿਚ ਚਲਾ ਗਿਆ। ਇਸ ਸੰਬੰਧੀ ਕਥਾ ਨਿਮਨ ਅਨੁਸਾਰ ਹੈ:

"ਵਿਭੀਖਣ ਰਾਵਣ ਦਾ ਛੋਟਾ ਭਰਾ ਸੀ। ਇਸ ਨੇ ਵੀ ਆਪਣੇ ਭਰਾ ਰਾਵਣ ਵਾਂਗ ਬ੍ਰਹਮਾ ਦੀ ਭਗਤੀ ਕਰਕੇ ਇਕ ਵਰ ਪ੍ਰਾਪਤ ਕੀਤਾ ਸੀ। ਉਹ ਵਰ ਇਹ ਸੀ ਕਿ ਇਹ ਵੱਡੀ ਤੋਂ ਵੱਡੀ ਮੁਸ਼ਕਿਲ ਵਿਚ ਵੀ ਕਦੀ ਕੋਈ ਅਯੋਗ ਕੰਮ ਨਹੀਂ ਕਰੇਗਾ। ਇਹ ਬੜਾ ਨੇਕ ਸੁਭਾਅ ਵਾਲਾ ਸੀ ਅਤੇ ਰਾਖਸ਼ਾਂ ਦੀਆਂ ਭੈੜੀਆਂ ਹਰਕਤਾਂ ਦਾ ਹਰ ਸਮੇਂ ਵਿਰੋਧ ਕਰਦਾ ਸੀ।[102] ਜਦੋਂ ਵਿਭੀਖਣ ਨੇ ਸੀਤਾ ਦਾ ਅਪਹਰਣ ਕਰ ਲਿਆ, ਤਦ ਵਿਭੀਖਣ

ਨੇ ਸ੍ਰੀ ਰਾਮ ਦੀ ਭਗਤੀ ਅਤੇ ਗਿਆਨ ਬਾਰੇ ਦੱਸਦੇ ਹੋਏ, ਰਾਵਣ ਨੂੰ ਸੀਤਾ ਵਾਪਸ ਕਰ ਦੇਣ ਦਾ ਅਨੁਰੋਧ ਕੀਤਾ। ਲੇਕਿਨ ਵਿਭੀਸ਼ਣ ਦੀ ਇਸ/ਗੱਲ ਰਾਵਣ ਨੇ ਧਿਆਨ ਨਹੀਂ ਸੀ ਦਿੱਤਾ, ਸਗੋਂ ਵਿਭੀਸ਼ਣ ਦਾ ਤਿਰਸਕਾਰ ਕੀਤਾ ਸੀ। ਫਲਸਰੂਪ ਵਿਭੀਸ਼ਣ ਰਾਵਣ ਨੂੰ ਛੱਡ ਕੇ ਚਲਾ ਗਿਆ।[103] ਇਹ ਕੈਲਾਸ਼ ਪਰਬਤ ਤੇ ਚਲਾ ਗਿਆ ਅਤੇ ਉਥੋਂ ਸ਼ਿਵ ਜੀ ਦੀ ਸਲਾਹ ਨਾਲ ਰਾਮਚੰਦ੍ਰ ਕੋਲ ਹਾਜ਼ਰ ਹੋਇਆ ਅਤੇ ਉਨ੍ਹਾਂ ਦਾ ਸ਼ਰਣਾਗਤ ਬਣ ਗਿਆ। ਰਾਮ ਨੇ ਇਸ ਦਾ ਸਤਿਕਾਰ ਕੀਤਾ ਅਤੇ ਇਸ ਨੂੰ ਪਿਆਰ ਨਾਲ ਗਲੇ ਲਗਾਇਆ। ਰਾਵਣ ਦੀ ਹਾਰ ਤੇ ਮੌਤ ਪਿੱਛੋਂ ਰਾਮ ਨੇ ਇਸ ਨੂੰ ਲੰਕਾ ਦਾ ਰਾਜਾ ਬਣਾ ਦਿੱਤਾ।"[104]

ਵਿਭੀਸ਼ਣ ਉਨ੍ਹਾਂ ਸੱਚੇ-ਸੁੱਚੇ ਵਿਅਕਤੀਆਂ ਦਾ ਪ੍ਰਤੀਕ ਰੂਪ ਹੈ ਜਿਹੜੇ ਕਿਸੇ ਵੀ ਕੀਮਤ ਤੇ ਬੁਰਾਈ ਨਾਲ ਸਮਝੌਤਾ ਨਹੀਂ ਕਰਦੇ ਅਤੇ ਡਟੇ ਰਹਿੰਦੇ ਹਨ। ਰਵਿਦਾਸ ਜੀ ਦਾ ਭਾਵ ਵੀ ਇਹੋ ਹੀ ਹੈ।

ਇਕ ਹੋਰ ਰੂਪ ਵਿਚ ਰਵਿਦਾਸ ਜੀ ਇਸੇ ਹਕੀਕਤ ਨੂੰ ਹੋਰ ਉਦਾਹਰਣ ਨਾਲ ਸਿੱਧ ਕਰਵਾਉਂਦੇ ਹਨ। ਉਹ ਕਹਿੰਦੇ ਹਨ ਕਿ ਆਪਣੇ ਕਿਸੇ ਭਗਤ ਨੂੰ ਕਸ਼ਟ ਵਿਚ ਪਿਆ ਦੇਖ ਕੇ ਭਗਵਾਨ ਤੁਰੰਤ ਉਸ ਦੀ ਮਦਦ ਲਈ ਪਹੁੰਚਦੇ ਹਨ ਅਤੇ ਉਸ ਦੇ ਵਿਗੜੇ ਹੋਏ ਕਾਜ ਸਵਾਰਦੇ ਹਨ। ਇਸੇ ਤੱਥ ਨੂੰ ਪ੍ਰਮਾਣਿਤ ਕਰਦੀ ਹੋਈ ਇਕ ਘਟਨਾ ਮਹਾਂਭਾਰਤ ਵਿਚ ਮਿਲਦੀ ਹੈ, ਜਿਸ ਦਾ ਹਵਾਲਾ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਦਿੱਤਾ ਹੈ:

ਦ੍ਰੋਪਤ ਸੁਤਾ ਕੀ ਤੁਮ ਹੂ ਰੇਖਤ, ਖੋਰ ਨਹੀ ਸਕ ਲਾਜ।
ਕਰਮ ਸਹੰਸ ਦਸ ਸੂਪ ਕਰਾਏ, ਸੁਕਲ ਉਦਾਰਣ ਰਾਜ।[105]

ਕਰਨ ਦੁਰਜੋਧਨ ਦੁਸਾਸਨ ਕਪਟ ਕੂੰ, ਕੋਸੋ ਉਖਰਿ ਕਿਧੋ ਕਾਜਾ।
ਸਭਾ ਕੇ ਬੀਚ ਅਰਾਧਿਓ ਦ੍ਰੋਪਤੀ, ਕਹੇ ਪਟ ਚੀਰ ਗੁਰ ਰਾਖਿ ਲਾਜਾ।
ਪਤਿਤ ਉਧਾਰਨਿ ਦਿਜ ਜਨ ਤਾਰਨ, ਏਹੁ ਤੇਰੇ ਨਾਮੁ ਕੋ ਬਾਜਿਓ ਬਾਜਾ।
ਕਹਿ ਰਵਿਦਾਸ ਬਿਸਵਾਸ ਮਨਿ ਕੋਟੇ ਹੈ, ਸਰਨਿ ਆਏ ਤੇਰਿ ਮੇਰੀ ਨਿਵਾਜਾ।[106]

ਇਹ ਘਟਨਾ ਇਸ ਅਨੁਸਾਰ ਹੈ:

ਦ੍ਰੋਪਦੀ ਪੰਚਾਲ ਰਾਜੇ ਦ੍ਰੁਪਦ ਦੀ ਪੁੱਤਰੀ ਅਤੇ ਪੰਜਾਂ ਪਾਂਡਵਾਂ ਦੀ ਪਤਨੀ ਸੀ। ਦ੍ਰੋਪਦੀ ਦੇ ਪਿਤਾ ਦ੍ਰੁਪਦ ਨੇ ਦ੍ਰੋਪਦੀ ਦੇ ਸਵੰਬਰ ਦਾ ਐਲਾਨ ਕੀਤਾ। ਜਿਸ ਵਿਚ ਪੰਜੇ ਪਾਂਡਵ ਵੀ ਸ਼ਾਮਿਲ ਹੋਏ। ਅਰਜਨ ਦੇ ਧਨੁਸ਼ ਦੇ ਕਰਾਮਾਤੀ ਕਮਾਲ ਨੇ ਸਭ ਨੂੰ ਮਾਤ ਪਾ ਦਿੱਤਾ ਅਤੇ ਉਹ ਹੀ ਦ੍ਰੋਪਦੀ ਦਾ ਪਤੀ ਚੁਣਿਆ ਗਿਆ, ਜਦੋਂ ਪੰਜੇ ਪਾਂਡਵ ਆਪਣੀ ਮਾਤਾ ਕੁੰਤੀ ਕੋਲ ਵਾਪਸ ਆਏ ਤਾਂ ਉਨ੍ਹਾਂ ਨੇ ਉਸ ਨੂੰ ਦੱਸਿਆ ਕਿ ਉਹ ਇਕ ਅਦਭੁਤ ਵਸਤੂ ਲੈ ਕੇ ਆਏ ਹਨ। ਮਾਂ ਨੇ ਕਿਹਾ ਕਿ ਆਪਸ ਵਿਚ ਵੰਡ ਲਵੋ। ਇਸ ਤਰ੍ਹਾਂ ਦ੍ਰੋਪਦੀ ਪੰਜਾਂ ਪਾਂਡਵਾਂ ਦੀ ਪਤਨੀ ਬਣ ਗਈ। ਹਸਤਨਾਪੁਰ ਵਿਚ ਆਪਣੇ ਚਚੇਰੇ ਭਰਾਵਾਂ ਕੌਰਵਾਂ ਨਾਲ ਜੂਆ ਖੇਡਦਿਆਂ ਹੋਇਆਂ ਯੁਧਿਸ਼ਟਰ ਰਾਜ-ਭਾਗ, ਧਨ-ਦੌਲਤ, ਆਪਣਾ ਆਪ ਅਤੇ ਪਤਨੀ ਦ੍ਰੋਪਦੀ ਸਭ ਕੁਝ ਹਾਰ ਗਿਆ। ਇਸ ਤਰ੍ਹਾਂ ਦ੍ਰੋਪਦੀ ਦਾਸੀ ਬਣ ਗਈ ਅਤੇ ਦੁਰਜੋਧਨ ਨੇ ਇਸ ਨੂੰ ਆਪਣੇ ਕਮਰੇ ਵਿਚ ਝਾੜੂ ਦੇਣ ਲਈ ਕਿਹਾ। ਇਸ ਨੇ ਇਨਕਾਰ ਕਰ ਦਿੱਤਾ। ਇਸ ਤੇ ਦੁਸ਼ਾਸਨ ਨੇ ਇਸ ਨੂੰ ਵਾਲਾਂ ਤੋਂ ਫੜ ਕੇ ਸਾਰੇ ਮੁਖੀਆਂ ਕੋਲ ਦਰਬਾਰ ਵਿਚ ਖਿੱਚ ਕੇ ਲੈ ਆਂਦਾ ਅਤੇ ਕਿਹਾ ਕੇ ਕਿਹਾ ਕਿ ਉਹ ਹੁਣ ਇਕ ਦਾਸੀ ਹੈ ਅਤੇ ਗੋਲ ਮਨੁੱਖਾਂ ਦੇ ਕੁਝ ਜਾਣ ਤੋਂ ਉਸ ਨੂੰ ਸ਼ਿਕਾਇਤ ਕਰਨ ਦਾ ਕੋਈ ਹੱਕ ਨਹੀਂ। ਕਰਨ ਨੇ ਦ੍ਰੋਪਦੀ ਨੂੰ ਬੜਾ ਬੁਰਾ-ਭਲਾ ਕਿਹਾ ਅਤੇ ਇਸ ਦੇ ਸਾਰੇ ਕੱਪੜੇ ਲਾਹ ਦਿੱਤੇ ਅਤੇ ਦੁਰਜੋਧਨ ਨੇ ਇਸ ਨੂੰ ਆਪਣੇ ਪੱਟ ਉਪਰ

ਬੇਨਤ ਨਹੀਂ ਵੀ ਆਖਿਆ। ਵਿਸ਼ਨੂੰ ਨੂੰ ਇਸ ਦੀ ਹਾਲਤ ਤੇ ਤਰਸ ਆ ਗਿਆ। ਇਸ ਕਰਕੇ ਜਿੰਨੀ ਤੇਜ਼ੀ ਨਾਲ ਇਸ ਦੇ ਚੀਰਹਰਨ ਕੀਤਾ, ਉਸ ਦੀ ਸਾੜੀ ਨਵੇਂ ਉਪਜੇ ਆਪਣੇ ਆਪ ਆ ਜਾਂਦੇ। ਇਸ ਨੇ ਆਪਣੇ ਪਤੀਆਂ ਕੋਲ ਆਪਣੇ ਬਚਾਅ ਲਈ ਬੜੀ ਪੁਕਾਰ ਕੀਤੀ, ਪਰ ਉਨ੍ਹਾਂ ਨੂੰ ਯੁਧਿਸ਼ਠਰ ਨੇ ਰੋਕ ਲਿਆ। ਵਿਸ਼ਨੂੰ ਦਾ ਧਿਆਨ ਕਰਨ ਤੇ ਦਰੋਪਦੀ ਦੀ ਇੱਜ਼ਤ ਬਚ ਗਈ।[107]

ਇਸ ਪ੍ਰਸੰਗ ਤੋਂ ਸਪਸ਼ਟ ਹੋਇਆ ਜਿਹੜਾ ਵੀ ਭਗਤ ਆਪਣੇ ਇਸ਼ਟ ਨੂੰ ਤਨ-ਮਨ ਨਾਲ ਧਿਆਉਂਦਾ ਹੈ, ਪਰਮਾਤਮਾ ਉਸ ਦੀ ਆਪ ਸਹਾਇਤਾ ਕਰਦਾ ਹੈ ਅਤੇ ਮੁਸ਼ਕਲ ਨੂੰ ਦੂਰ ਕਰਦਾ ਹੈ। ਪਿਛਲੇ ਪੰਨਿਆਂ ਵਿਚ ਅਸੀਂ ਰਾਮਾਇਣ ਅਤੇ ਮਹਾਂਭਾਰਤ ਨਾਲ ਸੰਬੰਧਤ ਘਟਨਾਵਾਂ ਦਾ ਸੰਖੇਪ ਵਿਚ ਉਲੇਖ ਕੀਤਾ ਹੈ। ਹੁਣ ਅਸੀਂ ਰਾਮਾਇਣ ਅਤੇ ਮਹਾਂਭਾਰਤ ਵਿਚਲੇ ਪਾਤਰਾਂ ਦੇ ਜਿਹੜੇ ਹਵਾਲੇ ਰਵਿਦਾਸ ਬਾਣੀ ਵਿਚ ਉਪਲਬੱਧ ਹਨ, ਉਨ੍ਹਾਂ ਬਾਰੇ ਸੰਖੇਪ ਵਿਚ ਅਧਿਐਨ ਕਰਾਂਗੇ।

ਰਾਮਾਇਣ ਨਾਲ ਸੰਬੰਧਤ ਸਭ ਤੋਂ ਮਹੱਤਵਪੂਰਨ ਪਾਤਰ ਸ੍ਰੀ ਰਾਮ ਜੀ ਦਾ ਹੈ। ਰਾਮਾਇਣ ਮੂਲ ਰੂਪ ਵਿਚ ਰਾਮ ਕਥਾ ਹੀ ਹੈ।

ਰਵਿਦਾਸ ਹਮਾਰੋ ਰਾਮ ਜੀ, ਦਸਰਥ ਕਰਿ ਸੁਤ ਨਾਹਿ।
ਰਾਮ ਹਮਊ ਮਹਿ ਰਮਿ ਰਹਯੋ, ਬਿਸਬ ਕੁਟੰਬਹ ਮਾਹਿ।[108]

ਉਪਰੋਕਤ ਸਤਰਾਂ ਤੋਂ ਸਪਸ਼ਟ ਹੈ ਕਿ ਰਵਿਦਾਸ ਜੀ ਕਿਸੇ ਅਵਤਾਰੀ ਰਾਮ ਨੂੰ ਨਹੀਂ ਮੰਨਦੇ ਸਨ, ਉਨ੍ਹਾਂ ਦਾ ਰਾਮ ਦਸ਼ਰਥ ਪੁੱਤਰ ਰਾਮ ਨਹੀਂ ਹੈ ਬਲਕਿ ਉਹ ਰਾਮ ਹੈ, ਜਿਹੜਾ

ਕਿ ਉਨ੍ਹਾਂ ਦੇ ਰੋਮ-ਰੋਮ ਵਿਚ ਰਮਿਆ ਹੋਇਆ ਹੈ। ਸ਼ਬਦ-ਕੋਸ਼ ਅਨੁਸਾਰ 'ਰਾਮ' ਸ਼ਬਦ ਦਾ ਅਰਥ ਅਸੀਂ ਪਿੱਛੇ ਸਪਸ਼ਟ ਕਰ ਆਏ ਹਾਂ। ਗੁਰਬਾਣੀ ਵਿਚ ਵੀ ਰਾਮ ਸ਼ਬਦ ਨੂੰ ਅਕਾਲਪੁਰਖ ਦੀ ਸ਼ਕਤੀ ਦਾ ਪ੍ਰਤੀਕ ਮੰਨਿਆ ਗਿਆ ਹੈ। ਕਿਉਂਕਿ 'ਰਾਮ ਨਾਮ' ਜਨ-ਮਾਨਸ ਵਿਚ ਘਰ-ਘਰ ਗੂੰਜਦਾ ਸੀ, ਇਸ ਲਈ ਇਸ ਸ਼ਬਦ ਦੀ ਵਰਤੋਂ ਆਮ ਹੋਈ ਹੈ।

ਭਗਵਾਨ ਰਾਮ[109] ਅਯੁੱਧਿਆ ਦੇ ਰਾਜਾ ਮਹਾਰਾਜ ਦਸ਼ਰਥ ਦੇ ਜੇਠੇ ਪੁੱਤਰ ਸਨ। ਇਹ ਭਾਰਤੀ ਸਾਹਿਤ ਅਤੇ ਪੁਰਾਣਾਂ ਵਿਚ ਵਿਸ਼ਨੂੰ ਦੇ ਮਰਯਾਦਾ ਪੁਰਸ਼ੋਤਮ ਅਵਤਾਰ ਦੇ ਰੂਪ ਸਵੀਕ੍ਰਿਤ ਹਨ। ਇਨ੍ਹਾਂ ਦਾ ਜਨਮ ਕੌਸ਼ਲਿਆ ਦੀ ਕੁੱਖੋਂ ਹੋਇਆ ਸੀ। ਰਿਸ਼ੀ ਵਸ਼ਿਸ਼ਠ ਇਨ੍ਹਾਂ ਦੇ ਗੁਰੂ ਸਨ। ਵਿਦੇਹਰਾਜ ਜਨਕ ਦੀ ਬੇਟੀ ਸੀਤਾ ਦੇ ਸਵੰਬਰ ਵਿਚ ਇਨ੍ਹਾਂ ਨੇ ਸ਼ਿਵ ਧਨੁਸ਼ ਤੋੜ ਕੇ ਸੀਤਾ ਨੂੰ ਪਤਨੀ ਰੂਪ ਵਿਚ ਪ੍ਰਾਪਤ ਕੀਤਾ ਸੀ। ਅਯੁੱਧਿਆ ਵਾਪਸ ਪਰਤ ਆਉਣ ਤੇ ਇਨ੍ਹਾਂ ਦੇ ਰਾਜ ਅਭਿਸ਼ੇਕ ਦੀ ਤਿਆਰੀ ਸ਼ੁਰੂ ਕੀਤੀ ਗਈ, ਲੇਕਿਨ ਮੰਥਰਾ ਨਾਮਕ ਦਾਸੀ ਦੇ ਕਹਿਣ ਤੇ ਕੈਕੇਈ ਨੇ ਰਾਮਚੰਦਰ ਜੀ ਨੂੰ ਚੌਦਾਂ ਵਰ੍ਹਿਆਂ ਦਾ ਬਨਵਾਸ ਦਿਵਾ ਦਿੱਤਾ। ਬਨਵਾਸ ਦੌਰਾਨ ਅਨੇਕ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਵਿਚੋਂ ਰਾਵਣ ਦੁਆਰਾ ਸੀਤਾ ਦਾ ਅਪਹਰਣ ਵੀ ਸ਼ਾਮਲ ਹੈ। ਹਨੂੰਮਾਨ ਅਤੇ ਸੁਗ੍ਰੀਵ ਆਦਿ ਦੀ ਮਦਦ ਨਾਲ ਇਨ੍ਹਾਂ ਨੇ ਰਾਵਣ ਤੇ ਜਿੱਤ ਪਾ ਕੇ ਸੀਤਾ ਨੂੰ ਵਾਪਸ ਲੈ ਆਂਦਾ। ਅਯੁੱਧਿਆ ਵਾਪਸ ਆਉਣ ਉਪਰੰਤ ਆਪ ਦਾ ਰਾਜ ਅਭਿਸ਼ੇਕ ਕੀਤਾ ਗਿਆ, ਪਰੰਤੂ ਇਕ ਸਾਧਾਰਣ ਨਾਗਰਿਕ ਦੇ ਕਹਿਣ 'ਤੇ ਸ੍ਰੀ ਰਾਮ ਨੇ ਸੀਤਾ ਨੂੰ ਬਨਵਾਸ ਦੇ ਦਿੱਤਾ। ਬਨਵਾਸ ਦੌਰਾਨ ਰਿਸ਼ੀ ਬਾਲਮੀਕਿ ਕੋਲ ਰਹਿੰਦੇ ਹੋਏ, ਸੀਤਾ ਦੇ ਦੋ ਪੁੱਤਰ ਲਵ

ਅਤੇ ਕੁਸ਼ ਪੈਦਾ ਹੋਏ, ਜਿਨ੍ਹਾਂ ਰਾਮ ਦੁਆਰਾ ਛੱਡੇ ਅਸ਼ਵਮੇਧ ਯੱਗ ਦੇ ਘੋੜੇ ਨੂੰ ਫੜ ਲਿਆ ਸੀ। ਉਪਰੰਤ ਯੁੱਧ ਹੋਇਆ। ਸੀਤਾ ਨੂੰ ਵਾਪਸ ਆਉਣ ਲਈ ਕਿਹਾ ਗਿਆ ਪਰੰਤੂ ਸੀਤਾ ਧਰਤੀ ਵਿਚ ਹੀ ਸਮਾ ਗਈ।

ਰਾਮ ਤਿੰਨਾਂ ਲੋਕਾਂ ਨੂੰ ਉਤਪੰਨ ਕਰਨ ਵਾਲੇ ਆਦਿ ਪੁਰਸ਼ ਹਨ। ਚੌਥੇ ਰੁਦ੍ਰ, ਪੰਜਵੇਂ ਸਾਧਕ ਹਨ। ਉਨ੍ਹਾਂ ਦੇ ਛੇਵੇਂ ਜੈਨ ਅਗਨੀ ਕੁਮਾਰ ਹਨ। ਚੰਦਰਮਾ ਅਤੇ ਸੂਰਜ ਉਨ੍ਹਾਂ ਦੇ ਦੋ ਨੇਤ੍ਰ ਹਨ। ਉਨ੍ਹਾਂ ਦੀ ਅੱਖ ਖੁਲ੍ਹਣ ਨਾਲ ਦਿਨ ਅਤੇ ਪਲਕ ਝਪਕਣ ਨਾਲ ਰਾਤ ਹੁੰਦੀ ਹੈ।[110] 155, 148, 151, 158-9

ਦੂਸਰਾ ਅਵਤਾਰ ਦਸ਼ਰਥ ਦਾ ਹੈ। ਦਸ਼ਰਥ[111] ਇਕਸ਼ਵਾਕੂ ਵੰਸ਼ ਦੇ ਰਾਜਾ ਅਜ ਦੇ ਪੁੱਤਰ ਸਨ। ਸੁਮੰਤ ਨੇ ਰਾਜਾ ਦਸ਼ਰਥ ਦੀ ਪੁੱਤਰ-ਪ੍ਰਾਪਤੀ ਦੀ ਇੱਛਾ ਜਾਣ ਕੇ ਉਨ੍ਹਾਂ ਨੂੰ ਦੱਸਿਆ ਕਿ ਸਨਤਕੁਮਾਰ ਨੇ ਰਿਸ਼ੀਆਂ ਨੂੰ ਇਕ ਕਥਾ ਸੁਣਾਈ ਸੀ, ਜਿਸ ਦਾ ਸੰਬੰਧ ਉਨ੍ਹਾਂ ਦੀ ਪੁੱਤਰ-ਪ੍ਰਾਪਤੀ ਨਾਲ ਹੈ। ਉਨ੍ਹਾਂ ਨੇ ਦੱਸਿਆ ਕਿ ਭਵਿੱਖ ਵਿਚ ਰਾਜਾ ਦਸ਼ਰਥ ਸੰਤਾਨ-ਪ੍ਰਾਪਤੀ ਲਈ ਆਪਣੇ ਮਿੱਤਰ ਰੋਮਪਾਦ ਨੂੰ ਕਹਿਣਗੇ ਕਿ ਉਹ ਰਿਸ਼ੀ ਸ਼੍ਰਿੰਗੀ ਨੂੰ ਉਨ੍ਹਾਂ ਦਾ ਸੰਤਾਨ-ਪ੍ਰਾਪਤੀ ਦਾ, ਯੱਗ ਸੰਪੂਰਣ ਕਰਨ ਲਈ ਨਿਮੰਤਰਣ ਭੇਜ ਦੇਵੇ। ਇਹ ਸੁਣ ਕੇ ਰਾਜਾ ਨੇ ਇਸ ਤਰ੍ਹਾਂ ਹੀ ਕੀਤਾ। ਅਸ਼ਵਮੇਧ ਯੱਗ ਕੀਤਾ ਗਿਆ। ਜਦੋਂ ਰਾਜਾ ਸੰਤਾਨ ਪ੍ਰਾਪਤੀ ਲਈ ਦੂਸਰਾ ਯੱਗ ਕਰ ਰਿਹਾ ਸੀ ਤਾਂ ਅਗਨੀ ਵਿਚੋਂ ਇਕ ਦੈਵੀ ਆਤਮਾ ਪ੍ਰਾਣੀ ਰੂਪ ਵਿਚ ਪ੍ਰਗਟ ਹੋਇਆ। ਉਸ ਨੇ ਖੀਰ ਨਾਲ ਭਰਿਆ ਇਕ ਕਟੋਰਾ ਦਸ਼ਰਥ ਨੂੰ ਦਿੱਤਾ ਅਤੇ ਕਿਹਾ ਕਿ ਇਹ ਵਿਸ਼ਨੂੰ ਦਾ ਭੇਜਿਆ ਹੋਇਆ ਦਸ਼ਰਥ ਦਾ ਅਤਿਥੀ ਹੈ। ਉਹ ਖੀਰ ਰਾਜਾ ਨੇ ਤਿੰਨਾਂ ਰਾਣੀਆਂ ਨੂੰ ਖੁਆ ਦਿੱਤੀ। ਬੱਚੀ ਲੋਹੀਆਂ ਨੂੰ

ਅਤੇ ਛੋਟੀ ਕੈਕਈ ਅਤੇ ਸੁਮਿਤਰਾ ਨੂੰ ਖੁਆ ਦਿੱਤੀ। ਫਲਸਰੂਪ ਸ੍ਰੀ ਰਾਮ ਲੱਛਮਣ, ਭਰਤ ਅਤੇ ਸ਼ਤਰੂਘਨ ਨਾਮੀ ਪੁੱਤਰ ਪੈਦਾ ਹੋਏ।

ਇਸੇ ਤਰ੍ਹਾਂ ਰਾਮਾਇਣ ਦੇ ਮਹੱਤਵਪੂਰਨ ਪਾਤਰ ਲੱਛਮਣ ਦਾ ਹਵਾਲਾ ਵੀ ਮਿਲਦਾ ਹੈ:

ਜਹਾਂ ਤੇ ਰਾਵਣ ਲੰਕ ਜਰਾਈ, ਤਹਾਂ ਤੇ ਤੁਰ ਲਛਮਣ ਆਈ।[112]

ਘਨ ਘੋਰਿ ਘੋਰਿ ਭਯੋ ਗੋਲਨੀ ਹੈ, ਲਛਿਮਨਯੋਧਿ ਪੁਕਾਰੇ।[113]

ਲਛਮਣ,[114] ਦਸਰਥ ਅਤੇ ਸੁਮਿਤਰਾ ਦਾ ਪੁੱਤਰ ਸੀ। ਇਹ ਰਾਮ ਦਾ ਛੋਟਾ ਭਰਾ ਸੀ। ਇਹ ਉਰਮਿਲਾ ਦਾ ਪਤੀ ਸੀ। ਚੌਦ੍ਹਾਂ ਵਰ੍ਹਿਆਂ ਤਕ ਇਨ੍ਹਾਂ ਨੇ ਕਠਿਨ ਵਰਤ ਸਾਧਨਾ ਕਰਕੇ ਰਾਮ-ਬਨਵਾਸ ਦੇ ਸਮੇਂ ਰਾਮ ਅਤੇ ਸੀਤਾ ਦੀ ਸੇਵਾ ਕੀਤੀ। ਮੇਘਨਾਦ ਦੀ ਸ਼ਕਤੀ ਲਗਾਉਣ ਨਾਲ ਇਹ ਮੂਰਛਿਤ ਹੋ ਗਏ, ਲੇਕਿਨ ਸੰਜੀਵਨੀ ਬੂਟੀ ਨਾਲ ਮੁੜ ਤੋਂ ਜੀਵਿਤ ਹੋ ਉਠੇ। ਇਨ੍ਹਾਂ ਨੇ ਹੀ ਮੇਘਨਾਥ ਦਾ ਵਧ ਕੀਤਾ ਸੀ।

ਸੰਜੀਵਨੀ ਬੂਟੀ ਉਸ ਬੇਰ ਤੋਂ ਉੱਗੀ ਮੰਨੀ ਜਾਂਦੀ ਹੈ, ਜਿਹੜੇ ਸ਼ਬਰੀ ਨੇ ਲਛਮਣ ਨੂੰ ਆਪਣੇ ਜੂਠੇ ਦਿੱਤੇ ਸਨ, ਪਰੰਤੂ ਲਛਮਣ ਨੇ ਉਨ੍ਹਾਂ ਨੂੰ ਖਾਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਪਹਾੜ ਤੇ ਸੁੱਟ ਦਿੱਤੇ ਸਨ।

ਸ਼ਬਰੀ, ਭਗਵਾਨ ਰਾਮ ਦੀ ਅਨਿੰਨ ਭਗਤਣੀ ਸੀ। ਜਦੋਂ ਸੀਤਾ ਨੂੰ ਲੱਭਦੇ ਹੋਏ ਰਾਮ ਸ਼ਬਰੀ ਦੇ ਆਸ਼ਰਮ ਵਿਚ ਪਹੁੰਚੇ, ਸ਼ਬਰੀ ਨੇ ਉਨ੍ਹਾਂ ਦੀ ਮੇਹਮਾਨ-ਨਿਵਾਜ਼ੀ ਸਵੀਕਾਰ

ਕੀਤੀ, ਤਦ ਸ਼ਬਰੀ ਨੇ ਕਿਹਾ, "ਮੈਂ ਜਿਨ੍ਹਾਂ ਮਤੰਗ ਰਿਸ਼ੀ ਜੀ ਦੀ ਸੇਵਾ ਕਰਦੀ ਸੀ, ਤੁਹਾਡੇ ਚਿਤਰਕੂਟ ਪਰਬਤ ਤੇ ਪਹੁੰਚਣ ਤੇ ਉਹ ਅਸਾਧਾਰਨ ਵਿਮਾਨਾਂ ਉੱਤੇ ਚੜ੍ਹ ਕੇ ਸਵਰਗ ਚਲੇ ਗਏ ਅਤੇ ਕਹਿ ਗਏ ਕਿ ਤੁਸੀਂ ਇਥੇ ਆਉਗੇ ਅਤੇ ਮੈਂ ਤੁਹਾਡਾ ਸਤਿਕਾਰ ਕਰਕੇ ਅਵਿਨਾਸ਼ੀ ਲੋਕ ਨੂੰ ਪ੍ਰਾਪਤ ਕਰਾਂਗੀ। ਇਸ ਲਈ ਇਥੇ ਪੈਦਾ ਹੋਣ ਵਾਲੇ ਫਲ-ਫੁੱਲ ਤੁਹਾਡੇ ਲਈ ਸਾਂਭ ਰਖੇ ਹਨ। ਰਾਮ ਤੋਂ ਆਗਿਆ ਪ੍ਰਾਪਤ ਕਰਕੇ ਸ਼ਬਰੀ ਨੇ ਅਗਨੀਕੁੰਡ ਵਿਚ ਪ੍ਰਵੇਸ਼ ਕਰਕੇ ਆਪਣੀ ਕਾਇਆ ਹੋਮ ਕਰ ਦਿੱਤੀ ਤਥਾ ਸਵਰਗ ਲੋਕ ਦੇ ਲਈ ਪ੍ਰਸਥਾਨ ਕੀਤਾ।[115]

ਹਰਿਦਾਸ ਜੀ ਨੇ ਗੁਰੂ-ਵੰਦਨਾ ਕਰਦੇ ਹੋਏ ਅਨੇਕ ਰਿਸ਼ੀਆਂ-ਮੁਨੀਆਂ ਅਤੇ ਮਹਾਂਪੁਰਸ਼ਾਂ ਦਾ ਜਾਪ ਕੀਤਾ ਹੈ:

ਅਹੋ ਦੇਵ ਧਰੂਵ ਅੰਬਰੀਖ ਪ੍ਰਹਲਾਦ ਨਾਰਦ।
ਬਿਦੁਰ ਦਰੁਬਣ ਅਕਰੂਰ ਪੰਡਵ ਸੁਦਾਮਾ ਭੀਸ਼ਮ ਊਧਵ।[116]

ਇਹ ਸਾਰੇ ਚਰਿੱਤਰ ਮਹਾਂਭਾਰਤ ਦੀ ਕਥਾ ਅਤੇ ਪੁਰਾਣਾਂ ਵਿਚ ਆਉਂਦੇ ਹਨ, ਜਿਨ੍ਹਾਂ ਦਾ ਸੰਖੇਪ ਵਿਚ ਪਰਿਚਯ ਇਸ ਤਰ੍ਹਾਂ ਹੈ:

ਬਿਦੁਰ: ਵਿਆਸ ਦੇ ਔਰਸ ਪੁੱਤਰ ਜੋ ਦਾਸੀ ਦੀ ਕੁੱਖੋਂ ਪੈਦਾ ਹੋਏ। ਧ੍ਰਿਤਰਾਸ਼ਟਰ ਅਤੇ ਪਾਂਡੂ ਦੇ ਭਰਾ ਸਨ। ਧ੍ਰਿਤਰਾਸ਼ਟਰ ਰਾਜ ਵਿਚ ਇਹ ਸਦਾ ਨਿਆਂਪੂਰਨ ਅਤੇ ਸੋਹਣਾ ਪਰਾਮਰਸ਼ ਦਿੰਦੇ ਸਨ। ਮਹਾਂਭਾਰਤ ਯੁੱਧ ਰੋਕਣ ਦਾ ਇਨ੍ਹਾਂ ਅਣਥੱਕ ਯਤਨ ਕੀਤਾ, ਪਰ ਇਨ੍ਹਾਂ ਦੀ ਇਕ ਨਾ ਮੰਨੀ ਗਈ। ਦੁਰਯੋਧਨ ਨਾਲ ਸਮਝੌਤਾ ਕਰਨ ਆਏ ਕ੍ਰਿਸ਼ਨ ਇਨ੍ਹਾਂ ਕੋਲ ਠਹਿਰੇ ਸਨ,

ਦੁਰਯੋਧਨ ਕੋਲ ਸਨੀਂ। ਜਿਸ ਦਾ ਦੁਰਯੋਧਨ ਨੇ ਬੁਰਾ ਮਨਾਇਆ ਸੀ।[117]

ਘਟ ਰਸ ਤਜਿਆ ਦੁਰਯੋਧਨ ਕੇ ਹਰਿ, ਦਾਸ ਬਿਦੁਰ ਕੇ ਸਾਗ ਖਤਾਵਤ।[118]

ਦ੍ਰੋਣ: ਇਹ ਰਿਸ਼ੀ ਭਾਰਦਵਾਜ ਦੇ ਪੁੱਤਰ ਸਨ। ਚੰਦ੍ਰਵੰਸ਼ੀ ਮਹਾਰਾਜ ਪ੍ਰਿਸ਼ਤ ਨਾਲ ਰਿਸ਼ੀ ਭਾਰਦਵਾਜ ਦੀ ਬੜੀ ਗਹਿਰੀ ਮਿੱਤਰਤਾ ਸੀ। ਉਨ੍ਹਾਂ ਦਾ ਪੁੱਤਰ ਦਰੁਪਦ ਵੀ ਇਸੇ ਤਰ੍ਹਾਂ ਦ੍ਰੋਣ ਦਾ ਮਿੱਤਰ ਬਣ ਗਿਆ। ਦ੍ਰੋਣ ਨੇ ਧਨੁਸ਼ ਵਿਦਿਆ ਦੀ ਸਿੱਖਿਆ ਗੁਰੂ ਪਰਸ਼ੂਰਾਮ ਤੋਂ ਗ੍ਰਹਿਣ ਕੀਤੀ ਸੀ। ਕ੍ਰਿਪੀ ਨਾਲ ਇਨ੍ਹਾਂ ਦੀ ਸ਼ਾਦੀ ਹੋਈ ਜਿਸ ਤੋਂ ਅਸ਼ਵਥਾਮਾ ਨਾਮ ਦਾ ਸੂਰਮਾ ਪੁੱਤਰ ਪੈਦਾ ਹੋਇਆ। ਦ੍ਰੋਣ ਨੂੰ ਭੀਸ਼ਮ ਪਿਤਾਮਾ ਨੇ ਕੌਰਵਾਂ ਅਤੇ ਪਾਂਡਵਾਂ ਨੂੰ ਧਨੁਸ਼ ਵਿਦਿਆ ਸਿਖਾਉਣ ਲਈ ਰਖ ਲਿਆ। ਅਰਜੁਨ ਇਨ੍ਹਾਂ ਦਾ ਪਿਆਰਾ ਸ਼ਿਸ਼ ਸੀ। ਮਹਾਭਾਰਤ ਦੇ ਯੁੱਧ ਵਿਚ ਦ੍ਰੋਣ, ਕੌਰਵਾਂ ਵੱਲੋਂ ਲੜੇ ਅਤੇ ਭੀਸ਼ਮ ਦੇ ਵਧ ਉਪਰੰਤ ਦ੍ਰੋਣ ਨੂੰ ਸੈਨਾਪਤੀ ਘੋਸ਼ਿਤ ਕਰ ਦਿੱਤਾ ਗਿਆ। ਦਰੁਪਦ ਦੇ ਪੁੱਤਰ ਧ੍ਰਿਸ਼ਟਦੁਮਨ ਨੇ ਧੋਖੇ ਨਾਲ ਇਨ੍ਹਾਂ ਦਾ ਵਧ ਕਰ ਦਿੱਤਾ।[119]

ਅਕਰੂਰ: ਇਕ ਯਾਦਵ। ਲੋਕ-ਪ੍ਰਸਿੱਧੀ ਦੇ ਅਨੁਸਾਰ ਇਹ ਕ੍ਰਿਸ਼ਨ ਦੇ ਪਿਤਾ ਵਾਸੁਦੇਵ ਦੇ ਭਰਾ ਸਨ। ਕੰਸ ਦੀ ਸਭਾ ਵਿਚ ਰਹਿਣ ਵਾਲੇ ਵਿਅਕਤੀਆਂ ਵਿਚ ਇਨ੍ਹਾਂ ਦਾ ਵਿਸ਼ੇਸ਼ ਰੂਪ ਵਿਚ ਉਲੇਖ ਮਿਲਦਾ ਹੈ। ਧਨੁਸ਼ ਦਾ ਜੱਗ ਰਚਾ ਕੇ ਕੰਸ ਨੇ ਇਨ੍ਹਾਂ ਨੂੰ ਕ੍ਰਿਸ਼ਨ ਅਤੇ ਬਲਰਾਮ ਨੂੰ ਲਿਆਉਣ ਵਾਸਤੇ ਗੋਕੁਲ ਭੇਜਿਆ ਸੀ। ਕੰਸ ਦੇ ਵਧ ਤੋਂ ਬਾਦ, ਅਕਰੂਰ ਕ੍ਰਿਸ਼ਨ ਨਾਲ ਹੀ ਰਹੇ। ਜਦ ਕ੍ਰਿਸ਼ਨ ਮਥੁਰਾ ਛੱਡ ਕੇ ਦਵਾਰਿਕਾ ਚਲੇ ਗਏ ਤਾਂ ਇਹ ਵੀ ਉਨ੍ਹਾਂ ਦੇ ਨਾਲ ਹੀ ਦਵਾਰਿਕਾ ਹੀ ਗਏ। ਜਦ ਇਹ ਦਵਾਰਿਕਾ ਸਨ ਤਾਂ ਇਨ੍ਹਾਂ ਕੋਲ ਸਯਮੰਤਕ

ਮਣੀ ਹੋਣ ਦੀ ਕਥਾ ਮਿਲਦੀ ਹੈ। ਇਸ ਮਣੀ ਬਾਰੇ ਇਹ ਪ੍ਰਸਿੱਧ ਹੈ ਕਿ ਇਹ ਜਿਸ ਕੋਲ ਰਹਿੰਦੀ ਹੈ ਉਸ ਨੂੰ ਪ੍ਰਤਿ ਦਿਨ ਧਨ-ਰਾਸ਼ੀ ਦੀ ਪ੍ਰਾਪਤੀ ਹੁੰਦੀ ਹੈ, ਤਥਾ ਜਿਸ ਸਥਾਨ 'ਤੇ ਉਹ ਹਾਜ਼ਰ ਹੈ, ਉਥੇ ਰੋਗ ਦੀ ਸਥਿਤੀ ਉਤਪੰਨ ਨਹੀਂ ਹੁੰਦੀ।[120]

<u>ਭੀਸ਼ਮ:</u> ਭੀਸ਼ਮ[121] ਦੀ ਮਾਤਾ ਗੰਗਾ ਅਤੇ ਪਿਤਾ ਮਹਾਰਾਜ ਸ਼ਾਂਤਨੂੰ ਸਨ। ਅੱਠ ਵਸੂਆਂ ਵਿਚੋਂ ਇਕ ਵਸੂ ਦੇ ਇਹ ਅਵਤਾਰ ਸਨ। ਸ਼ਾਂਤਨੂੰ ਦੀ ਪ੍ਰਾਰਥਨਾ ਕਰਨ ਤੇ ਗੰਗਾ ਨੇ ਉਨ੍ਹਾਂ ਨੂੰ ਪ੍ਰਿਥਵੀ 'ਤੇ ਛੱਡ ਦਿੱਤਾ। ਇਨ੍ਹਾਂ ਦਾ ਪਹਿਲਾ ਨਾਮ ਦੇਵਵ੍ਰਤ ਸੀ। ਇਨ੍ਹਾਂ ਦੇ ਪਿਤਾ ਧੀਵਰ ਕੰਨਿਆ ਸਤਯਵਤੀ ਨਾਲ ਸ਼ਾਦੀ ਕਰਨਾ ਚਾਹੁੰਦੇ ਸਨ। ਪਰੰਤੂ ਉਸ ਨੇ ਸ਼ਰਤ ਰਖੀ ਕਿ ਉਸ ਦੀ ਸੰਤਾਨ ਹੀ ਰਾਜ ਅਧਿਕਾਰੀ ਹੋਵੇਗੀ। ਪਿਤਾ ਨੂੰ ਪ੍ਰਸੰਨ ਰੱਖਣ ਲਈ ਭੀਸ਼ਮ ਨੇ ਸਾਰੀ ਉਮਰ ਬ੍ਰਹਮਚਾਰੀ ਰਹਿਣ ਦੀ ਪ੍ਰਤਿਗਿਆ ਲਈ ਜਿਸ ਤੋਂ ਨਾਮ ਭੀਸ਼ਮ ਪੈ ਗਿਆ। ਸਤਯਵਤੀ ਦੇ ਦੋ ਪੁੱਤਰ ਵਿਚਿਤਰਵੀਰਯ ਅਤੇ ਚਿਤਰਾਂਗਦ ਦੇ ਵਿਆਹ ਲਈ ਇਨ੍ਹਾਂ ਨੇ ਕਾਸ਼ੀ ਰਾਜ ਦੀ ਦੋ ਕੰਨਿਆਵਾਂ ਦਾ ਹਰਣ ਕਰ ਲਿਆ। ਉਨ੍ਹਾਂ ਵਿਚੋਂ ਅੰਬਾ ਨੇ ਇਨ੍ਹਾਂ ਨਾਲ ਵਿਆਹ ਕਰਨ ਦੀ ਇੱਛਾ ਪ੍ਰਗਟ ਕੀਤੀ ਪਰੰਤੂ ਇਨ੍ਹਾਂ ਅਸਵੀਕਾਰ ਕਰ ਦਿੱਤਾ। ਅੰਬਾ ਨੇ ਇਸ ਦਾ ਬਦਲਾ ਲੈਣ ਲਈ ਘੋਰ ਤਪੱਸਿਆ ਕੀਤੀ ਅਤੇ ਮਹਾਭਾਰਤ ਕਾਲ ਵਿਚ ਸ਼ਿਖੰਡੀ ਬਣ ਕੇ ਜਨਮ ਲਿਆ। ਸ਼ਿਖੰਡੀ ਨੂੰ ਭੀਸ਼ਮ ਜਾਣਦੇ ਸਨ, ਇਸ ਲਈ ਉਸ ਉਤੇ ਬਾਣ ਨਹੀਂ ਚਲਾਇਆ, ਜਿਸ ਦਾ ਲਾਭ ਉਠਾ ਕੇ ਅਰਜਨ ਨੇ ਬਾਣ ਚਲਾ ਕੇ ਇਨ੍ਹਾਂ ਦਾ ਵਧ ਕਰ ਦਿੱਤਾ। ਪਰੰਤੂ ਇਨ੍ਹਾਂ ਕੋਲ ਇੱਛਾਮ੍ਰਿਤੂ ਦਾ ਵਰਦਾਨ ਸੀ। ਇਸ ਲਈ ਯੁੱਧ ਦੇ ਅੰਤ ਤਕ ਬਾਣਾਂ ਦੀ ਸੇਜ ਉਪਰ ਪਏ ਰਹੇ।

ਇਸੇ ਤਰ੍ਹਾਂ ਪਾਂਡਵਾਂ ਦੇ ਚਰਿੱਤਰ ਨੂੰ ਪੇਸ਼ ਕਰਨ ਵਾਲੇ ਹਵਾਲੇ ਵੀ ਮਿਲਦੇ ਹਨ:

ਨ ਸੁਤ ਭ੍ਰਾਤਿ ਨ ਮੀਤ ਕੁਟੰਬਹਿ, ਛੈਲੋ ਏਣ ਕੁਮਾਰਿ।
ਅਰਜਨ ਭੀਮ ਮਹਾਂਬਲਿ ਜੋਧੇ, ਤਿਨਸੈਂ ਕਛੁ ਨ ਸਰਿ।
ਕਮਲ ਪ੍ਰਕਾਸਿਤ ਕਿਓ ਕਰੁਨਾ ਨਿਧਿ, ਤਬਹਿ ਧੀਰ ਧਰਿ।[122]

ਇਨ੍ਹਾਂ ਸਤਰਾਂ ਵਿਚ ਰਵਿਦਾਸ ਜੀ ਨੇ ਦ੍ਰੋਪਦੀ ਚੀਰਹਰਣ ਦੀ ਘਟਨਾ ਵੱਲ ਸੰਕੇਤ ਕੀਤਾ ਹੈ। ਜਦੋਂ ਦੁਰਯੋਧਨ ਨੇ ਦ੍ਰੋਪਦੀ ਦੇ ਵਸਤ੍ਰ ਹਰਣ ਦਾ ਆਦੇਸ਼ ਦਿੱਤਾ ਤਾਂ ਸਭਾ ਵਿਚ ਬੈਠੇ ਪੰਜੇ ਪਾਂਡਵ, ਜਿਨ੍ਹਾਂ ਵਿਚ ਯੁਧਿਸ਼ਟਰ, ਅਰਜਨ, ਭੀਮ, ਨਕੁਲ ਅਤੇ ਸਹਿਦੇਵ ਸ਼ਾਮਿਲ ਸਨ, ਸਿਰ ਨੀਵਾਂ ਕਰਕੇ ਬੈਠੇ ਰਹੇ। ਅਰਜਨ ਅਤੇ ਭੀਮ ਵਰਗੇ ਮਹਾਂਬਲੀ ਯੋਧੇ ਵੀ ਦ੍ਰੋਪਦੀ ਦੀ ਸਹਾਇਤਾ ਲਈ ਕੁਝ ਨਹੀਂ ਕਰ ਸਕੇ। ਲੇਕਿਨ ਦ੍ਰੋਪਦੀ ਦੀ ਪੁਕਾਰ ਤੇ ਭਗਵਾਨ ਕ੍ਰਿਸ਼ਨ ਨੇ ਉਸ ਦੀ ਲਾਜ ਰਖ ਲਈ।

ਅਰਜਨ: ਅਰਜਨ[123] ਕੁੰਤੀ ਦੇ ਸਭ ਤੋਂ ਛੋਟੇ ਪੁੱਤਰ ਸਨ। ਅਰਜਨ ਇੰਦਰ ਦੇ ਔਰਸ ਪੁੱਤਰ ਸਨ ਅਤੇ ਕ੍ਰਿਸ਼ਨ ਦੇਵ ਦੇ ਪ੍ਰਿਯ ਮਿਤ੍ਰ ਸਨ। ਧਨੁਸ਼-ਵਿਦਿਆ ਦੇ ਖੇਤਰ ਵਿਚ 'ਕਰਨ' ਇਨ੍ਹਾਂ ਦੇ ਇਕ ਮਾਤਰ ਪ੍ਰਤਿਦਵੰਦੀ ਸਨ। ਇਸੇ ਕਲਾ ਵਿਚ ਸੰਪੂਰਨ ਹੋਣ ਕਾਰਨ ਉਨ੍ਹਾਂ ਦ੍ਰੋਪਦੀ ਦਾ ਸਵੰਯਵਰ ਜਿੱਤ ਲਿਆ ਸੀ। ਆਪਣੇ ਬਾਰ੍ਹਾਂ ਵਰ੍ਹਿਆਂ ਦੇ ਗੁਪਤਵਾਸ ਦੌਰਾਨ ਉਨ੍ਹਾਂ ਪਰਸ਼ੂਰਾਮ ਤੋਂ ਵੀ ਸ਼ਸਤਰ-ਵਿਦਿਆ ਪ੍ਰਾਪਤ ਕੀਤੀ ਸੀ। ਜੂਏ ਵਿਚ ਹਾਰ ਜਾਣ ਤੋਂ ਬਾਅਦ ਇਨ੍ਹਾਂ ਹਿਮਾਲਯ ਪਰਬਤ ਤੇ ਜਾ ਕੇ ਤਪੱਸਿਆ ਕਰਕੇ ਸ਼ਿਵ ਜੀ ਕੋਲੋਂ ਪਸ਼ੂਪਤਿ ਅਸਤ੍ਰ ਪ੍ਰਾਪਤ ਕੀਤਾ ਸੀ। ਮਹਾਂਭਾਰਤ ਦੇ ਯੁੱਧ ਵਿਚ ਸ੍ਰੀ ਕ੍ਰਿਸ਼ਨ ਇਨ੍ਹਾਂ ਦੇ ਸਾਰਥੀ ਬਣੇ ਅਤੇ ਇਨ੍ਹਾਂ ਕਈ ਮਹਾਨ ਯੋਧਿਆਂ ਦੇ ਵਧ ਕੀਤੇ। ਸ੍ਰੀ ਕ੍ਰਿਸ਼ਨ ਦੀ ਮ੍ਰਿਤੂ ਉਪਰੰਤ ਇਨ੍ਹਾਂ ਸਵਰਗ ਨੂੰ ਪ੍ਰਸਥਾਨ ਕੀਤਾ।

ਭੀਮ: ਇਹ ਪਾਂਡਵਾਂ ਵਿਚ ਦੂਸਰੇ ਸਥਾਨ ਤੇ ਸਨ। ਭੀਮ ਦਾ ਅਰਥ 'ਭਿਅੰਕਰ' ਹੈ। ਮਿਥਿਹਾਸਕ ਤੌਰ ਤੇ ਹਵਾ ਦੇ ਦੇਵਤਾ ਵਾਯੂ ਦੇ ਪੁੱਤਰ ਸਨ। ਬਚਪਨ ਤੋਂ ਹੀ ਇਸ ਦੇ ਚਚੇਰੇ ਭਰਾ ਦੁਰਯੋਧਨ ਨੂੰ ਇਸ ਨਾਲ ਈਰਖਾ ਰਹਿੰਦੀ ਸੀ। ਇਸ ਕਾਰਨ ਇਕ ਵਾਰ ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇਸ ਨੂੰ ਜ਼ਹਿਰ ਖਵਾ ਕੇ ਨਦੀ ਵਿਚ ਸੁੱਟ ਦਿੱਤਾ। ਭੀਮ ਪਾਣੀ ਵਿਚ ਡੁੱਬ ਕੇ ਨਾਗ ਲੋਕ ਜਾ ਪੁੱਜਾ ਅਤੇ ਉਸ ਨੇ ਨਾਗਾਂ ਦਾ ਨਾਸ਼ ਕਰਨਾ ਸ਼ੁਰੂ ਕਰ ਦਿੱਤਾ। ਵਾਸੁਕਿ ਨਾਗ ਅਤੇ ਨਾਗਰਾਜ ਆਰਯਕ (ਭੀਮ ਦੇ ਨਾਨਾ ਦੇ ਨਾਨਾ) ਨੇ ਭੀਮ ਨੂੰ ਪਛਾਣ ਲਿਆ ਅਤੇ ਪ੍ਰਸੰਨ ਹੋ ਕੇ ਉਸ ਨੂੰ ਉਸ ਕੁੰਡ ਦਾ ਜਲ ਪੀਣ ਲਈ ਦਿੱਤਾ, ਜਿਸ ਨੂੰ ਪੀਕੇ ਭੀਮ ਹਜ਼ਾਰ ਹਾਥੀਆਂ ਦੀ ਸ਼ਕਤੀ ਪ੍ਰਾਪਤ ਕਰ ਸਕਦਾ ਸੀ।

ਦ੍ਰੋਪਦੀ ਚੀਰ ਹਰਣ ਤੋਂ ਬਾਅਦ ਇਸ ਨੇ ਦੁਰਯੋਧਨ ਦੀ ਜੰਘਾ ਤੋੜਨ ਅਤੇ ਉਸ ਦੇ ਛੋਟੇ ਭਰਾ ਦੁਸ਼ਾਸਨ ਦੀ ਛਾਤੀ ਦਾ ਲਹੂ ਪੀਣ ਦੀ ਕਸਮ ਵੀ ਖਾਧੀ ਸੀ। ਜਿਸ ਨੂੰ ਉਸ ਨੇ ਪੂਰੀ ਤਰ੍ਹਾਂ ਨਿਭਾਇਆ ਸੀ।[124]

## 8. ਪੌਰਾਣਿਕ ਪ੍ਰਤੀਕ

ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਪੁਰਾਣ ਕਥਾ ਅਤੇ ਉਨ੍ਹਾਂ ਵਿਚ ਪੇਸ਼ ਹੋਏ ਭਾਵਾਂ, ਵਿਅਕਤੀਆਂ, ਵਸਤਾਂ ਅਤੇ ਸਥਾਨਾਂ ਨੂੰ ਪ੍ਰਤੀਕ ਰੂਪ ਪੇਸ਼ ਕੀਤਾ ਹੈ। ਪ੍ਰਤੀਕ ਦੀ ਸਹਾਇਤਾ ਨਾਲ ਲੇਖਕ ਆਪਣੇ ਅਮੂਰਤ ਭਾਵਾਂ ਨੂੰ ਮੂਰਤ ਰੂਪ ਵਿਚ ਪੇਸ਼ ਕਰਨ ਵਿਚ ਸਫਲ ਹੁੰਦਾ ਹੈ। ਪ੍ਰਤੀਕ ਸ਼ਬਦ ਦਾ ਪ੍ਰਯੋਗ ਉਸ ਦ੍ਰਿਸ਼ਟਮਾਨ (ਗੋਚਰ, ਵਸਤੂ ਲਈ ਕੀਤਾ ਜਾਂਦਾ ਹੈ, ਜੋ ਕਿਸੇ ਅਦ੍ਰਿਸ਼ਟਮਾਨ (ਅਗੋਚਰ, ਵਿਸ਼ੇ ਦਾ ਪ੍ਰਤਿਨਿਧਾਨ ਉਸ ਦੇ ਨਾਲ ਆਪਣੇ

ਸੁਮੇਲ ਕਾਰਨ ਬਣਦੀ ਹੈ ਅਥਵਾ ਕਿਹਾ ਜਾ ਸਕਦਾ ਹੈ ਕਿ ਕਿਸੇ ਹੋਰ ਸ਼ਬਦ ਦੀ ਸਮਾਨ ਰੂਪ ਵਸਤੂ ਦੁਆਰਾ ਕਿਸੇ ਹੋਰ ਸ਼ਬਦ ਦੇ ਵਿਸ਼ੇ ਦਾ ਪ੍ਰਤਿਨਿਧ ਕਰਨ ਵਾਲੀ ਵਸਤੂ ਪ੍ਰਤੀਕ ਹੈ।[125]

ਰਵਿਦਾਸ ਬਾਣੀ ਵਿਚ ਪ੍ਰਤੀਕ ਰੂਪ ਵਿਚ ਵਰਤੀਆਂ ਗਈਆਂ ਵਸਤੂਆਂ ਇਹ ਹਨ: ਕਾਮਧੇਨੂ ਗਊ, ਕਲਪਬ੍ਰਿਛ, ਚਿੰਤਾਮਣਿ ਆਦਿ।

ਰਵਿਦਾਸ ਬਾਣੀ ਵਿਚ ਇਹ ਪੌਰਾਣਿਕ ਵਸਤਾਂ ਕਾਮਨਾ ਪੂਰਤੀ ਦੀਆਂ ਪ੍ਰਤੀਕ ਬਣ ਗਈਆਂ ਹਨ। ਕਾਮਧੇਨੂ ਗਊ, ਕਲਪਬ੍ਰਿਛ ਅਤੇ ਚਿੰਤਾਮਣਿ ਐਸੀਆਂ ਵਸਤਾਂ ਹਨ ਜਿਹੜੀਆਂ ਹਰੇਕ ਇੱਛਾ ਨੂੰ ਪੂਰਨ ਕਰਦੀਆਂ ਹਨ। ਸੋ ਰਵਿਦਾਸ ਜੀ ਨੇ ਉਸ ਪ੍ਰਭੂ ਨੂੰ ਇਨ੍ਹਾਂ ਪ੍ਰਤੀਕ ਵਸਤੂਆਂ ਨਾਲ ਜੋੜਿਆ ਹੈ। ਪ੍ਰਭੂ ਜਿਸ ਦੇ ਹੱਥ ਵਿਚ ਸਾਰੇ ਸੁੱਖਾਂ ਦਾ ਖ਼ਜ਼ਾਨਾ ਹੈ, ਕਾਮਧੇਨੂ, ਕਲਪਬ੍ਰਿਛ ਅਤੇ ਚਿੰਤਾਮਣਿ ਜਿਸ ਦੇ ਵੱਸ ਵਿਚ ਹਨ, ਮਨੁੱਖ ਦੀ ਹਰੇਕ ਇੱਛਾ ਸੰਪੂਰਨ ਕਰਨ ਦੇ ਸਮਰੱਥ ਹੈ।

ਸੁਖ ਸਾਗਰ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ।
ਚਾਰਿ ਪਦਾਰਥ ਅਸਟ ਦਸਾ ਸਿਧਿ ਨਵਨਿਧਿ ਕਰਤਲ ਤਾਕੇ।
ਹਰਿ ਹਰਿ ਹਰਿ ਨ ਜਪਹਿ ਰਸਨਾ।
ਅਵਰ ਸਭ ਤਿਆਗਿ ਬਚਨ ਰਚਨਾ।[126]

ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਵੀ ਫੁਰਮਾਇਆ ਹੈ:

ਪਾਰਜਾਤੁ ਇਹੁ ਹਰਿ ਕੋ ਨਾਮ।
ਕਾਮਧੇਨੁ ਹਰਿ ਹਰਿ ਗੁਣ ਗਾਮ।[127]

ਇਹ ਵਸਤਾਂ ਸਮੁੰਦਰ ਮੰਥਨ ਦੀ ਪ੍ਰਸਿੱਧ ਪੌਰਾਣਿਕ ਕਥਾ ਤੋਂ ਦੇਵਤਿਆਂ ਅਤੇ ਰਿਸ਼ੀਆਂ ਨੂੰ ਪ੍ਰਾਪਤ ਹੋਈਆਂ ਸਨ। ਇਸ ਲਈ ਮੰਥਨ ਦੀ ਇਸ ਕਥਾ ਨੂੰ ਸੰਖੇਪ ਰੂਪ ਵਿਚ ਜਾਣਨਾ ਜ਼ਰੂਰੀ ਹੋਵੇਗਾ। ਇਹ ਕਥਾ ਇਸ ਅਨੁਸਾਰ ਹੈ।

ਵਿਸ਼ਨੂੰ[128] ਜੀ ਦੀ ਪ੍ਰੇਰਨਾ ਨਾਲ ਸੁਰਾਂ ਅਤੇ ਅਸੁਰਾਂ ਨੇ ਰਲ ਕੇ ਸਮੁੰਦਰ ਮੰਥਨ ਕਰਨ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਵਾਸੁਕਿ ਨਾਮ ਦੇ ਸੱਪ ਨੂੰ ਨੇਤਰਾ ਬਣਾ ਕੇ ਅਤੇ ਵਿੰਧੀਆਚਲ ਨੂੰ ਮਧਾਣੀ ਬਣਾ ਕੇ ਸਮੁੰਦਰ ਨੂੰ ਰਿੜਕਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੋਹਾਂ ਦੀ ਇੱਛਾ ਅੰਮ੍ਰਿਤ ਦੀ ਪ੍ਰਾਪਤੀ ਸੀ, ਜਿਸ ਨੂੰ ਪੀ ਕੇ ਅਮਰ ਹੋਇਆ ਜਾ ਸਕਦਾ ਸੀ। ਵਿਸ਼ਨੂੰ ਜੀ ਆਪ ਕੱਛੂਆ ਬਣ ਕੇ ਪਰਬਤ ਹੇਠਾਂ ਰਹੇ ਗਏ ਤਾਂ ਕਿ ਪਰਬਤ ਸਮੁੰਦਰ ਵਿਚ ਨਾ ਧੱਸ ਜਾਵੇ। ਦੇਵਤਿਆਂ ਨੇ ਸੱਪ ਦੀ ਪੂਛ ਨੂੰ ਫੜ ਲਿਆ ਅਤੇ ਅਸੁਰਾਂ ਨੇ ਸੱਪ ਦੇ ਮੂੰਹ ਨੂੰ ਫੜ ਲਿਆ। ਇਸ ਤਰ੍ਹਾਂ ਸਮੁੰਦਰ ਮੰਥਨ ਦਾ ਕੰਮ ਸ਼ੁਰੂ ਹੋ ਗਿਆ। ਇਸ ਮੰਥਨ ਦੌਰਾਨ ਸਮੁੰਦਰ 'ਚੋਂ ਚੌਦ੍ਹਾਂ ਰਤਨ ਨਿਕਲੇ। ਜਿਨ੍ਹਾਂ ਵਿਚੋਂ ਸਭ ਤੋਂ ਪਹਿਲਾਂ 'ਹਲਾਹਲ' ਨਾਮ ਦਾ ਵਿਸ਼ ਨਿਕਲਿਆ। ਜਿਸ ਨੂੰ ਸ਼ਿਵ ਜੀ ਨੇ ਪੀ ਲਿਆ ਅਤੇ ਇਸ ਨਾਲ ਉਨ੍ਹਾਂ ਦਾ ਗਲਾ ਨੀਲਾ ਪੈ ਗਿਆ ਜਿਸ ਕਰਕੇ ਉਨ੍ਹਾਂ ਨੂੰ ਨੀਲ-ਕੰਠ ਵੀ ਕਿਹਾ ਜਾਂਦਾ ਹੈ।

ਦੂਸਰੀ ਵਾਰ ਰਿੜਕਣ ਤੇ ਕਾਮਧੇਨੂ ਨਾਮ ਦੀ ਗਊ ਨਿਕਲੀ। ਜਿਸ ਦੀ ਵਿਸ਼ੇਸ਼ਤਾ ਇਹ ਸੀ ਕਿ ਜੋ ਕੁਝ ਇਸ ਤੋਂ ਮੰਗਿਆ ਜਾਵੇਗਾ, ਇਹ ਦੇ ਸਕਦੀ ਹੈ। ਸੁਰਾਂ ਅਤੇ ਅਸੁਰਾਂ, ਦੋਹਾਂ ਨੇ ਇਸ ਨੂੰ ਪ੍ਰਾਪਤ ਕਰਨਾ ਚਾਹਿਆ। ਨਾਰਾਇਣ ਜੀ ਨੇ ਇਹ ਗਊ ਬ੍ਰਾਹਮਣਾਂ ਅਤੇ ਰਿਸ਼ੀਆਂ ਨੂੰ ਦੇਣੀ ਚਾਹੀ। ਇਸ ਲਈ ਉਹ ਗਊ ਵਸ਼ਿਸ਼ਟ ਦੁਰਵਾਸਾ ਆਦਿ ਰਿਸ਼ੀਆਂ ਨੂੰ ਦੇ ਦਿੱਤੀ ਅਤੇ ਦੇਵਲੋਕ ਵਿਚ ਰਖਣ ਲਈ ਕਹਿ ਦਿੱਤਾ। ਜਦ ਬ੍ਰਾਹਮਣ ਰਿਸ਼ੀ

ਰਾਖ਼ਸ਼ ਇਸ ਨੂੰ ਲੈ ਜਾਣ, ਇਸ ਕਾਰਨ ਜਾਪਤ ਰੱਬ ਉਪਰੰਤ ਵਾਪਸ ਪਹੁੰਚਾ ਦੇਣ।

ਤੀਜੀ ਵਾਰ ਮੰਥਨ ਦੌਰਾਨ ਉਚਸ਼੍ਰਵਾ ਘੋੜਾ ਨਿਕਲਿਆ ਜਿਹੜਾ ਅਸੁਰਾਂ ਨੂੰ ਪ੍ਰਾਪਤ ਹੋਇਆ। ਚੌਥੀ ਵਾਰ ਸਫ਼ੈਦ ਹਾਥੀ ਐਰਾਵਤ ਨਿਕਲਿਆ, ਉਹ ਦੇਵਤਿਆਂ ਦੇ ਰਾਜੇ ਇੰਦਰ ਨੂੰ ਮਿਲਿਆ। ਪੰਜਵੀਂ ਵਾਰ ਅਤਿ ਤੇਜਵਾਨ ਕੌਸਤੁਭਮਣੀ ਨਿਕਲੀ ਜੋ ਕਿ ਵੇਖਣ ਵਿਚ ਬਹੁਤ ਹੀ ਸੁੰਦਰ ਸੀ। ਉਹ ਮਣੀ ਭਗਵਾਨ ਵਿਸ਼ਨੂੰ ਜੀ ਨੇ ਆਪਣੇ ਗਲੇ ਵਿਚ ਧਾਰਨ ਕਰ ਲਈ।

ਛੇਵੀਂ ਵਾਰ ਪਾਰਿਜਾਤ ਨਾਮ ਦਾ ਬ੍ਰਿਛ ਨਿਕਲਿਆ ਜੋ ਕਿ ਹਰੇਕ ਇੱਛਾ ਪੂਰਨ ਕਰਨ ਦੇ ਸਮਰੱਥ ਸੀ। ਉਸ ਨੂੰ ਅਸੁਰਾਂ ਨੇ ਲੈ ਲਿਆ ਪਰੰਤੂ ਦਾਨ ਨਿਕਲਣ ਉਪਰੰਤ ਆਪਸ ਵਿਚ ਯੁੱਧ ਕਰਨ ਉਪਰੰਤ ਦੇਵਤਾ ਜਿੱਤ ਗਏ ਤਾਂ ਉਹ ਰੁੱਖ ਦੇਵਤਾ ਇੰਦਰ ਨੇ ਲੈ ਲਿਆ। ਇਹ ਰੁੱਖ ਇੰਦਰ ਨੇ ਆਪਣੀ ਨਗਰੀ ਅਮਰਾਵਤੀ ਵਿਚ ਆਪਣੇ ਬਾਗ਼ ਨੰਦਨਵਨ ਵਿਚ ਲਗਾ ਦਿਤਾ। ਸਤਭਾਮਾ ਨੇ ਇਕ ਵਾਰ ਕ੍ਰਿਸ਼ਨ ਜੀ ਨੂੰ ਇਹ ਕਲਪ ਬ੍ਰਿਛ ਲਿਆਉਣ ਲਈ ਕਿਹਾ। ਕ੍ਰਿਸ਼ਨ ਜੀ ਸਤਭਾਮਾ ਨੂੰ ਲੈ ਕੇ ਇੰਦਰਪੁਰੀ ਗਏ ਅਤੇ ਨਾਰਦ ਜੀ ਨੂੰ ਇੰਦਰ ਕੋਲ ਬਿਰਛ ਲੈਣ ਲਈ ਭੇਜਿਆ। ਨਾਰਦ ਦੇ ਅਨੁਰੋਧ ਤੇ ਇੰਦਰ ਨੇ ਆਪਣੀ ਪਤਨੀ ਇੰਦਰਾਣੀ ਦੇ ਕਹਿਣ ਤੇ ਇਨਕਾਰ ਕਰ ਦਿੱਤਾ। ਪਰੰਤੂ ਕ੍ਰਿਸ਼ਨ ਜੀ ਨੇ ਆਪ ਜਾ ਕੇ ਇਸ ਜਾ ਕੇ ਸਤਭਾਮਾ ਲਈ ਉਹ ਬ੍ਰਿਛ ਲੈ ਆਂਦਾ।

ਸਤਵਾਂ ਰਤਨ ਰੰਭਾ ਨਾਮ ਦੀ ਅਪਸਰਾ ਸੀ, ਜਿਸ ਨੂੰ ਇੰਦਰ ਨੇ ਆਪਣੇ ਦਰਬਾਰ ਵਿਚ ਰਖ ਲਿਆ। ਅੱਠਵਾਂ ਰਤਨ 'ਪੰਚਜਨਯ' ਨਾਮ ਦਾ ਸੰਖ ਸੀ ਜੋ ਵਿਸ਼ਨੂੰ ਜੀ ਨੂੰ ਦੇ ਦਿੱਤਾ ਗਿਆ। ਨੌਵਾਂ ਰਤਨ 'ਸਾਰੰਗ' ਨਾਮ ਦਾ ਧਨੁਸ਼ ਵੀ ਵਿਸ਼ਨੂੰ ਜੀ ਨੂੰ ਮਿਲਿਆ। ਦਸਵਾਂ ਰਤਨ ਚੰਦਰਮਾ ਸੀ, ਜਿਸ ਨੂੰ ਦੇਵਤਿਆਂ ਅਤੇ ਅਸੁਰਾਂ ਨੇ ਸ਼ਿਵ ਜੀ ਨੂੰ ਦੇ ਦਿੱਤਾ। ਉਨ੍ਹਾਂ

ਰੁਦ੍ਰ ਨੇ ਇਸ ਨੂੰ ਆਪਣੇ ਮਸਤਕ 'ਤੇ ਧਾਰਨ ਕਰ ਲਿਆ।

ਗਿਆਰ੍ਹਵੇਂ ਰਤਨ ਦੇ ਰੂਪ ਵਿਚ ਸਮੁੰਦਰ 'ਚੋਂ ਲਛਮੀ ਪੈਦਾ ਹੋਈ, ਜਿਹੜੀ ਵਿਸ਼ਨੂੰ ਜੀ ਨੂੰ ਪ੍ਰਾਪਤ ਹੋਈ। ਬਾਰ੍ਹਵਾਂ ਰਤਨ ਸੀ ਵਾਰੁਣੀ ਜਾਂ ਸ਼ਰਾਬ। ਇਹ ਅਸੁਰਾਂ ਨੂੰ ਪ੍ਰਾਪਤ ਹੋਈ।

ਅੰਤ ਵਿਚ ਤੇਰ੍ਹਵੇਂ ਰਤਨ ਦੇ ਰੂਪ ਵਿਚ ਧਨਵੰਤਰੀ ਨਿਕਲਿਆ। ਉਸ ਦੇ ਹੱਥ ਵਿਚ ਅੰਮ੍ਰਿਤ ਦਾ ਕੁੰਭ ਸੀ। ਉਸ ਅੰਮ੍ਰਿਤ ਦੀ ਪ੍ਰਾਪਤੀ ਵਾਸਤੇ ਸੁਰਾਂ ਅਤੇ ਅਸੁਰਾਂ ਵਿਚ ਯੁੱਧ ਛਿੜ ਗਿਆ। ਪਰੰਤੂ ਵਿਸ਼ਨੂੰ ਜੀ ਨੇ ਆਪਣੇ ਮੋਹਨੀ ਰੂਪ ਨਾਲ ਸੁਰਾਂ, ਅਸੁਰਾਂ ਦੇ ਉਸ ਯੁੱਧ ਨੂੰ ਟਾਲ ਦਿੱਤਾ। ਅੰਤ ਨੂੰ ਇਹ ਅੰਮ੍ਰਿਤ ਦੇਵਤਿਆਂ ਨੂੰ ਪ੍ਰਾਪਤ ਹੋਇਆ। ਜਿਸ ਦੇ ਪੀਣ ਨਾਲ ਦੇਵਤੇ ਅਮਰ ਹੋ ਗਏ।

## ਨਿਸ਼ਕਰਸ਼

ਉਪਰੋਕਤ ਸ਼ੋਧ ਦੇ ਆਧਾਰ ਉੱਪਰ ਇਹ ਤੱਥ ਭਲੀ-ਭਾਂਤ ਸਿੱਧ ਹੁੰਦਾ ਹੈ ਕਿ ਪੌਰਾਣਿਕ ਚੇਤਨਾ ਜਿੱਥੇ ਆਪਣੇ ਅੰਦਰ ਲੋਕਵੇਦ ਨਿਹਿਤ ਕਰੀ ਬੈਠੀ ਹੈ, ਉਥੇ ਇਸ ਅਰਥ ਭਰਪੂਰ ਲੋਕਵੇਦ ਨੂੰ ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਵਰਤ ਕੇ ਨਿਰਾਕਾਰ ਚੇਤਨਾ ਨੂੰ ਇਕ ਨਵਾਂ ਅਰਥ ਪ੍ਰਦਾਨ ਕੀਤਾ। ਇਸ ਪ੍ਰਕਾਰ ਇਹ ਤੱਥ ਅਰਥਭੂਮੀ ਵਿਚ ਆਉਂਦਾ ਹੈ ਕਿ ਗੁਰੂ ਰਵਿਦਾਸ ਚੇਤਨਾ ਆਪਣੇ ਅੰਦਰ ਪੌਰਾਣਿਕਤਾ ਦਾ ਇਕ ਅਰਥ ਭਰਪੂਰ, ਸੰਵੇਦਨਸ਼ੀਲ ਰੂਪ ਅੰਗੀਕਾਰ ਕਰੀ ਬੈਠੀ ਹੈ।

## ਪਦ-ਟਿੱਪਣੀਆਂ ਅਤੇ ਹਵਾਲੇ


1. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ: ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ 415.
2. ਗੁਰੂ ਗ੍ਰੰਥ ਸਾਹਿਬ, ਪੰਨਾ 1193.
3. ਜੌਨ ਡੌਸਨ (ਸੰ.), ਹਿੰਦੂ ਮਿਥਿਹਾਸ ਕੋਸ਼, ਪੰਨਾ 518.
4. ਹਿੰਦੀ ਕਥਾ ਕੋਸ਼, ਹਿੰਦੁਸਤਾਨੀ ਅਕੈਡਮੀ, ਇਲਾਹਾਬਾਦ, ਪੰਨਾ 118.
5. ਜੌਨ ਡੌਸਨ (ਸੰ.), ਹਿੰਦੂ ਮਿਥਿਹਾਸ ਕੋਸ਼, ਪੰਨੇ 366-69.
6. ਉਹੀ, ਪੰਨੇ 516-517.
7. ਭਾਗਵਤ ਪੁਰਾਣ, 2/7.
8. ਜੌਨ ਡੌਸਨ (ਸੰ.) ਹਿੰਦੂ ਮਿਥਿਹਾਸ ਕੋਸ਼, ਪੰਨਾ 518.
9. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 44.
10. P. Thomas, Epics, Myths and Legends of India, p. 23.
11. Roland Barthes, Mythology, p. 22.
12. ਰਾਮ ਨਾਰਾਇਣ ਉਪਾਧਿਆਏ, ਕਥਾਉਂ ਕੀ ਅੰਤਰ-ਕਥਾਏਂ, ਪੰਨਾ 53.
13. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 68.
14. ਹਿੰਦੀ ਕਥਾ ਕੋਸ਼, ਹਿੰਦੁਸਤਾਨੀ ਅਕੈਡਮੀ, ਇਲਾਹਾਬਾਦ, ਪੰਨਾ 132.
15. ਉਹੀ, ਪੰਨਾ 10[illegible].

16. ਸ੍ਰੀ ਪ੍ਰਤਾਪ ਸਿੰਘ, ਭਕਤਮਾਲ ਸਟੀਕ, ਪੰਨੇ 79-80.

17. ਹਿੰਦੀ ਕਥਾ ਕੋਸ਼, ਪੰਨਾ 131.

18. ਉਹੀ, ਪੰਨਾ 130.

19. ਰਾਮਨਾਰਾਇਣ ਉਪਾਧਿਆਏ, ਕਥਾਓਂ ਕੀ ਅੰਤਰ-ਕਥਾਏਂ, ਪੰਨੇ 39-45.

20. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 20.

21. ਡਾ. ਊਸ਼ਾ ਪੁਰੀ ਵਿਦਿਆਵਾਚਸਪਤਿ, ਭਾਰਤੀਯ ਮਿਥਕ ਕੋਸ਼, ਪੰਨਾ 280.

22. ਹਿੰਦੀ ਕਥਾ ਕੋਸ਼, ਹਿੰਦੁਸਤਾਨੀ ਅਕੈਡਮੀ, ਇਲਾਹਾਬਾਦ, ਪੰਨੇ 128-29.

23. ਰਾਮਨਾਰਾਇਣ ਉਪਾਧਿਆਏ, ਕਥਾਓਂ ਕੀ ਅੰਤਰ-ਕਥਾਏਂ, ਪੰਨਾ 54.

24. ਹਿੰਦੀ ਕਥਾ ਕੋਸ਼, ਪੰਨਾ 129.

25. ਉਹੀ, ਪੰਨਾ 72.

26. ਭਕਤਮਾਲ ਸਟੀਕ, ਪੰਨਾ 228.

27. ਹਿੰਦੀ ਕਥਾ ਕੋਸ਼, ਹਿੰਦੁਸਤਾਨੀ ਅਕੈਡਮੀ, ਇਲਾਹਾਬਾਦ, ਪੰਨਾ 130.

28. ਭਕਤਮਾਲ ਸਟੀਕ, ਪੰਨਾ 229.

29. ਡਾ. ਊਸ਼ਾ ਪੁਰੀ ਵਿਦਿਆਵਾਚਸਪਤਿ, ਭਾਰਤੀਯ ਮਿਥਕ ਕੋਸ਼, ਪੰਨਾ 240.

30. ਹਿੰਦੀ ਕਥਾ ਕੋਸ਼, ਪੰਨਾ 240.

31. ਊਸ਼ਾ ਪੁਰੀ ਵਿਦਿਆਵਾਚਸਪਤਿ, ਭਾਰਤੀਯ ਮਿਥਕ ਕੋਸ਼, ਪੰਨੇ 237-38.

32. ਭਕਤਮਾਲ ਸਟੀਕ, ਪੰਨਾ 223.

33. ਹਿੰਦੀ ਕਥਾ ਕੋਸ਼, ਪੰਨਾ 120.

34. ਭਕਤਮਾਲ ਸਟੀਕ, ਪੰਨਾ 224.

35. ਊਸ਼ਾ ਪੁਰੀ ਵਿਦਿਆਵਾਚਸਪਤਿ, ਭਾਰਤੀਯ ਮਿਥਕ ਕੋਸ਼, ਪੰਨਾ 1.

36. ਹਿੰਦੂ ਧਰਮ ਕੋਸ਼, ਪੰਨਾ 27.

37. ਉਹੀ, ਪੰਨਾ 3.

38. ਉਹੀ, ਪੰਨਾ 111.

39. ਭਕਤਮਾਲ ਸਟੀਕ, ਪੰਨਾ 229.

40. ਹਿੰਦੂ ਧਰਮ ਕੋਸ਼, ਪੰਨਾ 71-72.

41. ਉਹੀ, ਪੰਨਾ 70.

42. ਭਕਤਮਾਲ ਸਟੀਕ, ਪੰਨਾ 228.

43. ਰਾਮਸਰਾਪ ਉਪਾਧਿਆਏ, ਕਬੀਰ ਕੀ ਚਿੰਤਨ-ਧਾਰਾ, ਪੰਨਾ 59.

44. ਹਿੰਦੂ ਧਰਮ ਕੋਸ਼, ਪੰਨਾ 2.

45. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1124.

46. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ, ਪੰਨਾ 23.

47. ਉਹੀ, ਪੰਨਾ 71.

48. ਉਹੀ, ਪੰਨਾ 29.

49. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹੱਲਾ 9, ਪੰਨਾ 30.

50. ਹਿੰਦੂ ਧਰਮ ਕੋਸ਼, ਪੰਨਾ 56

51. ਸ੍ਰੀਮਦਭਾਗਵਤ ਪੁਰਾਣ, 6/1.

52. ਰਾਣਾ ਪ੍ਰਸਾਦ ਸ਼ਰਮਾ, ਪੌਰਾਣਿਕ ਕੋਸ਼, ਪੰਨਾ 270.

53. ਸ੍ਰੀਮਦ ਭਾਗਵਤ ਪੁਰਾਣ, 6/1.

54. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1124.

55. ਹਿੰਦੂ ਧਰਮ ਕੋਸ਼, ਪੰਨਾ 116.

56. ਸ੍ਰੀਮਦਭਾਗਵਤ ਪੁਰਾਣ, 11/31.

57. ਸ੍ਰੀਮਦ ਭਾਗਵਤ ਪੁਰਾਣ, 8/2-4
58. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 110
59. " " " , ਪੰਨਾ 487
60. ਡਾ: ਧਰਮਪਾਲ ਸਿੰਗਲ, <u>ਬਾਣੀ ਸ੍ਰੀ ਗੁਰੂ ਰਵਿਦਾਸ ਜੀ</u>, ਪੰਨਾ 23
61. ਪਰਸ਼ੂਰਾਮ ਚਤੁਰਵੇਦੀ, <u>ਸੰਤ ਕਾਵਿ-ਧਾਰਾ</u>, ਪੰਨਾ 82
62. ਪੰਡਿਤ ਨਰੈਣ ਸਿੰਘ ਜੀ ਗਿਆਨੀ, <u>ਭਗਤਮਾਲ</u>, ਪੰਨਾ 153-173
63. ਡਾ: ਧਰਮਪਾਲ ਸਿੰਗਲ, <u>ਬਾਣੀ ਸ੍ਰੀ ਗੁਰੂ ਰਵਿਦਾਸ ਜੀ</u>, ਪੰਨਾ 23
64. ਪਰਸ਼ੂਰਾਮ ਚਤੁਰਵੇਦੀ, <u>ਸੰਤ ਕਾਵਿ-ਧਾਰਾ</u>, ਪੰਨੇ 91-92.
65. ਪੰਡਿਤ ਨਰੈਣ ਸਿੰਘ ਜੀ ਗਿਆਨੀ, <u>ਭਗਤਮਾਲ</u>, ਪੰਨੇ 4-66
66. ਪਰਸ਼ੂਰਾਮ ਚਤੁਰਵੇਦ, <u>ਸੰਤ ਕਾਵਿਧਾਰਾ</u>, ਪੰਨਾ 81.
67. ਉਹੀ, ਪੰਨਾ 79.
68. ਪੰਡਿਤ ਨਰੈਣ ਸਿੰਘ ਜੀ ਗਿਆਨੀ, <u>ਭਗਤਮਾਲ</u>, ਪੰਨੇ 189-194
69. ਪਰਸ਼ੂਰਾਮ ਚਤੁਰਵੇਦੀ, <u>ਸੰਤ ਕਾਵਿਧਾਰਾ</u>, ਪੰਨਾ 90.
70. ਡਾ. ਧਰਮਪਾਲ ਸਿੰਗਲ, <u>ਬਾਣੀ ਸ੍ਰੀ ਗੁਰੂ ਰਵਿਦਾਸ ਜੀ</u>, ਪੰਨਾ 44.
71. <u>ਸ੍ਰੀਮਦਭਾਗਵਤ ਪੁਰਾਣ</u>, 10/80.
72. ਡਾ. ਧਰਮਪਾਲ ਸਿੰਗਲ, <u>ਬਾਣੀ ਸ੍ਰੀ ਗੁਰੂ ਰਵਿਦਾਸ ਜੀ</u>, ਪੰਨਾ 29
73. ਉਹੀ, ਪੰਨਾ 43.
74. <u>ਭਾਈ ਗੁਰਦਾਸ</u>, 4/21.
75. <u>ਸ੍ਰੀਮਦਭਾਗਵਤ ਪੁਰਾਣ</u>, 4/9.
76. ਡਾ. ਧਰਮਪਾਲ ਸਿੰਗਲ, <u>ਬਾਣੀ ਸ੍ਰੀ ਗੁਰੂ ਰਵਿਦਾਸ ਜੀ</u>, ਪੰਨਾ 45.
77. ਜਮੀਨਾ : ਉਪਾਧਿਆਏ, <u>ਗੁਰੂ ਰਵਿਦਾਸ</u>, ਪੰਨਾ 90.

78. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 64

79. ਰਾਜੀਨਾਥ ਉਪਾਧਿਆਏ, ਗੁਰੂ ਰਵਿਦਾਸ, ਪੰਨਾ 194.

80. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 63.

81. ਪੰਡਿਤ ਰਘੂਨਾਥ ਦੱਤ ਵੈਦ੍ਯ, ਪੁਰਾਣ-ਕਥਾ ਕੋਮੁਦੀ, ਪੰਨੇ 258-264

82. ਸ੍ਰੀਮਦਭਾਗਵਤ ਪੁਰਾਣ, 1/3.

83. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ: ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ 438

84. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹੱਲਾ 1, ਪੰਨਾ 224.

85. ਉਹੀ, ਕਬੀਰ, ਪੰਨਾ 856.

86. ਭਾਈ ਗੁਰਦਾਸ 23/10.

87. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 23.

88. ਉਹੀ, ਪੰਨਾ 43.

89. ਉਹੀ, ਪੰਨਾ 49.

90. ਉਹੀ, ਪੰਨੇ 97-10[illegible]

91. Shakuntla Devi, God and Goddesses in Indian Mythology, pp. 21-22.

92. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 710.

93. ਉਹੀ, ਮਹੱਲਾ 1, ਪੰਨਾ 1343.

94. ਉਹੀ, ਨਾਮਦੇਵ, ਪੰਨਾ 98.

95. ਉਹੀ, ਪੰਨਾ 874.

96. ਹਿੰਦੀ ਕਥਾ ਕੋਸ਼, ਪੰਨਾ 10.

97. ਡਾ. ਧਰਮਪਾਲ ਸਿੰਘਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 63.

98. ਚਤੁਰਵੇਦੀ ਦੁਆਰਕਾ ਪ੍ਰਸਾਦ ਸ਼ਰਮਾ (ਸੰਪਾ.), ਸੰਸਕ੍ਰਿਤ-ਸ਼ਬਦਾਰਥ-ਕੌਸਤੁਭ, ਪੰਨਾ 976.

99. ਰਾਮਕੁਮਾਰ ਰਾਏ, ਵਾਲਮੀਕਿ ਰਾਮਾਇਣ ਕੋਸ਼, ਪੰਨੇ 264,376.

100. ਡਾ. ਧਰਮਪਾਲ ਸਿੰਘਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 29.

101. ਉਹੀ, ਪੰਨਾ 64.

102. ਜੋਨ ਡੋਸਨ (ਸੰਪਾ.), ਹਿੰਦੂ ਮਿਥਿਹਾਸ ਕੋਸ਼, ਪੰਨਾ 530

103. ਰਾਮਕੁਮਾਰ ਰਾਏ, ਵਾਲਮੀਕਿ ਰਾਮਾਇਣ ਕੋਸ਼, ਪੰਨਾ 278.

104. ਜੋਨ ਡੋਸਨ (ਸੰਪਾ.), ਹਿੰਦੂ ਮਿਥਿਹਾਸ ਕੋਸ਼, ਪੰਨਾ 530

105. ਡਾ. ਧਰਮਪਾਲ ਸਿੰਘਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 23.

106. ਉਹੀ, ਪੰਨਾ 49.

107. ਜੋਨ ਡੋਸਨ, ਹਿੰਦੂ ਮਿਥਿਹਾਸ ਕੋਸ਼, ਪੰਨੇ 284-285.

108. ਡਾ. ਧਰਮਪਾਲ ਸਿੰਘਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਸਾਖੀ ਭਾਗ 44.

109. ਹਿੰਦੀ ਕਥਾ ਕੋਸ਼, ਪੰਨਾ 125.

110. ਡਾ. ਊਸ਼ਾਪੁਰੀ ਵਿਦਿਆਵਾਚਸਪਤੀ, ਭਾਰਤੀ ਮਿਥਕ ਕੋਸ਼, ਪੰਨਾ 258.

111. ਉਹੀ, ਪੰਨਾ 133.

112. ਡਾ. ਧਰਮਪਾਲ ਸਿੰਘਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 65.

113. ਉਹੀ, ਪੰਨਾ 44.

114. ਹਿੰਦੀ ਕਥਾ ਕੋਸ਼, ਪੰਨਾ 127.

115. ਡਾ. ਊਸ਼ਾਪੁਰੀ ਵਿਦਿਆਵਾਚਸਪਤੀ, ਭਾਰਤੀਯ ਮਿਥਕ ਕੋਸ਼, ਪੰਨਾ 304

116. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 20.

117. ਹਿੰਦੀ ਕਥਾ ਕੋਸ਼, ਪੰਨਾ 128.

118. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 29.

119. ਹਿੰਦੀ ਕਥਾ ਕੋਸ਼, ਹਿੰਦੁਸਤਾਨੀ ਅਕੈਡਮੀ, ਇਲਾਹਾਬਾਦ, ਪੰਨੇ 94-95.

120. ਉਹੀ, ਪੰਨੇ 2-3.

121. ਉਹੀ, ਪੰਨੇ 119-120

122. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 72.

123. ਹਿੰਦੀ ਕਥਾ ਕੋਸ਼, ਪੰਨੇ 7-8.

124. ਜੋਨ ਡੋਸਨ (ਸੰਪਾ.), ਹਿੰਦੂ ਮਿਥਿਹਾਸ ਕੋਸ਼, ਪੰਨਾ 391-95.

125. ਧੀਰੇਂਦ੍ਰ ਵਰਮਾ (ਸੰਪਾ.), ਹਿੰਦੀ ਸਾਹਿਤ ਕੋਸ਼, ਭਾਗ ਪਹਿਲਾ, ਪੰਨਾ 398.

126. ਗੁਰੂ ਗ੍ਰੰਥ ਸਾਹਿਬ, ਪੰਨਾ 958.

127. ਗੁਰੂ ਗ੍ਰੰਥ ਸਾਹਿਬ, ਮਹੱਲਾ 5, ਪੰਨਾ 265.

128. ਕੈਲਾਸ਼ਨਾਥ ਤਿਵਾਰੀ, ਭਾਰਤੀਯ ਪੌਰਾਣਿਕ ਕਥਾਏਂ, ਪੰਨੇ 20-21.

# ਅਧਿਆਇ ਛੇਵਾਂ

## ਰਵਿਦਾਸ ਬਾਣੀ: ਰਚਨਾਤਮੀ ਜੁਗਤਾਂ ਅਧੀਨ ਪੌਰਾਣਿਕ ਹਵਾਲੇ

ਲੋਕਮਾਨਸ ਦੇ ਸੰਦਰਭ ਵਿਚ ਮਿਥ-ਸਿਰਜਨ ਪ੍ਰਕਿਰਿਆ ਅਤੇ ਪੌਰਾਣਿਕ ਹਵਾਲਿਆਂ ਦੀ ਸਾਰਥਕਤਾ

ਮਿਥ ਸ਼ਬਦ-ਵਿਵੇਚਨ

ਪੌਰਾਣਿਕ ਹਵਾਲਿਆਂ ਦੀ ਅਜੋਕੇ ਯੁੱਗ ਵਿਚ ਸਾਰਥਕਤਾ

ਨਿਸ਼ਕਰਸ਼

# ਅਧਿਆਇ ਚੌਥਾ

## ਰਵਿਦਾਸ ਬਾਣੀ: ਕਥਾਨਕੀ ਜੁਗਤਾਂ ਅਧੀਨ ਪੌਰਾਣਿਕ ਹਵਾਲੇ

ਮਿਥ ਵਿਰਸਾ ਮੱਧਕਾਲੀਨ ਪੰਜਾਬੀ ਕਾਵਿ ਦਾ ਇਕ ਮਹੱਤਵਪੂਰਨ ਅੰਗ ਹੈ। ਇਸ ਦੇ ਅੰਤਰਗਤ ਆਉਣ ਵਾਲੇ ਸਾਹਿਤਕ ਰੂਪ ਜਿਵੇਂ ਗੁਰਬਾਣੀ (ਬਾਣੀ ਕਾਵਿ), ਸੂਫ਼ੀ ਕਾਵਿ, ਕਿੱਸਾ ਕਾਵਿ ਤੇ ਵਾਰ ਕਾਵਿ ਆਦਿ ਸਿੱਧੇ ਤੇ ਅਸਿੱਧੇ ਦੋਵਾਂ ਤਰ੍ਹਾਂ ਨਾਲ ਮਿਥ ਵਿਰਸੇ ਨਾਲ ਆਪਣੀ ਸਾਂਝ ਜੋੜਦੇ ਪ੍ਰਤੀਤ ਹੁੰਦੇ ਹਨ। ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਤ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਭੱਟਾਂ, ਫ਼ਕੀਰਾਂ, ਭਗਤਾਂ ਤੇ ਸੂਫ਼ੀ-ਸੰਤਾਂ ਦੀ ਬਾਣੀ ਵੀ ਸ਼ਾਮਿਲ ਹੈ। ਇਨ੍ਹਾਂ ਸਭਨਾਂ ਨੇ ਪਰੰਪਰਾਗਤ ਮਿਥਕ ਸੰਕੇਤਾਂ ਅਤੇ ਦ੍ਰਿਸ਼ਟਾਂਤਾਂ ਨੂੰ ਆਪਣੀ ਬਾਣੀ ਵਿਚ ਇਸਤੇਮਾਲ ਕੀਤਾ ਹੈ, ਜਿਨ੍ਹਾਂ ਨੂੰ ਜਾਣੇ ਬਗ਼ੈਰ ਬਾਣੀ ਦੇ ਅਰਥ ਸੌਖੀ ਤਰ੍ਹਾਂ ਨਹੀਂ ਸਮਝੇ ਜਾ ਸਕਦੇ। ਇਹ ਮਿਥਕ ਦ੍ਰਿਸ਼ਟਾਂਤ ਆਪਣੀ ਮੂਲ ਪ੍ਰਕਿਰਤੀ ਵਿਚ ਸਭਿਆਚਾਰ ਅਤੇ ਸੰਸਕ੍ਰਿਤੀ ਨਾਲ ਸਾਂਝ ਜੋੜਦੇ ਪ੍ਰਤੀਤ ਹੁੰਦੇ ਹਨ। ਇਨ੍ਹਾਂ ਮਿਥਕ, ਦ੍ਰਿਸ਼ਟਾਂਤਾਂ ਅਤੇ ਸੰਕੇਤਾਂ ਨੂੰ ਕਈ ਥਾਈਂ ਤਾਂ ਪਰੰਪਰਾਗਤ ਅਰਥਾਂ ਵਿਚ ਹੀ ਵਰਤਿਆ ਗਿਆ ਹੈ ਪਰ ਕਈ ਥਾਈਂ ਇਨ੍ਹਾਂ ਦੇ ਪ੍ਰਚਲਿਤ ਅਰਥਾਂ ਨੂੰ ਤੋੜ ਕੇ ਨਵੇਂ ਪ੍ਰਤੀਕਾਤਮਕ ਅਰਥਾਂ ਵਿਚ ਪੇਸ਼ ਕਰਨ ਦਾ ਯਤਨ ਵੀ ਕੀਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ। ਸਾਹਿਤ ਆਪਣੀ ਸਮੱਗਰੀ ਸਮਾਜ ਵਿਚੋਂ ਹੀ ਗ੍ਰਹਿਣ ਕਰਦਾ ਹੈ। ਸਾਹਿਤਕਾਰ ਸਮਾਜ ਵਿਚੋਂ ਗ੍ਰਹਿਣ ਕੀਤੇ ਤਜਰਬਿਆਂ ਨੂੰ ਕਲਪਨਾਮਈ ਰੰਗ ਦੇ ਕੇ ਪੇਸ਼ ਕਰਦਾ ਹੈ। ਇਸ ਲਈ ਇਸ ਵਿਚ ਵਾਸਤਵਿਕਤਾ ਅਤੇ ਕਲਪਨਾ ਦਾ ਮਿਸ਼ਰਣ ਸ਼ਾਮਿਲ ਹੁੰਦਾ ਹੈ।

## ਲੋਕਯਾਨਸ ਦੇ ਸੰਦਰਭ ਵਿਚ ਮਿਥ ਮਿਥਕਨ ਪ੍ਰਕ੍ਰਿਆ ਅਤੇ ਪੌਰਾਣਿਕ ਹਵਾਲਿਆਂ ਦੀ ਸਾਰਥਕਤਾ

ਇਸ ਤੋਂ ਪਹਿਲਾਂ ਕਿ ਰਵਿਦਾਸ ਬਾਣੀ ਵਿਚ ਮਿਥ ਮਿਥਕਨ ਪ੍ਰਕ੍ਰਿਆ ਮੁਤਾਬਕ ਪੌਰਾਣਿਕ ਹਵਾਲਿਆਂ ਨੂੰ ਲੱਭਿਆ ਜਾਵੇ, ਪਹਿਲਾਂ ਇਥੇ ਮਿੱਥ ਸ਼ਬਦ ਦੀ ਸੰਖੇਪ ਚਰਚਾ ਕਰਨੀ ਜਰੂਰੀ ਹੋਵੇਗੀ।

### 'ਮਿਥ' ਸ਼ਬਦ ਵਿਵੇਚਨ:

ਆਮ ਤੌਰ ਤੇ ਵਿਦਵਾਨ ਮਿਥ ਸ਼ਬਦ ਨੂੰ ਅੰਗਰੇਜੀ ਦੇ ਸ਼ਬਦ myth ਦਾ ਪ੍ਰਯਾਯਵਾਚੀ ਹੀ ਮੰਨਦੇ ਹਨ। ਅੰਗਰੇਜੀ ਭਾਸ਼ਾ ਦੇ ਸ਼ਬਦ myth ਦੇ ਸਮਾਨਾਂਤਰ ਯੂਨਾਨੀ ਭਾਸ਼ਾ ਦਾ ਸ਼ਬਦ muthose ਹੈ ਜਿਸ ਦਾ ਅਰਥ ਉਚਾਰ utterance ਹੈ। ਇਸ ਨੂੰ ਪ੍ਰਾਚੀਨ ਮਾਨਤਾਵਾਂ ਦੇ ਆਧਾਰ ਤੇ ਮਿਥੀਆਂ ਕਲਪਿਤ ਕਹਾਣੀਆਂ ਵੀ ਮੰਨਿਆ ਗਿਆ ਹੈ। ਮਿਥਕ ਸ਼ਬਦ ਦਾ ਪ੍ਰਯੋਗ ਸਭ ਤੋਂ ਪਹਿਲਾਂ ਆਚਾਰੀਆ ਹਜਾਰੀ ਪ੍ਰਸਾਦ ਦ੍ਵਿਵੇਦੀ ਨੇ ਕੀਤਾ ਸੀ। ਮਿਥਕ ਤੋਂ ਇਲਾਵਾ ਇਸ ਸ਼ਬਦ ਲਈ ਦੇਵ-ਕਥਾ, ਧਰਮ-ਕਥਾ, ਪੁਰਾਵਰਤ ਪੁਰਾਖਿਆਨ, ਪੁਰਾਣ ਕਥਾ ਆਦਿ ਸ਼ਬਦਾਂ ਦੀ ਵੀ ਵਰਤੋਂ ਕੀਤੀ ਜਾਂਦੀ ਹੈ। ਪਰੰਤੂ ਆਧੁਨਿਕ ਹਿੰਦੀ ਆਲੋਚਕ ਇਨ੍ਹਾਂ ਸਭ ਸ਼ਬਦਾਂ ਨੂੰ ਰੱਦ ਕਰਦੇ ਹੋਏ ਮਿਥਕ ਮਿਥ ਸ਼ਬਦ ਦੇ ਇਸਤੇਮਾਲ ਨੂੰ ਹੀ ਸਹੀ ਮੰਨਦੇ ਹਨ।[1] ਡਾ. ਮਨਮੋਹਨ ਸਹਿਗਲ ਦਾ ਮੱਤ ਹੈ ਕਿ ਅੰਗਰੇਜੀ ਭਾਸ਼ਾ ਵਿਚ ਪ੍ਰਚਲਤ ਮਿਥ ਸ਼ਬਦ ਦਾ ਸੰਬੰਧ ਨਿਸ਼ਚੇ ਹੀ ਕਿਤੇ ਨਾ ਕਿਤੇ ਸੰਸਕ੍ਰਿਤ ਦੇ ਮਿਥ ਅਤੇ ਮਿਥਯ ਨਾਲ ਜਾਪਦਾ ਹੈ।[2] ਇਸੇ ਤਰ੍ਹਾਂ ਡਾ. ਨ੍ਰਾਪੁਰੀ ਵਿਦਿਆਵਾਚਸਪਤੀ ਵੀ ਮਿਥ ਦਾ ਸੰਬੰਧ ਸੰਸਕ੍ਰਿਤ ਦੇ ਮਿਥ ਨਾਲ ਜੋੜਦੇ ਪ੍ਰਤੀਤ ਹੁੰਦੇ ਹਨ।[3]

ਪੰਜਾਬੀ ਦੇ ਵਿਦਵਾਨ ਮਿਥ ਲਈ ਪੁਰਾਣ-ਕਥਾ ਸ਼ਬਦ ਹੀ ਵਰਤੋਂ ਕਰਦੇ ਹਨ। ਜਿਵੇਂ ਡਾ. ਕਰਨੈਲ ਸਿੰਘ ਥਿੰਦ[4] ਦਾ ਪੁਰਾਣ-ਸ਼ਾਸਤ੍ਰ ਵਰਤਣਾ ਹੀ ਪਸੰਦ ਕਰਦਾ ਹੈ। ਆਪ ਅਨੁਸਾਰ ਅੰਗਰੇਜ਼ੀ ਦੀ ਤਰਜ਼ ਤੇ ਬਣਿਆ ਇਹ ਸ਼ਬਦ ਆਪਣੇ ਆਪ ਵਿਚ ਬੜਾ ਰੋਚਕ ਹੈ, ਪਰ ਇਹ ਪੁਰਾਣ ਕਥਾਵਾਂ ਨਾਲ ਜੁੜੀ ਹੋਈ ਮਿਥਾਂ ਦੇ ਅਤਿ ਹੋਣ ਦੀ ਭਾਵਨਾ ਤੇ ਸੱਟ ਮਾਰਦਾ ਹੈ। ਇਸ ਲਈ ਡਾ. ਥਿੰਦ ਇਸ ਦੀ ਵਰਤੋਂ ਨੂੰ ਠੀਕ ਨਾ ਸਮਝਦੇ ਹੋਏ ਇਸ ਨਾਲੋਂ ਪੁਰਾਣ-ਕਥਾ ਨੂੰ ਵਰਤਣਾ ਚੰਗਾ ਸਮਝਦੇ ਹਨ। ਕਿਉਂਕਿ ਇਸ ਵਿਸ਼ੇਸ਼ ਹੇਠ ਆਉਂਦੀਆਂ ਬਹੁਤੀਆਂ ਕਥਾਵਾਂ ਦਾ ਮੂਲ ਸ੍ਰੋਤ ਪੁਰਾਣ ਹੀ ਹਨ। ਪਰੰਤੂ ਬਾਅਦ ਦੇ ਬਹੁਤੇ ਮਿਥ ਸ਼ਬਦ ਵਰਤਣ ਨੂੰ ਹੀ ਤਰਜੀਹ ਦਿੰਦੇ ਹਨ। ਇਸ ਸੰਬੰਧ ਵਿਚ ਇਨ੍ਹਾਂ ਵਿਦਵਾਨਾਂ ਦਾ ਕਥਨ ਹੈ ਕਿ 'ਪੁਰਾਣ' ਸ਼ਬਦ ਭਾਰਤੀ ਪੁਰਾਣ ਪਰੰਪਰਾ ਨਾਲ ਇੰਨਾ ਜੁੜ ਚੁੱਕਿਆ ਹੈ ਕਿ ਅਸੀਂ ਇਸ ਸ਼ਬਦ ਦਾ ਪ੍ਰਯੋਗ ਇਸਲਾਮਿਕ ਜਾਂ ਯੂਨਾਨੀ ਮਿਥ ਕਥਾਵਾਂ ਵਾਸਤੇ ਨਹੀਂ ਕਰ ਸਕਦੇ। ਇਸ ਪ੍ਰਸੰਗ ਵਿਚ ਇਹ ਵੀ ਕਿਹਾ ਗਿਆ ਹੈ ਕਿ ਪੁਰਾਣ ਕਥਾਵਾਂ ਤੋਂ ਬਾਹਰ ਜੋ ਲੋਕਿਕ ਪੱਧਰ ਉੱਪਰ ਮਿਥਾਂ ਮਿਲਦੀਆਂ ਜਾਂਦੀਆਂ ਹਨ, ਉਹ ਸਭ ਇਸ ਘੇਰੇ ਵਿਚ ਨਹੀਂ ਸਮਾਉਂਦੀਆਂ। ਸੋ ਇਹ ਸ਼ਬਦ ਭੁਲੇਖਾ ਪੈਦਾ ਕਰਨ ਵਾਲਾ ਹੋਣ ਕਰਕੇ ਮਿਥ ਦਾ ਬਦਲ ਨਹੀਂ ਹੋ ਸਕਦਾ। ਇਸ ਲਈ 'ਮਿਥ' ਸ਼ਬਦ ਨੂੰ ਪੁਰਾਣ-ਕਥਾ ਸ਼ਬਦ ਤਕ ਸੀਮਿਤ ਕਰ ਦੇਣ ਨਾਲ ਮਿਥ ਸ਼ਬਦ ਦੇ ਵਿਸ਼ਾਲ ਅਰਥਾਂ ਨੂੰ ਗ੍ਰਹਿਣ ਨਹੀਂ ਕੀਤਾ ਜਾ ਸਕਦਾ।

ਆਮ ਧਾਰਨਾ ਅਨੁਸਾਰ 'ਮਿਥ' ਸ਼ਬਦ ਦਾ ਅਰਥ ਹੈ ਝੂਠੀ ਕਲਪਿਤ ਕਹਾਣੀ ਜਾਂ ਕਥਾ, ਜਿਹੜੀ ਕਿ ਧਾਰਮਿਕ ਕਾਲ ਨਾਲ ਸੰਬੰਧ ਰਖਦੀ ਹੋਵੇ ਅਤੇ ਪਰਾਪ੍ਰਾਕ੍ਰਿਤਕ ਸ਼ਕਤੀਆਂ ਦੀ ਵਿਆਖਿਆ ਕਰਦੀ ਹੋਵੇ। ਯੂਰਪ ਅਤੇ ਅਮਰੀਕਾ ਦੇ ਵਿਦਵਾਨ ਮਿਥ ਨੂੰ ਵਾਸਤਵਿਕਤਾ ਦਾ ਵਿਰੋਧੀ ਮੰਨਦੇ ਹਨ। 'ਸਟੈਂਡਰਡ ਡਿਕਸ਼ਨਰੀ ਆਫ਼ ਫੋਕਲੋਰ, ਮਾਈਥਾਲੋਜੀ ਐਂਡ ਲੀਜੈਂਡ' ਵਿਚ

ਮਿਥ ਕਥਾ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ: ਮਿਥ ਕਥਾ ਉਹ ਕਹਾਣੀ ਹੈ ਜੋ ਪ੍ਰਾਚੀਨ ਕਾਲ ਵਿਚ ਵਾਪਰ ਚੁੱਕੀ ਹੈ। ਇਹ ਲੋਕਾਂ ਦੀਆਂ ਬ੍ਰਹਿਮੰਡ ਤੇ ਪਰਾਪ੍ਰਾਕ੍ਰਿਤਕ ਪਰੰਪਰਾਵਾਂ, ਦੇਵਤਿਆਂ ਤੇ ਨਾਇਕਾਂ, ਸਾਂਸਕ੍ਰਿਤਕ ਲੱਛਣਾਂ ਅਤੇ ਧਾਰਮਿਕ ਵਿਸ਼ਵਾਸ ਦੀ ਵਿਆਖਿਆ ਕਰਦੀ ਹੈ।

ਇਸ ਪਰਿਭਾਸ਼ਾ ਅਨੁਸਾਰ ਮਿਥ ਕਥਾ ਪਰਾਪ੍ਰਾਕ੍ਰਿਤਕ ਸ਼ਕਤੀਆਂ ਨਾਲ ਸੰਬੰਧਿਤ, ਆਦਿਮ ਮਨੁੱਖ ਦੇ ਸੰਸਕਾਰਾਂ ਅਤੇ ਧਾਰਮਿਕ ਵਿਸ਼ਵਾਸ ਆਦਿ ਦਾ ਉਲੇਖ ਕਰਦੀ ਹੈ। ਡਾ. ਸਤੇਂਦ੍ਰ[7] ਅਨੁਸਾਰ ਕੇਵਲ ਧਾਰਮਿਕ ਪ੍ਰਿਸ਼ਠਭੂਮੀ ਅਤੇ ਦੇਵੀ-ਦੇਵਤਿਆਂ ਦੇ ਵਰਣਨ ਆਦਿ ਕਿਸੇ ਵੀ ਕਹਾਣੀ ਨੂੰ ਮਿਥ ਕਥਾ ਨਹੀਂ ਬਣਾ ਸਕਦੇ। ਕੋਈ ਕਹਾਣੀ ਉਦੋਂ ਤਕ ਮਿਥ ਦੀ ਪਦਵੀ ਹਾਸਿਲ ਨਹੀਂ ਕਰ ਸਕਦੀ ਜਿੰਨੀ ਦੇਰ ਤਕ ਦੇਵੀ-ਦੇਵਤਿਆਂ ਦਾ ਵਰਣਨ ਉਸ ਵਿਚ ਸਜੀਵ ਤੱਤ ਵਾਂਗ ਪੇਸ਼ ਨਾ ਹੋਵੇ। ਡਾ. ਥਿੰਦ[8] ਨੇ ਆਪਣੀ ਪੁਸਤਕ 'ਲੋਕਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ ਵਿਚ 'ਸਟੈਂਡਰਡ ਡਿਕਸ਼ਨਰੀ ਆਫ਼ ਫੋਕਲੋਰ, ਮਾਈਥਾਲੋਜੀ ਐਂਡ ਲੀਜੈਂਡ' ਵਿਚ ਪ੍ਰਸਤੁਤ ਮਿਥ ਦੀ ਪਰਿਭਾਸ਼ਾ ਨੂੰ ਹੀ ਠੀਕ ਸਵੀਕਾਰਿਆ ਹੈ। ਇਸ ਪੁਸਤਕ ਵਿਚ ਡਾ. ਥਿੰਦ ਨੇ ਮਿਥ ਲਈ ਪੁਰਾਣ-ਕਥਾ ਸ਼ਬਦ ਦੀ ਵਰਤੋਂ ਕੀਤੀ ਹੈ। ਜਿਸ ਤੋਂ ਪ੍ਰੇਰਿਤ ਹੋ ਕੇ ਡਾ. ਥਿੰਦ ਨੇ ਇਹ ਧਾਰਨਾ ਬਣਾਈ ਹੈ ਕਿ ਪੁਰਾਣ-ਕਥਾਵਾਂ ਵਿਚ ਮਨੁੱਖੀ ਮਨ ਅੰਦਰ ਪੈਦਾ ਹੋਏ ਸ਼ੰਕਿਆਂ ਅਤੇ ਰਹੱਸਾਂ ਦਾ ਮਾਨਵੀਕ੍ਰਿਤ ਰੂਪ ਵੇਖਣ ਨੂੰ ਮਿਲਦਾ ਹੈ। ਉਹ ਮਿਥ ਦਾ ਸੰਬੰਧ ਮਾਨਵੀ-ਚੇਤਨਾ ਨਾਲ ਜੋੜਦੇ ਹੋਏ ਇਸ ਨੂੰ ਲੋਕ ਮਾਨਸ ਦੀ ਅਭਿਵਿਅਕਤੀ ਸਵੀਕਾਰ ਕਰਦੇ ਹਨ। ਡਾ. ਵਣਜਾਰਾ ਬੇਦੀ[9] ਵੀ ਮਿਥ ਨੂੰ ਪੂਰਵ-ਇਤਿਹਾਸਿਕ ਘਟਨਾ ਸਵੀਕਾਰ ਕਰਦੇ ਹਨ, ਜੋ ਕਲਪਨਾ ਦੀ ਪੱਧਰ ਤੇ ਆਪਣੀ ਹੋਂਦ ਰਖਦੀ ਹੈ। ਮਿਥ ਵਿਚ ਕਲਪਨਾ, ਸਦਾਚਾਰ ਤੇ ਇਤਿਹਾਸ ਨੂੰ ਬਿਨਾਂ ਕਿਸੇ ਨਿਖੇੜੇ ਦੇ

ਸੰਜੁਗਤ ਕਰ ਦਿੱਤਾ ਜਾਂਦਾ ਹੈ। ਇਨ੍ਹਾਂ ਦੇ ਵਿਚਾਰ ਅਨੁਸਾਰ ਸਿਧ ਇਕੱਲੇ ਦੇਵਤਿਆਂ ਦੀ ਕਥਾ ਨਹੀਂ ਹੋ ਸਕਦੀ। ਇਹ ਅਸੁਰਾਂ ਤੇ ਗੰਧਰਬਾਂ ਦਾ ਵਿਖਿਆਨ ਵੀ ਹੋ ਸਕਦੀ। ਇਸ ਸਿਧ ਨੂੰ ਨਵੇਂ ਅਰਥ-ਪਾਸਾਰ ਨਾਲ ਜੋੜਨ ਦਾ ਜਤਨ ਕੀਤਾ ਗਿਆ ਹੈ। ਡਾ. ਗਿੱਲ[10] ਪੁਰਾਣ ਕਥਾ ਦੇ ਸੰਬੰਧ ਵਿਚ ਲਿਖਦੇ ਹੋਏ ਕਹਿੰਦੇ ਹਨ ਕਿ ਪੁਰਾਣ ਕਥਾ ਅਧਿਆਤਮਕ ਸਚਾਈ ਦੇ ਮੂਲ ਸਿਧਾਂਤ ਨੂੰ ਦ੍ਰਿਸ਼ਟਾਂਤਮਈ ਢੰਗ ਨਾਲ ਪ੍ਰਤੀਕਾਂ ਦੁਆਰਾ ਰੂਪਮਾਨ ਕਰਦੀ ਹੈ। ਡਾ. ਗਿੱਲ ਧਾਰਮਿਕ ਖੇਤਰ ਨਾਲ ਇਨ੍ਹਾਂ ਕਥਾਵਾਂ ਦਾ ਸੰਬੰਧ ਜੋੜਦੇ ਪ੍ਰਤੀਤ ਹੁੰਦੇ ਹਨ।

ਡਾ. ਕਰਨੈਲ ਸਿੰਘ ਥਿੰਦ ਅਤੇ ਡਾ. ਵਣਜਾਰਾ ਬੇਦੀ ਦੇ ਸਿਧ-ਸੰਕਲਪ ਵਿਚ ਸਮਾਨਤਾਵਾਂ ਹਨ। ਦੋਵੇਂ ਵਿਦਵਾਨ ਸਿਧ ਨੂੰ ਇਕ ਕਥਾ ਰੂਪ ਵਿਚ ਗ੍ਰਹਿਣ ਕਰਦੇ ਹਨ। ਸਾਡੇ ਵਿਚਾਰ ਅਨੁਸਾਰ ਇਹੋ ਹੀ ਵਿਆਖਿਆ ਸਹੀ ਹੈ। ਡਾ. ਰਮੇਸ਼ ਕੁੰਤਲ ਮੇਘ[11] ਅਨੁਸਾਰ ਇਨ੍ਹਾਂ ਕਥਾ ਰੂਪਾਂ ਵਿਚ ਸਮੂਹਿਕ ਸੰਵੇਗਾਂ ਦੇ ਮਨੋਵਿਗਿਆਨ ਦੀਆਂ ਬਹੁਤੀਆਂ ਸੰਭਾਵਨਾਵਾਂ ਨਿਹਿਤ ਹੁੰਦੀਆਂ ਹਨ। ਇਨ੍ਹਾਂ ਕਥਾ ਰੂਪਾਂ ਵਿਚ ਸਮੂਹਿਕ ਆਲੋਚਨ, ਸਮੂਹਿਕ ਅਨੁਸ਼ਠਾਨ ਅਤੇ ਸੰਸਕਾਰ ਕ੍ਰਮ ਸਮੂਹਿਕ ਉਤਸਵ ਅਤੇ ਸਮੂਹਿਕ ਰੁਚੀਆਂ ਪ੍ਰਤਿਬਿੰਬਤ ਹੁੰਦੀਆਂ ਹਨ।

ਡਾ. ਰਮੇਸ਼ ਕੁੰਤਲ ਮੇਘ ਦੇ ਕਥਨ ਤੋਂ ਸਪਸ਼ਟ ਹੁੰਦਾ ਹੈ ਕਿ ਸਿਧ ਕਥਾਵਾਂ ਲੋਕ ਮਾਨਸ ਦੇ ਮਨੋਵਿਗਿਆਨਿਕ ਪਹਿਲੂਆਂ ਨੂੰ ਬੜੇ ਪ੍ਰਤੀਕਾਤਮਕ ਪਰ ਢੁੱਕਵੇਂ ਰੂਪ ਵਿਚ ਪੇਸ਼ ਕਰਦੀਆਂ ਹਨ, ਪਰ ਇਹ ਸਭ ਕੁਝ ਸੁਤੇ-ਸਿਧ ਹੀ, ਬਿਨਾਂ ਕਿਸੇ ਉਚੇਚ ਦੇ ਰੂਪਮਾਨ ਹੁੰਦਾ ਹੈ।

ਡਾ. ਨਗੇਂਦ੍ਰ[12] ਅਨੁਸਾਰ ਮਿਥਕ ਦਾ ਅਰਥ ਹੈ ਐਸੀ ਪਰੰਪਰਾਗਤ ਕਥਾ ਜਿਸਦਾ ਸੰਬੰਧ ਅਪ੍ਰਾਕ੍ਰਿਤਿਕ ਘਟਨਾਵਾਂ ਅਤੇ ਭਾਵਾਂ ਨਾਲ ਹੁੰਦਾ ਹੈ। ਮਿਥਕ ਮੂਲ ਰੂਪ ਵਿਚ ਆਦਿਮ ਮਨੁੱਖ ਦੇ ਮਨ ਦੀ ਸ੍ਰਿਸ਼ਟੀ ਹੈ ਜਿਸ ਵਿਚ ਚੇਤਨ ਨਾਲੋਂ ਅਚੇਤਨ ਪ੍ਰਕ੍ਰਿਆ ਦੀ ਪ੍ਰਧਾਨਤਾ ਹੁੰਦੀ ਹੈ। ਮਿਥ ਕਥਾ ਦਾ ਸਰੂਪ ਕਲਾਤਮਕ ਹੁੰਦਾ ਹੈ, ਜੋ ਕਲਪਨਾ ਆਧਾਰਿਤ ਹੋਣ ਕਾਰਨ ਅਲੌਕਿਕ ਤੇ ਅਤਿਮਾਨਵੀ ਘਟਨਾਵਾਂ ਨੂੰ ਪੇਸ਼ ਕਰਦੀ ਹੈ। ਮਾਨਵੀ ਜੀਵਨ ਵਿਚ ਇਨ੍ਹਾਂ ਘਟਨਾਵਾਂ ਦੀ ਵਿਸ਼ੇਸ਼ ਮਹਾਨਤਾ ਸਾਂਝਿਆ ਹੁੰਦੀ ਹੈ। ਇਸ ਵਿਚਲੀ ਕਲਪਨਾ ਨੂੰ ਸੱਤਿ ਦੀ ਪ੍ਰਤੀਤੀ ਦੇ ਰੂਪ ਵਿਚ ਗ੍ਰਹਿਣ ਕੀਤਾ ਜਾਂਦਾ ਹੈ, ਇਸ ਵਾਸਤੇ ਮਿਥ-ਕਥਾ ਵਿਚ ਕਲਪਨਾ ਅਤੇ ਸੱਤਿ ਅਰਥਾਤ ਭਾਵਗਤ ਸੱਤਿ ਅਤੇ ਵਸਤੂਗਤ ਸੱਤਿ ਦੀ ਅਭੇਦ ਪ੍ਰਤੀਤੀ ਇਸ ਦੀ ਆਧਾਰ-ਭੂਮੀ ਹੁੰਦੀ ਹੈ।

'ਦੀ ਫੌਨਟੇਨਾ ਡਿਕਸ਼ਨਰੀ ਆਫ਼ ਮਾਡਰਨ ਥਾਟਸ'[13] ਵਿਚ ਵੀ ਮਿਥ ਨੂੰ ਇਕ ਪਵਿੱਤਰ ਬਿਰਤਾਂਤ ਦੇ ਰੂਪ ਵਿਚ ਸਵੀਕਾਰਿਆ ਗਿਆ ਹੈ। ਰੋਲਾਂ ਬਾਰਤ[14] ਆਪਣੀ ਪੁਸਤਕ 'ਮਾਈਥਾਲੋਜੀਜ਼' ਵਿਚ ਮਿਥ ਦਾ ਸੰਬੰਧ ਭਾਸ਼ਾ ਨਾਲ ਜੋੜਦਾ ਹੈ। ਉਸ ਨੇ ਮਿਥ ਨੂੰ ਉੱਤਰ-ਭਾਸ਼ਾ (metalanguage) ਦੇ ਰੂਪ ਵਿਚ ਗ੍ਰਹਿਣ ਕੀਤਾ ਹੈ। ਉਸ ਦੇ ਕਥਨ ਅਨੁਸਾਰ ਮਿਥ ਚਿਹਨਾਂ ਦਾ ਇਕ ਸੰਸਾਰ ਹੈ। ਮਿਥਕ ਚਿਹਨ ਭਾਸ਼ਾਈ ਚਿਹਨਾਂ ਵਾਂਗੀਂ ਹੀ ਗ੍ਰਹਿਣ ਕਰਦੇ ਹਨ। ਇਸ ਕਰਕੇ ਉਹ ਮਿਥ ਨੂੰ ਦੂਜੇ ਪੱਧਰ ਦਾ ਚਿਹਨ-ਪ੍ਰਬੰਧ ਸਵੀਕਾਰ ਕਰਦਾ ਹੈ।

ਰਿਚਰਡ ਚੇਜ਼[15] ਦਾ ਕਥਨ ਹੈ ਕਿ ਯੂਨਾਨੀ ਸ਼ਬਦ muthos ਦਾ ਸਿੱਧਾ ਤੇ ਸਰਲ ਅਰਥ ਹੀ ਠੀਕ ਹੈ। ਜਿਸ ਅਨੁਸਾਰ ਮਿਥ ਇਕ ਕਹਾਣੀ, ਇਕ ਕਥਾ ਜਾਂ

ਕਾਵਿ ਹੈ। ਉਹ ਮਿਥ ਨੂੰ ਇਕ ਵਿਸ਼ੇਸ਼ ਪ੍ਰਕਾਰ ਦੀ ਕਲਾ ਮੰਨਦਾ ਹੈ।

ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਮਿਥ ਉਹ ਪਰੰਪਰਾਗਤ ਪਵਿੱਤਰ ਬਿਰਤਾਂਤ ਜਾਂ ਕਥਾ ਰੂਪ ਹੈ ਜਿਸ ਵਿਚ ਦੈਵੀ ਅਥਵਾ ਅਸਾਧਾਰਣ ਪਾਤਰਾਂ ਅਤੇ ਅਲੌਕਿਕ ਘਟਨਾਵਾਂ ਦੀ ਪੇਸ਼ਕਾਰੀ ਹੁੰਦੀ ਹੈ। ਇਹ ਆਦਿਮ ਮਨੁੱਖ ਦੀਆਂ ਧਾਰਮਿਕ ਭਾਵਨਾਵਾਂ ਅਤੇ ਵਿਸ਼ਵਾਸਾਂ ਨਾਲ ਆਪਣਾ ਸੰਬੰਧ ਜੋੜਦੀ, ਪਾਰਗਮਤਾ ਦੇ ਸਿਧਾਂਤ ਨੂੰ ਅਪਣਾਉਂਦੀ ਹੋਈ ਸਮੂਹਿਕ ਜਾਤੀ ਦੇ ਅਵਚੇਤਨ ਮਨ ਦੀ ਪ੍ਰਤੀਕਮਈ ਅਭਿਵਿਅਕਤੀ ਹੈ।

ਮਿਥ ਸਾਹਿਤ ਸਾਡੀ ਸੰਸਕ੍ਰਿਤੀ ਦਾ ਮਹੱਤਵਪੂਰਨ ਅੰਗ ਹੈ। ਸਮੇਂ-ਸਮੇਂ ਸਾਹਿਤਕਾਰਾਂ ਨੇ ਇਸ ਮਿਥਕ ਵਿਰਸੇ ਤੋਂ ਪ੍ਰਭਾਵਿਤ ਹੋ ਕੇ ਇਸ ਨੂੰ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਇਆ ਹੈ। ਅਜਿਹੀਆਂ ਮਿਥਕ ਰਚਨਾਵਾਂ ਸਾਹਿਤ ਵਿਚ ਉਚੇਰਾ ਸਥਾਨ ਰਖਦੀਆਂ ਹਨ। ਵੱਖ-ਵੱਖ ਭਾਸ਼ਾਵਾਂ ਦੇ ਸਾਹਿਤਕਾਰਾਂ ਨੇ ਇਸ ਦਾ ਲਾਭ ਉਠਾਇਆਂ ਹੋਇਆਂ ਮਿਥ ਨੂੰ ਆਪਣੀਆਂ ਰਚਨਾਵਾਂ ਦੀ ਪਿਠਭੂਮੀ ਵਜੋਂ ਵਰਤਿਆ ਹੈ। ਸੰਸਾਰ ਪ੍ਰਸਿੱਧ ਸਾਹਿਤਕਾਰਾਂ ਦੀਆਂ ਰਚਨਾਵਾਂ ਜਿਵੇਂ ਹੋਮਰ ਦੀ 'ਇਲੀਅਡ' ਤੇ 'ਓਡੀਸੀ', ਵਰਜਿਲ ਦੀ 'ਈਨੀਡ', ਮਿਲਟਨਦੀ 'ਪੈਰਾਡਾਈਜ਼ ਲਾਸਟ', ਦਾਂਤੇ ਦੀ 'ਡਿਵਾਈਨਾ ਕਾਮੇਡੀਆ', ਸ਼ੈਕਸਪੀਅਰ ਦੇ 'ਮੈਕਬੈਥ', 'ਹੈਮਲੇਟ', ਸ਼ੈਲੇ ਦੀ 'ਪਰੋਮੀਥੀਅਸ ਅਨਬਾਊਂਡ', ਟੀ. ਐਸ. ਈਲੀਅਟ ਦੀ 'ਵੇਸਟਲੈਂਡ' ਆਦਿ ਮਿਥਕ ਰਚਨਾਵਾਂ ਹੀ ਹਨ ਜਿਹੜੀਆਂ ਵਿਸ਼ਵ ਦੇ ਸਾਹਿਤ ਵਿਚ ਆਪਣਾ ਉਚੇਰਾ ਸਥਾਨ ਰਖਦੀਆਂ ਹਨ। ਵੈਦਿਕ ਸਾਹਿਤ ਵਿਚ 'ਰਾਮਾਇਣ' ਅਤੇ ਮਹਾਭਾਰਤ, ਕਾਲੀਦਾਸ ਦੇ ਨਾਟਕ 'ਸ਼ਕੁੰਤਲਾ', 'ਕੁਮਾਰ ਸੰਭਵ' ਆਦਿ ਵਿਚ ਵੀ ਮਿਥਕ ਪਰੰਪਰਾ ਨੇ ਆਪਣਾ ਸਥਾਨ ਤਹਿ ਕੀਤਾ ਹੈ। ਡਾ. ਵੀਰੇਂਦ੍ਰ[16] ਦੇ ਸ਼ਬਦਾਂ ਵਿਚ ਮਿਥਕ ਸਾਂਸਕ੍ਰਿਤਕ ਪ੍ਰਕ੍ਰਿਆ ਦਾ ਇਕ ਅਭਿੰਨ ਅੰਗ ਹੈ ਅਤੇ ਨਾਲ ਹੀ ਮਨੁੱਖ ਦੇ ਇਤਿਹਾਸਿਕ ਵਿਕਾਸ ਕ੍ਰਮ ਨੂੰ ਉਸ ਦੀ ਵਿਕਾਸਸ਼ੀਲਤਾ ਦੀ ਸਾਪੇਖਤਾ ਵਿਚ ਰੇਖਾਂਕਿਤ ਕਰਦਾ ਹੈ।

'ਬ੍ਰਹਮ ਦੀ ਹੋਂਦ' ਹੀ ਮੂਲ ਰੂਪ ਵਿਚ ਮਿਥ ਸਿਰਜਣਾ ਦਾ ਪ੍ਰਾਰੰਭ ਮੰਨੀ ਜਾ ਸਕਦੀ ਹੈ। ਮਨੁੱਖ ਦਾ ਅਟੱਲ ਵਿਸ਼ਵਾਸ ਕਿ ਇਸ ਦਿਸਦੀ ਪ੍ਰਾਕ੍ਰਿਤੀ ਨੂੰ ਚਲਾਉਣ ਵਿਚ ਕਿਸੇ ਅਦ੍ਰਿਸ਼ ਅਮੂਰਤ ਸ਼ਕਤੀ ਦਾ ਹੱਥ ਹੈ, ਨੇ ਵਿਭਿੰਨ ਮਿਥਾਂ ਨੂੰ ਜਨਮ ਦਿੱਤਾ ਹੈ। ਥੋੜੇ ਚਲ ਕੇ ਇਹਨੀ ਮਿਥਾਂ ਪੀਰਾਂ, ਪੈਗੰਬਰਾਂ, ਰੂਹਾਂ, ਅਵਤਾਰਾਂ ਦੀਆਂ ਮਿਥਾਂ ਬਣਦੀਆਂ ਗਈਆਂ ਹਨ। ਆਰੰਭ ਵਿਚ ਜਦੋਂ ਮਨੁੱਖ ਦਾ ਸਾਹਮਣਾ ਪ੍ਰਾਕ੍ਰਿਤਕ ਸ਼ਕਤੀਆਂ ਨਾਲ ਹੋਇਆ ਤਾਂ ਉਸ ਨੇ ਆਪਣੇ ਆਪ ਨੂੰ ਇਨ੍ਹਾਂ ਸ਼ਕਤੀਆਂ ਸਾਹਮਣੇ ਤੁੱਛ ਮਹਿਸੂਸ ਕੀਤਾ ਅਤੇ ਪ੍ਰਾਕ੍ਰਿਤੀ ਨੂੰ ਆਪਣੇ ਕਾਬੂ ਕਰਨ ਹਿਤ ਅਨੇਕ ਦੇਵੀ-ਦੇਵਤਿਆਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਇੰਦਰ ਦੇਵਤਾ, ਅਗਨੀ ਦੇਵਤਾ, ਪਵਨ ਦੇਵਤਾ ਆਦਿ ਤੇਤੀ ਕਰੋੜ ਦੇਵੀ ਦੇਵਤਿਆਂ ਦੀ ਹੋਂਦ ਸਾਹਮਣੇ ਆਈ ਜਿਹੜੇ ਕਿ ਹਿੰਦੂ ਮਿਥਿਹਾਸ ਦੇ ਪੂਜਨੀਕ ਦੇਵੀ-ਦੇਵਤੇ ਬਣ ਗਏ। ਪ੍ਰਾਕ੍ਰਿਤੀ ਦੇ ਭੇਦਾਂ ਨੂੰ ਸਮਝਣ ਲਈ ਮਨੁੱਖ ਅਕਸਰ ਕਲਪਨਾ ਦਾ ਸਹਾਰਾ ਲੈਂਦਾ ਹੈ। ਇਸ ਕਾਰਣ ਮਿਥ ਵਿਚ ਕਲਪਨਾ ਦਾ ਅੰਸ਼ ਵੀ ਸ਼ਾਮਿਲ ਹੁੰਦਾ ਰਿਹਾ ਹੈ। ਇਸ ਤਰ੍ਹਾਂ ਮਿਥ ਨੂੰ ਵਾਸਤਵਿਕਤਾ ਜਾਂ ਯਥਾਰਥ ਦਾ ਵਿਰੋਧੀ ਵੀ ਮੰਨਿਆ ਗਿਆ ਹੈ। ਕਈ ਵਾਰ ਤਾਂ ਮਿਥ ਨੂੰ ਝੂਠ, ਗੱਪ ਜਾਂ ਮਿਥਿਆ ਆਦਿ ਸ਼ਬਦਾਂ ਵਿਚ ਵੀ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਹ ਗੱਲ ਵੀ ਮੰਨਣਯੋਗ ਹੈ ਕਿ ਮਿਥ ਦਾ ਵਾਸਤਵਿਕਤਾ ਨਾਲ ਵੀ ਸੰਬੰਧ ਹੈ ਅਤੇ ਇਹ ਕਲਪਨਾ ਨੂੰ ਵੀ ਆਪਣੇ ਘੇਰੇ ਵਿਚ ਲੈਂਦੀ ਹੈ ਪਰੰਤੂ ਇਹ ਨਿਰੋਲ ਝੂਠ ਜਾਂ ਗੱਪ ਤੇ ਆਧਾਰਿਤ ਵੀ ਨਹੀਂ ਹੁੰਦੀ। ਇਸ ਤਰ੍ਹਾਂ ਵਾਸਤਵਿਕਤਾ ਅਤੇ ਕਲਪਨਾ ਦਾ ਸੁਮਿਸ਼ਰਣ, ਮਿਥ ਦੇ ਜ਼ਰੂਰੀ ਅੰਗ ਹਨ। ਕੋਈ ਵੀ ਮਿਥ ਆਪਣੇ ਵਿਰਤਾਂਤਕ ਰੂਪ ਕਰਕੇ ਹੀ ਮਿਥ ਨਹੀਂ ਅਖਵਾਉਂਦੀ ਬਲਕਿ ਆਪਣੇ ਅਮੂਰਤ ਮਿਥਕ ਪ੍ਰਬੰਧ ਦੀ ਸਾਰਵਜਨੀਨਤਾ ਕਰਕੇ ਹੀ ਮਿਥ ਬਣਨ ਦਾ ਮਾਣ ਹਾਸਿਲ ਕਰਦੀ ਹੈ।

ਮਿਥਕ ਸੁਪਨਿਆਂ ਦਾ ਬਾਹਰ ਉਸ ਦੀ ਅੰਦਰਲੀ ਮਿਥਕੀ ਸੋਚਣੀ ਵਿਚ ਹੁੰਦਾ ਹੈ ਜਿਸ ਨੂੰ ਸਮੂਹਿਕ ਵਿਸ਼ਵਾਸਾਂ ਦੀ ਇਕ ਪਰੰਪਰਾ ਨਾਲ ਜੁੜੇ ਲੋਕ ਬੜੀ ਆਸਾਨੀ ਨਾਲ ਸਮਝ ਜਾਂਦੇ ਹਨ।[17] ਮਿਥ ਦੀ ਸਿਰਜਣਾ ਵਿਚ 'ਮਨੁੱਖੀ ਮਨ' ਇਕ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਮਿਥ ਸਿਰਜਣਾ ਵਿਚ ਮਨੁੱਖੀ ਮਨ ਦੇ ਅਚੇਤ ਅਤੇ ਸੁਚੇਤ ਦੋਵੇਂ ਪੱਖ ਕਾਰਜਸ਼ੀਲ ਹੁੰਦੇ ਹਨ। ਡਾ. ਨਗੇਂਦ੍ਰ ਅਨੁਸਾਰ ਮਨੁੱਖ ਨੇ ਇਕ ਪਾਸੇ ਪ੍ਰਕ੍ਰਿਤੀ ਦੇ ਤੱਤਾਂ ਉੱਤੇ ਆਪਣੇ ਰਾਗ-ਦ੍ਵੈਸ਼, ਪ੍ਰੇਮ, ਭੈ, ਘ੍ਰਿਣਾ, ਕ੍ਰੋਧ, ਵਿਸਮਯ ਆਦਿ ਮਨੋਭਾਵਾਂ ਦਾ ਅਤੇ ਦੂਸਰੇ ਪਾਸੇ ਪ੍ਰਾਕ੍ਰਿਤਕ ਘਟਨਾਵਾਂ ਉੱਤੇ ਆਪਣੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ — ਜਨਮ, ਮਰਨ, ਪ੍ਰਜਨਨ, ਸੰਘਰਸ਼ ਆਦਿ ਦਾ ਸਹਿਜ ਰੂਪ ਨਾਲ ਆਰੋਪਣ ਕਰਨਾ ਆਰੰਭ ਕਰ ਦਿੱਤਾ। ਮਾਨਵੀਕਰਨ ਦੀ ਇਸ ਪ੍ਰਕ੍ਰਿਆ ਤੋਂ ਪੁਰਾਣਕਥਾਵਾਂ ਅਤੇ ਦੇਵਕਥਾਵਾਂ ਦਾ ਜਨਮ ਹੋਇਆ। ਪ੍ਰਕ੍ਰਿਤੀ ਦੇ ਪ੍ਰਮੁੱਖ ਤੱਤ ਸੂਰਜ, ਚੰਦ, ਅਗਨੀ, ਜਲ, ਪ੍ਰਿਥਵੀ, ਆਕਾਸ਼ ਆਦਿ ਨੂੰ ਦੇਵਾਂ ਦੇ ਰੂਪ ਵਿਚ ਮਾਨਤਾ ਦਿੱਤੀ ਜਾਣ ਲੱਗੀ ਜੋ ਇਕ ਤਰਫ਼ ਮਾਨਵੀ ਭਾਵਨਾਵਾਂ ਅਤੇ ਦੂਸਰੀ ਤਰਫ਼ ਪ੍ਰਕ੍ਰਿਤੀ ਦੀ ਅਸੀਮ ਸ਼ਕਤੀ ਨਾਲ ਭਰਪੂਰ ਸਨ। ਉਪਰ ਪ੍ਰਕ੍ਰਿਤੀ ਦੀ ਉਦਭਵ, ਵਿਕਾਸ, ਵਿਨਾਸ਼, ਰੁੱਤ ਪਰਿਵਰਤਨ ਆਦਿ ਘਟਨਾਵਾਂ ਨੂੰ ਮਾਨਵ ਜੀਵਨ ਦੀ ਘਟਨਾਵਾਂ ਦੇ ਰੂਪ ਵਿਚ ਨਿਰੂਪਿਤ ਕੀਤਾ ਗਿਆ।[118]

ਮਿਥ ਸੰਬੰਧੀ ਕਥਾਵਾਂ ਅਜਿਹਾ ਘਟਨਾਵਾਂ ਲੋਕਾਂ ਦੇ ਅਚੇਤ ਮਨ ਵਿਚ ਬੈਠੀਆਂ ਹੁੰਦੀਆਂ ਹਨ। ਜਦ ਵੀ ਕੋਈ ਰਚੇਤਾ ਆਪਣੀ ਰਚਨਾ ਵਿਚ ਲੋਕ ਮਨ ਨਾਲ ਜੁੜ ਕੇ ਉਨ੍ਹਾਂ ਦੀ ਮਾਨਸਿਕਤਾ ਨੂੰ ਉਲੀਕਣ ਦਾ ਯਤਨ ਕਰਦਾ ਹੈ ਤਾਂ ਜਹਿੜੀ ਗੱਲ ਉਹ ਇਨ੍ਹਾਂ ਮਿਥਕ ਅਜਿਹਾ ਪੌਰਾਣਿਕ ਕਥਾਵਾਂ ਨੂੰ ਆਪਣੀ ਰਚਨਾ ਦਾ ਆਧਾਰ ਬਣਾ ਲੈਂਦਾ ਹੈ ਅਤੇ

ਜਨ-ਮਾਨਸ ਦੀ ਉਨ੍ਹਾਂ ਦੇ ਅਚੇਤ ਆਸਾਨੀ ਨਾਲ ਗ੍ਰਹਿਣ ਕਰ ਲੈਂਦਾ ਹੈ।

ਮੱਧਕਾਲੀਨ ਸਾਹਿਤ, ਵਿਸ਼ੇਸ਼ ਕਰਕੇ ਗੁਰਬਾਣੀ ਸਾਹਿਤ, ਲੋਕਧਾਰਾ ਦੀਆਂ ਰੂੜ੍ਹੀਆਂ ਨੂੰ ਆਪਣੇ ਵਿਚ ਸਮੇਟੀ ਬੈਠਾ ਹੈ। ਲੋਕਗਾਨ ਲੋਕ-ਜੀਵਨ ਦਾ ਪ੍ਰਤੀਰੂਪ ਮੰਨਿਆ ਜਾਂਦਾ ਹੈ। ਕੋਈ ਵੀ ਲੇਖਕ, ਲੋਕਗਾਨ ਦੀ ਵਰਤੋਂ ਤੋਂ ਅਭਿੱਜ ਨਹੀਂ ਰਹਿ ਸਕਦਾ। ਜਦੋਂ ਵੀ ਕਿਸੇ ਰਚੇਤਾ ਨੇ ਲੋਕ-ਮਨ ਦੇ ਨੇੜੇ ਹੋ ਕੇ ਉਸ ਵਰਗ ਦੀ ਕੋਈ ਗੱਲ ਆਪਣੀ ਰਚਨਾ ਵਿਚ ਕਹਿਣੀ ਹੋਵੇ ਜਾਂ ਕੋਈ ਉਪਦੇਸ਼ ਦੇਣਾ ਹੋਵੇ, ਚਾਹੇ ਉਹ ਉਪਦੇਸ਼ ਧਾਰਮਿਕ ਹੋਵੇ ਜਾਂ ਸਮਾਜਿਕ ਹੋਵੇ, ਤਦ ਲੋਕਗਾਨ ਦੇ ਤੱਤਾਂ ਨੂੰ ਹੀ ਉਸ ਨੇ ਇਕ ਕਾਰਗਰ ਹਥਿਆਰ ਵਜੋਂ ਵਰਤਿਆ ਹੈ। ਇਸ ਸੰਬੰਧ ਵਿਚ ਡਾ. ਵਣਜਾਰਾ ਬੇਦੀ[19] ਦਾ ਕਥਨ ਹੈ ਕਿ ਪੰਜਾਬ ਦਾ ਬਹੁਤ ਸਾਰਾ ਮੱਧਕਾਲੀ ਸਾਹਿਤ ਲੋਕ-ਮਨ ਦੀਆਂ ਅਨੁਭੂਤੀਆਂ ਹੋਣ ਕਰਕੇ ਲੋਕਧਾਰਾ ਦੀਆਂ ਰੂੜ੍ਹੀਆਂ ਉੱਤੇ ਪਲਿਆ ਹੈ। ਜੇ ਇਹਨਾਂ ਵਿਚੋਂ ਲੋਕ-ਰੂੜ੍ਹੀਆਂ ਬਾਹਰ ਕਢੀਏ ਤਾਂ ਪਿੱਛੇ ਕੁੱਝ-ਸਰੂਪ ਹੀ ਰਹਿੰਦਾ ਹੈ ਜਿਸ ਵਿਚ ਪਾਠਕਾਂ ਨੂੰ ਕਸਮਾਨ ਤੇ ਵਿਚੋਰ ਕਰਨ ਦੀ ਸਜੀਵਤਾ ਨਹੀਂ ਹੁੰਦੀ। ਮੱਧਕਾਲ ਦਾ ਬਹੁਤ ਸਾਰਾ ਪੰਜਾਬੀ ਸਾਹਿਤ ਤਾਂ ਲੋਕਧਾਰਾ ਦੀ ਹੀ ਸਾਹਿਤਕ ਪੱਧਰ ਉੱਤੇ ਪੁਨਰ-ਸਿਰਜਨਾ ਹੈ। ਕਿਸੇ ਦਾ ਵਸਤੂ ਲੋਕ-ਧਾਰਾਈ ਹੈ ਤੇ ਕਿਸੇ ਦਾ ਰੂਪ ਲੋਕ ਤੇ ਕਿਸੇ ਦਾ ਵਸਤੂ ਤੇ ਰੂਪ ਦੋਵੇਂ ਹੀ। ਮੁਕਦੀ ਗੱਲ ਇਹ ਹੈ ਕਿ ਕੋਈ ਵੀ ਰਚਨਾਕਾਰ ਉਦੋਂ ਤਕ ਸਫਲ ਨਹੀਂ ਹੋ ਸਕਦਾ, ਜਦੋਂ ਤਕ ਕਿ ਉਹ ਆਪਣੀ ਰਚਨਾ ਵਿਚ ਲੋਕਮਨ ਦੀ ਅੰਤਰਿਕ ਮੁਕਤੀ ਨੂੰ ਪੂਰੀ ਤਰ੍ਹਾਂ ਅਭਿਵਿਅਕਤ ਨਹੀਂ ਕਰਦਾ। ਸਾਹਿਤਕਾਰਾਂ ਦੁਆਰਾ ਲੋਕਗਾਨ ਦੀ ਵਰਤੋਂ ਨਵੀਆਂ ਬੋਤਲਾਂ ਵਿਚ ਪੁਰਾਣੀ ਸ਼ਰਾਬ ਨਹੀਂ, ਸਗੋਂ ਪ੍ਰਾਚੀਨਤਾ ਦਾ ਨਵੀਨੀਕਰਨ ਹੈ। ਗੁਰੂ ਸਾਹਿਬਾਨ ਅਤੇ ਸੂਫ਼ੀ ਕਵੀਆਂ ਨੇ ਪੁਰਾਣੇ ਕਾਵਿ-ਭੇਦਾਂ ਵਿਚ

ਨਵੇਂ ਵਿਚਾਰਾਂ ਨੂੰ ਅਭਿਵਿਅਕਤ ਕੀਤਾ ਹੈ। ਇੱਨਾਂ ਕਵੀਆਂ ਨੇ ਲੋਕ ਪ੍ਰਚਲਿਤ ਕਥਾਨਕ ਲੈ ਕੇ ਉਨ੍ਹਾਂ ਵਿਚ ਨਵੀਨਤਾ ਲਿਆਂਦੀ ਹੈ। ਲੋਕ-ਮਾਨਸ ਦੇ ਵਿਭਿੰਨ ਉਪਾਦਾਨ ਵਿਸ਼ਿਸ਼ਟ ਸਾਹਿਤ ਦੇ ਲੇਖਕਾਂ ਦੁਆਰਾ ਗ੍ਰਹਿਣ ਕਰ ਲਏ ਜਾਂਦੇ ਹਨ ਅਤੇ ਕੁਝ ਸਮੇਂ ਪਿਛੋਂ ਕੋਟੀ ਦੇ ਸਾਹਿਤ ਵਿਚ ਘੁੱਲ-ਮਿਲ ਕੇ ਉਸ ਦਾ ਅੰਗ ਬਣ ਜਾਂਦੇ ਹਨ।[20]

ਮੱਧਕਾਲੀਨ ਯੁਗ ਦੇ ਸੰਤ, ਭਗਤ, ਸਮਾਜ ਵਿਚ ਵਿਚਰਦੇ ਪ੍ਰਾਣੀ ਸਨ। ਇਸ ਲਈ ਉਨ੍ਹਾਂ ਆਪਣੀਆਂ ਰਚਨਾਵਾਂ ਵਿਚ ਤਤਕਾਲੀਨ ਸਾਹਿਤਕ ਰੂਪਾਂ ਅਤੇ ਸਾਹਿਤਕ ਤੱਤਾਂ ਨੂੰ ਗ੍ਰਹਿਣ ਕਰ ਲਿਆ ਜਿਸ ਨਾਲ ਉਨ੍ਹਾਂ ਦੀਆਂ ਰਚਨਾਵਾਂ ਤਤਕਾਲੀਨ ਸਮਾਜ ਦੀ ਮੂੰਹ ਬੋਲਦੀ ਤਸਵੀਰ ਬਣ ਗਈਆਂ।

ਗੁਰੂ ਰਵਿਦਾਸ ਬਾਣੀ ਦਾ ਸੂਖਮਤਾ ਨਾਲ ਅਧਿਐਨ ਕਰਨ ਉਪਰੰਤ ਇਹ ਤੱਥ ਸਪਸ਼ਟ ਹੁੰਦਾ ਹੈ ਕਿ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਲੋਕ-ਮਾਨਸ ਵਿਚ ਪ੍ਰਚਲਿਤ ਮਿੱਥਾਂ ਅਤੇ ਪੌਰਾਣਿਕ ਕਥਾਵਾਂ ਨੂੰ ਪ੍ਰਤੀਕ ਰੂਪ ਵਿਚ ਵਰਤ ਕੇ ਲੋਕ ਮਨ ਦੀ ਸਹੀ ਤੇ ਸੁਯੋਗ ਅਭਿਵਿਅਕਤੀ ਕੀਤੀ ਹੈ, ਜਿਹੜੀ ਕਿ ਸਿਧ, ਆਦਿਮ ਯੁਗ ਤੋਂ ਪਰੰਪਰਾ ਰੂਪ ਵਿਚ ਪ੍ਰਾਪਤ ਮਾਨਤਾਵਾਂ, ਸੰਸਕਾਰਾਂ ਅਤੇ ਧਾਰਮਿਕ ਅਨੁਸ਼ਠਾਨਾਂ ਦੀ ਵਿਆਖਿਆ ਕਰਦੀ ਹੈ।[21]

ਰਵਿਦਾਸ ਬਾਣੀ ਜਿੱਥੇ ਮੱਧਕਾਲੀਨ ਭਾਰਤੀ ਭਗਤੀ ਦਾ ਲੋਕਧਾਰਾਈ ਵਿਰਸਾ ਹੈ, ਉਥੇ ਇਸ ਵਿਚਲੇ ਮਿਥਿਹਾਸ ਨਾ ਕੇਵਲ ਮਿਥਿਹਾਸਿਕ ਤੱਤਾਂ ਵੱਲ ਸੰਕੇਤ ਦਿੰਦੇ ਹਨ, ਸਗੋਂ ਇਸ ਵਿਦਮਾਨ ਸੰਸਾਰ ਵਿਚ ਵਾਪਰਦੇ ਅਸਚਰਜ ਅਤੇ ਪਰਾਲੌਕਿਕਤਾ ਭਰਪੂਰ ਘਟਨਾ ਵਿਚ ਵਿਦਮਾਨ ਹੁੰਦੀਆਂ ਅਸਚਰਜ ਕਰਾਮਾਤਾਂ ਅਤੇ ਦੇਵਤਿਆਂ ਦੇ ਵਰਦਾਨਾਂ ਰਾਹੀਂ ਇਕ ਵਿਸ਼ਿਸ਼ਟ ਸਭਿਆਚਾਰਕ ਸੰਦਰਭ ਦੀ ਵਿਆਖਿਆ ਕਰਦੇ ਹਨ। ਅਜਿਹਾ ਵਧੇਰੇ ਕਰਕੇ ਉਹ ਸਾਰ-ਤੱਤ ਵਿਚੋਂ

ਨਿਕਲ ਸਾਖਰ ਰੂਪ ਧਾਰਨ ਕਰਦਾ ਹੈ, ਜਦੋਂ ਪਰੰਪਰਾ ਬੇਹੱਦ ਬਲਵਾਨ ਹੋਵੇ। ਰਵਿਦਾਸ ਕਾਲ ਦੌਰਾਨ ਕ੍ਰਿਸ਼ਨ-ਭਗਤੀ ਅਤੇ ਰਾਮ-ਭਗਤੀ ਦੀ ਪਰਿਪਾਟੀ ਬੇਹੱਦ ਪ੍ਰਧਾਨ ਸੀ ਅਤੇ ਨਿਰਗੁਣ ਅਤੇ ਸਗੁਣਧਾਰਾ ਨਾਲ ਜੁੜੇ ਅਨੇਕ ਸੰਤ ਕਵੀ ਆਪਣੀ ਕਾਵਿ-ਚੇਤਨਾ ਦਾ ਹਿੰਦੀ ਅਤੇ ਹੋਰ ਖੇਤਰੀ ਭਾਸ਼ਾਵਾਂ ਵਿਚ ਝਲਕਾਰਾ ਦੇ ਰਹੇ ਸਨ। ਅਜਿਹੀ ਹੀ ਅਵਸਥਾ ਵਿਚ ਕੁਝ ਰਵਾਇਤਾਂ ਅਤੇ ਪ੍ਰਚਲਿਤ ਮਿਥਾਂ ਜਾਂ ਟੋਟਮ ਲੋਕ-ਮਾਨਸ ਵਿਚ ਪ੍ਰਚਲਿਤ ਹੋ ਜਾਂਦੇ ਹਨ ਜੋ ਕਿ ਕਾਵਿ ਵਿਚ ਉੱਦਾਤ ਬਿਰਤੀ ਪਾ ਲੈਂਦੇ ਹਨ। ਧਰਮ ਅਤੇ ਧਰਮ ਸੰਬੰਧੀ ਕਾਵਿ ਵਿਚ ਅਚੇਤ ਰੂਪ ਵਿਚ ਇਹਨਾਂ ਦਾ ਦਖ਼ਲ ਹੁੰਦਾ ਹੈ।[22] ਇਸੇ ਸਦਕਾ ਸਾਹਿਤ ਦੇ ਵਿਗਿਆਨਕ ਅਧਿਐਨ, ਸਾਹਿਤ ਦੇ ਚਿਹਨ ਸ਼ਾਸਤਰ ਅਤੇ ਲੋਕਯਾਨਿਕ ਪੱਧਤੀਆਂ ਸਾਹਮਣੇ ਆਈਆਂ ਹਨ। ਸਾਹਿਤ ਇਤਿਹਾਸਕਾਰ ਵੀ ਇਸੇ ਕਰਕੇ ਇਨ੍ਹਾਂ ਪੱਧਤੀਆਂ ਵੱਲ ਰੁਚਿਤ ਹੋ ਰਹੇ ਹਨ।

ਰਵਿਦਾਸ ਬਾਣੀ ਦੇ ਸਨਮੁਖ ਹੋਈਏ ਤਾਂ ਰਵਿਦਾਸ ਚੇਤਨਾ ਦੇ ਪਿਛੋਕੜ ਵਿਚ ਵਿਸ਼ਿਸ਼ਟ ਲੋਕ-ਸਾਹਿਤ, ਮੂੜੀ ਪਰੰਪਰਾ ਅਤੇ ਨਾਥ-ਜੋਗੀਆਂ ਦਾ ਅਦਿੱਸ ਅਤੇ ਬੇਨਾਮ ਸਾਹਿਤ ਕ੍ਰਿਆਸ਼ੀਲ ਨਜ਼ਰ ਆਉਂਦਾ ਹੈ। ਗੁਰੂ ਰਵਿਦਾਸ ਜਾਂ ਹੋਰ ਭਗਤੀ ਕਾਵਿ ਦੇ ਕਵੀਆਂ ਦੀ ਰਚਨਾਵਾਂ ਤੋਂ ਪ੍ਰੇਰਣਾ ਲੈ ਕੇ ਆਧੁਨਿਕ ਕਵੀਆਂ ਨੇ ਵੀ ਮਿਥਕ ਅਥਵਾ ਪੌਰਾਣਿਕ ਕਥਾਵਾਂ ਨੂੰ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਇਆ ਹੈ। ਪਰੰਤੂ ਪ੍ਰਾਚੀਨ ਮਿਥਕ ਜਿਥੇ ਸਮੂਹਿਕ ਚੇਤਨਾ ਜਾਂ ਅਵਚੇਤਨਾ ਦੀ ਅਭਿਵਿਅਕਤੀ ਹੈ, ਉਹੋ ਆਧੁਨਿਕ ਯੁਗ ਵਿਚ ਮਿਥਕ ਵਿਚ ਤਰਕਾਂ ਨਾਲ ਸੁਪਨਕਥਾ (ਫੈਂਟੇਸੀ) ਦਾ ਰੂਪ ਧਾਰਨ ਕਰ ਲੈਂਦੇ ਹਨ। ਸਵਰ ਮੁਕਤੀਬੋਧ ਨੇ 'ਕਾਮਾਯਨੀ' ਦਾ ਸੁਪਨਕਥਾ ਦੇ ਰੂਪ ਵਿਚ ਇਸੇ ਆਧਾਰ ਉੱਤੇ ਵਿਵੇਚਨ ਕਰਨ ਦਾ ਪ੍ਰਯਤਨ ਕੀਤਾ ਹੈ।[23]

ਰਵਿਦਾਸ ਬਾਣੀ ਵਿਚ ਪ੍ਰਮੁੱਖ ਤੌਰ ਤੇ ਉਸ ਅਨਾਦਿ ਹਰੀ, ਅਗਮ ਅਗੋਚਰ, ਅਦਿੱਸ ਸ਼ਕਤੀ ਦੀ ਲੋਚਾ ਦੇ ਅਨੇਕ ਵਿਖਿਆਨ ਸਮਾਏ ਹੋਏ ਹਨ। ਇਸ ਸਾਰੀ ਬਾਣੀ ਦਾ ਮੁੱਖ ਆਧਾਰ ਇਸੇ ਅਦਿੱਸੀ ਸ਼ਕਤੀ ਜਾਂ ਇਕ ਪਰਮਾਤਮਾ ਦੇ ਸਰੂਪ ਨੂੰ ਪ੍ਰਗਟਾਉਣ ਤੇ ਹੈ। ਉਦਾਹਰਣ ਵਜੋਂ:

ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨਾ ਜਾਇ।
ਕਰਹੁ ਕ੍ਰਿਪਾ ਭ੍ਰਮ ਚੂਕਈ ਮੈਂ ਸੁਮਤਿ ਦੇਹੁ ਸਮਝਾਇ॥2॥
ਜੋਗੀਸਰ ਪਾਵਹਿ ਨਹੀਂ ਤੁਅ ਗੁਣ ਕਥਨ ਅਪਾਰ।[24]

ਰਚੇਤਾ, ਭਾਵੇਂ ਨਵੀਂ ਪਰੰਪਰਾ ਵਿਚੋਂ ਹੋਵੇ, ਨਾਥ ਸਿੱਧ ਪਰੰਪਰਾ ਜਾਂ ਕਾਵਿ-ਸ਼ੈਲੀ ਜਾਂ ਆਧੁਨਿਕ ਦੌਰ ਦਾ ਹੋਵੇ, ਉਹ ਅਸਲੀ ਜਾਂ ਨਾ-ਵਾਚਿਕ ਵਸਤੂ ਨੂੰ ਪਰਗਟਣ ਲਈ ਤਰਸਦਾ ਹੈ। ਇਸ ਸਿਧਾਂਤ ਦੀਆਂ ਜੜ੍ਹਾਂ ਭਾਰਤੀ ਦਰਸ਼ਨ ਅਤੇ ਸਾਹਿਤ ਦੇ 'ਸ਼ਾਬਦਿਕ-ਪਾਸਾਰ' ਵਿਚ ਪਈਆਂ ਹੋਈਆਂ ਹਨ। ਇਵੇਂ ਹੀ ਰਵਿਦਾਸ ਬਾਣੀ ਵਿਚ ਪ੍ਰਾਪਤ ਪੌਰਾਣਿਕ ਹਵਾਲੇ ਇਸ ਗੱਲ ਦੇ ਸੂਚਕ ਹਨ ਕਿ ਪ੍ਰਚੱਲਤ ਪੌਰਾਣਿਕਤਾ ਉਸ ਸਮੇਂ ਦੇ ਵਿਸ਼ਵਾਸ ਜੋ ਕਿ ਮੱਧਕਾਲੀ ਭਾਰਤੀ ਮਨੁੱਖ ਭਾਰਤੀ ਚਿੰਤਨ ਦਾ ਇਕ ਬਹੁਮੁੱਲਾ ਵਿਰਸਾ ਸਨ, ਜਿਨ੍ਹਾਂ ਨੂੰ ਗੁਰੂ ਰਵਿਦਾਸ ਜੀ ਨੇ ਸੁਭ ਪ੍ਰਗਟਾਵਨ ਲਈ ਅਪਣਾਇਆ।

ਉਦਾਹਰਣ ਵਜੋਂ ਸੰਕੇਤ ਵਰਿਤਾਂ ਤੇ ਇਹ ਪ੍ਰਚਲਿਤ ਮਿਥ ਯੂਨਾਨੀ, ਭਾਰਤੀ ਅਤੇ ਮੁਸਲਿਮ ਮਨਿਆਤਾਂ ਵਿਚ ਤੁਰਦੀ ਆ ਰਹੀ ਹੈ ਕਿ ਸਿਰਜਣਹਾਰ ਨੇ ਇੱਕੋ ਹੀ ਬੂੰਦ ਅਰਥਾਤ ਇੱਕੋ ਹੀ ਵਸਤੂ ਵਿਚੋਂ ਸੰਸਾਰ ਦੀ ਸਿਰਜਣਾ ਕੀਤੀ ਹੈ। ਭਾਰਤੀ ਪੌਰਾਣਿਕ ਪਰੰਪਰਾ 'ਬ੍ਰਹਮਾ' ਦੇ ਮੁਖ ਨੂੰ ਪਸਾਰ ਦਾ ਆਧਾਰ ਮੰਨਦੇ ਹਨ। ਪੱਛਮੀ ਸਮਾਜ ਦਾ ਚਿੰਤਨ ਇਸ ਨੂੰ 'ਦੀਸਾ ਦੀਆਂ ਲੋਰਾਂ' ਅਤੇ 'ਨੂਰ ਦੇ ਕੇਤੇ' ਨਾਲ ਜੋੜਦਾ ਹੈ। ਇਸ ਪੌਰਾਣਿਕ

ਇਸ ਨੂੰ ਰਵਿਦਾਸ ਚੇਤਨਾ ਸੁੱਤੇ-ਸਿੱਧ ਹੀ ਮਹਿਸੂਸਦੀ ਅਤੇ ਵਿਅਕਤ ਕਰਦੀ ਹੈ।

> ਰਵਿਦਾਸ ਇਕ ਹੀ ਬੂੰਦ ਸੋਂ ਸਭ ਹੀ ਭਇਓ ਵਿਥਾਰ।
> ਮੂਰਿਖ ਹੈ ਜੋ ਕਰਤ ਹੈਂ, ਬਰਨ ਅਬਰਨ ਵਿਚਾਰ।[25]

> ਇਕ ਜੋਤ ਤੇ ਜਗਤੁ ਸਭ ਉਪਜੈ, ਤਊ ਊਚ ਨੀਚ ਕਸ ਮਾਨ।
> 'ਰਵਿਦਾਸ' ਨਾਮ ਕਰ ਭਰੇ ਕਹੂੰ ਜੋ, ਸਾਰ ਇਹੋ ਹੈ ਸਮਾਨ।[26]

ਇਉਂ ਰਵਿਦਾਸ ਬਾਣੀ ਸਿਖਰ ਅਤੇ ਘਟਕ ਜਗਤ ਵਿਚ ਇਕ ਪ੍ਰਕਾਰ ਦਾ ਸੁਮੇਲ ਜਤਾਂਦੀ ਕਾਵਿਕ ਦੇ ਨਾਲ-ਨਾਲ ਇਤਿਹਾਸਿਕ ਵਰਤਾਰੇ ਨੂੰ ਵੀ ਜਤਾ ਰਹੀ ਹੈ। ਇਸ ਪ੍ਰਕਾਰ ਰਵਿਦਾਸ ਬਾਣੀ ਨਿਰੋਲ ਧਾਰਮਿਕ ਬਾਣੀ ਨਹੀਂ ਰਹਿੰਦੀ, ਸਗੋਂ ਇਹਨ ਦੇ ਪੱਧਰ ਉਪਰ ਬਾਣੀ ਦੀ ਮਹੱਤਤਾ ਅਤੇ ਇਸ ਦੇ ਮਾਨਵੀ ਮੁੱਲਾਂ ਦਾ ਪ੍ਰਕਾਰਜੀ ਸੰਕੇਤ ਵੀ ਦਰਸਾਂਦੀ ਹੈ। ਇਉਂ ਇਹ ਬਾਣੀ ਸਾਹਿੱਤ ਦੀ ਸਾਹਿਤਕਤਾ ਵੀ ਦਰਸਾਂਦੀ ਪ੍ਰਤੀਤ ਹੁੰਦੀ ਹੈ ਅਤੇ ਸੁਹਜਾਤਮਕ ਲੋਕਮਾਨਸ ਜਾਂ ਜਗਤ ਇਸ ਕਾਵਿ ਜਾਂ ਕਾਵਿ-ਤੱਤ ਵਿਚੋਂ ਉਹ ਸੰਦੇਸ਼ ਵੀ ਭਾਲ ਲੈਂਦਾ ਹੈ, ਜਿਸ ਨੂੰ ਗੁਰੂ ਰਵਿਦਾਸ ਜਾਂ ਉਨ੍ਹਾਂ ਦੇ ਸਮਕਾਲੀ ਵਿਅਕਤ ਕਰਦੇ ਰਹੇ ਹਨ।

ਇਸੇ ਲਈ ਰਵਿਦਾਸ ਬਾਣੀ ਨੂੰ ਬਹੁਅਰਥਕ ਅਤੇ ਅਰਥ ਉਤਪਾਦਨ ਕਰਨ ਵਾਲਾ ਪਾਠ (text) ਮੰਨਿਆ ਹੈ। ਰੋਲਾਂ ਬਾਰਤ ਅਜਿਹੇ ਪਾਠ ਨੂੰ ਹੀ ਅਰਥ ਪ੍ਰਕਿਰਿਆ ਵਿਚ ਸਦਾ ਕਾਇਮ ਪਾਠ ਆਖਦਾ ਹੈ।

ਮਾਨਸ ਏਹੀ ਪ੍ਰਵਿਰਤੀ ਆਪਣੇ ਆਲੇ-ਦੁਆਲੇ ਪਸਰੇ ਸੰਸਾਰ ਜਾਂ ਵਸਤੂ-ਜਗਤ ਵਿਚ ਪਈਆਂ ਵਸਤਾਂ ਨੂੰ ਸਮਝਦੀ ਪਰਖਦੀ ਹੈ। ਪ੍ਰਾਪਤ ਪੂਰਵ-ਅਧਿਐਨ ਨੂੰ ਪ੍ਰਾਪਤ ਨਵੇਂ ਦਿੱਸਹੱਦਿਆਂ ਨਾਲ ਮੇਲਦੀ ਪਰਖਦੀ ਹੈ ਅਤੇ ਸੋਚ ਦੇ ਨਵੇਂ ਦਿੱਸਹੱਦੇ ਉਜਾਗਰ ਕਰਦੀ ਹੈ। ਇਸ ਪ੍ਰਾਪਤ ਪੂਰਵ-ਅਧਿਐਨ, ਜਿਸ ਨੂੰ ਧਾਰਮਿਕ ਰੀਤਾਂ ਵਿਚ ਬੱਝਾ ਮਨੁੱਖ ਆਪਣੇ ਅੰਦਰ ਵਿਕਸਿਤ ਕਰ ਚੁੱਕਾ ਹੁੰਦਾ ਹੈ, ਪ੍ਰਾਪਤ ਨਵੇਂ ਅਤੇ ਬਾਹਰੀ ਸੰਸਾਰ ਨਾਲ ਵਿਕਸਿਤ ਕਰ ਲੈਂਦਾ ਹੈ ਤੇ ਇਸ ਪਾਠ ਤੋਂ ਪ੍ਰਾਪਤ ਸੁਨੇਹਿਆਂ ਨੂੰ ਸਮਝਣ ਦੀ ਪ੍ਰਕਿਰਿਆ ਇਸੇ ਮਨੁੱਖ ਜਾਂ ਸਮਾਜ ਅੰਦਰ ਸ਼ੁਰੂ ਹੋ ਜਾਂਦੀ ਹੈ। ਰਵਿਦਾਸ ਬਾਣੀ ਇਨ੍ਹਾਂ ਉਦਾਹਰਨਾਂ ਤੋਂ ਹੀ ਸਪਸ਼ਟ ਹੈ:

ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ।
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀਂ ਬਾਰ॥ 5॥
ਪਰਮ ਪਾਰਸ ਗੁਰੂ ਭੇਟੀਐ ਪੂਰਬ ਲਿਖਤ ਲਿਲਾਟ।
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥ 6॥[28]

ਪਰਚੈ ਰਾਮੁ ਰਵੈ ਜਉ ਕੋਈ।
ਪਾਰਸ ਪਰਸੈ ਦੁਬਿਧਾ ਨ ਹੋਈ।[29]

ਪਾਰਸਮਨੀ ਮੁਹਿ ਰਤੁ ਨਹੀ ਭਾਵੈ, ਜਬ ਸੰਸਾਰ ਨਾ ਥੋਰਾ।
ਕਹਿ ਰਵਿਦਾਸ ਤਜਿ ਸਭ ਤ੍ਰਿਸਨਾ, ਇਕ ਰਾਮ ਚਰਨ ਚਿਤ ਸੋਰਾ।[30]

ਸਪਸ਼ਟ ਹੈ ਕਿ ਉਪਰੋਕਤ ਵੇਰਵੇ ਗੁਰੂ ਰਵਿਦਾਸ ਜੀ ਨੇ ਸਹਿਜ ਵਿਧਾਨ ਨਾਲ ਦਿੱਤੇ ਹਨ। ਪਰੰਤੂ ਤਰਕ ਦੀ ਕਸਵੱਟੀ ਤੇ ਰੱਖਿਆਂ ਵਿਚਾਰ ਦਾ ਪ੍ਰਵਾਹ ਅਤੇ ਪਸਾਰ ਹਜ਼ਾਰਾਂ ਵਰ੍ਹਿਆਂ ਦੀ ਵਿਕਾਸਸ਼ੀਲ ਸਭਿਅਤਾ ਵੱਲ ਚਲਾ ਜਾਂਦਾ ਹੈ। ਪੌਰਾਣਿਕ ਗ੍ਰੰਥਾਂ ਵਿਚ 'ਪਾਰਸ' ਇਕ ਮਹੱਤਵ ਪੂਰਨ ਪੱਥਰ ਜਾਂ ਵਸਤ ਵਜੋਂ ਸਾਹਮਣੇ ਆਇਆ ਹੈ। ਲੋਕ-ਕਥਾਵਾਂ

ਵਿਚ ਵੀ ਪਰਾਲੌਕਿਕ ਸ਼ਕਤੀਆਂ ਤੇ ਮਾਨਤਾਂ ਨੂੰ ਧਾਰਮ ਦੀ ਵਰਤੋਂ ਕਰਦਿਆਂ ਦਰਸਾਇਆ ਗਿਆ ਹੈ। ਪਰ ਗੁਰੂ ਰਵਿਦਾਸ ਜੀ ਦਾ 'ਧਾਰਮ' ਜਿਸ ਦੀ ਕਿ ਗੁਰੂ ਰਵਿਦਾਸ ਅਨੂਠੀ ਵਰਤੋਂ ਕਰਦੇ ਹਨ, ਉਹ ਧਾਰਮ ਪ੍ਰਭੂ ਨਾਮ ਲੇਵਾ ਧਾਰਮ ਹੈ। ਧਾਰਮ ਵੀ ਅਜਿਹਾ ਕਿ ਜਿਸ ਨਾਲ ਲਗ ਕੇ ਮਾਨਸ ਦੇਹੀ ਸੋਨਾ ਹੋ ਜਾਂਦੀ ਹੈ।

ਰਵਿਦਾਸ ਬਾਣੀ ਦੀ ਜੁਗਤ ਨੂੰ ਜੇ ਸਮਝੀਏ ਤਾਂ ਸਮੁੱਚੀ ਬਾਣੀ ਹੀ ਮਿਥਕ, ਪੌਰਾਣਿਕ ਵੇਰਵਿਆਂ ਨਾਲ ਓਤ-ਪ੍ਰੋਤ ਹੋਈ ਦਿੱਸਦੀ ਹੈ। ਇਸ ਲਈ ਗੁਰੂ ਰਵਿਦਾਸ ਬਾਣੀ ਨੂੰ ਇਕ ਪ੍ਰਕਾਰ ਦੀ ਵਿਸ਼ਿਸ਼ਟ ਭਾਸ਼ਾ ਦਾ ਦਰਜਾ ਦਿੱਤਾ ਜਾ ਸਕਦਾ ਹੈ। ਇਹ ਬੋਲ ਭਾਸ਼ਾ ਤੋਂ ਵੱਖਰੀ ਹੈ ਅਤੇ ਇਸ ਨੂੰ ਪ੍ਰਵਚਨ ਕਿਹਾ ਜਾ ਸਕਦਾ ਹੈ। ਦੂਸਰੇ ਸ਼ਬਦਾਂ ਵਿਚ ਗੁਰੂ ਰਵਿਦਾਸ ਬਾਣੀ ਉੱਤਰ ਭਾਸ਼ਾ ਜਾਂ ਮੈਟਾ-ਲੈਂਗੂਏਜ ਦਾ ਰੂਪ ਹੈ ਜੋ ਵਿਸ਼ੇਸ਼ ਪ੍ਰਕਾਰ ਦੇ ਸੰਦੇਸ਼ ਨੂੰ ਰੂਪਮਾਨ ਕਰਦੀ ਹੈ। ਇਹ ਸਾਰਾ ਕਾਰਜ ਸਥਾਪਤ ਚਿਹਨਾਂ ਨੂੰ ਵਿਸਥਾਪਨ ਵੱਲ ਤੋਰਦਾ ਹੈ। ਉਦਾਹਰਣ ਵਜੋਂ:

ਸਾਧੂ ਕੀ ਜਉ ਲੈਹਿ ਓਟ, ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ।
ਕਹਿ ਰਵਿਦਾਸ ਜੋ ਜਪੈ ਨਾਮ ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮ।[31]

ਪ੍ਰਗਟ ਹੈ ਕਿ ਸਾਰੇ ਚਿਹਨ ਆਪਣੇ ਵਿਰੋਧੀ ਮੁੱਲਾਂ ਵੱਲ ਸੰਕੇਤ ਕਰਦੇ ਹਨ। ਲੋਕਧਾਰਾ ਦੇ ਪੱਧਰ ਉੱਪਰ ਸਾਰੇ ਚਿਹਨ-ਪ੍ਰਬੰਧ ਦੀ ਤਲਾਸ਼ ਕਰੀਏ ਤਾਂ ਲੰਮੀ ਚਿਹਨਕ ਧਾਰਾ ਸਾਹਮਣੇ ਆਉਂਦੀ ਹੈ। ਜਿਵੇਂ ਉਦਾਹਰਨ ਵਜੋਂ:

| | ਸਥਾਪਨ ਕਥਨ | ਵਿਸਥਾਪਨ ਕਥਨ |
|---|---|---|
| 1. | ਸੰਸਾਰ ਝੂਠਾ ਹੈ, ਨਾਸ਼ਮਾਨ ਹੈ | ਪਰ ਸਾਧੂ ਸੱਚਾ ਹੈ। |
| 2. | ਸੰਸਾਰ ਪਾਪਾਂ ਦਾ ਦਰਿਆ ਹੈ | ਪਰ ਸਾਧੂ ਦੀ ਸ਼ਰਨ ਵਿਚ ਬਚਾਊ ਹੈ। |
| 3 | ਕੋਈ ਵੀ ਨਾਮ ਸਰੋਵਰੀ ਨਹੀਂ | ਪਰ ਸਾਧੂ ਰੂਪ ਵਿਚ ਪਰਮਾਤਮਾ ਦਾ ਨਾਮ ਸਰੋਵਰੀ ਹੈ। |
| 4. | ਸਾਰਾ ਸੰਸਾਰ ਜੂਨ ਦੇ ਚੱਕਰ ਵਿਚ ਹੈ | ਪਰ ਨਾਮ ਜਪਣ ਨਾਲ ਜੂਨ ਤੋਂ ਮੁਕਤੀ ਮਿਲਦੀ ਹੈ। |

ਪ੍ਰਗਟ ਹੈ ਕਿ ਜੂਨ ਦਾ ਕੇਵਲ ਇਕਕਾਲਕੀ ਪੱਧਰ ਉਪਰ ਤਾਂ ਗੁਰੂ ਰਵਿਦਾਸ ਵੇਲੇ ਪ੍ਰਚਲਿਤ ਲੋਕਮਾਨਸ ਰੁਚੀਆਂ ਨੂੰ ਵਿਅਕਤ ਕਰਦਾ ਹੈ। ਉਸ ਸਮੇਂ ਦਾ ਸਮਾਜ ਜਾਂ ਵਿਅਕਤ ਜੂਨ ਜਾਂ ਚੁਰਾਸੀ ਦੇ ਗੇੜ ਵਿਚੋਂ ਨਿਕਲਣ ਦੇ ਮਾਰਗ ਨੂੰ ਹੀ ਅੰਤਿਮ ਆਦਰਸ਼ ਤੇ ਸਵੀਕਾਰਦੇ ਸਨ। ਪਰ ਬਹੁਕਾਲਕੀ ਪੱਧਰ ਉਪਰ ਵੇਖਿਆਂ ਇਸ ਜੂਨ ਤੇ ਇਸ ਵਿਚੋਂ ਨਿਸਤਾਰੇ ਦੀ ਲੰਮੀ ਪਰੰਪਰਾ ਦਿਸਦੀ ਹੈ ਜੋ ਕਿ ਪੁਰਾਤਨ ਭਾਰਤ ਦੇ ਕਬੀਲਾਦਾਰੀ (tribal ) ਆਧਾਰ ਨੂੰ ਰੂਪਮਾਨ ਕਰਦੀ ਪ੍ਰਤੀਤ ਹੁੰਦੀ ਹੈ। ਇਸ ਆਧਾਰ ਦੇ ਨਕਸ਼ ਨਾ ਕੇਵਲ ਪੰਜਾਬ, ਸਗੋਂ ਪੂਰਬੀ ਭਾਰਤ ਅਤੇ ਇੱਥੋਂ ਤਕ ਕਿ ਸੰਥਾਲ-ਕਬੀਲਿਆਂ ਤਕ ਪਸਰੇ ਮਿਲਦੇ ਹਨ। ਇੱਥੇ ਪ੍ਰਚਲਿਤ ਧਰਾਤਲਾਂ ਉਪਰ ਵੱਖ-ਵੱਖ ਜਿਨਸਾਂ ਦਾ ਰੂਪਮਾਨ ਹੋਣਾ, ਪੌਰਾਣਿਕ ਵੇਰਵਿਆਂ ਦੀ ਸਾਂਝੀ ਜੁਗਤ ਅਤੇ ਸੰਰਚਨਾ ਇਸ ਦੀ ਗਵਾਹੀ ਭਰਦੀਆਂ ਹਨ।

ਅਬ ਮੈ ਹਾਰਿਓ ਰੇ ਭਾਈ।
ਥਕਿਤ ਭਏ ਸਭ ਹਾਲ ਚਾਲ ਤੇ, ਲੋਕ ਨ ਬੇਦ ਬਡਾਈ॥ ਟੇਕ॥[52]

ਪਾਰੂ ਓਸੇ ਪਾਇਹੋ ਰੇ।
ਸੋ ਸਤੁ ਤੇਹੂ ਨ ਕਰੈ ਸਮਤਾਇਓ।
ਜਾ ਤੇ ਆਵਾਗਵਨ ਬਿਲਾਇਓ।।1।।[33]

ਇਸੇ ਲਈ ਗੁਰੂ ਰਵਿਦਾਸ ਜੀ ਦੀ ਬਾਣੀ ਨਵੇਂ ਸਭਿਆਚਾਰਕ ਪੈਰਾਡਾਈਮ ਸਿਰਜਦੀ ਜਾਂਦੀ ਹੈ। ਪੌਰਾਣਿਕ ਕਥਾ ਜਿੰਨੀ ਵੀ ਅਦਭੁਤ ਅਤੇ ਵਿਚਿੱਤਰ ਹੋਵੇ, ਲੋਕ-ਮਾਨਸ ਜਾਂ ਲੋਕ ਚੇਤਨਾ ਇਸ ਬਾਣੀ ਨਾਲ ਅੰਗੀਕਾਰ ਕਰਕੇ ਉਸ ਨੂੰ ਰਚੀਕ੍ਰਤ ਸਵੀਕਾਰਦਾ ਹੈ। ਕਾਰਨ ਇਹ ਹੈ ਕਿ ਕਥਾਨਕ ਰੂੜ੍ਹੀਆਂ ਲੋਕ-ਮਨ ਦਾ ਕਥਾਨਕੀ ਸੋਚ ਮੰਨੀਆਂ ਜਾਂਦੀਆਂ ਹਨ।[34] ਮਿਥਕ ਅਤੇ ਸਾਹਿਤ ਦੋਵਾਂ ਨੂੰ ਲੋਕ-ਮਾਨਸ ਦੀ ਅਭਿਵਿਅਕਤੀ ਮੰਨਿਆ ਗਿਆ ਹੈ।[35]

ਇਸ ਪੱਖ ਨੂੰ ਇਉਂ ਵੀ ਦਰਸਾਇਆ ਜਾ ਸਕਦਾ ਹੈ ਕਿ ਵੱਖ-ਵੱਖ ਮਿੱਥਿਆਂ ਵਿਚ ਕਈ ਲਹਿਰਾਂ ਜਾਂ ਧਾਰਮਿਕ ਸੰਪਰਦਾਵਾਂ ਕ੍ਰਿਆਸ਼ੀਲ ਹੁੰਦੀਆਂ ਰਹੀਆਂ ਅਤੇ ਹੁੰਦੀਆਂ ਰਹਿੰਦੀਆਂ ਹਨ। ਪਰ ਇਨ੍ਹਾਂ ਸਭਨਾਂ ਧਾਰਮਿਕ ਸੰਪਰਦਾਵਾਂ ਪਿੱਛੇ ਕੁਝ ਸਾਂਝੀਆਂ ਰੂੜ੍ਹੀਆਂ ਨਿਸ਼ਚਿਤ ਹੁੰਦੀਆਂ ਹਨ। ਇਨ੍ਹਾਂ ਦੀਆਂ ਕਥਾਨਕੀ ਜੁਗਤਾਂ, ਤੌਰ ਆਦਿ ਬਾਰ-ਬਾਰ ਵੱਖੋ-ਵੱਖਰੇ ਧਰਮਾਂ ਵਿਚ ਵੱਖੋ-ਵੱਖਰੇ ਢੰਗ ਨਾਲ ਰੂਪਮਾਨ ਹੁੰਦੇ ਰਹਿੰਦੇ ਹਨ, ਪਰ ਮੂਲ ਤੌਰ ਇਕ ਹੀ ਰਹਿੰਦਾ ਹੈ। ਇਸ ਦਾ ਮੂਲ ਪੈਟਰਨ ਸਾਮੂਹਕ ਚੇਤਨਾ ਹੁੰਦੀ ਹੈ, ਜਦੋਂ ਕਿ ਉਹ ਮੂਲ ਤੌਰ ਪਾਠ (text) ਦਾ ਰੂਪ ਧਾਰਨ ਕਰਕੇ ਸਨਮੁਖ ਆ ਖਲੋਂਦਾ ਹੈ। ਇਸੇ ਨੂੰ ਹੀ ਰੋਲਾਂ ਬਾਰਤ ਲਿਖਤ (writing) ਆਖਦਾ ਹੈ।[36] ਸਪਸ਼ਟ ਹੈ ਕਿ ਜਦੋਂ ਕਿਸੇ ਭਾਸ਼ਾ ਵਿਚਲੀ ਵਸਤੂ ਨਿਰੰਤਰ ਇਕ ਪੂਰਨ ਚਿੰਨ੍ਹ ਸਿਰਜਦੀ ਜਾਵੇ, ਤਾਂ ਹੀ ਲਿਖਤ ਦੀ ਅਸਲ ਵਸਤੂ ਮੁਖਤਾ ਰੂਪਮਾਨ ਹੁੰਦੀ ਹੈ। ਇਹ ਅਰਥ ਨੂੰ ਸੰਚਾਰਿਤ ਕਰਦੀ ਹੈ। ਜਿਸਦਾ ਅਰਥ-ਸੰਚਾਰ

ਭਾਸ਼ਾ ਦੇ ਸਮਾਨਤਰੀ ਸ਼ਬਦਾਂ ਤੋਂ ਮੁਕਤ ਹੋ ਕੇ ਹੀ ਜਾਣਿਆ ਜਾ ਸਕਦਾ ਹੈ। ਗੁਰੂ ਰਵਿਦਾਸ ਬਾਣੀ ਵਿਚੋਂ ਅਜਿਹੇ ਲੌਕਿਕ ਸਹਿਜੇ ਹੀ ਲੱਭੇ ਜਾ ਸਕਦੇ ਹਨ। ਉਦਾਹਰਨ ਵਜੋਂ:

ਦੂਧ ਤ ਬਛਰੈ ਥਨਹੁ ਬਿਟਾਰਿਓ।
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥ 1॥
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ।
ਅਵਰੁ ਨ ਫੂਲੁ ਅਨੂਪੁ ਨਾ ਪਾਵਉ॥ 1 ॥
ਮੈਲਾਗਰ ਬੇਰ੍ਹੇ ਹੈ ਭੁਇਅੰਗਾ।
ਬਿਖ ਅੰਮ੍ਰਿਤੁ ਬਸਹਿ ਇਕ ਸੰਗਾ।2 ॥
ਧੂਪ ਦੀਪ ਨਈ ਬੇਦਹਿ ਬਾਸਾ।
ਕੈਸੇ ਪੂਜ ਕਰਹਿ ਤੇਰੀ ਦਾਸਾ॥3॥
ਤਨੁ ਮਨੁ ਅਰਪਉ ਪੂਜ ਚਰਾਵਉ।
ਗੁਰਪ੍ਰਸਾਦਿ ਨਿਰੰਜਨ ਪਾਵਉ।4॥
ਪੂਜਾ ਅਰਚਾ ਆਹਿ ਨ ਤੋਰੀ।
ਕਹਿ ਰਵਿਦਾਸ ਕਵਨ ਗਤਿ ਮੋਰੀ।5॥ 1॥[37]

ਉਪਰ ਅਸੀਂ ਭਾਸ਼ਾ ਦੇ ਸਮਾਨਤਰੀ ਸ਼ਬਦਾਂ ਦੀ ਗੱਲ ਕੀਤੀ ਸੀ। ਭਾਸ਼ਾ ਦੇ ਸਮਾਨਤਰੀ ਸ਼ਬਦਾਂ ਅਧੀਨ ਤਾਂ ਉਪਰੋਕਤ ਸ਼ਬਦ ਵਿਚ ਜਾਣੇ-ਪਛਾਣੇ ਪੇਟਰਨ ਤੇ ਅਰਥ ਦਿੱਤੇ ਹਨ, ਜਿਵੇਂ ਫਲ, ਫੁੱਲ, ਅੰਮ੍ਰਿਤ, ਵਿਸ਼, ਬਛਰੁ, ਦੂਧ, ਧੂਪ ਆਦਿ। ਪਰ ਜਦ ਲੋਕਮਾਨਤ ਪੱਧਰ ਉਪਰ ਇਨ੍ਹਾਂ ਦੇ ਅਰਥ ਦੀ ਤਲਾਸ਼ ਵਿਚ ਜਾਈਏ ਤਾਂ ਇਸ ਦੇ ਅੰਤਰੀਵ ਅਰਥ ਅਤੇ ਇਸ ਦੀ ਵਿਲੱਖਣਤਾ ਦੀ ਸੋਝੀ ਆਉਂਦੀ ਹੈ ਕਿ ਗੁਰੂ ਰਵਿਦਾਸ ਕੋਈ ਵੀ ਵਸਤ, ਜੋ ਦੁਨਿਆਵੀ ਰੂਪ ਰਖਦੀ ਹੈ, ਉਸ ਨੂੰ ਆਪਣੇ ਇਸ਼ਟ ਲਈ ਪ੍ਰਵਾਨ ਨਹੀਂ ਕਰਦੇ।

ਇਉਂ ਗੁਰੂ ਰਵਿਦਾਸ ਪ੍ਰਚਲਿਤ ਸਮਾਜਕ ਕਰਮਕਾਂਡੀ ਰਹੁਰੀਤਾਂ, ਲੋਕ-ਵਿਧੀਆਂ ਵਾਲੀ ਪੂਜਾ ਕਰਨਾ ਨੂੰ ਉਲਟਾ ਕੇ ਵੇਖਦੇ ਹਨ। ਉਨ੍ਹਾਂ ਲਈ ਦੁਨਿਆਵੀ ਰੂਪ ਝੂਠਾ ਹੈ, ਕਿਉਂਕਿ ਬਛੜਾ ਥਣਾਂ ਨੂੰ ਚੁੰਘਦਾ ਹੈ, ਭੌਰਾ ਫੁੱਲਾਂ ਨੂੰ ਭਿੱਟ ਦੇਂਦਾ ਹੈ। ਮੱਛੀ ਜਲ ਨੂੰ ਦੂਸ਼ਿਤ ਕਰਦੀ ਹੈ। ਭਾਵ ਕਿ ਲੋਕ ਵੇਦੀ ਵਿਚ ਪ੍ਰਚਲਿਤ ਸਾਰੀ ਪੂਜਾ ਕਰਨਾ ਨੂੰ ਰਵਿਦਾਸ ਬਾਣੀ ਪ੍ਰਗਟਾ ਵੀ ਰਹੀ ਹੈ ਅਤੇ ਮਰਿਆਦਾ-ਸਿਰਜਕ ਵੀ ਬਣ ਰਹੀ ਹੈ।

ਮੂਲ ਰੂਪ ਵਿਚ ਸਾਰੀ ਰਵਿਦਾਸ ਬਾਣੀ ਹੀ ਮਰਿਆਦਾ-ਸਿਰਜਕ ਬਾਣੀ ਦਾ ਰੂਪ ਧਾਰਨ ਕਰਦੀ ਪ੍ਰਤੀਤ ਹੁੰਦੀ ਹੈ। ਇਸ ਸੰਬੰਧ ਵਿਚ ਗੁਰੂ ਰਵਿਦਾਸ ਦੁਆਰਾ ਉਚਾਰਿਆ 'ਆਰਤੀ' ਵਾਲਾ ਪਦ ਉਦਾਹਰਨ ਦੇ ਤੌਰ ਤੇ ਪ੍ਰਸਤੁਤ ਕੀਤਾ ਜਾ ਸਕਦਾ ਹੈ:

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ।
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ।।1।।ਰਹਾਉ।
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ।
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ।।1।।
ਨਾਮ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ।[38]

ਸਪਸ਼ਟ ਹੈ ਕਿ ਗੁਰੂ ਰਵਿਦਾਸ ਜੀ ਪਰੰਪਰਾਗਤ ਤੌਰ ਤੇ ਕੀਤੀ ਜਾਂਦੀ 'ਆਰਤੀ' ਦੀ ਨਿਖੇਧੀ ਕਰਦੇ ਹੋਏ, ਸਿਰਫ਼ 'ਨਾਮ ਸਿਮਰਨ' ਨੂੰ ਹੀ ਪ੍ਰਭੂ-ਪ੍ਰਾਪਤੀ ਦਾ ਮਾਰਗ ਦੱਸਦੇ ਹਨ। 'ਨਾਮ' ਹੀ ਉਹ ਆਸਨ ਹੈ, ਨਾਮ ਹੈ ਉਹ ਕੇਸਰ, ਨਾਮ ਹੀ ਉਹ ਚੰਦਨ ਹੈ, ਦੀਵਾ ਅਤੇ ਉਹ ਤੇਲ ਹੈ, ਜਿਸ ਨੂੰ ਆਰਤੀ ਕਰਦਿਆਂ ਜ਼ਰੂਰੀ ਵਸਤਾਂ ਵਿਚ ਗਿਣਿਆ ਜਾਂਦਾ ਹੈ। 'ਨਾਮ' ਦੇ ਮੁਕਾਬਲੇ ਵਿਚ ਸਭ ਵਸਤਾਂ ਤੁਛ ਹਨ। ਐਸੇ ਵਿਸ਼ਵਾਸ ਕਾਰਨ ਵੀ ਰਵਿਦਾਸ ਆਪ ਕਹਿੰਦੇ ਹਨ ਕਿ ਤੇਰ ਪੂਜਾ ਕਰਨਾ ਔਖੀ ਹੋਵੇ, ਜਿਵੇਂ:

ਮਨਸਾ ਮੰਦਿਰ ਮਾਹਿ ਧੂਪ ਧੁਖਾਈਐ
ਪ੍ਰੇਮ ਪ੍ਰੀਤਿ ਕੀ ਮਾਲਾ ਰਾਮ ਚੜ੍ਹਾਈਐ।[39]

ਇਥੇ ਵਿਸਥਾਪਨ ਨੂੰ ਸਮਝਣ ਲਈ ਇਸ ਦੀ ਅਰਥ-ਪ੍ਰਕਿਰਿਆ ਜਾਂ ਅਰਥ ਦੇ ਸਫ਼ਰ ਨੂੰ ਦੇਖਣਾ ਪਏਗਾ। ਇਸ ਅਰਥ-ਪ੍ਰਕਿਰਿਆ ਨੂੰ ਰੂਪਮਾਨ ਕਰਨ ਲਈ ਅਸੀਂ ਇਸ ਨੂੰ ਮੋਟਿਫ਼ ਜਾਤਰਾ ਦਾ ਨਾਂ ਦੇ ਸਕਦੇ ਹਾਂ। ਮੋਟਿਫ਼ ਦਾ ਇਕ ਮੂਲ ਅਰਥ ਹੀ ਪਾਠ ਦਾ ਮੁੱਢਲਾ ਵਿਚਾਰਕ ਆਧਾਰ ਹੁੰਦਾ ਹੈ।

ਇਥੇ ਮੋਟਿਫ਼ ਦਾ ਅਰਥ ਸਫ਼ਰ ਹੀ ਭੌਤਿਕ ਜਗਤ ਤੋਂ ਮਾਨਸਿਕ ਜਗਤ ਦੀ ਜਾਤਰਾ ਨੂੰ ਰੂਪਮਾਨ ਕਰਨਾ ਹੈ। ਉਦਾਹਰਨ ਵਜੋਂ ਕਈ ਲੋਕ-ਕਥਾਵਾਂ ਦੇ ਮੋਟਿਫ਼ ਨਾ ਕੇਵਲ ਜੀ ਆਧਾਰਕ ਧਾਰਨਾਵਾਂ ਉੱਪਰ ਮਿਲਦੇ ਹਨ, ਸਗੋਂ ਭਗਤ ਬਾਣੀ ਵਿਚ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਜਿਵੇਂ 'ਜਾਤਰਾ' ਜਾਂ 'ਬਨਵਾਸੀ' ਹੋਣਾ ਇਕ ਮੋਟਿਫ਼ ਹੈ। 'ਬਨਵਾਸੀ' ਹੋਣ ਦਾ ਮਾਨਸਿਕ ਅਰਥ ਹੀ ਸੰਸਾਰ ਤੋਂ ਜਾਂ ਭੌਤਿਕਤਾ ਤੋਂ ਉਪਰਾਮਤਾ ਹੈ।

ਹੁਣ ਇਹ 'ਜਾਤਰਾ' ਜਾਂ 'ਬਨਵਾਸੀ' ਮੋਟਿਫ਼ ਅਨੇਕ ਵਾਰ ਰਵਿਦਾਸ ਬਾਣੀ ਵਿਚ ਆਇਆ ਹੈ। ਜਿਵੇਂ ਕਿ:

ਬਨ ਖੋਜਨ ਕਾ ਜਾਇ ਹੈ, ਰਾਮ ਤਨੁ ਅਪੋਮਾ ਨਾਹ।
ਸਰਬ ਬਿਆਪੀ ਰਾਮ ਹੈ, ਰਵਿਦਾਸ ਜਾਨ ਲੈ ਮਾਹ।62।।[40]

ਬਨ ਖੋਜਹਿ ਪਿਅ ਨ ਮਿਲਹਿ, ਬਨ ਮਹਿ ਪ੍ਰੀਤਮ ਨਾਹ।
ਰਵਿਦਾਸ ਪਿਅ ਹੈ ਬਸਿ ਰਹਯੋ, ਮਾਨਵ ਪ੍ਰੇਮਹਿੰ ਮਾਹ।61।।[41]

ਇਹੋ ਸੰਕਲਪ ਦੇ ਨਿਖੇਧਾਤਮਕ ਤੱਤ ਉਸ ਸਮੇਂ ਦੀ ਪ੍ਰਚਲਿਤ ਸਥਿਤੀ ਵੱਲ ਸੰਕੇਤ ਕਰਦੇ ਹਨ ਕਿ ਸੁੱਖ ਕੇਵਲ ਘਰੋਂ ਨਿਕਲ ਕੇ 'ਬਨਵਾਸੀ' ਹੋਣ ਵਿਚ ਹੈ, ਨਾ ਕਿ ਦੁਨਿਆਵੀ ਜਗਤ ਵਿਚ ਹੈ। ਇਹ ਇਕ ਪ੍ਰਕਾਰ ਦੀ ਭਾਜਵਾਦੀ ਸੁਰ ਹੈ, ਜੋ ਕਿ ਉਸ ਸਮੇਂ ਦੀ ਸਭਿਆਚਾਰਕ ਅਤੇ ਧਾਰਮਿਕ ਜਗਤ ਵਿਚ ਸਮਾਈ ਹੋਈ ਸੀ ਅਤੇ ਜਿਸ ਨੂੰ ਕਿ ਗੁਰੂ ਰਵਿਦਾਸ ਅਤੇ ਹੋਰ ਨਿਰਗੁਣ ਚੇਤਨਾ ਦੇ ਧਾਰਨੀ ਸੰਤਾਂ ਅਤੇ ਭਗਤਾਂ ਨੇ ਤੋੜਿਆ। ਇਹ ਤੋੜਨ ਦੀ ਪ੍ਰਕਿਰਿਆ ਹੀ ਮੂਲ ਰੂਪ ਵਿਚ ਰਵਿਦਾਸ ਬਾਣੀ ਦਾ ਚੇਤਨ ਸਰੋਕਾਰ ਹੈ, ਜੋ ਕਿ ਰਵਿਦਾਸ ਬਾਣੀ ਅਧੀਨ ਪ੍ਰਗਟ ਮਤ ਜਾਂ ਸੰਤ ਨੂੰ ਪ੍ਰਭੂਸੱਤਾ ਜਾਂ ਉਸ ਅਸੀਮੀ ਸ਼ਕਤੀ ਨੂੰ ਮੰਨ ਲੈਣ ਵਿਚ ਵਿਅਕਤ ਹੁੰਦਾ ਹੈ।

ਪ੍ਰਗਟ ਹੈ ਕਿ ਰਵਿਦਾਸ ਬਾਣੀ ਦੇ ਸੰਕਲਪ ਦਾ ਮੂਲ ਧੁਰਾ ਹੀ ਉਸ ਅਨੰਤ ਦੀ ਪ੍ਰਭੂਸੱਤਾ ਨੂੰ ਮੰਨ ਲੈਣ, ਸਵੀਕਾਰ ਕਰ ਲੈਣ ਵਿਚ ਹੈ। ਜਿਸ ਸਮੇਂ ਪ੍ਰਭੂਸੱਤਾ ਨੂੰ ਸਵੀਕਾਰ ਕਰ ਲਿਆ ਜਾਵੇ, ਉਸ ਸਮੇਂ ਅਚੇਤ ਅਧੀਨਗੀ ਆ ਜਾਂਦੀ ਹੈ। ਅਚੇਤ ਅਧੀਨਗੀ ਮਾਨਸ ਦੇਹੀ ਵਿਚ ਸ਼ਾਂਤ ਰਸ ਜਗਾਂਦੀ ਹੈ। ਇਸੇ ਲਈ ਰਵਿਦਾਸ ਬਾਣੀ ਵਿਚ ਮੁੱਖ ਰਸ ਸ਼ਾਂਤ-ਰਸ ਜਗਾਂਦੀ ਹੈ। ਇਸੇ ਲਈ ਰਵਿਦਾਸ ਬਾਣੀ ਵਿਚ ਮੁੱਖ ਰਸ ਸ਼ਾਂਤ-ਰਸ ਹੈ। ਰਵਿਦਾਸ ਨੂੰ ਨਾਮ ਜਪਣ ਦੀ ਪ੍ਰੇਰਨਾ ਦਿੰਦੀ ਹੈ। ਅਸਲ ਸੁਖ ਨਾਮ ਨੂੰ ਅੰਦਰ ਵਸਾਣ ਵਿਚ ਹੈ, ਜਿੱਥੇ ਕਿ ਸਿਮਰਨ ਦਾ ਪਹਿਲਾ ਚਰਨ ਆਰੰਭ ਹੁੰਦਾ ਹੈ। ਇੰਞ ਸਾਧਕ 'ਜਾਗੇ ਨੂੰ ਸੌਂਦਾ' ਹੈ ਅਤੇ ਸਹਿਜ ਅਵਸਥਾ ਵਿਚ ਰਹਿੰਦਾ ਹੈ। ਇਹ ਸਿਮਰਨ ਦਾ ਸਰਵੋਚੀ ਸੁੱਖ ਹੈ ਜੋ ਮਨੁੱਖ ਨੂੰ 'ਬ੍ਰਹਮ' ਦੀ ਅਵਸਥਾ ਦਿੰਦਾ ਹੈ। ਇਹ ਅਵਸਥਾ ਸਿਮਰਨ ਦੀ ਉਹ ਅਵਸਥਾ ਹੈ, ਜਿੱਥੇ ਕਿ ਚੇਤਨਤਾ

ਤੇ ਪਰਾਭੌਤਿਕਤਾ ਦਾ ਦਵੰਦ ਆਰੰਭ ਹੁੰਦਾ ਹੈ। ਜਿਵੇਂ ਕਿ:

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ।
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ।।1।। ਰਹਾਉ।
ਹਰਿ ਕੇ ਨਾਮ ਕਬੀਰ ਉਜਾਗਰ।
ਜਨਮ ਜਨਮ ਕੇ ਕਾਟੇ ਕਾਗਰ।।1।।[42]

ਇਸੇ ਲਈ ਰਵਿਦਾਸ ਬਾਣੀ ਵਿਚ ਲੌਕਿਕਤਾ ਨੂੰ ਪਰਾਲੌਕਿਕਤਾ ਨਾਲ ਸੰਵਾਦਕ ਵਿਰਤੀ ਨਾਲ ਅੰਗੀਕਾਰ ਕਰਕੇ ਸਮਝਿਆ ਗਿਆ ਹੈ। ਜਿਥੇ ਬਾਣੀ ਵਿਚ ਸਿਧ ਸਿਰਜਣਾ ਦੀ ਪ੍ਰਕਿਰਿਆ ਤੁਰਦੀ ਹੈ ਉਥੇ ਉਸਦੇ ਸਮਾਨਾਂਤਰ ਰਵਿਦਾਸ ਬਾਣੀ ਵਿਚ ਲੋਕਧਾਰਾ ਦਾ ਵਿਹਾਰਕ ਪੱਖ ਵੀ ਰੂਪਮਾਨ ਹੁੰਦਾ ਜਾਂਦਾ ਹੈ। ਇਉਂ ਗੁਰੂ ਰਵਿਦਾਸ ਜੀ ਸਿਰਜਣਾਤਮਕ ਪੱਧਰ ਉਪਰ ਧਾਰਮਿਕਤਾ ਨੂੰ ਇਕ ਸੰਗਠਨਕਾਰੀ ਤੱਤ ਵਜੋਂ ਰੂਪਮਾਨ ਕਰਦੇ ਹਨ। ਇਕ ਪਾਸੇ ਰਚੇਤਾ ਦੀ ਕਲਪਨਾਸ਼ੀਲਤਾ, ਉਸਦੀ ਵਿਅਕਤੀਗਤ ਪ੍ਰਤਿਭਾ ਹੈ ਜੋ ਉਸ ਰੂਪਮਾਨ ਕਰਨੀ ਹੈ। ਦੂਸਰੇ ਪਾਸੇ ਰਚੇਤਾ ਨੇ ਪ੍ਰਤੱਖਣ ਦੇ ਪੱਧਰ ਉਪਰ ਕੁਝ ਅਜਿਹਾ ਸਿਰਜਣਾ ਹੁੰਦਾ ਹੈ, ਜੋ ਕਿ ਆਮ ਮਨ ਨੂੰ ਵੀ ਪ੍ਰਭਾਵਿਤ ਕਰ ਸਕੇ। ਇਉਂ ਪਾਠ ਵਿਅਕਤੀਗਤ ਨਾ ਰਹਿ ਕੇ ਸਮੂਹਿਕ ਹੋ ਜਾਂਦਾ ਹੈ। ਧਾਰਮਿਕ ਅਤੇ ਲੋਕ ਸਾਹਿਤ ਵਧੇਰੇ ਕਰਕੇ ਮੌਖਿਕ ਸਾਹਿਤ ਵੱਲੋਂ ਸਰੋਤੇ ਪਾਠਕ ਵੱਲੋਂ ਵੀ ਵਧੇਰੇ ਸਿਮੂਲਤਾ ਦੀ ਮਾਂਗ ਕਰਦਾ ਹੈ।

ਰਵਿਦਾਸ ਬਾਣੀ ਇਸੇ ਲਈ ਜਿੱਥੇ ਲੋਕ ਮਾਨਸ ਦੇ ਪੱਧਰ ਉਪਰ ਪਾਠ ਦੇ ਅੰਤਰ ਨਿਹਿਤ ਸਾਰੇ ਨਿਯਮ ਪਾਲਦੀ ਹੈ। ਉਥੇ ਪ੍ਰਤੱਖਣ ਜਾਂ ਬਾਹਰੀ ਪੱਧਰ ਉਪਰ ਵੀ ਉਹ ਸਾਰੇ ਨੇਮ, ਪ੍ਰਬੰਧ ਉਜਾਗਰ ਕਰਦੀ ਜਾਂਦੀ ਹੈ, ਜੋ ਕਿ ਵਰਜਨਾ ਜਾਂ ਮਨੌਤਾਂ

( assumptions ) ਹੋਣ ਦੇ ਬਾਵਜੂਦ ਵੀ ਸਮੁੱਚੀ ਮਾਨਵੀ ਧਾਰਮਿਕ ਰਹਿਤਲ ਨੂੰ ਨਾਲ ਲੈਕੇ ਤੁਰਦੀ ਹੈ। ਡਾ. ਰਾਜਦੇਵ ਸਿੰਘ[43] ਇਸੇ ਲਈ ਭਗਤੀ ਸਾਹਿਤ ਜਾਂ ਭਗਤੀ ਮਾਰਗ ਨੂੰ 'ਭਾਵ ਦੀ ਸਾਧਨਾ' ਆਖਦੇ ਹਨ। ਭਾਵ-ਭਗਤੀ ਦਾ ਉਦੈ ਹਿਰਦੇ 'ਚੋਂ ਹੁੰਦਾ ਹੈ। ਇਹ ਮਨ ਦੀ ਇਕ ਸਥਿਤੀ ਵਿਸ਼ੇਸ਼ ਵਿਚ ਰਹਿਣ ਤਥਾ ਉਸੇ ਅਨੁਸਾਰ ਨਿਰੰਤਰ ਚੇਸ਼ਟਾ ਕਰਨ ਦੀ ਭਾਵਨਾ ਵਿਚ ਨਿਹਿਤ ਹੈ। ਭਾਵ ਭਗਤੀ ਕਰਨ ਵਾਲਾ ਬਾਹਰੀ ਆਡੰਬਰ ਵਿਚ ਵਿਸ਼ਵਾਸ ਨਾ ਰਖਦਾ ਹੋਇਆ, ਨਿਸ਼ਕਾਮ ਸੇਵਾ-ਭਾਵਨਾ ਵਿਚ ਵਿਸ਼ਵਾਸ ਰਖਦਾ ਹੈ।[44] ਡਾ. ਚੰਦਰਦੇਵ ਰਾਏ[45] ਇਸ ਸੰਬੰਧ ਵਿਚ ਲਿਖਦੇ ਹਨ ਕਿ ਸੰਤਾਂ ਦੀ ਭਾਵ ਭਗਤੀ ਦੇ ਆਧਾਰ ਨਿਰਗੁਣ ਰਾਮ ਹਨ। ਜਿੱਥੇ ਸਗੁਣ ਰਾਮ ਦੀ ਭਗਤੀ ਵਿਚ ਰੂਪ ਦੀ ਪ੍ਰਧਾਨਤਾ ਹੁੰਦੀ ਹੈ, ਉਥੇ ਨਿਰਗੁਣ ਭਗਤੀ ਵਿਚ ਨਾਂਵ ਦਾ ਹੀ ਆਸਰਾ ਗ੍ਰਹਿਣ ਕੀਤਾ ਜਾਂਦਾ ਹੈ। ਵੈਸੇ ਕਦੀ-ਕਦੀ ਭਾਵਨਾ ਦੇ ਆਵੇਸ਼ ਵਿਚ ਨਿਰਗੁਣ ਭਗਤੀ ਵਿਚ ਵੀ ਸਗੁਣ ਰਾਮ ਦੇ ਰੂਪ ਦਾ ਆਰੋਪਣ ਕਰ ਦਿੱਤਾ ਜਾਂਦਾ ਹੈ। ਇਸ ਪ੍ਰੇਮਾ ਭਗਤੀ ਨੂੰ ਰਵਿਦਾਸ ਜੀ ਨੇ ਕਈ ਪ੍ਰਸੰਗਾਂ ਵਿਚ 'ਭਾਵ-ਭਗਤੀ' ਦਾ ਨਾਂ ਵੀ ਦਿੱਤਾ ਹੈ। 'ਭਾਵ' ਦਾ ਅਰਥ ਹੀ ਪ੍ਰੇਮ ਹੈ ਅਤੇ 'ਭਾਵ ਭਗਤੀ' ਤੋਂ ਵੀ ਇਹੀ ਪ੍ਰੇਮਾ ਭਗਤੀ ਵਾਲਾ ਅਰਥ ਲਿਆ ਜਾ ਸਕਦਾ ਹੈ। ਇਸ ਭਾਵ ਜਾਂ ਪ੍ਰੇਮ ਦੀ ਸਾਧਨਾ ਲਈ ਆਧਾਰ ਤੱਤ ਹੈ ਸਾਧ ਸੰਗਤ। ਜਿਸ ਤੋਂ ਬਿਨਾਂ ਭਗਤੀ ਵਿਚ ਸਫਲਤਾ ਨਹੀਂ ਮਿਲ ਸਕਦੀ।[46]

ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ।[47]

ਰਵਿਦਾਸ ਬਾਣੀ ਇਸੇ ਵਿਵੇਕ ਸਦਕਾ 'ਭਾਵ ਦੀ ਸਾਧਨਾ' ਨੂੰ ਲੋਕਮਾਨਸ ਦੇ ਪੱਧਰ ਉਪਰ ਪਹੁੰਚਾਉਂਦੀ ਹੈ। ਜਦ ਰਵਿਦਾਸ ਜੀ ਆਖਦੇ ਹਨ:

ਸਚੁ ਕੀ ਬਾਣਿ ਸੁਹਾਵਣ ਜਾਣੈ।
ਤਜਿ ਅਭਿਮਾਨ ਸੁਖਰਲੀਆ ਮਾਣੈ।[48]

ਸਪਸ਼ਟ ਹੈ ਕਿ ਜਾ ਕੇਵਲ ਪੌਰਾਣਿਕ ਚੇਤਨਾ ਵਿਚ ਕਥਿਤ ਮਿਥਕ ਜਾਂ ਲੋਕ ਵੇਦ ਪੱਧਰ ਉੱਪਰ ਵੀ 'ਸੁਹਾਵਣ' ਦਾ ਵਿਚਾਰਧਾਰਾਈ (conceptual ) ਆਧਾਰ 'ਘਰਿ' ਨੂੰ ਤਿਆਗਣ ਵਿਚ ਨਿਹਿਤ ਹੈ। ਦੁਨਿਆਵੀ ਅਰਥ ਹੋਰ ਹਨ, ਪਰ ਪਰਾਲੌਕਿਕਤਾ ਦੀ ਅਭਿਵਿਅਕਤੀ ਜਾਂ ਸਾਹਿਤਕ ਪੱਖ ਹੋਰ ਹੈ ਜਿਸ ਦਾ ਚਿਹਨਕੀ ਵਰਤਾਰਾ ਹੀ ਵੱਖਰਾ ਹੈ।।

ਇਸੇ ਲਈ ਰਵਿਦਾਸ ਬਾਣੀ ਨੂੰ ਪ੍ਰਵਚਨ ਦੇ ਦੋ ਮੁਖ ਭਾਗਾਂ ਵਿਚ ਵੰਡਣ ਦੀ ਲੋੜ ਹੈ, ਤਾਂ ਜੋ ਪ੍ਰਵਚਨ ( discourse ) ਨੂੰ ਰੂਪਮਾਨ ਕੀਤਾ ਜਾ ਸਕੇ:

1. ਪ੍ਰਵਚਨ (discourse)
2. ਸਾਹਿਤਕ ਪ੍ਰਵਚਨ (literary discourse)

ਉਪਰੋਕਤ ਪ੍ਰਵਚਨਾਂ ਨੂੰ ਅੱਗੋਂ ਪਾਠ ਦੇ ਪੱਧਰ ਤੇ ਸਮਝਿਆ ਜਾ ਸਕਦਾ ਹੈ। ਜਦੋਂ ਪਾਠਕ ਜਾਂ ਸ੍ਰੋਤ ਪਾਠ ਨੂੰ ਵਿਆਖਿਆ ਮੂਲਕ ਦ੍ਰਿਸ਼ਟੀ ਤੋਂ ਅੰਗੀਕਾਰ ਕਰਦਾ ਨਿਸ਼ਚਿਤ ਮਾਨਸ ਬਣਦਾ ਹੈ ਤਾਂ ਸਿਮਰਨ ਸ਼ਰਧਾਮੂਲਕ ਰੂਪ ਧਾਰਦਾ ਹੈ। ਪਰ ਜਦ ਸ੍ਰੋਤ ਜਾਂ ਪਾਠਕ ਬਾਣੀ ਨੂੰ ਸਾਹਿਤਕ ਪ੍ਰਵਚਨ ਜਾਂ ਪਰਾਲੌਕਿਕਤਾ ਨੂੰ ਵਿਅਕਤ ਕਰਨ ਵਾਲੀ ਬਾਣੀ ਵਜੋਂ ਲੈਂਦਾ ਹੈ ਤਾਂ ਪਾਠ ਦੀਆਂ ਕਈ ਪਰਤਾਂ ਮਾਨਸ ਅੱਗੇ ਉਜਾਗਰ ਹੁੰਦੀਆਂ ਹਨ। ਇਹ ਪਰਤਾਂ ਪਾਠ ਦੇ ਪੱਧਰ ਨੂੰ ਰੂਪਮਾਨ ਕਰਦੀਆਂ ਹਨ। ਇਸ ਤੋਂ ਵੀ ਅੱਗੇ ਪਾਠ ਦੇ ਅੰਤਰ-ਨਿਹਿਤ ਕਾਰਜਾਂ ਨੂੰ ਵੀ ਰੂਪਮਾਨ ਕਰਦੀਆਂ ਹਨ।

ਇਹ ਸਪਸ਼ਟ ਕਰਨਾ ਅਨਿਵਾਰੀ ਹੈ ਕਿ ਗੁਰੂ ਰਵਿਦਾਸ ਜੀ ਦੀ ਲੌਕਿਕ ਚੇਤਨਾ ਸਿੱਧਾ ਕੁਟਿਆਣ ਵਿਚ ਨਿਹਿਤ ਨਹੀਂ ਹੈ, ਸਗੋਂ ਇਹ ਗਿਆਨ ਦਾ ਇਕ ਲੰਮਾ ਮਾਰਗ ਦ੍ਰਿੜ੍ਹਾਂਦੀ ਹੈ, ਜਿਸ ਤੇ ਚਲਕੇ ਇਸ ਦੁਨਿਆਵੀ ਮਾਰਗ ਨੂੰ ਤੱਜਣਾ ਹੈ। ਇਹ ਮਾਰਗ ਲੌਕਿਕ ਸੁੱਖਾਂ ਨੂੰ ਸਿਮਰਨ ਅਤੇ ਦੇਤੇ ਦੇ ਸਨਮੁਖ ਰਖ ਕੇ ਹੀ ਕੁਟਿਆਇਆ ਜਾ ਸਕਦਾ ਹੈ। ਜਿਵੇਂ:

ਚਲਤ ਚਲਤ ਮੇਰੋ ਨਿਜ ਮਨ ਥਾਕਿਓ, ਅਬ ਮੋ ਪੈ ਚਲਿਓ ਨ ਜਾਈ।
ਸੋਈ ਸਹਜਿ ਮਿਲਿਓ ਸੋਈ ਸਨਮੁਖ ਕਹੇ ਰਵਿਦਾਸ ਬਡਾਈ।[49]

ਉਪਰੋਕਤ ਵੇਰਵੇ ਤੋਂ ਸਪਸ਼ਟ ਹੈ ਕਿ ਰਵਿਦਾਸ ਬਾਣੀ ਦੀ ਮੂਲ ਸੁਰ ਚੇਤਨਾ ਗਿਆਨ ਦੀ ਜਿਸ ਮਰਿਆਦਾ ਨੂੰ ਦ੍ਰਿੜਾਂਦੀ ਹੈ, ਉਹ ਮਰਿਆਦਾ ਪੂਰਕ ਵੀ ਹੈ ਅਤੇ ਮਰਿਆਦਾ ਭੰਜਨ ਵੀ ਹੈ। ਇਸ ਚੇਤਨਾ ਵਿਚ ਦੇਹ ਨੂੰ ਗਿਆਨ ਦੇ ਪੱਧਰ ਉਪਰ ਕੋਈ ਸਥਾਨ ਪ੍ਰਾਪਤ ਨਹੀਂ। ਦੇਹਧਾਰੀ ਵਿਅਕਤੀ ਜਾਂ ਦੇਵਤਾ ਨਿਸ਼ੇਧ ਹੈ। ਇਸੇ ਲਈ ਗੁਰੂ ਰਵਿਦਾਸ ਜੀ ਦਾ ਪ੍ਰਵਚਨ ਬੜਾ ਸਪਸ਼ਟ ਹੈ:

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ।
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ।
ਪ੍ਰਾਨੀ ਕਿਆ ਮੇਰਾ ਕਿਆ ਤੇਰਾ।
ਜੈਸੇ ਤਰਵਰ ਪੰਖਿ ਬਸੇਰਾ।[50]

ਗੁਰੂ ਰਵਿਦਾਸ ਜੀ ਵੱਲੋਂ ਵਿਖਿਅਤ ਇਸ ਅੰਤਿ ਮਾਰਗ ਨੂੰ, ਇਸ ਦੇਹੀ ਰੂਪੀ ਰਾਹ ਨੂੰ ਜਾਣਨ ਲਈ ਇਸ ਵਿਚ ਕੁਝ ਰਾਗਾਤਮਕਤਾ ਅਤੇ ਦਾਰਸ਼ਨਿਕਤਾ ਨੂੰ ਜਾਣਨਾ ਅਨਿਵਾਰੀ ਹੈ। ਇਹ ਦਾਰਸ਼ਨਿਕਤਾ ਸਹਿਜ ਗਿਆਨ, ਸਹਿਜ ਵਿਵੇਕ ਦੀ ਧਾਰਨੀ ਹੈ, ਜਿਸ ਦਾ ਮਾਰਗ ਤਾਂ ਲੋਕ ਮਾਨਸ ਜਾਂ ਪ੍ਰਚਲਿਤ ਮਿਥਾਂ ਵੱਲੋਂ ਗੁਜ਼ਰਦਾ ਹੈ, ਪਰ ਅੰਤਿਮ ਟਾਪੀ

ਰਾਹ ਉਸ ਅਸੀਮ ਸ਼ਕਤੀ ਭਾਵ ਪਰਮਾਤਮਾ ਦੀ ਪ੍ਰਾਪਤੀ ਹੀ ਹੈ। ਇਸੇ ਲਈ ਸਮੁੱਚੀ ਰਵਿਦਾਸ ਬਾਣੀ ਵਿਚ ਹੀ ਪਰਮੇਸ਼ਵਰ ਦੀ 'ਆਗਿਆ' ਜਾਂ 'ਹੁਕਮ' ਸਰਬ ਪ੍ਰਵਾਨਿਤ ਹੈ। 'ਹੁਕਮ' ਇਕ ਵਿਸ਼ਿਸ਼ਟ ਚਿਹਨ ਵਜੋਂ ਉਭਰ ਕੇ ਸਾਹਮਣੇ ਆਇਆ ਹੈ। ਸਮੁੱਚੀ ਬਾਣੀ ਦੀ ਜੁਗਤ ਇੱਕੋ ਸਰਬਸ਼ਕਤੀ, ਇੱਕੋ ਨੂਰ, ਇੱਕੋ ਪ੍ਰਕਾਸ਼ ਪੁੰਜ ਔਰ ਸਮਰਪਿਤ ਹੁੰਦੀ ਜਾਪਦੀ ਹੈ। ਗੁਰਮਤਿ ਰਾਹ, ਗੁਰਮਤਿ ਮਾਰਗ ਇਸੇ ਸਰਬ-ਸ਼ਕਤੀ ਦੇ ਪਸਾਰੇ ਨੂੰ ਸਮਝਣ ਅਤੇ ਲੱਭਣ ਵਿਚ ਕਾਰਗਰ ਸਿੱਧ ਹੁੰਦਾ ਹੈ।

ਗਿਆਨ ਪੱਧਤੀ ਦਾ ਜੋ ਮਾਰਗ ਗੁਰੂ ਰਵਿਦਾਸ ਬਾਣੀ ਨੇ ਨਿਰਧਾਰਿਤ ਕੀਤਾ ਹੈ, ਉਸ ਦੀ ਖ਼ਾਸ ਵਿਸ਼ਿਸ਼ਟਤਾ ਆਦਰਸ਼ਵਾਦੀ ਅਧਿਆਤਮਕ ਦੇਖਣੇ ਵਿਚ ਮਾਨਸ ਦੇਹੀ ਨੂੰ ਪੁਨਰ-ਸਥਾਪਤ ਕਰਨ ਦੀ ਹੈ। ਇਸ ਅਧਿਆਤਮਕ ਚਿੰਤਨ ਦੀਆਂ ਵਿਸ਼ਿਸ਼ਟਤਾਵਾਂ ਵਿਹਾਰਕ, ਸਿਧਾਂਤਕ ਪੱਖਾਂ ਦੇ ਨਾਲ-ਨਾਲ ਸਰਬਕਾਲਤਾ ਅਤੇ ਸਾਂਝੀਵਾਲਤਾ ਵੱਲ ਅਗਰਸਰ ਕਰਦੀਆਂ ਹਨ। ਇਸੇ ਨੂੰ ਡਾ. ਵਿਸ਼ਿਸ਼ਟ ਮੱਧਕਾਲੀ ਬਾਣੀ ਦਾ ਵਿਹਾਰਕ ਪੱਖ ਉੱਪਰ ਧਰਤੀ ਅਤੇ ਲੋਕਾਈ ਦੇ ਮੇਲ ਨਾਲ ਜੁੜਨਾ ਆਖਦਾ ਹੈ।[51]

ਗੁਰੂ ਰਵਿਦਾਸ ਬਾਣੀ ਵਿਚ ਸਿਮਰਨ ਦੇ ਪੱਖ ਤੋਂ ਪਾਠ ਦੀ ਨਿਰੰਤਰਤਾ ਨੂੰ ਇਸ ਪੱਖ ਤੋਂ ਵੀ ਜਾਣਿਆ ਜਾ ਸਕਦਾ ਹੈ ਕਿ ਉਹ ਭਗਤ ਜਨਾਂ ਦੀ ਕਰਮਮੂਲਕ ਦ੍ਰਿਸ਼ਟੀ ਤੋਂ ਵੀ ਜਿਗਿਆਸਾ ਮੁਕਤ ਕਰਨ ਅਤੇ ਮਾਨਵਵਾਦੀ ਰੁਚੀਆਂ ਨੂੰ ਵੀ ਅੰਗੀਕਾਰ ਕਰਨ ਦੀ ਸਮਰੱਥਾ ਦੇ ਰਿਹਾ ਜਾਪਦਾ ਹੈ।

ਸਭਿਆਚਾਰਕ ਪੱਧਰ ਉਪਰ ਇਸ ਪ੍ਰਕਾਰ ਦੇ ਰੂਪਾਂਤਰਨ ਲਈ ਅਨਿਵਾਰੀ ਹੁੰਦਾ ਹੈ ਕਿ ਪਾਤਰ ਅਤੇ ਉਨ੍ਹਾਂ ਦੇ ਕੁਝ ਵੱਖੋ-ਵੱਖਰੀ ਤਰ੍ਹਾਂ ਦੇ ਹੋਣ, ਕਿਉਂਕਿ ਜੇਕਰ

ਲੋਕ ਚੇਤਨਾ ਦੇ ਪੱਧਰ ਉਪਰ ਮੋਟਿਫਾਂ ਦਾ ਕਾਰਜ ਅਚੇਤਨ ਹੋਵੇ ਤਾਂ ਅਰਥ ਦੇ ਸੰਚਾਰ ਦੀ ਆਧਾਰਸ਼ਿਲਾ ਸਮਾਪਤ ਹੋ ਜਾਂਦੀ ਹੈ। ਇਸੇ ਲਈ ਅਜਿਹੀ ਅਵਸਥਾ ਨੂੰ ਕਾਰਜਸ਼ੀਲ ਪ੍ਰਕਾਰਜ ਕਿਹਾ ਜਾਂਦਾ ਹੈ।[52] ਇਹਨਾਂ ਪਰਿਵਰਤਿਤ ਤੱਤਾਂ ਦੇ ਆਪਣੇ ਹੀ ਧਾਰਮਿਕ ਚੇਤਨਾ ਮਨੁੱਖਾ ਦੇਹੀ ਦੇ ਮਾਨਸ ਪਟਲ ਉਪਰ ਅੰਕਿਤ ਹੁੰਦੀ ਹੈ। ਗੁਰੂ ਰਵਿਦਾਸ ਬਾਣੀ ਵਿਚ ਅਜਿਹਾ ਆਧਾਰ ਵਾਰ-ਵਾਰ ਮਿਲਦਾ ਹੈ।

ਇਸ ਪੱਖ ਨੂੰ ਹੋਰ ਵਧੇਰੇ ਸਪਸ਼ਟ ਕਰਨਾ ਅਨਿਵਾਰੀ ਹੈ, ਕਿਉਂਕਿ ਪ੍ਰਬੰਧ ਦਾ ਪੱਧਰ ਤਾਂ ਹੀ ਰੂਪਮਾਨ ਹੋ ਸਕਦਾ ਹੈ। ਜਿਵੇਂ ਸਾਧਾਰਨ ਅਰਥਾਂ ਵਿਚ ਕੁਝ ਰੂੜ੍ਹੀਆਂ ਵਾਰ-ਵਾਰ ਬਾਣੀ ਚੇਤਨਾ ਵਿਚ ਸਮਾਨ ਧਾਰੀਆਂ ਪ੍ਰਤੀਤ ਹੁੰਦੀਆਂ ਹਨ। ਇਹ ਰੂੜ੍ਹੀਆਂ ਵਸਤੂ ਪਰਕ ਹੋਣ, ਚਾਹੇ ਮਾਨਸਿਕ ਪ੍ਰਵਿਰਤੀਆਂ ਦੀ ਉਪਜ, ਇਹ ਸਾਹਿਤ ਵਿਚ ਕਥਾ-ਤੱਤ ਜਾਂ ਸਾਰ ਤੱਤ ਵਜੋਂ ਕ੍ਰਿਆਸ਼ੀਲ ਰਹਿੰਦੀਆਂ ਹਨ, ਜਿਵੇਂ ਜੋਤ ਦਾ ਦੀਆ, ਜਲਾਂ ਦੀ ਡਾਹੀ ਆਤਮਾ ਰੂਪੀ ਪੰਛੀ, ਲੋਭ, ਲਾਲਚ ਦਾ ਕੀੜਾ ਅਤੇ ਅਨੇਕ ਹੋਰ ਕਾਮਨਾ ਦੇ ਰੂਪਾਂਤਰੀ ਸੂਤਰਾਂ ਨੂੰ ਰੂਪਮਾਨ ਕਰਦੇ ਰੂਪਕ ਪ੍ਰਗਟ ਹਨ।

ਉਪਰੋਕਤ ਪੱਧਤੀਆਂ ਵਿਚ ਪੌਰਾਣਿਕ ਕਥਾਵਾਂ ਦੀ ਝਲਕ ਪੂਰੀ ਤਰ੍ਹਾਂ ਉਜਾਗਰ ਹੁੰਦੀ ਹੈ। ਗੁਰੂ ਰਵਿਦਾਸ ਜੀ ਨੇ ਉਪਰੋਕਤ ਜੁਗਤਾਂ ਵਰਤ ਕੇ ਬਾਣੀ ਵਿਵੇਕ ਰਾਹੀਂ ਉਸ ਪੂਰਨ ਪੁਰਖ ਨੂੰ ਪੂਰੀ ਤਰ੍ਹਾਂ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ, ਜੋ ਅਜੂਨੀ ਹੈ, ਅਮਰ ਹੈ, ਪਰ ਉਸ ਦੇ ਰੂਪ ਦੇ ਵੇਰਵੇ ਲੌਕਿਕ ਹਨ। ਇਸੇ ਲਈ ਰਵਿਦਾਸ ਬਾਣੀ ਜਿਥੇ ਦੁਨਿਆਵੀ ਚੇਤਨਾ ਨੂੰ ਸਨਮੁਖ ਰਖਦੀ ਹੈ, ਉਥੇ ਮਿਥਿਹਾਸਿਕ ਅਤੇ ਕਾਲਪਨਿਕ ਰੂੜ੍ਹੀਆਂ ਵੀ ਕਾਫ਼ੀ ਹੱਦ ਤਕ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

ਇਕ ਵੇਰਵੇ ਅਨੁਸਾਰ, ਮੱਧਕਾਲੀ ਭਗਤੀ ਲਹਿਰ ਵਿਚ ਜਾਤ-ਪਾਤ ਨਾਲ ਓਤ-ਪ੍ਰੋਤ ਸਮਾਜਿਕ ਸੰਗਠਨ, ਜੋ ਕਿ ਪਰਮਾਤਮਾ ਦੇ ਸਿਮਰਨ ਨੂੰ ਵੀ ਜਾਤ ਬਰਾਦਰੀ ਨਾਲ ਜੋੜਦਾ ਸੀ, ਉਸ ਦੌਰ ਵਿਚ ਗੁਰੂ ਰਵਿਦਾਸ ਜੀ ਵੱਲੋਂ ਇਨ੍ਹਾਂ ਸ਼ਬਦਾਂ ਦੇ ਉਚਾਰਨ ਪਿੱਛੇ ਉਨ੍ਹਾਂ ਨੂੰ ਮਿਲੀ ਲੋਕ ਪ੍ਰਵਾਨਗੀ ਤੋਂ ਸਪਸ਼ਟ ਹੁੰਦਾ ਹੈ ਕਿ ਉਸ ਸਮੇਂ ਦੀ ਲੋਕ ਚੇਤਨਾ ਤੀਬਰ ਰੂਪ ਵਿਚ ਪ੍ਰਭਾਵਿਤ ਹੋਈ। ਉਦਾਹਰਣ ਵਜੋਂ:

ਮੇਰੀ ਜਾਤਿ ਕੁਟਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸਾ ਪਾਸਾ।
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।[53]

ਗੁਰੂ ਰਵਿਦਾਸ ਜੀ ਦੇ ਨੀਚ ਕੁਲ ਵਿਚ ਪੈਦਾ ਹੋਣ ਤੇ ਵੀ ਉਨ੍ਹਾਂ ਵਿਚ ਕਿਸੇ ਕਿਸਮ ਦੀ ਹੀਨ ਭਾਵਨਾ ਨਹੀਂ ਪੈਦਾ ਹੋਈ। ਇਸ ਸੰਬੰਧ ਵਿਚ ਡਾ. ਧਰਮਪਾਲ ਸਰੀਨ[54] ਲਿਖਦੇ ਹਨ ਕਿ ਸੰਤ ਰਵਿਦਾਸ ਨੂੰ ਆਪਣੇ ਨੀਚ ਕੁਲ ਵਿਚ ਉਤਪੰਨ ਹੋਣ ਦਾ ਧਿਆਨ ਤਾਂ ਹੈ ਪਰੰਤੂ ਉਹ ਜਨਮ ਆਧਾਰਿਤ ਵਰਣ ਵਿਵਸਥਾ ਦਾ ਵਿਰੋਧ ਕਰਦੇ ਹਨ। ਇਹ ਵਿਰੋਧ ਕਰਦੇ ਹੋਏ ਉਨ੍ਹਾਂ ਵਿਚ ਕਬੀਰ ਦੀ ਅੱਖੜਤਾ ਨਹੀਂ ਬਲਕਿ ਨਿਮਰਤਾ ਹੈ, ਕਿਉਂਕਿ ਉਨ੍ਹਾਂ ਦਾ 'ਬ੍ਰਹਮ ਤਾਂ ਨੀਚਹੁ ਊਚ ਕਰੈ' ਅਤੇ ਇਸ ਤਰ੍ਹਾਂ ਕਰਦੇ ਹੋਏ ਉਨ੍ਹਾਂ ਦਾ 'ਗੋਬਿੰਦ ਕਾਹੂ ਤੇ ਨ ਡਰੈ'। ਉਹ ਗੋਬਿੰਦ ਸੰਪੂਰਣ ਸਿੱਧੀਆਂ ਦੇਣ ਵਾਲਾ ਹੈ। ਰਵਿਦਾਸ ਜੀ ਨੇ ਨੀਵੀਂ ਜਾਤ ਦੇ ਲੋਕਾਂ ਅੰਦਰ ਸ੍ਵੈਮਾਨ ਦਾ ਅਹਿਸਾਸ ਲਿਆਂਦਾ। ਉਨ੍ਹਾਂ ਨੇ ਆਪਣੀ ਕਰਨੀ ਦੁਆਰਾ ਇਹ ਦਿਖਾ ਦਿੱਤਾ ਕਿ ਜਿਹੜੇ ਬ੍ਰਾਹਮਣ ਸ਼ੂਦਰ ਦੀ ਛੋਹ ਨਹੀਂ ਸਹਨ ਕਰਨਾ ਚਾਹੁੰਦੇ, ਹੁਣ ਉਹ ਉਨ੍ਹਾਂ ਦੇ ਚਰਨਾਂ ਤੇ ਝੁਕਦੇ ਹਨ। ਸਮਾਜ ਵਿਚ ਇਹ ਇਕ ਇਨਕਲਾਬੀ ਮੋੜ ਸੀ। ਉੱਚ ਵਰਗ ਦਾ ਹਠ ਟੁੱਟ ਰਿਹਾ ਸੀ ਅਤੇ ਨੀਵੀਂ ਜਾਤੀ ਉਚੇਰੀ ਉਠ ਰਹੀ ਸੀ।[55] ਇਸ ਦੀ ਉਦਾਹਰਨ ਹੈ:

ਐਸੀ ਲਾਲ ਤੁਝ ਬਿਨੁ ਕਉਨੁ ਕਰੈ।
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ।
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ।
ਨੀਚਹੁ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ।[56]

ਇਸ ਨਵੀਂ ਕਰਾ ਅਨੁਭੂਤੀ ਦੇ ਉਦੇਸ਼ ਹੇਠ ਪਿਛੇ ਬ੍ਰਾਹਮਣੀ ਕਰਮਕਾਂਡ ਰੂੜ੍ਹੀ ਇਹ ਸੀ ਕਿ ਕੋਈ ਉੱਚੀ ਜਾਤ ਵਿਚ ਮਨੁੱਖ ਜਨਮ ਲੈ ਸਕਦਾ ਹੈ, ਕੋਈ ਸਵਰਨ ਜਾਤੀ ਜਾਂ ਕੁਲੀਨ ਵਰਗ ਵਿਚ ਜਨਮ ਲੈਣੀ ਪ੍ਰਵੇਸ਼ ਪਾ ਸਕਦੀ ਹੈ, ਪਰ ਪ੍ਰਭੂ ਦੇ ਪਰਿਵਾਰ ਵਿਚ ਕੋਈ ਕੁਲੀਨ ਅਤੇ ਕੋਈ ਨੀਵੀਂ ਜਾਤ ਨਹੀਂ ਹੈ। ਇੰਜ ਗੁਰੂ ਰਵਿਦਾਸ ਜੀ ਦੇਣੋਂ ਇਹ ਲੋਕ ਵਿਸ਼ਵਾਸ ਬਿਲਕੁਲ ਮੌਲਿਕ ਹੈ ਨਿਮਨਿਤਾਂ ਕਿ ਆਤਮਾ ਕਿਸੇ ਵੀ ਰੂਪ ਵਿਚ ਪ੍ਰਗਟ ਹੋ ਸਕਦੀ ਹੈ ਅਤੇ ਕਿਤੇ ਵੀ ਜਾ ਸਕਦੀ ਹੈ। ਇੰਜ ਰਵਿਦਾਸ ਬਾਣੀ ਨੇ ਇਹ ਸਿਧਾਂਤ ਕਿ ਮੇਰਾ ਪ੍ਰਭੂ ਗਰੀਬ ਨਿਵਾਜ ਹੈ ਅਤੇ ਜੇ ਮੈਂ ਉਸ ਦੀ ਉਸਤਤਿ ਜਾਂ ਬੰਦਗੀ ਵਿਚ ਰਹਿੰਦਾ ਹਾਂ ਤਾਂ ਉਹ ਮੇਰੇ ਸਿਰ ਉਪਰ ਵੀ ਰਾਜੇ ਸਮਾਨ ਛੱਤਰ ਰਖ ਸਕਦਾ ਹੈ। ਮੈਂ ਨੀਚ ਹੁੰਦਾ ਹੋਇਆਂ ਵੀ ਤੇਰੇ ਸਿਮਰਨ ਸਦਕਾ ਸਾਰੇ ਵਰਗਾਂ ਵਿਚ ਸਤਿਕਾਰ ਪਾ ਰਿਹਾ ਹਾਂ।

ਇਸੇ ਤਰ੍ਹਾਂ ਰਵਿਦਾਸ ਬਾਣੀ ਵਿਚ ਵਰਤੇ ਗੁਰ ਸਿਧਾਂਤ ਰੂਪ ਅਤੇ ਪੌਰਾਣਿਕ ਵੇਰਵਿਆਂ ਦਾ ਸੰਬੰਧ ਮਨੋਵਿਗਿਆਨਿਕ ਚੇਤਨਾ ਨਾਲ ਜਾ ਜੁੜਦਾ ਹੈ। ਇਸ ਪ੍ਰਸੰਗ ਦੀ ਪ੍ਰਯੋਜਨ ਸਿੱਧੀ ਲਈ ਇਹ ਆਧਾਰ ਜਾਂ ਚੇਤਨਾ ਅਨਿਵਾਰੀ ਹੈ, ਕਿਉਂਕਿ ਪ੍ਰਯੋਜਨ ਦੀ ਸਿੱਧੀ ਤਾਂ ਹੀ ਹੋ ਸਕਦੀ ਹੈ। ਡਾ. ਹਰਿਭਜਨ ਸਿੰਘ ਰਚਨਾ ਵਿਚ ਨਿਹਿਤ ਮਿਥ੍ਹਾਂ ਪ੍ਰਯੋਜਨਾਂ ਦੀ ਸਿੱਧੀ ਨੂੰ 'ਪ੍ਰੇਰਨਾ' ਆਖਦਾ ਹੈ।[57] ਉਦਾਹਰਨ ਵਜੋਂ ਜਦ ਰਵਿਦਾਸ ਜੀ ਆਖਦੇ ਹਨ:

ਤੁਮ ਚੰਦਨ ਹਮ ਇਰੰਡ ਬਾਪੁਰੇ, ਨਿਕਟਿ ਤੁਮਾਰੇ ਬਾਸਾ।
ਨੀਚ ਰੂਖ ਤੇ ਊਚ ਭਏ ਹੈਂ, ਤੁਮ੍ਹਰੀ ਬਾਸ ਸੁਬਾਸਾ।[58]

ਪ੍ਰਗਟ ਹੈ ਕਿ ਇਹੋ ਜਿਹਾ ਪ੍ਰਤੀਕ, ਜੋ ਮਨੋਰੰਜਕ ਭਰਪੂਰ ਹੋਵੇ, ਉਹ ਸਿਖਣੇ ਕਾਰਜ ਦੀ ਲੜੀ ਨੂੰ ਵੀ ਸੰਧਮੂਲਕ ਆਧਾਰ ਦੇਂਦਾ ਹੈ, ਉਥੇ ਪ੍ਰਤੱਖ ਤੌਰ ਤੇ ਇੱਸਦੇ ਪ੍ਰਯੋਜਨ ਉਨ੍ਹਾਂ ਲੁਕੇ ਹੋਏ ਪ੍ਰਯੋਜਨਾਂ ਨੂੰ ਵੀ ਉਤਕਰਸ਼ ਕਰ ਸਕਦੇ ਹਨ। ਉਦਾਹਰਨ ਵੱਸ ਚੰਦਨ ਦੀ ਖੁਸ਼ਬੋ ਜਦ ਸਾਰੇ ਜੰਗਲ ਨੂੰ ਮਹਿਕਾਂਦੀ ਹੈ ਤਾਂ ਇਰੰਡ ਵਰਗਾ ਪੌਦਾ ਵੀ ਖੁਸ਼ਬੋ ਦੇਂਦਾ ਹੈ।

ਇਸ ਪ੍ਰਕਾਰ ਇਨ੍ਹਾਂ ਦੁਨਿਆਵੀ ਲੋਕਾਚਰਕ ਰੂਪਕਾਂ ਨੂੰ ਵਰਤ ਕੇ ਗੁਰੂ ਰਵਿਦਾਸ ਚੇਤਨਾ ਇਸ ਭੌਖ ਸੁਕਤ ਸੰਸਾਰ ਤੋਂ ਨਿਸਤਾਰੇ ਦਾ ਰਾਹ ਦੇਂਦੀ ਹੈ।

ਇਹ ਅਵਸਥਾ ਵਸਤੂ ਭਰਮ ਅਤੇ ਕਲਾ ਚੇਤਨਾ ਜਾਂ ਕਲਾ-ਸੰਗਠਨ ਦੇ ਜੋੜ-ਮੇਲ ਦੀ ਚੇਤਨਾ ਹੈ। ਇਸ ਵਿਚੋਂ ਹੀ ਕਲਾ-ਪ੍ਰੇਰਕ ਆਧਾਰ ਪੈਦਾ ਹੁੰਦੇ ਹਨ, ਡਾ. ਹਰਿਭਜਨ ਸਿੰਘ ਦਾ ਏਹੀ ਮੱਤ ਹੈ।[59]

ਸੋ ਉਪਰੋਕਤ ਵੇਰਵਿਆਂ ਤੋਂ ਸਪਸ਼ਟ ਹੈ ਕਿ ਲੋਕ ਵੇਦ ਦੇ ਆਧਾਰ ਉੱਪਰ ਰਵਿਦਾਸ ਦੇ ਪੂਰੇ ਰਚਨਾ ਜਗਤ ਅੰਦਰ ਸੁਪਤ ਅਤੇ ਨਿਹਿਤ ਅਰਥਾਂ ਨੂੰ ਵਧੇਰੇ ਕਾਰਗਾਰ ਢੰਗ ਨਾਲ ਪ੍ਰਤੱਖਿਆ ਜਾ ਸਕਦਾ ਹੈ ਅਤੇ ਵਿਗਿਆਨਕ ਪੱਧਰ ਉੱਪਰ ਗਿਆਨ ਦੀ ਨਵੀਂ ਤਲਾਸ਼ ਕੀਤੀ ਜਾ ਸਕਦੀ ਹੈ।

## ਪੌਰਾਣਿਕ ਹਵਾਲਿਆਂ ਦੀ ਅਜੋਕੇ ਯੁਗ ਵਿਚ ਸਾਰਥਕਤਾ

ਪੁਰਾਣਾਂ ਦੀ ਸਭ ਤੋਂ ਵੱਡੀ ਸਾਰਥਕਤਾ ਇਹ ਕਹੀ ਜਾ ਸਕਦੀ ਹੈ ਕਿ ਪੁਰਾਣ ਭਾਰਤ ਦੀ ਏਕਤਾ ਦੇ ਸੰਦੇਸ਼ਵਾਹਕ ਹਨ। ਇਨ੍ਹਾਂ ਵਿਚ ਜਿਨ੍ਹਾਂ ਦੇਵੀ-ਦੇਵਤਿਆਂ,

ਮਹਾਂਰਿਸ਼ੀਆਂ ਤੇ ਹੋਰ ਮਹਾਨ ਵਿਅਕਤੀਆਂ ਦੇ ਪ੍ਰਸੰਗ ਆਏ ਹਨ, ਉਹ ਸਮੁੱਚੇ ਦੇਸ਼ ਦੇ ਜੀਵਨ ਕਲਾ ਤੇ ਸੰਸਕ੍ਰਿਤੀ ਨਾਲ ਜੁੜੇ ਹੋਏ ਹਨ। ਉਨ੍ਹਾਂ ਦੇ ਜੀਵਨ ਦਾ ਕਾਰਜ-ਖੇਤਰ ਵੀ ਪੂਰੇ ਦੇਸ਼ ਵਿਚ ਫੈਲਿਆ ਹੋਇਆ ਹੈ। ਸਾਰੇ ਅਠਾਰ੍ਹਾਂ ਪੁਰਾਣਾਂ ਅਤੇ ਉਪ-ਪੁਰਾਣ ਵਿਭਿੰਨ ਮਿਤਾਂ ਨਾਲ ਸੰਜੋਏ ਹੋਏ ਹਨ। ਇਨ੍ਹਾਂ ਪੁਰਾਣਾਂ ਦੁਆਰਾ ਸਾਡੇ ਇਤਿਹਾਸਕਾਰ ਸਾਡੀ ਸਨਾਤਨ ਸਭਿਅਤਾ ਅਤੇ ਇਤਿਹਾਸ ਨੂੰ ਖੋਜ ਸਕਦੇ ਹਨ। ਪਰੰਤੂ ਇਕ ਸਾਧਾਰਨ ਪੁਰਸ਼ ਲਈ ਇਹ ਸਿਰਫ਼ ਸ਼ਕਤੀ ਦਾ ਹੀ ਸੋਮਾ ਹਨ, ਜਿਹੜੀ ਕਿ ਸਾਡੇ ਦੇਸ਼ ਦੀ ਸਭਿਆਚਾਰਕ ਅਤੇ ਰੂਹਾਨੀ ਏਕਤਾ ਨੂੰ ਅਮਰ ਬਣਾਉਂਦੀ ਹੈ।

ਇਹ ਇਕ ਅਟਲ ਸਚਾਈ ਹੈ ਕਿ ਮਨੁੱਖੀ ਆਤਮਾ ਅਮਰ ਹੈ। ਸਾਰੇ ਵੇਦਾਂ, ਉਪਨਿਸ਼ਦਾਂ ਅਤੇ ਪੁਰਾਣਾਂ ਦਾ ਇਹੋ ਇਕ ਮਾਤਰ ਸੰਦੇਸ਼ ਹੈ। ਪੁਰਾਣ ਮਨੁੱਖ ਨੂੰ ਰੱਬ ਨਾਲ ਐਸਾ ਪਿਆਰ ਕਰਨਾ ਸਿਖਾਉਂਦੇ ਹਨ, ਜਿਹੜਾ ਬਿਨਾਂ ਕਿਸੇ ਇੱਛਾ ਜਾਂ ਲੋੜ ਦੇ ਕੀਤਾ ਜਾਂਦਾ ਹੈ। ਇਸ ਦੇ ਉਦਾਹਰਣ ਪੁਰਾਣਾਂ ਵਿਚ ਥਾਂ-ਪਰ-ਥਾਂ ਖਿਲਰੇ ਪਏ ਹਨ। ਇਸ ਸੰਦਰਭ ਵਿਚ ਭਗਤ ਪ੍ਰਹਿਲਾਦ ਦੀ ਕਥਾ ਲਈ ਜਾ ਸਕਦੀ ਹੈ। ਜਦੋਂ ਭਗਵਾਨ ਪ੍ਰਹਿਲਾਦ ਸਾਹਮਣੇ ਪ੍ਰਗਟ ਹੋਏ ਅਤੇ ਕਹਿਣ ਲੱਗੇ ਕਿ ਤੂੰ ਕੋਈ ਵਰਦਾਨ ਮੰਗ ਲੈ ਕਿਉਂਕਿ ਅਸੀਂ ਤੇਰੀ ਭਗਤੀ ਤੋਂ ਖ਼ੁਸ਼ ਹੋਏ ਹਾਂ, ਤਦ ਪ੍ਰਹਿਲਾਦ ਨੇ ਕਿਹਾ ਕਿ ਮੈਂ ਭਗਤੀ ਤੁਹਾਡੇ ਕੋਲੋਂ ਕੁਝ ਪ੍ਰਾਪਤ ਕਰਨ ਦੀ ਇੱਛਾ ਨਾਲ ਨਹੀਂ ਕੀਤੀ। ਇਹ ਨਿਸ਼ਕਾਮ ਭਾਵ ਹੀ ਭਾਰਤੀ ਸੰਸਕ੍ਰਿਤੀ ਦੀ ਮੂਲ ਪਛਾਣ ਹੈ।

ਸਾਡੇ ਧਰਮ ਅਚਾਰੀਆਂ ਨੇ ਜਿਸ ਪ੍ਰਕਾਰ ਮੂਰਤੀ ਮਾਧਿਅਮ ਚੁਣਿਆ, ਉਸੇ ਤਰ੍ਹਾਂ ਧਰਮ ਦੇ ਗੰਭੀਰ ਤੱਤਾਂ ਨੂੰ ਰੋਚਕ ਪੁਰਾਣ ਕਥਾਵਾਂ ਵਿਚ ਗੁੰਨ੍ਹ ਕੇ ਉਸ ਨੂੰ ਸਰਬ-ਸਾਧਾਰਨ ਲਈ ਪ੍ਰੇਰਕ ਬਣਾ ਦਿੱਤਾ। ਭਾਰਤ ਮੂਰਤੀ ਪੂਜਕਾਂ ਦਾ ਦੇਸ਼ ਹੈ, ਪਰੰਤੂ

ਇਵੇਂ ਪੱਥਰ ਦੀ ਮੂਰਤੀ ਨਹੀਂ, ਉਸ ਵਿਚ ਪ੍ਰਾਣ ਪ੍ਰਤਿਸ਼ਠਤਾ ਦੁਆਰਾ ਜੀਵਤ ਦੇਵਤੂ ਦੀ ਭਾਵਨਾ ਪੂਜੀ ਜਾਂਦੀ ਹੈ। ਈਸ਼ਵਰ ਕਣ-ਕਣ ਵਿਚ ਵਿਆਪਤ ਹੈ, ਫਿਰ ਮੂਰਤੀ ਵਿਚ ਕਿਉਂ ਨਹੀਂ? ਅਸੀਂ ਜਿਸ ਥਾਂ, ਜਿਸ ਵਿਚ ਚਾਹੀਏ, ਉਸ ਦੇ ਦਰਸ਼ਨ ਕਰ ਸਕਦੇ ਹਾਂ। ਮੂਰਤੀ ਨਿਰਮਾਣ ਵੀ ਕਲਪਨਾ ਦਾ ਰੂਪਕ ਹੈ। ਮੂਰਤੀ ਦੀ ਪੂਜਾ ਅਤੇ ਮੂਰਤੀ ਦਾ ਧਿਆਨ ਕਰਦੇ ਕਰਦੇ, ਵਿਸ਼ਵਾਸ ਪੁਖਤਾ ਬਣ ਜਾਂਦੇ ਹਨ, ਅਧਿਆਤਮ ਦੀਆਂ ਡੂੰਘੀਆਂ ਸੁਲਝਣ ਲਗ ਪੈਂਦੀਆਂ ਹਨ।

ਗੌਤਮ ਬੁੱਧ ਨੇ ਅੰਤਿਮ ਸਮੇਂ ਵਿਚ ਆਪਣੇ ਸ਼ਿਸ਼ਾਂ ਨੂੰ ਕਿਹਾ ਸੀ ਕਿ ਮੇਰੀ ਮੌਤ ਤੋਂ ਪਸ਼ਚਾਤ ਮੇਰਾ ਕੁਝ ਬਾਕੀ ਨਹੀਂ ਰਹੇਗਾ। ਤੁਸੀਂ ਮੇਰੇ ਕੋਲੋਂ ਕੋਈ ਆਸ਼ਾ ਨਹੀਂ ਰਖਣੀ, ਆਪਣੇ ਆਪ ਆਪਣਾ ਮਾਰਗ ਖੋਜਣਾ। ਆਪਣੇ ਪਰਮ ਸ਼ਿਸ਼ ਆਨੰਦ ਨੂੰ ਕਿਹਾ ਸੀ ਕਿ ਤੂੰ ਆਪਣਾ ਦੀਪਕ ਆਪ ਬਣਨਾ ਹੈ। ਪਰੰਤੂ ਉਨ੍ਹਾਂ ਦੇ ਅਨੁਯਾਈ ਉਨ੍ਹਾਂ ਦੀ ਮੂਰਤੀ ਨਿਰਮਾਣ ਦਾ ਲੋਭ ਨਹੀਂ ਤਿਆਗ ਸਕੇ। ਕਾਰਨ, ਆਸਥਾ ਨੂੰ ਕੋਈ ਆਧਾਰ ਤਾਂ ਚਾਹੀਦਾ ਹੀ ਹੈ। ਆਧਾਰ ਤੋਂ ਬਗੈਰ ਆਸਥਾ ਭਟਕਣ ਲਗ ਪੈਂਦੀ ਹੈ।

ਧਰਮਵੀਰ ਭਾਰਤੀ ਦੇ ਨਾਟਕ 'ਅੰਧਾ ਯੁਗ' ਬਾਰੇ ਲਿਖਦੇ ਹੋਏ ਡਾ. ਸੁਰੇਸ਼ ਗੌਤਮ[60] ਨੇ ਕਿਹਾ ਹੈ ਕਿ ਆਪਣੀ ਆਧੁਨਿਕ ਸੰਵੇਦਨਾ ਨੂੰ ਬਾਣੀ ਦੇਣ ਲਈ ਇਤਿਹਾਸ ਦੀ ਸਾਰੀ ਸਮੱਗਰੀ ਅਤੇ ਸੰਪੂਰਨ ਯੁਗ ਨੂੰ ਸਮੇਟ ਕੇ ਆਧੁਨਿਕ ਕਾਲ ਨਾਲ ਸੰਬੰਧਿਤ ਕਰਕੇ ਸਫਲਤਾ ਪ੍ਰਾਪਤ ਕੀਤੀ ਹੈ। ਭਾਰਤੀ ਦੀ ਸੁਚੇਤਨਾ ਦਾ ਮਾਨਦੰਡ ਇਹੀ ਹੈ ਕਿ ਉਨ੍ਹਾਂ ਨੇ ਇਤਿਹਾਸ ਉੱਤੇ ਵਰਤਮਾਨ ਨੂੰ ਕਿਤੇ ਵੀ ਭਾਰ ਨਾ ਬਣਾ ਕੇ ਇਤਿਹਾਸ ਨੂੰ ਵਰਤਮਾਨ ਦੇ ਅਨੁਕੂਲ ਬਣਾ ਦਿੱਤਾ ਹੈ। ਇਸ ਤਰ੍ਹਾਂ ਮਹਾਭਾਰਤ ਦਾ ਵਿਨਾਸ਼ਕ ਯੁੱਧ ਕੇਵਲ ਯੁੱਧ ਮਾਤਰ ਨਹੀਂ ਰਹਿੰਦਾ, ਇਕ ਪ੍ਰਤੀਕ ਬਣ ਜਾਂਦਾ ਹੈ, ਆਧੁਨਿਕ ਯੁਗ ਦੇ ਸੰਤ੍ਰਾਸ ਦਾ ਪ੍ਰਤੀਕ।

ਮਹਾਭਾਰਤ ਦੀ ਕਥਾ ਨੂੰ ਆਧੁਨਿਕ ਸੰਦਰਭ ਵਿਚ ਮੂਰਤੀਮਾਨ ਕਰਨ ਲਈ ਧਰਮਵੀਰ ਭਾਰਤੀ ਨੇ 'ਅੰਧਾ ਯੁਗ' ਵਿਚ ਬੜਾ ਸਫਲ ਯਤਨ ਕੀਤਾ ਹੈ, ਇਹ ਯਤਨ ਇਸ ਹਕੀਕਤ ਦਾ ਵੀ ਸੰਕੇਤ ਹੈ ਕਿ ਪੌਰਾਣਿਕ ਹਵਾਲਿਆਂ ਨੂੰ ਅੱਜ ਦੇ ਸੰਦਰਭ ਵਿਚ ਕਿਵੇਂ ਪ੍ਰਸਤੁਤ ਕੀਤਾ ਜਾ ਸਕਦਾ ਹੈ।

ਇਥੇ ਅਸੀਂ ਰਵਿਦਾਸ ਬਾਣੀ ਵਿਚ ਆਏ ਕੁਝ ਪੌਰਾਣਿਕ ਹਵਾਲਿਆਂ ਦੀ ਅਜੋਕੇ ਯੁਗ ਵਿਚ ਸਾਰਥਕਤਾ ਨੂੰ ਵਿਸ਼ਲੇਸ਼ਿਤ ਕਰਨ ਦੀ ਸੰਖੇਪ ਵਿਚ ਕੋਸ਼ਿਸ਼ ਕਰਾਂਗੇ। ਪੁਰਾਣ ਦਾ ਅਰਥ ਸਿਰਫ਼ ਇਹ ਨਹੀਂ ਕਿ ਇਸ ਵਿਚ ਸਾਰੀਆਂ, ਪੁਰਾਣੇ ਸਮੇਂ ਜਾਂ ਬੀਤੇ ਹੁੱਤੇ ਸਮੇਂ ਨਾਲ ਸੰਬੰਧਤ ਕਥਾ-ਕਹਾਣੀਆਂ ਹੀ ਵਿਖਿਆਨੀਆਂ ਹਨ, ਜਾਂ ਇਨ੍ਹਾਂ ਦਾ ਸਿਰਫ਼ ਉਸ ਯੁੱਗ ਵਿਚ ਹੀ ਮਹੱਤਵ ਸੀ, ਬਲਕਿ ਇਨ੍ਹਾਂ ਕਥਾ-ਕਹਾਣੀਆਂ ਦਾ ਆਧੁਨਿਕ ਯੁਗ ਵਿਚ ਵੀ ਉਨਾਂ ਹੀ ਮਹੱਤਵ ਕਿਹਾ ਜਾ ਸਕਦਾ ਹੈ, ਸਗੋਂ ਹੁਣ ਤਾਂ ਇਹ ਹੋਰ ਵੀ ਕਈ ਨਵੇਂ ਅਰਥ ਸਾਡੇ ਸਾਹਮਣੇ ਪ੍ਰਸਤੁਤ ਕਰਦੀਆਂ ਹਨ, ਜਿਨ੍ਹਾਂ ਨੂੰ ਅਜੋਕੇ ਯੁਗ ਦੇ ਸੰਦਰਭ ਵਿਚ ਰਖ ਕੇ ਵੇਖਿਆ ਜਾ ਸਕਦਾ ਹੈ। ਕਈ ਵਾਰ ਤਾਂ ਇਸ ਤਰ੍ਹਾਂ ਕਰਦਿਆਂ ਹੋਇਆਂ ਸਾਨੂੰ ਹੈਰਾਨੀ ਵੀ ਹੁੰਦੀ ਹੈ ਕਿ ਅਜੋਕੇ ਯੁਗ ਦੀਆਂ ਇਹ ਕੁਝ ਪਰਿਸਥਿਤੀਆਂ ਕਿਵੇਂ ਪੁਰਾਤਨ ਕਾਲ ਦੇ ਹਾਲਾਤ ਨਾਲ ਮਿਲਦੀਆਂ ਹਨ।

ਰਵਿਦਾਸ ਬਾਣੀ ਵਿਚ ਆਇਆ ਸਭ ਤੋਂ ਮਹੱਤਵਪੂਰਨ ਪੌਰਾਣਿਕ ਹਵਾਲਾ ਸ੍ਰੀ ਰਾਮ ਦਾ ਹੈ। ਸ੍ਰੀ ਰਾਮ ਨਾਲ ਸੰਬੰਧਤ ਕਥਾਵਾਂ ਪੁਰਾਣਾਂ ਵਿਚ ਵੀ ਪਾਈਆਂ ਜਾਂਦੀਆਂ ਹਨ। ਰਾਮਾਇਣ ਦੇ ਨਾਇਕ ਤਾਂ ਆਪ ਹਨ ਹੀ। ਸ੍ਰੀ ਰਾਮ ਦੀਆਂ ਕਥਾਵਾਂ ਦੀ ਮਹੱਤਤਾ ਸਿਰਫ਼ ਪੁਰਾਣਾਂ ਤਕ ਹੀ ਸੀਮਿਤ ਨਹੀਂ ਬਲਕਿ ਰਾਮ ਜੀ ਦਾ ਚਰਿਤ੍ਰ ਸਾਡੇ ਸਾਹਮਣੇ ਇਕ ਆਦਰਸ਼ ਚਰਿਤ੍ਰ ਬਣ ਕੇ ਪੇਸ਼ ਹੁੰਦਾ ਹੈ ਜਿਸ ਤੋਂ ਅਜੋਕੇ ਮਨੁੱਖ ਨੂੰ ਆਪਣੇ ਜੀਵਨ ਪ੍ਰਤੀ ਅਗਵਾਈ ਮਿਲਦੀ ਹੈ।

ਭਗਵਾਨ ਰਾਮ ਪ੍ਰੇਮ ਅਤੇ ਧਰਮ ਦੀ ਸੰਪੂਰਨ ਮੂਰਤੀ ਬਣ ਕੇ ਪੇਸ਼ ਹੁੰਦੇ ਹਨ। ਇਸ ਦੇ ਨਾਲ-ਨਾਲ ਹੀ ਇਕ ਆਦਰਸ਼ ਪੁੱਤਰ, ਇਕ ਆਦਰਸ਼ ਭਰਾ, ਇਕ ਆਦਰਸ਼ ਪਤੀ ਨਾਲੋਂ ਸਭ ਤੋਂ ਵੱਧ ਨਿਆਂਪ੍ਰਿਯ ਰਾਜਾ ਸਾਬਿਤ ਹੁੰਦੇ ਹਨ, ਜਿਹੜੇ ਕਿ ਦੇਵਤਾ ਨਾਲੋਂ ਮਨੁੱਖ ਵਧੇਰੇ ਪ੍ਰਤੀਤ ਹੁੰਦੇ ਹਨ। ਸਹਿਨਸ਼ੀਲਤਾ ਅਤੇ ਲਗਨ ਦੀ ਸੰਪੂਰਨ ਮੂਰਤ, ਪੌਰਾਣਿਕ ਜ਼ਿੰਦਗੀ ਨੂੰ ਵੀ ਪੇਸ਼ ਕਰਨ ਵਿਚ ਸਮਰੱਥ ਹੈ। ਧਰਮ ਅਤੇ ਸਿਧਾਂਤ ਲਈ ਆਪਣਾ ਸਭ ਕੁਝ ਨਿਛਾਵਰ ਕਰਨ ਵਾਲੇ ਸਿਰਫ਼ ਰਾਮ ਹੀ ਸਨ। ਜਿਸ ਕਰਕੇ ਰਾਮ ਚੰਦਰ ਜੀ ਦਾ ਆਦਰਸ਼ ਚਰਿੱਤ੍ਰ ਸਦੀਆਂ ਤੋਂ ਭਾਰਤੀ ਮਨੁੱਖ ਲਈ ਪ੍ਰੇਰਨਾ ਤੇ ਆਸਥਾ ਦਾ ਪ੍ਰਤੀਕ ਬਣਿਆ ਹੋਇਆ ਹੈ। ਜਦੋਂ ਤਕ ਇਹ ਮਹਾਨ ਪ੍ਰਤੀਕ ਭਾਰਤੀ ਜੀਵਨ ਵਿਚ ਵਿਦਮਾਨ ਹੈ, ਲੋਕ ਹੱਕ ਇਨਸਾਫ਼ ਲਈ ਜੂਝਦੇ ਰਹਿਣਗੇ, ਤਿਆਗ ਕਰਦੇ ਰਹਿਣਗੇ ਤੇ ਤਸੀਹੇ ਵੀ ਸਹਿੰਦੇ ਰਹਿਣਗੇ। ਪਰ ਉਹ ਆਦਰਸ਼ ਤੋਂ ਨਹੀਂ ਡੋਲਣਗੇ। ਸ੍ਰੀ ਰਾਮ ਨਾਰਾਇਣ ਉਪਨਿਸ਼ਦ[61] ਦੇ ਮੱਤ ਅਨੁਸਾਰ, ਤੁਲਸੀ ਨੇ ਕਿਹਾ ਕਿ ਭਾਵੇਂ ਰਾਮ ਵੱਡੇ ਹਨ ਲੇਕਿਨ ਉਨ੍ਹਾਂ ਦਾ ਨਾਮ ਉਨ੍ਹਾਂ ਤੋਂ ਵੀ ਵੱਡਾ ਹੈ, ਕਿਉਂਕਿ ਉਹ ਪ੍ਰਤੀਕ ਹੈ ਰਾਮ ਦਾ। ਉਨ੍ਹਾਂ ਨੇ ਕਿਹਾ ਸੀ ਕਿ ਨਾਮ ਤਾਂ ਦੁਭਾਸ਼ੀਆ ਹੈ। ਜਿਸ ਤਰ੍ਹਾਂ ਦੁਭਾਸ਼ੀਆ ਦੋ ਭਾਸ਼ਾ ਭਾਸ਼ੀਆਂ ਨੂੰ ਜੋੜਨ ਦਾ ਕੰਮ ਕਰਦਾ ਹੈ, ਉਸੇ ਤਰ੍ਹਾਂ ਨਾਮ ਵੀ ਸਗੁਣ ਅਤੇ ਨਿਰਗੁਣ ਨੂੰ ਜੋੜਨ ਦਾ ਕੰਮ ਕਰਦਾ ਹੈ। ਜੋ ਸਗੁਣ ਉਪਾਸਕ ਹਨ, ਉਹ ਤਾਂ ਗੁਣ ਨੂੰ ਮੰਨਦੇ ਹੀ ਹਨ, ਲੇਕਿਨ ਜੋ ਨਿਰਗੁਣ ਉਪਾਸਕ ਹਨ, ਉਹ ਵੀ ਗੁਣ ਦੀ ਸੱਤਾ ਤੋਂ ਇਨਕਾਰ ਨਹੀਂ ਕਰਦੇ। ਕਿਉਂਕਿ ਨਿਰਗੁਣ ਸ਼ਬਦ ਵਿਚ ਹੀ ਗੁਣ ਸ਼ਬਦ ਨਿਹਿਤ ਹੈ। ਸਮੁੰਦਰ ਮੰਥਨ ਸਮੇਂ ਜਦ ਵਿਸ਼ ਪੀਣ ਲਈ ਦੇਵਤਿਆਂ ਨੇ ਸ਼ਿਵ ਜੀ ਨੂੰ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਲੋਕ ਕਲਿਆਣ ਲਈ ਜ਼ਹਿਰ ਨੂੰ ਪੀਣਾ ਸਵੀਕਾਰ ਕਰ ਲਿਆ।

ਲੇਕਿਨ ਤ੍ਰਿਸ ਦੇ ਪੀਣ ਨਾਲ ਉਨ੍ਹਾਂ ਦਾ ਸਰੀਰ ਜਲਣ ਲਗ ਪਿਆ, ਜਿਸ ਨੂੰ ਸ਼ਾਂਤ ਕਰਨ ਹਿਤ ਉਨ੍ਹਾਂ ਅਨੇਕ ਉਪਚਾਰ ਕੀਤੇ, ਜਿਵੇਂ ਚੰਦਰਮਾ, ਗੰਗਾ, ਸਰਪਾਂ ਦੀ ਮਾਲਾ, ਵਿਭੂਤੀ, ਪਾਰਬਤੀ ਨਾਲ ਵਿਆਹ ਆਦਿ ਸਾਧਨ ਧਾਰਨ ਕੀਤੇ। ਲੇਕਿਨ ਇਨ੍ਹਾਂ ਨਾਲ ਉਨ੍ਹਾਂ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੋਈ ਤਾਂ ਆਖਿਰ ਵਿਚ ਰਾਮ ਦੇ ਨਾਮ ਨੂੰ ਕੰਠ ਵਿਚ ਧਾਰਨ ਕਰ ਲਿਆ, ਜਿਸ ਨਾਲ ਵਿਖੁ ਅੰਮ੍ਰਿਤ ਵਿਚ ਬਦਲ ਗਿਆ। ਐਸੀ ਹੀ ਮਹਿਮਾ ਰਾਮ ਦੇ ਨਾਮ ਦੀ ਹੈ।"[62]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸੰਤ ਦੇ ਰੂਪ ਵਿਚ ਰਾਮ ਦਾ ਵਿਅਕਤਿਤ੍ਵ ਅਨੇਕ ਨਵਯੁਵਕਾਂ ਨੂੰ ਪ੍ਰੇਰਨਾ ਦੇਣ ਦੀ ਸਮਰੱਥਾ ਰਖਦਾ ਹੈ। ਰਾਮ ਦੇ ਜੀਵਨ ਚਰਿਤ੍ਰ ਦੀ ਇਹ ਪ੍ਰੇਰਨਾ ਹੀ ਸਦੀਆਂ ਤੋਂ ਮਨੁੱਖ ਨੂੰ ਸੱਚ ਦੇ ਮਾਰਗ ਤੇ ਚਲਣ ਵਾਸਤੇ ਚਾਨਣ ਮੁਨਾਰੇ ਦਾ ਕੰਮ ਕਰਦੀ ਆਈ ਹੈ, ਅਤੇ ਕਰਦੀ ਰਹੇਗੀ।

ਇਸੇ ਤਰ੍ਹਾਂ ਹੀ ਅਹੱਲਿਆ ਦਾ ਪ੍ਰਸੰਗ ਵੀ ਅਸੀਂ ਰਵਿਦਾਸ ਬਾਣੀ ਵਿਚ ਵੇਖਿਆ ਹੈ। ਅਹੱਲਿਆ ਰਿਸ਼ੀ ਗੌਤਮ ਦੀ ਪਤਨੀ ਸੀ। ਇੰਦਰ ਦੇਵਤਾ ਨੇ ਛਲ ਨਾਲ ਅਹੱਲਿਆ ਨਾਲ ਵਿਭਚਾਰ ਕੀਤਾ। ਨਤੀਜੇ ਵਜੋਂ ਗੌਤਮ ਰਿਸ਼ੀ ਨੇ ਅਹੱਲਿਆ ਨੂੰ ਪਾਸ਼ਾਣ ਹੋਣ ਦਾ ਸਰਾਪ ਦੇ ਦਿੱਤਾ ਸੀ। ਲੇਕਿਨ ਜਦ ਸ੍ਰੀ ਰਾਮ ਉਸ ਥਾਂ ਪਧਾਰੇ ਤਾਂ ਉਹ ਪਾਸ਼ਾਣ ਬਣੀ ਹੋਈ ਨਾਰੀ ਰੂਪ ਅਹੱਲਿਆ ਮੁੜ ਪਹਿਲੀ ਅਵਸਥਾ ਵਿਚ ਆ ਗਈ। ਇਸ ਘਟਨਾ ਤੋਂ ਇਹ ਵੀ ਤੱਤ ਨਿਕਲਦਾ ਹੈ ਕਿ ਸ੍ਰੀ ਰਾਮ ਨੇ ਉਸ ਨੂੰ ਮੁੜ ਸੁਰਜੀਤ ਕਰਕੇ ਇਹ ਸਿੱਧ ਕਰ ਦਿੱਤਾ ਕਿ ਪੁਰਸ਼ ਦੇ ਅਪਰਾਧ ਲਈ ਸਿਰਫ਼ ਇਸਤ੍ਰੀ ਨੂੰ ਜੀਵਨ ਭਰ ਲਈ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਇਸ ਲਈ ਮੈਂ ਇਸ ਨੂੰ ਨਿਰਦੋਸ਼ ਸਾਬਿਤ ਕਰਦਾ ਹਾਂ।[63]

ਅਹੱਲਿਆ ਦਾ ਨਾਮ ਭਾਰਤ ਦੀਆਂ ਪੰਜ ਪਤੀਵ੍ਰਤਾ ਔਰਤਾਂ ਵਿਚ ਸਭ ਤੋਂ ਪਹਿਲਾਂ ਆਉਂਦਾ ਹੈ — ਅਹੱਲਿਆ, ਦ੍ਰੋਪਦੀ, ਸੀਤਾ, ਤਾਰਾ ਅਤੇ ਮੰਦੋਦਰੀ।

ਅਹੱਲਿਆ ਨੂੰ ਪਤੀਵ੍ਰਤਾ ਮੰਨਣ ਪਿਛੇ ਕਾਰਨ ਇਹ ਹੈ ਕਿ ਅਹੱਲਿਆ ਐਸ਼ਬਾਜ਼ ਨਹੀਂ ਸੀ। ਜੋ ਔਰਤ ਆਪਣੇ ਪਤੀ ਨਾਲ ਧੋਖਾ ਕਰਦੀ ਹੈ, ਉਸ ਨੂੰ ਹੀ ਸਜ਼ਾ ਦੇਣ ਦਾ ਅਧਿਕਾਰ ਹੈ।

ਇਸ ਘਟਨਾ ਨੂੰ ਅੱਜ ਦੇ ਸੰਦਰਭ ਨਾਲ ਵੀ ਜੋੜਿਆ ਜਾ ਸਕਦਾ ਹੈ। ਅਗਰ ਇਕ ਰਾਸ਼ਟਰ ਨੂੰ ਚਿਰਨਵੀਨ ਵਿਚਾਰ ਕੇ ਬੀਜ ਬੀਜ ਕੇ ਵਧਣਾ ਫੁਲਣਾ ਹੈ ਤਾਂ ਉਸ ਉਪਰ ਨਿਰੰਤਰ ਹਲ ਚਲਾਉਣਾ ਚਾਹੀਦਾ ਹੈ ਤਾਂ ਕਿ ਉਹ ਅਹੱਲਿਆ ਨਾ ਬਣੇ ਯਾਨੀ ਉਸ ਦੀ ਆਤਮਾ ਸ਼ਿਲਾ ਰੂਪ ਨਾ ਬਣੇ। ਇਕ ਦੇਸ਼ ਜਦੋਂ ਆਤਮਾ ਦੇ ਤੌਰ ਤੇ ਜੜ੍ਹਵਤ ਹੋ ਜਾਂਦਾ ਹੈ ਤਾਂ ਇਕ ਮਹਾਨ ਨੇਤਾ ਦੀ ਪ੍ਰੇਰਨਾ ਹੀ ਸਿਰਫ਼ ਇਕ ਮਾਤਰ ਉਸ ਦੀ ਮੁਕਤੀ ਦਾ ਸਾਧਨ ਹੈ। ਅੱਜ ਵੀ ਭਾਰਤ ਅਹੱਲਿਆ ਦੀ ਸਥਿਤੀ ਵਿਚ ਕਾਇਮ ਹੈ। ਸਮੇਂ-ਸਮੇਂ ਮਹਾਨ ਪੁਰਸ਼ਾਂ ਜਿਵੇਂ ਬੁੱਧ, ਸ਼ੰਕਰ, ਗੁਰੂ ਨਾਨਕ, ਵਿਵੇਕਾਨੰਦ, ਗਾਂਧੀ ਆਦਿ ਦੇ ਪਦ-ਸਪਰਸ਼ ਨਾਲ ਕ੍ਰਾਂਤੀਕਾਰੀ ਵਿਚਾਰਾਂ ਨਾਲ ਅਹੱਲਿਆ ਰੂਪੀ ਭਾਰਤ ਨੂੰ ਮੁਕਤੀ ਜ਼ਰੂਰ ਮਿਲੀ ਹੈ ਲੇਕਿਨ ਅੱਜ ਵੀ ਸਾਡਾ ਦੇਸ਼ ਉਸੇ ਅਹੱਲਿਆ ਰੂਪ ਦਾ ਸ਼ਿਕਾਰ ਬਣਿਆ ਹੋਇਆ ਹੈ। ਪ੍ਰਜਾਤੰਤ੍ਰ ਤਾਂ ਮਹਿਜ਼ ਇਕ ਭਰਮ ਹੀ ਹੈ।

ਰਾਮਾਇਣ ਕਾਲੀਨ ਸਮਾਜ ਦੇ ਅਧਿਨਾਇਕ ਦਸ਼ਰਥ ਰਾਮ ਅਤੇ ਮਹਾਭਾਰਤ ਕਾਲੀਨ ਸਮਾਜ ਦੇ ਸ੍ਰੀ ਕ੍ਰਿਸ਼ਨ, ਵਸ਼ਿਸ਼ਟ, ਬਾਲਮੀਕਿ ਅਤੇ ਕ੍ਰਿਸ਼ਨ ਦ੍ਵੈਪਾਇਨ ਵਿਆਸ,

ਸਾਹਿਤ ਜਗਤ ਦੀਆਂ ਕਾਲਪਨਿਕ ਮੂਰਤੀਆਂ ਨਹੀਂ ਹਨ, ਉਹ ਨਿਸ਼ਚਿਤ ਪ੍ਰਕ੍ਰਿਤੀ ਦੇ ਅੰਤਰਾਲ ਵਿਚ ਨਿਹਿਤ ਸਤਯਮ, ਸ਼ਿਵਮ, ਸੁੰਦਰਮ ਦਾ ਮੰਗਲਮਈ ਕਲਿਆਣਕਾਰੀ ਸਰੂਪ ਹੈ।[64]

ਰਵਿਦਾਸ ਬਾਣੀ ਵਿਚ ਸ੍ਰੀ ਕ੍ਰਿਸ਼ਨ ਨਾਲ ਸੰਬੰਧਿਤ ਕਥਾਵਾਂ ਵੀ ਵੇਖੀਆਂ ਜਾ ਸਕਦੀਆਂ ਹਨ। ਆਮ ਧਾਰਨਾ ਅਨੁਸਾਰ ਸ੍ਰੀ ਕ੍ਰਿਸ਼ਨ ਇਕ ਪੂਜਨੀਯ ਦੇਵਤਾ ਹੀ ਮੰਨਿਆ ਜਾਂਦਾ ਹੈ ਲੇਕਿਨ ਡਾ. ਧਰਮਵੀਰ ਭਾਰਤੀ ਨੇ ਆਪਣੇ ਕਾਵਿ-ਨਾਟਕ 'ਅੰਧਾ-ਯੁਗ' ਵਿਚ ਉਸ ਨੂੰ ਇਕ ਨਵੇਂ ਪਰਿਪੇਖ ਵਿਚ ਪੇਸ਼ ਕੀਤਾ ਹੈ। 'ਅੰਧਾ-ਯੁਗ' ਦਾ ਕ੍ਰਿਸ਼ਨ ਕੇਵਲ ਪ੍ਰਭੂ ਅਵਤਾਰ ਪਾਰਬ੍ਰਹਮ ਹੀ ਨਹੀਂ ਹੈ ਬਲਕਿ ਦੇਵਤ੍ਵ ਅਤੇ ਦਾਨਵ੍ਵ ਦੀ ਸੀਮਾ-ਰੇਖਾ ਤੇ ਖੜ੍ਹਾ ਉਹ ਆਧੁਨਿਕ ਜਟਿਲ ਮਨੁੱਖ ਵੀ ਹੈ ਜੋ ਪਰਿਸਥਿਤੀਆਂ ਤੋਂ ਪ੍ਰੇਰਿਤ ਹੋ ਕੇ ਸੱਚ ਦੀ ਰੱਖਿਆ ਕਰਦਾ ਹੈ, ਤਾਂ ਸੱਚ ਦਾ ਤਿਆਗ ਵੀ, ਮਰਯਾਦਾ ਦਾ ਅਨੁਸਰਨ ਵੀ ਅਤੇ ਅਮਰਯਾਦਾ ਦਾ ਗ੍ਰਹਿਣ ਵੀ। ਇਸੇ ਤਰ੍ਹਾਂ ਪਹਿਲੀ ਵਾਰ ਸ੍ਰੀ ਕ੍ਰਿਸ਼ਨ ਨੂੰ ਅਮਰਯਾਦਾਤ ਰੂਪ ਵਿਚ ਚਿਤ੍ਰਿਤ ਕੀਤਾ ਗਿਆ ਹੈ ਅਤੇ ਸ੍ਰੀ ਕ੍ਰਿਸ਼ਨ ਦਾ ਵਿਅਕਤਿਤ੍ਵ ਉਸ ਜਟਿਲ ਮਨੁੱਖ ਦੇ ਵਿਅਕਤਿਤ੍ਵ ਦੇ ਰੂਪ ਵਿਚ ਉਭਰਦਾ ਹੈ ਜੋ ਪਾਪ-ਪੁੰਨ, ਸੱਤ-ਅਸੱਤ, ਮਰਯਾਦਾ-ਅਮਰਯਾਦਾ ਦੇ ਝੂਲੇ ਉੱਤੇ ਘੜੀ ਦੇ ਪੈਂਡੂਲਮ ਦੀ ਭਾਂਤ ਸਦਾ ਡੋਲਾਇਮਾਨ ਰਹਿੰਦਾ ਹੈ।[65]

ਇਸੇ ਤਰ੍ਹਾਂ ਮਹਾਭਾਰਤ ਦੇ ਚਰਿਤ੍ਰ ਅਸ਼੍ਵਥਾਮਾ ਨੂੰ ਵੀ 'ਅੰਧਾ-ਯੁਗ' ਵਿਚ ਨਵੀਨ ਅਰਥਾਂ ਨਾਲ ਸਮਝਣ ਦਾ ਯਤਨ ਕੀਤਾ ਗਿਆ ਹੈ। 'ਅੰਧਾ-ਯੁਗ' ਦੇ ਅਸ਼੍ਵਥਾਮਾ ਦੇ ਅੰਦਰ ਦੀ ਕਰੂਪਤਾ ਆਧੁਨਿਕ ਮਨੁੱਖ ਦੀ ਕਰੂਪਤਾ ਹੈ, ਉਸ ਦੇ ਅੰਦਰ ਦੀ ਪਾਸ਼ਵਿਕਤਾ ਆਧੁਨਿਕ ਮਨੁੱਖ ਦੀ ਪਾਸ਼ਵਿਕਤਾ ਹੈ — ਉਸ ਆਧੁਨਿਕ ਮਨੁੱਖ ਦੀ ਜਿਸ ਦੇ ਅੰਦਰ ਨਿਰੰਤਰ ਇਕ ਯੁੱਧ ਵ੍ਰਿਤੀ ਵਿਦਮਾਨ ਰਹਿੰਦੀ ਹੈ। ਇਕ ਪਾਸੇ ਤਾਂ ਆਧੁਨਿਕ ਮਨੁੱਖ ਮਾਨਵਤਾ ਦੀ ਚਿੰਤਾ ਰਖਦਾ ਹੈ ਅਤੇ ਦੂਸਰੇ ਪਾਸੇ ਉਸ ਦੇ ਸਾਹਮਣੇ ਪਸ਼ੂਤ੍ਵ ਖੜ੍ਹਾ ਕਰਦਾ ਹੈ। ਇਸ

ਦਵੰਦ, ਇਸ ਸੰਘਰਸ਼ ਦੀ ਪੀੜਾ ਵਿਚ ਨਿਰੰਤਰ ਜੀਉਂਦਾ ਰਹਿਣਾ ਹੀ ਮਨੁੱਖ ਦੀ ਪ੍ਰਵਿਰਤੀ ਨਹੀਂ ਹੈ? ਅਨੁਵਾਸ਼ਾਮਾਂ ਦੀ ਗੱਲ ਨਾ ਤਾਂ ਉਹ ਠੀਕ ਤਰ੍ਹਾਂ ਜੀਅ ਸਕਦਾ ਹੈ ਅਤੇ ਨਾ ਹੀ ਮਰ ਸਕਦਾ ਹੈ। ਉਹ ਪੀੜਾ ਵਿਚ ਜੀਊਣ ਲਈ ਅਭਿਸ਼ਪਤ ਹੈ।[66]

ਪੁਰਾਣਾਂ ਵਿਚੋਂ ਦੇਵ, ਦਾਨਵ, ਰਿਸ਼ੀ ਅਤੇ ਮਨੁੱਖ — ਇਹ ਚਾਰ ਕਿਸਮ ਦੇ ਚਰਿਤ੍ਰ ਸਾਡੇ ਸਾਹਮਣੇ ਆਉਂਦੇ ਹਨ। ਦੇਖਿਆ ਜਾਵੇ ਤਾਂ ਆਧੁਨਿਕ ਮਨੁੱਖ ਦੇ ਜੀਵਨ ਵਿਚ ਇਹ ਚਾਰੇ ਰੂਪ ਅਸੀਂ ਕਿਸੇ ਨਾ ਕਿਸੇ ਪਹਿਲੂ ਤੋਂ ਸਾਕਾਰ ਹੋਏ ਵੇਖਦੇ ਹਾਂ।

ਭਗਵਾਨ ਵਿਸ਼ਨੂੰ ਦਾ ਚਰਿਤ੍ਰ ਜੋ ਕਿ ਸ਼ੇਸ਼ ਨਾਗ ਤੇ ਸੁੱਤਾ ਪਿਆ ਹੈ, ਦਰਸਾਉਂਦਾ ਹੈ ਕਿ ਉਹ ਕਾਮ ਕ੍ਰੋਧ, ਲੋਭ ਅਤੇ ਈਰਖਾ ਭਰੇ ਸਮਾਜ ਦੀ ਸੈ ਫਨਾਂ ਵਾਲੀ ਸੇਜ ਉਤੇ ਸੁੱਤੇ ਹੋਏ ਵੀ ਸ਼ਾਂਤ, ਸੁਭਾਅ ਵਾਲੇ ਹਨ। ਵਿਸ਼ਵ ਦੇ ਆਧਾਰ ਹੋ ਕੇ ਵੀ ਉਹ ਆਕਾਸ਼ ਦੀ ਤਰ੍ਹਾਂ ਨਿਰਾਕਾਰ ਹਨ। ਪਾਲਨਕਰਤਾ ਹੋਣ ਤੇ ਵੀ ਉਨ੍ਹਾਂ ਦਾ ਰੂਪ ਕਿਸਾਨ ਦੀ ਤਰ੍ਹਾਂ ਸ਼ਿਆਮ ਰੰਗੀ ਮਟਮੈਲਾ ਹੋਣਾ ਕਿੰਨਾ ਸਹਿਜ ਹੈ, ਅਤੇ ਜੋ ਉਤਪਾਦਨ ਦੇ ਦੇਵਤਾ ਹੋਣਗੇ, ਉਹ ਲਛਮੀ ਦੇ ਪਤੀ ਤਾਂ ਹੋਣਗੇ ਹੀ।[67]

ਸਮੁੱਚੀ ਬਾਣੀ ਵਿਚ 'ਨਾਰਾਇਣ' ਸ਼ਬਦ ਵਿਸ਼ਨੂੰ ਜੀ ਦਾ ਹੀ ਪ੍ਰਤੀਕ ਹੈ। ਗਣਿਕਾ ਨਾਰਾਇਣ ਦਾ ਨਾਂ ਸੁਣ ਕੇ ਹੀ ਮੁਕਤ ਹੋ ਗਈ ਸੀ। ਇਸੇ ਤਰ੍ਹਾਂ ਹੀ ਅਜਾਮਲ ਬ੍ਰਾਹਮਣ ਵੀ ਨਾਰਾਇਣ ਸ਼ਬਦ ਦੀ ਸੁਖਾਵੀਂ ਸੁਰ ਸੁਣ ਕੇ ਹੀ ਪਾਪ ਰਹਿਤ ਹੋ ਗਿਆ ਸੀ।

ਸ੍ਰੀ ਰਾਮਚੰਦ੍ਰ ਜੀ ਦਾ ਚਰਿਤ੍ਰ ਅਜੋਕੇ ਲੋਕਤੰਤਰ ਦਾ ਸਰੂਪ (ਰਾਮਰਾਜ) ਬਣਕੇ ਸਾਕਾਰ ਹੋਇਆ ਹੈ। ਇਥੇ ਇਸ ਹਕੀਕਤ ਵਲ ਵੀ ਧਿਆਨ ਦੇਣ ਦੀ ਆਵਸ਼ਕਤਾ ਹੈ ਕਿ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਜਿਸ 'ਬੇਗਮਪੁਰਾ' ਦਾ ਪ੍ਰਸੰਗ ਵਰਤਿਆ ਹੈ, ਸਾਡੇ ਵਿਚਾਰ ਅਨੁਸਾਰ ਉਹ ਰਾਮਰਾਜ ਹੀ ਹੈ। ਇਸ ਤਰ੍ਹਾਂ ਅਜੋਕੇ ਸੰਦਰਭ ਵਿਚ ਬੇਗਮਪੁਰਾ ਰਾਮਰਾਜ ਦਾ

ਵੀ ਪ੍ਰਤੀਕ ਪ੍ਰਤੀਤ ਹੁੰਦਾ ਹੈ।

ਰਾਮਾਇਣ, ਮਹਾਭਾਰਤ, ਸ੍ਰੀਮਦਭਾਗਵਤ ਅਤੇ ਹੋਰ ਪੁਰਾਣਾਂ ਦੇ ਪਾਤਰਾਂ ਅਤੇ ਉਨ੍ਹਾਂ ਨਾਲ ਸੰਬੰਧਤ ਅਨੇਕ ਪ੍ਰਕਾਰ ਦੀਆਂ ਕਥਾਵਾਂ ਦਾ ਹਵਾਲਾ ਦੇ ਕੇ ਇਹ ਗੱਲ ਪੂਰੀ ਤਰ੍ਹਾਂ ਸਿੱਧ ਹੋ ਜਾਂਦੀ ਹੈ ਕਿ ਭਾਰਤੀ ਸਾਹਿਤ ਦਾ ਮਹਾਨ ਵਿਰਸਾ ਸਾਡੇ ਪੁਰਾਣ ਸਾਡੇ ਲੋਕਾਂ ਦੇ ਅਜੋਕੇ ਜੀਵਨ ਦੇ ਸੰਦਰਭ ਵਿਚ ਪੂਰੀ ਤਰ੍ਹਾਂ ਸਾਰਥਕ ਸਿੱਧ ਹੁੰਦੇ ਹਨ। ਅੱਜ ਦਾ ਮਨੁੱਖ ਇਨ੍ਹਾਂ ਤੋਂ ਨਵੀਂ ਜੀਵਨ-ਦ੍ਰਿਸ਼ਟੀ ਪ੍ਰਾਪਤ ਕਰ ਸਕਦਾ ਹੈ।

## ਨਿਸ਼ਕਰਸ਼

ਨਿਸ਼ਕਰਸ਼ ਵਜੋਂ ਕਿਹਾ ਜਾ ਸਕਦਾ ਹੈ ਕਿ ਰਵਿਦਾਸ ਬਾਣੀ ਵਿਚ ਵਰਤੇ ਗਏ ਪੌਰਾਣਿਕ ਹਵਾਲਿਆਂ ਦੀਆਂ ਕਥਾਨਕ ਰੂੜ੍ਹੀਆਂ ਜੇਕਰ ਕੜੀਬੱਧ ਇਕ ਕ੍ਰਮ ਵਿਚ ਰਖ ਕੇ ਵਾਚੀਏ ਤਾਂ ਸਮੁੱਚੀ ਬਾਣੀ ਇਕ ਵਿਸ਼ੇਸ਼ ਪ੍ਰਕਾਰ ਦੀ ਜੁਗਤ (device ) ਅਪਣਾਉਂਦੀ ਪ੍ਰਤੀਤ ਹੁੰਦੀ ਹੈ। ਇਹ ਜੁਗਤ ਉਸ ਸਮੇਂ ਦੇ ਗੁਲਾਮ ਅਤੇ ਸਾਮੰਤੀ, ਨਸਲੀ, ਜਾਤੀ ਵਰਣ ਭੇਦਾਂ ਨੂੰ ਰੋਕਣ ਦੇ ਆਹਰ ਵਿਚ ਰੁਝੀ ਹੋਈ ਇਕ ਵਿਸ਼ੇਸ਼ ਤਰ੍ਹਾਂ ਦਾ ਪੈਰਾਡਾਈਮ ਸਿਰਜਦੀ ਹੈ।

## ਹਵਾਲੇ


1. ਡਾ. ਨਗੇਂਦ੍ਰ, ਮਿਥਕ ਔਰ ਸਾਹਿਤ੍ਯ, ਪੰਨਾ 7.

2. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ: ਏਕ ਸਾਂਸਕ੍ਰਿਤਿਕ ਸਰਵੇਖਣ, ਪੰਨਾ 412.

3. ਡਾ. ਉਸ਼ਾਪੁਰੀ ਵਿਦਿਆਵਾਚਸਪਤੀ, ਭਾਰਤੀਯ ਮਿਥਕ ਕੋਸ਼, ਪੰਨਾ 21.

4. ਡਾ. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ 54.

5 ਡਾ. ਵਣਜਾਰਾ ਬੇਦੀ, ਮੱਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ, ਪੰਨਾ 126.

6 Maria Leach, Standard Dictionary of Folklore, Mythology and Legend, p. 409.

7. ਡਾ. ਸਤੇਂਦ੍ਰ, ਲੋਕ ਸਾਹਿਤ੍ਯ ਵਿਗਿਆਨ, ਪੰਨਾ 118

8. ਡਾ. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨੇ 53-55.

9. ਡਾ. ਵਣਜਾਰਾ ਬੇਦੀ, ਮੱਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ, ਪੰਨੇ 125-28.

10. ਡਾ. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ 56.

11. ਡਾ. ਰਮੇਸ਼ ਕੁੰਤਲ ਮੇਘ, ਕਰਨੈਲ ਸਿੰਘ ਥਿੰਦ (ਸੰਪਾ.), ਲੋਕਯਾਨ ਅਧਿਐਨ, ਪੰਨਾ 91.

12. ਡਾ. ਨਗੇਂਦ੍ਰ, ਮਿਥਕ ਔਰ ਸਾਹਿਤ੍ਯ, ਪੰਨਾ

13. Allan Bullock and Oliver Stallybrass (eds.), The Fontana Dictionary of Modern Thoughts, p. 407.

14 Roland Barthes, Mythologies, pp. 109-11.

15 Richard Chase, Notes on the Study of Myth in Twentieth Century Criticism, p. 245.

16. ਡਾ. ਨਗੇਂਦ੍ਰ, ਮਿਥਕ ਔਰ ਸਾਹਿਤ੍ਯ, ਪੰਨਾ 12.

17. ਡਾ. ਸ਼ੰਭੂਨਾਥ, ਮਿਥਕ ਔਰ ਆਧੁਨਿਕ ਕਵਿਤਾ, ਪੰਨਾ 3.

18. ਡਾ. ਨਗੇਂਦ੍ਰ, ਮਿਥਕ ਔਰ ਸਾਹਿਤ੍ਯ, ਪੰਨਾ 15

19. ਡਾ. ਵਣਜਾਰਾ ਬੇਦੀ, ਲੋਕਧਾਰਾ ਤੇ ਸਾਹਿਤ, ਪੰਨਾ 1[illegible].

20. ਡਾ. ਰਵੀਂਦ੍ਰ ਭ੍ਰਮਰ, ਹਿੰਦੀ ਭਕਤੀ ਸਾਹਿਤ੍ਯ ਮੇਂ ਲੋਕ-ਤੱਤ੍ਵ, ਪੰਨਾ 14.

21. ਡਾ. ਨਗੇਂਦ੍ਰ, ਮਿਥਕ ਔਰ ਸਾਹਿਤ੍ਯ, ਪੰਨਾ 27

22. Sigmund Freud, Totem and Taboo, p. 18.

23. ਡਾ. ਨਗੇਂਦ੍ਰ, ਮਿਥਕ ਔਰ ਸਾਹਿਤ੍ਯ, ਪੰਨਾ 35.

24 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346

25. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਸਾਖੀ ਭਾਗ, ਪੰਨਾ 81.

26. ਉਹੀ.

27. ਗੁਰਬਚਨ, ਫਿਰਨ, ਨੈਰਹਨਾ ਅਤੇ ਮਾਰਕਸਵਾਦ, ਪੰਨਾ 23.

28. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346

29. ਉਹੀ, ਪੰਨਾ 1166.

30. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 66

31. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1196

32. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 17.

33. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346.

34. ਡਾ. ਵਣਜਾਰਾ ਬੇਦੀ, ਮੱਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ, ਪੰਨਾ 66

35. ਡਾ. ਨਗੇਂਦ੍ਰ, ਮਿਥਕ ਔਰ ਸਾਹਿਤ੍ਯ, ਪੰਨਾ 35.

36. ਰੋਲਾਂ ਬਾਰਤ, ਕ੍ਰਿਟੀਕਲ ਇਸੇਜ਼, ਪੰਨੇ 24-26

37. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 525.

38. ਉਹੀ, ਪੰਨਾ 694.

39. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 28.

40. ਉਹੀ, ਪੰਨਾ 79.

41. ਉਹੀ.

42. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 487.

43. ਡਾ. ਰਾਜਦੇਵ ਸਿੰਘ, ਸੰਤ-ਸਾਹਿਤ੍ਯ: ਪੁਨਰ-ਮੂਲਾਂਕਣ, ਪੰਨਾ 144.

44. ਡਾ. ਧਰਮਪਾਲ ਸਰੀਨ, ਨੀਚ ਤੇ ਊਚ ਕਰੇ ਮੇਰੇ ਸਤਿਗੁਰੂ, ਪੰਨਾ 68.

45. ਡਾ. ਚੰਦਰ ਦੇਵ ਰਾਏ, ਕਬੀਰ ਔਰ ਰੈਦਾਸ: ਏਕ ਤੁਲਨਾਤਮਕ ਅਧਿਐਨ, ਪੰਨਾ 199.

46. ਡਾ. ਰਤਨ ਸਿੰਘ ਜੱਗੀ, ਬਾਣੀ ਗੁਰੂ ਰਵਿਦਾਸ, ਪੰਨਾ 1[illegible].

47. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 694.

48. ਉਹੀ, ਪੰਨਾ 793.

49. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 17.

50. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 659.

51. ਓਮ ਪ੍ਰਕਾਸ਼ ਵਸ਼ਿਸ਼ਟ, ਚਿਹਨ ਵਿਗਿਆਨ ਅਤੇ ਗੁਰੂ ਨਾਨਕ ਬਾਣੀ, ਪੰਨਾ 49.

52. Roland Barthes, Writing Degree Zero, p. 28.

53. <u>ਸ੍ਰੀ ਗੁਰੂ ਗ੍ਰੰਥ ਸਾਹਿਬ</u>, ਪੰਨਾ 1293.

54. ਡਾ. ਧਰਮਪਾਲ ਸਰੀਨ, <u>ਨੀਚ ਤੇ ਊਚ ਕੀਤ ਮੇਰੇ ਸਤਿਗੁਰੂ</u>, ਪੰਨਾ 53

55. ਡਾ. ਦਲੀਪ ਸਿੰਘ ਦੀਪ, <u>ਸਾਧਨ ਮੇਂ ਰਵਿਦਾਸ ਸੰਤ</u>, ਪੰਨਾ 85

56. <u>ਸ੍ਰੀ ਗੁਰੂ ਗ੍ਰੰਥ ਸਾਹਿਬ</u>, ਪੰਨਾ 1106.

57. ਡਾ. ਹਰਿਭਜਨ ਸਿੰਘ, <u>ਰਚਨਾ ਸੰਰਚਨਾ</u>, ਪੰਨਾ 24

58. <u>ਸ੍ਰੀ ਗੁਰੂ ਗ੍ਰੰਥ ਸਾਹਿਬ</u>, ਪੰਨਾ 486

59. ਡਾ. ਹਰਿਭਜਨ ਸਿੰਘ, <u>ਰਚਨਾ ਸੰਰਚਨਾ</u>, ਪੰਨਾ 22.

60. ਡਾ. ਸੁਰੇਸ਼ ਗੌਤਮ, <u>ਸੰਧਾ ਸੂਤ੍ਰ: ਏਕ ਸਿਰਜਨਾਤਮਕ ਉਪਲਬਧੀ</u>, ਪੰਨਾ 30.

61. ਰਾਮ ਨਾਰਾਇਣ ਉਪਾਧਿਆਏ, <u>ਕਥਾਹੂੰ ਕੀ ਅੰਤਰ ਕਥਾਏਂ</u>, ਪੰਨੇ 89-90.

62. ਉਹੀ, ਪੰਨਾ 90-91.

63. ਉਹੀ, ਪੰਨਾ 14.

64. ਪ੍ਰੇਮ ਗੁਪਤਾ ਮਾਨੀ, <u>ਪ੍ਰਕਾਸ਼ਿਤਮਨ</u>, ਦਸੰਬਰ 1979, ਪੰਨੇ 70-71.

65. ਸੁਰੇਸ਼ ਗੌਤਮ, <u>ਸੰਧਾ ਸੂਤ੍ਰ: ਏਕ ਸਿਰਜਨਾਤਮਕ ਉਪਲਬਧੀ</u>, ਪੰਨਾ 32.

66. ਉਹੀ, ਪੰਨਾ 41.

67. ਰਾਮਨਾਰਾਇਣ ਉਪਾਧਿਆਏ, <u>ਕਥਾਹੂੰ ਕੀ ਅੰਤਰ ਕਥਾਏਂ</u>, ਪੰਨਾ 15.

# ਅਧਿਆਇ ਪੰਜਵਾਂ

## ਗੁਰਮਤਿ ਕਲਮਕਾਂ ਅਤੇ ਰਵਿਦਾਸ ਬਾਣੀ: ਨਿਰਗੁਣਧਾਰਾ ਦੇ ਵਿਸ਼ੇਸ਼ ਸੰਦਰਭ ਵਿਚ

1. ਗੁਰਮਤਿ ਕਲਮਕਾਂ ਅਤੇ ਰਵਿਦਾਸ ਬਾਣੀ
2. ਨਿਰਗੁਣਧਾਰਾ ਅਤੇ ਰਵਿਦਾਸ ਬਾਣੀ
3. ਸਮੁੱਚਾ ਵਿਵੇਚਨ

ਚੇਤਨਾ ਦਾ ਪਸਾਰਾ ਭੌਤਿਕ ਅਤੇ ਅਭੌਤਿਕ ਦੋਵੇਂ ਪ੍ਰਕਾਰ ਦੇ ਧਰਾਤਲਾਂ ਤੇ ਟਿਕਦਾ ਹੈ। ਸਥਿਤੀ ਅਤੇ ਸਮਾਂ ਇਸ ਦੇ ਅਭਿਆਸ ਨੂੰ ਰਚਨਾ ਦੇ ਪੱਧਰ ਤੇ ਬਦਲਦੇ ਰਹਿੰਦੇ ਹਨ ਪਰ ਚੇਤਨਾ ਦੀ ਲਾਂਗ ( langue ) ਭਾਸ਼ਾ ਵਾਂਗ ਸਦੀਵੀ ਤੌਰ ਤੇ ਇਕ ਰਹਿੰਦੀ ਹੈ। ਉਸ ਦਾ ਪੈਰੋਲ ( parole ) ਰੂਪ ਬਦਲਦਾ ਰਹਿੰਦਾ ਹੈ। ਇਸੇ ਬਦਲਾਵ ਨੂੰ ਸਮਝਣ ਲਈ ਸਾਹਿਤ ਸਭਿਆਚਾਰ ਦੀਆਂ ਅਧਿਐਨ ਵਿਧੀਆਂ ਵਿਚ ਪਿਛਲੇ ਸਮੇਂ ਤੋਂ ਤੁਲਨਾਤਮਕ ਅਧਿਐਨ ਦੀ ਪਰਿਪਾਟੀ ਚਲੀ ਹੈ।

ਗੁਰਮਤਿ ਕਲਮਦੇ ਅਧੀਨ ਬਾਣੀ ਅਤੇ ਰਵਿਦਾਸ ਬਾਣੀ ਦੀ ਤੁਲਨਾਤਮਕ ਪੱਧਰ ਤੇ ਨਿਰਖ-ਪਰਖ ਉਪਰੋਕਤ ਪਰਿਪਾਟੀ ਅਧੀਨ ਹੈ।

ਭਾਰਤੀ ਭਾਸ਼ਾਵਾਂ ਦੇ ਸਾਹਿਤ ਵਿਚ ਭਗਤੀ ਕਾਵਿ ਦੀ ਸਰਸ ਸਰਿਤਾ ਦਾ ਏਨਾ ਵਿਸਤਾਰ ਹੁੰਦਾ ਰਿਹਾ ਹੈ ਕਿ ਉਸ ਨੇ ਲੋਕਾਂ ਦੇ ਮਨ-ਮਸਤਿਸ਼ਕ ਨੂੰ ਪ੍ਰਭੂ ਭਗਤੀ ਅਤੇ ਮਨੁੱਖੀ ਸਦਭਾਵਨਾ ਦੇ ਭਾਵਾਂ ਨਾਲ ਸਰਸਬਜ਼ ਕਰ ਦਿੱਤਾ ਸੀ। ਭਗਤੀ ਅੰਦੋਲਨ ਨੇ ਹਿੰਦੁਸਤਾਨ ਦੇ ਸਾਰੇ ਭਾਗਾਂ ਨੂੰ ਪ੍ਰਭਾਵਿਤ ਕੀਤਾ ਹੈ। ਖਾਸ ਤੌਰ ਤੇ ਉੱਤਰੀ ਭਾਰਤ ਵਿਚ ਤਾਂ ਇਹ ਅੰਦੋਲਨ ਆਪਣੀ ਚਰਮ ਸੀਮਾ ਤਕ ਪੁੱਜ ਚੁੱਕਾ ਸੀ। ਇਸੇ ਪਰੰਪਰਾ ਅਧੀਨ ਹੀ ਗੁਰੂ ਸਾਹਿਬਾਨ ਨੇ ਬਾਣੀ ਦੀ ਰਚਨਾ ਕਰਕੇ ਮਨੁੱਖ ਨੂੰ ਰੱਬੀ ਜੋਤਿ ਨਾਲ ਜੋੜਿਆ ਹੈ। ਵਾਸਤਵ ਵਿਚ ਗੁਰਮਤਿ ਦਾ ਭਾਵ ਹੀ ਉਸ ਬਾਣੀ ਤੋਂ ਹੈ, ਜਿਹੜੀ ਅਕਾਲਪੁਰਖ ਦੀ ਇੱਕੋ ਜੋਤਿ ਨੂੰ ਮੰਨਦੀ ਹੋਈ ਸਮੁੱਚੀ ਮਾਨਵਤਾ ਵਿਚ ਉਸ ਦਾ ਪ੍ਰਕਾਸ਼ ਵੇਖਦੀ ਸੀ, ਉਸ ਨੂੰ ਆਦਿ ਗ੍ਰੰਥ ਵਿਚ ਆਦਰਯੋਗ ਸਥਾਨ ਮਿਲਿਆ ਸੀ। ਇਸ ਪੱਖੋਂ ਗੁਰੂ ਰਵਿਦਾਸ ਜੀ ਦੀ ਬਾਣੀ ਗੁਰਮਤਿ ਵਿਚਾਰਧਾਰਾ ਨਾਲ ਪੂਰੀ ਤਰ੍ਹਾਂ ਇਕਸੁਰ ਹੈ। ਭਾਵ ਅਤੇ ਵਿਚਾਰ ਦੋਵੇਂ ਸਮਰੱਥ ਹਨ। ਸ਼ਬਦਾਵਲੀ ਤਾਂ ਸਮੁੱਚੀ ਸੰਤ ਬਾਣੀ ਵਿਚ ਹੀ ਇੱਕੋ ਅਰਥ ਬੋਧ ਵਾਲੀ ਵਿਦਮਾਨ ਹੋਈ ਹੈ।

ਸੰਤਾਂ ਦੀ ਬਾਣੀ ਵਿਚ ਵਿਸ਼ਵ-ਕਲਿਆਣ ਦਾ ਸੰਦੇਸ਼ ਸੀ। ਇਹ ਵਿਚਾਰ ਹਰ ਕਿਸੇ ਤੇ ਲਾਗੂ ਹੋ ਸਕਦੇ ਸਨ। ਇਨ੍ਹਾਂ ਸੰਤਾਂ ਅਨੁਸਾਰ ਕੇਵਲ ਪ੍ਰਤੱਖ ਅਨੁਭਵਾਂ ਦੇ ਹੀ ਆਧਾਰ 'ਤੇ ਸੱਚ ਦਾ ਪਤਾ ਨਹੀਂ ਲਗਾਇਆ ਜਾ ਸਕਦਾ। ਸੱਚੇ ਖੋਜੀ ਲਈ ਇਹ ਜ਼ਰੂਰੀ ਹੈ ਕਿ ਉਹ ਮੂਲ ਨੂੰ ਜਾਣਦੇ ਹੋਏ, ਆਪਣੇ ਦ੍ਰਿਸ਼ਟੀਕੋਣ ਨੂੰ ਵਿਆਪਕ ਬਣਾਵੇ। ਇਸ ਰਹੱਸਵਾਦੀਪਰਕ ਗਿਆਨ ਲਈ ਸਤਿਗੁਰੂ ਦੀ ਜ਼ਰੂਰਤ ਹੈ। ਉਸ ਸਤਿਗੁਰੂ ਜਾਂ ਗੁਰੂ ਦਾ ਦਰਜਾ ਇਨ੍ਹਾਂ ਨੇ ਪਰਮਾਤਮਾ ਬਰਾਬਰ ਦੱਸਿਆ ਹੈ।[1]

ਭਗਤੀ ਲਹਿਰ ਵਿਚ ਐਸੀ ਸ਼ਕਤੀ ਸੀ ਜਿਸ ਨੇ ਪੀੜਿਤ ਸਮਾਜ ਨੂੰ ਇਕ ਧਾਗੇ ਵਿਚ ਪ੍ਰੋਣ ਦਾ ਉਪਰਾਲਾ ਕੀਤਾ। ਇਸ ਦਾ ਰੂਪ ਰੱਬ ਦੀ ਸਰਬ-ਵਿਆਪਕਤਾ ਦਾ ਵਿਸ਼ਵਾਸ ਸੀ ਜੋ ਵਿਤਕਰੇ ਨੂੰ ਮਿਟਾਉਂਦਾ ਹੈ।[2] ਭਗਤੀ ਕਾਲ ਦੇ ਅਨੇਕ ਸੰਤਾਂ, ਭਗਤਾਂ ਅਤੇ ਗੁਰੂ ਸਾਹਿਬਾਨ ਦੀ ਬਾਣੀ ਦੀ ਸੁਰ ਸਾਨੂੰ ਉਨ੍ਹਾਂ ਦੇ ਅਜਿਹੇ ਵਿਅਕਤਿਤਵ ਦੀ ਸਾਰ ਦੁਆਉਂਦੀ ਹੈ, ਜਿਨ੍ਹਾਂ ਨੇ ਤਤਕਾਲੀਨ, ਦੁੱਖੀ, ਰੋਗੀ, ਮਨੁੱਖਤਾ ਨੂੰ ਪਾਖੰਡਵਾਦ ਦੇ ਘੇਰੇ 'ਚੋਂ ਕੱਢ ਕੇ ਮਨੁੱਖਤਾ ਦਾ ਸੰਦੇਸ਼ ਦਿੱਤਾ। ਉੱਤਰੀ ਭਾਰਤ ਵਿਚ ਪ੍ਰਚਾਰਿਤ ਸਾਹਿਤਧਾਰਾ ਦੀ ਦ੍ਰਿਸ਼ਟੀ ਤੋਂ ਜਿੰਨਾ ਮਹੱਤਵ ਨਾਮਦੇਵ, ਰਵਿਦਾਸ, ਕਬੀਰ ਅਤੇ ਗੁਰੂ ਨਾਨਕ ਦੀ ਬਾਣੀ ਦਾ ਹੈ ਉੱਨਾ ਸ਼ਾਇਦ ਹੀ ਕਿਸੇ ਹੋਰ ਸੰਤ ਕਵੀ ਦੀ ਬਾਣੀ ਦਾ ਹੋਵੇ। ਇਸ ਦਾ ਮੁੱਖ ਕਾਰਨ ਗੁਰੂ ਨਾਨਕ ਅਤੇ ਹੋਰ ਸਿੱਖ ਗੁਰੂ ਸਾਹਿਬਾਨ ਦੀ ਪਵਿੱਤਰ ਬਾਣੀ ਅਤੇ ਪ੍ਰਗਤੀਸ਼ੀਲ ਵਿਚਾਰਧਾਰਾ ਹੈ ਜਿਸ ਲਈ ਕਬੀਰ ਅਤੇ ਉਨ੍ਹਾਂ ਦੇ ਸਮਕਾਲੀ ਗੁਰੂ ਰਵਿਦਾਸ ਨੇ ਲਗਭਗ ਸੱਤਰ ਵਰ੍ਹੇ ਪਹਿਲਾਂ ਰਾਹ ਸੌਖਾ ਕਰ ਦਿੱਤਾ ਸੀ।[3] ਦਰਅਸਲ ਸਭਨਾਂ ਹੀ ਭਗਤਾਂ ਅੰਦਰ ਇੱਕੋ ਹੀ ਜੋਤ ਜਗਦੀ ਨਜ਼ਰ ਆਉਂਦੀ ਹੈ। ਉਸ ਜੋਤ ਦੇ ਪ੍ਰਕਾਸ਼ ਦਾ ਪ੍ਰਭਾਵ ਵੀ ਇੱਕੋ ਹੀ ਹੈ। ਇਸ ਦਾ ਭਗਤ ਕੇਵਲ ਆਪਣੇ ਇਸ਼ਟਦੇਵ ਨੂੰ ਨਿਕਟ ਤੋਂ ਜਾਣ ਲੈਣਾ ਚਾਹੁੰਦਾ ਹੈ,

ਉਸ ਦੇ ਨਾਲ ਆਪਣਾ ਸੰਬੰਧ ਕਾਇਮ ਕਰਨਾ ਚਾਹੁੰਦਾ ਹੈ। ਆਪਣੇ ਅੰਦਰ ਤੋਂ ਲੈ ਕੇ ਬਾਹਰ ਤਕ ਵੀ ਉਸ ਨੂੰ ਓਤ-ਪੋਤ ਸਮਝ ਕੇ ਉਸ ਨਾਲ ਇਕਮਿਕਤਾ ਦਾ ਅਨੁਭਵ ਕਰਨਾ ਚਾਹੁੰਦਾ ਹੈ ਅਤੇ ਐਸਾ ਹੀ ਵਿਵਹਾਰ ਵੀ ਕਰਨਾ ਚਾਹੁੰਦਾ ਹੈ ਜਿਸ ਦੇ ਕਾਰਨ ਕਿਸੇ ਪ੍ਰਕਾਰ ਦਾ ਸੇਵਾ-ਸੇਵਕ ਦਾ ਭਾਵ ਨਾ ਰਹਿ ਕੇ ਉਸ ਵਿਚ ਸ਼ੁੱਧ ਸਹਾਨੁਭੂਤੀ ਦੀ ਸ਼ਕਤੀ ਆ ਜਾਂਦੀ ਹੈ।[4]

ਗੁਰੂ ਰਵਿਦਾਸ ਜੀ ਦੀ ਬਾਣੀ ਗੁਰਮਤਿ ਵਿਚਾਰਧਾਰਾ ਦਾ ਹੀ ਇਕ ਅੰਗ ਹੈ। ਗੁਰਮਤਿ ਵਿਚਾਰਧਾਰਾ ਨੂੰ ਇਕ ਇਮੇਜ ( image ) ਪੂਰਨ ਕਰਨ ਵਿਚ ਇਸ ਬਾਣੀ ਦਾ ਵੀ ਮਹੱਤਵਪੂਰਨ ਯੋਗਦਾਨ ਹੈ।

ਰਵਿਦਾਸ ਬਾਣੀ ਵਿਚ ਗੁਰਮਤਿ ਵਰਗੇ ਨਿਰਗੁਣਧਾਰਾ ਅਤੇ ਪੌਰਾਣਿਕ ਹਵਾਲਿਆਂ ਦੇ ਪੱਖ ਨੂੰ ਜਾਣਨ ਤੋਂ ਪਹਿਲਾਂ ਭਗਤੀ ਅੰਦੋਲਨ ਬਾਰੇ ਸੰਖੇਪ ਵਿਚ ਜਾਣ-ਪਛਾਣ ਜ਼ਰੂਰੀ ਹੋਵੇਗੀ। ਡਾ. ਸ਼ਿਵ ਕੁਮਾਰ ਸ਼ਰਮਾ[5] ਸੰਤ ਮੱਤ ਦਾ ਉਦੇ ਬੁੱਧ ਧਰਮ ਤੋਂ ਹੋਇਆ ਮੰਨਦੇ ਹਨ। ਆਪ ਅਨੁਸਾਰ ਬੁੱਧ ਧਰਮ ਤੋਂ ਮਹਾਯਾਨ ਅਤੇ ਹੀਨਯਾਨ ਸੰਪ੍ਰਦਾਵਾਂ ਹੋਂਦ ਵਿਚ ਆਈਆਂ। ਮਹਾਯਾਨ ਤੋਂ ਮੰਤ੍ਰਯਾਨ ਅਤੇ ਮੰਤ੍ਰਯਾਨ ਤੋਂ ਵਜ੍ਰਯਾਨ ਅਤੇ ਵਜ੍ਰਯਾਨ ਦੀ ਤਾਂਤ੍ਰਿਕ ਪ੍ਰਕ੍ਰਿਆ ਤੋਂ ਨਾਥ ਸੰਪਰਦਾ ਦਾ ਉਦੇ ਹੋਇਆ ਅਤੇ ਨਾਥ ਸੰਪਰਦਾ ਦੇ ਪ੍ਰੇਰਨਾਮੂਲਕ ਤੱਤਾਂ ਨੂੰ ਲੈ ਕੇ ਸੰਤ ਮੱਤ ਅਵਤਰਿਤ ਹੋਇਆ। ਬੁੱਧ ਧਰਮ ਤੋਂ ਲੈ ਕੇ ਨਾਥ ਸੰਪਰਦਾ ਤਕ ਇਸ ਪ੍ਰਕ੍ਰਿਆ ਵਿਚ ਜੋ ਜੀਵਨ ਤੱਤ ਉਭਰੇ, ਉਨ੍ਹਾਂ ਸਾਰਿਆਂ ਦਾ ਸਮਾਵੇਸ਼ ਸੰਤ ਮੱਤ ਵਿਚ ਹੋਇਆ। ਭਗਤੀ ਲਹਿਰ ਵਿਚ ਨਿਰਗੁਣ ਅਤੇ ਸਰਗੁਣ ਮਤਿ ਕਵੀਆਂ ਨੇ ਮਿਲ ਕੇ ਆਪਣਾ ਯੋਗਦਾਨ ਪਾਇਆ ਹੈ। ਭਗਤੀ ਲਹਿਰ ਦੇ ਉਦਭਵ ਬਾਰੇ ਤਕਰੀਬਨ ਸਾਰੇ ਹੀ ਵਿਦਵਾਨ ਇਸ ਮਤ ਨਾਲ ਸਹਿਮਤ ਹਨ ਕਿ ਇਹ ਅੰਦੋਲਨ ਦੱਖਣ ਭਾਰਤ ਤੋਂ ਆਰੰਭ ਹੋਇਆ ਹੈ। ਇਸ ਗੱਲ ਦੀ ਪੁਸ਼ਟੀ ਡਾ. ਸ਼ਿਵ ਕੁਮਾਰ ਸ਼ਰਮਾ ਕਰਦੇ ਹੋਏ ਲਿਖਦੇ ਹਨ ਕਿ ਭਗਤੀ ਦੀ ਲਹਿਰ ਦੱਖਣ ਤੋਂ ਆਈ। ਸ਼ੰਕਰ ਤੋਂ ਬਹੁਤ ਪਹਿਲਾਂ ਦੱਖਣ ਦੇਸ ਵਿਚ ਆਲਵਾਰ ਸੰਤਾਂ ਵਿਚ ਭਗਤੀ ਦਾ

ਪ੍ਰਸਾਰ ਅਤੇ ਪ੍ਰਚਾਰ ਹੋਇਆ। ਸ਼ੰਕਰ ਨੇ ਬੁੱਧ ਧਰਮ ਦੇ ਵਿਰੋਧ ਵਿਚ ਅਦ੍ਵੈਤਵਾਦ ਦਾ ਪ੍ਰਚਾਰ ਕੀਤਾ।[6] ਡਾ. ਬੀ. ਪੀ. ਸ਼ਰਮਾ ਵੈਸ਼ਨਵ ਭਗਤੀ ਅੰਦੋਲਨ ਬਾਰੇ ਲਿਖਦੇ ਹਨ ਕਿ ਲੋਕ ਭਾਸ਼ਾਵਾਂ ਵਿਚ ਵੈਸ਼ਨਵ ਭਗਤੀ ਦਾ ਮੁੱਢਲਾ ਰੂਪ ਸਭ ਤੋਂ ਪਹਿਲਾਂ ਦੱਖਣ ਭਾਰਤ ਦੇ ਆਲਵਾਰ ਭਗਤਾਂ ਦੀ ਰਚਨਾ 'ਨਾਲਿਆਰ ਪ੍ਰਬੰਧਮ' ਵਿਚ ਮਿਲਦਾ ਹੈ। ਇਸ ਪ੍ਰਬੰਧ ਵਿਚ ਉਪਨਿਸ਼ਦ, ਵੇਦ, ਗੀਤਾ ਤੇ ਭਾਗਵਤ ਦਾ ਨਿਚੋੜ ਹੈ। ਵੈਸ਼ਨਵਾਂ ਦੀ ਰਾਮ-ਕ੍ਰਿਸ਼ਨ ਪ੍ਰਤੀ ਭਗਤੀ ਭਾਵਨਾ ਦਾ ਮੂਲ ਰੂਪ ਇਸ ਪ੍ਰਬੰਧ ਵਿਚ ਮਿਲਦਾ ਹੈ। ਸ਼ੁੱਧ ਵੈਸ਼ਨਵ ਸੰਬੰਧੀ ਸਾਹਿਤ ਦੇ ਦਰਸ਼ਨ ਦੇ ਕਥਨ ਦੀ ਨੀਂਹ ਨੌਵੀਂ ਸਦੀ ਵਿਚ ਰਚਿਤ ਸ੍ਰੀਮਦਭਾਗਵਤ ਰਾਹੀਂ ਰੱਖੀ ਜਾ ਚੁੱਕੀ ਸੀ।[7] ਡਾ. ਪਰਮਪਾਲ ਸਿੰਘ ਵੀ ਭਗਤੀ ਦਾ ਵਿਕਾਸ ਸ੍ਰੀਮਦਭਾਗਵਤ ਦੀ ਰਚਨਾ ਤੋਂ ਸਵੀਕਾਰ ਕਰਦੇ ਹਨ।[8]

ਪ੍ਰਿਥਵੀ ਸਿੰਘ ਆਜ਼ਾਦ[9] ਭਗਤੀ ਦਾ ਆਰੰਭ ਵੈਦਿਕ ਕਾਲ ਤੋਂ ਸਵੀਕਾਰ ਕਰਦੇ ਹੋਏ ਇਸ ਨੂੰ ਚਾਰ ਭਾਗਾਂ ਵਿਚ ਵੰਡਦੇ ਹਨ — ਵੈਦਿਕ ਭਗਤੀ, ਔਪਨਿਸ਼ਦਿਕ ਭਗਤੀ, ਭਾਗਵਤ (ਅਥਵਾ ਪੌਰਾਣਿਕ) ਭਗਤੀ ਅਤੇ ਮੱਧਕਾਲੀਨ ਭਗਤੀ। ਆਪ ਅਨੁਸਾਰ, "ਭਗਤੀ ਸਾਧਨਾ ਦਾ ਬੀਜ ਵੈਦਿਕ ਸੰਹਿਤਾਵਾਂ ਵਿਚ ਨਿਹਿਤ ਹੈ। ਉਪਨਿਸ਼ਦਾਂ ਵਿਚ ਉਹ ਫੁਟਿਆ ਅਤੇ ਪਲਿਆ ਹੈ ਅਤੇ ਪੁਰਾਣਾਂ ਵਿਚ ਟਹਿਣੀ-ਟਹਿਣੀ ਕਰਕੇ ਫੁੱਲਾਂ-ਫਲਾਂ ਨਾਲ ਲੱਦੇ ਬਿਰਛਾਂ ਦੇ ਰੂਪ ਵਿਚ ਵਿਕਸਿਤ ਹੋਇਆ ਹੈ। ਮੱਧਕਾਲ ਵਿਚ ਉਹੀ ਇਕ ਅਜਿਹੇ ਰੁੱਖ ਦਾ ਸਮਾਨ ਹਰਿਆ ਜਿਸ ਦੇ ਸਾਰੇ ਨਿਸ਼ਾਨ ਅਜੇ ਵੀ ਇਥੇ ਦੇਖਣ ਨਹੀਂ ਮਿਲਦੇ ਹਨ।

ਭਗਤੀ ਅੰਦੋਲਨ ਨੂੰ ਵਿਕਸਿਤ ਕਰਨ ਵਿਚ ਉੱਤਰ ਭਾਰਤ ਦੇ ਸੰਤਾਂ ਨੇ ਮਹਾਨ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਆਪਣੇ ਭਾਵਾਂ ਅਤੇ ਵਿਚਾਰਾਂ ਨਾਲ ਮਨੁੱਖ ਨੂੰ ਰੱਬ

ਕੁਰੀਤੀਆਂ 'ਚੋਂ ਨਿਕਲ ਕੇ ਸਰਬ-ਸਾਂਝੇ ਧਰਮ ਨੂੰ ਅਪਨਾਉਣ ਦੀ ਪ੍ਰੇਰਨਾ ਦਿੱਤੀ ਹੈ। ਸੰਤਾਂ ਨੇ ਉਸ ਧਰਮ ਦਾ ਪ੍ਰਤਿਪਾਦਨ ਕੀਤਾ ਹੈ ਜਿਸ ਵਿਚ ਤੰਗ-ਖਿਆਲੀ ਨੂੰ ਕੋਈ ਥਾਂ ਨਹੀਂ ਹੈ। ਜਿਸ ਵਿਚ ਮਨੁੱਖ ਮਾਤਰ ਲਈ ਪ੍ਰੇਮ, ਪਿਆਰ ਅਤੇ ਸਤਿਕਾਰ ਹੈ। ਜਿਥੇ ਵਿਤਕਰਾ, ਦ੍ਵੈਸ਼ ਅਤੇ ਨਫ਼ਰਤ ਨੂੰ ਕੋਈ ਥਾਂ ਨਹੀਂ ਹੈ।[10] ਭਗਤ ਰਵਿਦਾਸ ਦੀ ਬਾਣੀ ਨੇ ਵੀ ਇਸੇ ਭਾਵਨਾ ਨੂੰ ਤਿੱਖਾ ਕਰਨ ਲਈ ਹੋਰ ਭਗਤਾਂ ਵਾਂਗੂ ਆਪਣਾ ਯੋਗਦਾਨ ਪਾਇਆ ਹੈ। "ਸੰਤ ਰਵਿਦਾਸ ਚੇਤਨਾ ਦੀ ਇਕ ਚੰਗਿਆੜੀ ਸੀ ਜਿਸ ਨੇ ਅੰਤ ਵਿਚ ਇਕ ਅਜਿਹੀ ਅਗਨੀ ਪ੍ਰਚੰਡ ਕੀਤੀ ਜੋ ਉਸ ਸਮੇਂ ਦੀਆਂ ਸਾਰੀਆਂ ਬੁਰਾਈਆਂ ਤੇ ਸਮਾਜਿਕ ਕੁਰੀਤੀਆਂ ਨੂੰ ਸਾੜ ਕੇ ਇਕ ਅਜਿਹਾ ਪ੍ਰਕਾਸ਼ ਆਪਣੇ ਪਿੱਛੇ ਛੱਡ ਗਈ, ਜੋ ਅੱਜ ਵੀ ਅਨੇਕ ਪ੍ਰਾਣੀਆਂ ਨੂੰ ਰੋਸ਼ਨੀ ਪ੍ਰਦਾਨ ਕਰਨ ਵਾਲਾ ਹੈ।"[11]

ਰਵਿਦਾਸ ਬਾਣੀ ਨੇ ਲੋਕਾਂ ਵਿਚ ਜਾਗ੍ਰਿਤੀ ਪੈਦਾ ਕੀਤੀ, ਖ਼ਾਸ ਕਰਕੇ ਨੀਵੀਂ ਅਤੇ ਪਛੜੀ ਸ਼੍ਰੇਣੀ ਦੇ ਲੋਕਾਂ ਨੂੰ ਸਮਾਜ ਵਿਚ ਆਦਰਯੋਗ ਸਥਾਨ ਦਿਵਾਉਣ ਦਾ ਯਤਨ ਕੀਤਾ। ਲੋਕਾਂ ਨੂੰ ਮਾਨਵਤਾ ਨਾਲ ਪਿਆਰ ਕਰਨ ਦਾ ਉਪਦੇਸ਼ ਦਿੱਤਾ।

<u>ਗੁਰਮਤਿ ਰਹਮਤਾਂ ਅਤੇ ਰਵਿਦਾਸ ਬਾਣੀ</u>

ਗੁਰੂ ਗ੍ਰੰਥ ਸਾਹਿਬ ਵਿਚ ਸਾਧਕ ਨੂੰ ਗੁਰੂ ਸਾਹਿਬਾਨ ਨੇ ਕੁਝ ਸਿਧਾਂਤ ਰੂਪ ਦੇ ਉਨ੍ਹਾਂ ਉਪਰ ਚਲਣ ਦਾ ਆਦੇਸ਼ ਦਿੱਤਾ ਹੈ, ਜਿਸ ਦੁਆਰਾ ਉਹ ਆਪਣੇ ਆਪ ਨੂੰ ਪਾਉਣ ਵਿਚ ਸਫ਼ਲਤਾ ਪ੍ਰਾਪਤ ਕਰ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਇਕ ਸਰਬ-ਸਾਂਝਾ ਧਾਰਮਿਕ ਗ੍ਰੰਥ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਵਿਚ ਗੁਰੂ ਸਾਹਿਬਾਨ ਨੇ ਸਭਨਾਂ ਧਰਮਾਂ ਦੀਆਂ ਚੰਗੀਆਂ ਗੱਲਾਂ ਨੂੰ ਲੈ ਕੇ ਕੁਝ ਸਿਧਾਂਤ ਨਿਸ਼ਚਿਤ ਕੀਤੇ ਹਨ, ਜਿਨ੍ਹਾਂ ਉਪਰ ਸਿੱਖ ਧਰਮ ਦੀ ਨੀਂਹ ਰੱਖੀ ਗਈ ਸੀ। ਸਿੱਖ ਗੁਰੂਆਂ ਦੀ ਮਹੱਤਤਾ ਇਸ ਗੱਲ ਵਿਚ ਨਹੀਂ ਹੈ ਕਿ ਉਨ੍ਹਾਂ ਨੇ

ਹਉਮੈ, ਕ੍ਰੋਧ ਆਦਿ ਨੂੰ ਖਤਮ ਕਰਨ ਦੀ ਗੱਲ ਕੀਤੀ ਹੈ ਬਲਕਿ ਉਨ੍ਹਾਂ ਦੀ ਮਹੱਤਾ ਇਸ ਵਿਚ ਹੈ ਕਿ ਉਹ ਸਦਾ ਇਨ੍ਹਾਂ ਭਾਵਨਾਵਾਂ ਤੋਂ ਨਿਰਲੇਪ, ਅਭਿੱਜ ਰਹੇ ਹਨ। ਉਨ੍ਹਾਂ ਨੇ ਪ੍ਰਭੂ ਪ੍ਰਾਪਤੀ ਲਈ ਮਾਤਰ ਤਪੱਸਿਆ ਜਾਂ ਸਰੀਰਕ ਕਸ਼ਟ ਨੂੰ ਮਹੱਤਾ ਨਹੀਂ ਦਿੱਤੀ। ਉਨ੍ਹਾਂ ਇਕ ਆਮ ਆਦਮੀ ਵਾਂਗ ਜ਼ਿੰਦਗੀ ਬਸਰ ਕਰਕੇ ਪ੍ਰਭੂ ਨੂੰ ਪ੍ਰਾਪਤ ਕਰਨ ਦਾ ਮਾਰਗ ਸੁਝਾਇਆ। ਗੁਰੂ ਨਾਨਕ ਦੇਵ ਜੀ ਦੇ ਜੀਵਨ ਤੋਂ ਇਹ ਸਿੱਧ ਹੁੰਦਾ ਹੈ ਕਿ ਆਪ ਨੇ ਗ੍ਰਿਹਸਤ ਵਿਚ ਰਹਿੰਦੇ ਹੋਏ ਹੱਥੀਂ ਖੇਤੀ ਕਰਦੇ ਹੋਏ ਔਕੜਾਂ ਦਾ ਸਾਹਮਣਾ ਕੀਤਾ ਨਾ ਕਿ ਕਿਸੇ ਜੰਗਲ ਵਿਚ ਜਾ ਕੇ ਜੀਵਨ ਬਿਤਾਇਆ।[12] ਇਸ ਤੋਂ ਮਨੁੱਖ ਨੂੰ ਹੱਥੀਂ ਕਿਰਤ ਕਰਨ ਦੀ ਪ੍ਰੇਰਨਾ ਮਿਲਦੀ ਹੈ।

ਗੁਰਮਤਿ ਫਲਸਫੇ ਦਾ ਸਾਰ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਆਏ ਮੂਲ-ਮੰਤਰ ਤੋਂ ਸਪਸ਼ਟ ਕਰ ਸਕਦੇ ਹਾਂ:

> ੧ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ
> ਸੈਭੰ ਗੁਰਪ੍ਰਸਾਦਿ।[13]

ਇਸ ਦਾ ਭਾਵ ਹੈ ਕਿ ਨਿਰੰਕਾਰ ਇਕ ਹੈ, ਉਸ ਦਾ ਨਾਮ ਸਦੀਵੀ ਹੈ, ਉਹ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ, ਉਸ ਨੂੰ ਕਿਸੇ ਦਾ ਭੈ ਨਹੀਂ, ਉਸ ਨੂੰ ਕਿਸੇ ਨਾਲ ਵੈਰ ਵੀ ਨਹੀਂ, ਕਾਲ ਰਹਿਤ ਹਸਤੀ, ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦੀ, ਆਪਣੇ ਆਪ ਤੋਂ ਉਸ ਦਾ ਪ੍ਰਕਾਸ਼ ਹੁੰਦਾ ਹੈ, ਜਿਸ ਦੀ ਪ੍ਰਾਪਤੀ ਗੁਰੂ ਦੀ ਮਿਹਰ ਸਦਕਾ ਹੀ ਹੋ ਸਕਦੀ ਹੈ। ਡਾ. ਤਾਰਨ ਸਿੰਘ[14] ਮੂਲ ਮੰਤਰ ਦੀ ਵਿਆਖਿਆ ਨਿਮਨਲਿਖਤ ਅਨੁਸਾਰ ਕਰਦੇ ਹਨ:

ੴ: ਭਾਵ ਹਰ ਸਮੇਂ, ਸਥਾਨ, ਦੇਸ਼, ਜਾਤੀ, ਕੌਮ ਲਈ ਉਹ ਇਕ ਸਰੂਪ ਹੈ।

ਸਤਿਨਾਮ: ਹਰ ਗੁਣ, ਹਰ ਰੂਪ ਵਿਚ ਉਹ ਵਿਆਪਕ ਹੈ, ਇਹ ਸਭ ਕੁਝ ਉਸ ਦਾ ਸਰੂਪ ਹੈ। ਇਸ ਰੂਪ ਵਿਚ ਉਸ ਦੀ ਉਪਾਸਨਾ ਹੋਣੀ ਚਾਹੀਦੀ ਹੈ।

ਕਰਤਾ ਪੁਰਖ: ਉਹ ਕਰਤਾਰੀ ਤੇ ਉਸਾਰੂ ਹੈ, ਨਾਲੇ ਚੇਤੰਨ ਤੇ ਸਰਬ-ਵਿਆਪੀ ਹੈ। ਕਰਤਾਰੀ ਹੋਣ ਨਾਲ ਹੀ ਮਨੁੱਖ ਉਸ ਦੀ ਉਪਾਸਨਾ ਕਰਦਾ ਹੈ।

ਨਿਰਭਉ ਨਿਰਵੈਰ: ਜਿਥੇ ਭੈ ਹੈ ਜਾਂ ਵੈਰ, ਉਥੇ ਪ੍ਰਭੂ ਜਾਂ ਸਚਾਈ ਨਹੀਂ ਹੈ।

ਅਕਾਲ ਮੂਰਤਿ ਅਜੂਨੀ ਸੈਭੰ: ਪੂਰਨਤਾ ਹੀ ਸਚਾਈ ਦਾ ਸਰੂਪ ਹੈ। ਪੂਰਨਤਾ ਤੀਕ ਪਹੁੰਚ ਦਾ ਯਤਨ ਹੀ ਉਸ ਦੀ ਉਪਾਸਨਾ ਹੈ।

ਗੁਰਪ੍ਰਸਾਦਿ: ਗੁਰੂ ਭਾਵ ਗਿਆਨ ਦੁਆਰਾ ਹੀ ਪ੍ਰਭੂ ਜਾਂ ਸਚਾਈ ਨੂੰ ਸਮਝਿਆ ਜਾ ਸਕਦਾ ਹੈ।

ਗੁਰੂ ਨਾਨਕ ਨੇ ਮੂਲ-ਮੰਤ੍ਰ ਵਿਚ ਅਜਿਹੇ ਇਸ਼ਟ ਦਾ ਸਿਧਾਂਤ ਸੂਤਰਬੱਧ ਕੀਤਾ ਹੈ ਜੋ ਅੰਦਰ ਤੇ ਵਿਆਪਕ ਹੀ ਨਹੀਂ, ਚਾਨਣ-ਮੁਨਾਰਾ ਹੈ, ਤੇ ਸਮਤਾ ਦਾ ਧਾਰਨੀ ਹੈ। ਇਹ ਇਸ਼ਟ ਮਨੁੱਖ ਦਾ ਆਦਰਸ਼ ਬਣ ਜਾਂਦਾ ਹੈ, ਨਾ ਕੇਵਲ ਅਭੇਦਤਾ ਜਾਂ ਨਿਜੀ ਮੁਕਤੀ ਲਈ, ਸਗੋਂ ਮਨੁੱਖੀ ਜੀਵਨ ਵਿਚ ਸੁਹਜ ਤੇ ਸਹਿਜ ਦੀ ਪ੍ਰਾਪਤੀ ਲਈ ਵਿਦਿਆ ਤੇ ਵਿਵੇਕ ਦੇ ਵਿਕਾਸ ਲਈ।[15] ਇਸ ਤੋਂ ਇਲਾਵਾ ਗੁਰਬਾਣੀ ਦੇ ਖੋਜੀਆਂ ਅਤੇ ਵਿਦਵਾਨਾਂ ਵਿਚ ਇਸ ਬਾਰੇ ਪੂਰਨ ਸਰਬ-ਸੰਮਤੀ ਹੈ ਕਿ ਗੁਰਮਤਿ ਜੀਵਨ ਦਾ ਸਾਰ ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਜਪਣਾ ਹੈ। ਨਾਮ ਜਪਣ ਲਈ ਹੱਕ ਹਲਾਲ ਦੀ ਕਮਾਈ ਕਰਨਾ ਅਤੇ ਇਸ ਕਮਾਈ ਨੂੰ

ਸਫਲਾ ਕਰਨ ਲਈ ਰੱਬ ਭਜਣਾ ਜ਼ਰੂਰੀ ਹੈ। ਇਸ ਤਰ੍ਹਾਂ ਨਾਮ ਸਿਮਰਨ ਕਰਨਾ ਅਤੇ ਰੱਬ ਭਜਣਾ ਵੀ ਨਾਮ ਜਪਣ ਵਿਚ ਹੈ। ਗੁਰੂ ਸਾਹਿਬਾਨ ਦੇ ਅਧਿਆਤਮਿਕ ਤਜਰਬੇ ਦਾ ਅਸਲ ਧੁਰਾ ਜਾਂ ਆਧਾਰ ਨਾਮ ਜਾਂ ਸ਼ਬਦ ਦੀ ਆਰਾਧਨਾ ਹੀ ਹੈ।[16]

ਗੁਰੂ ਸਾਹਿਬਾਨ ਨੇ ਨਾਮ ਸਿਮਰਨ ਅਤੇ ਸਾਧ-ਸੰਗਤ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਹੈ। ਸਿਮਰਨ ਜਾਂ ਨਾਮ ਜਪਣਾ ਹੀ ਗੁਰਮਤਿ ਅਨੁਸਾਰ ਮਨੁੱਖੀ ਜੀਵਨ ਦਾ ਮੁੱਖ ਉਦੇਸ਼ ਹੈ:

ਅਵਰਿ ਕਾਜ ਤੇਰੈ ਕਿਤੈ ਨ ਕਾਮ।
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ।[17]

ਇਸੇ ਤਰ੍ਹਾਂ ਸੁਖਮਨੀ ਸਾਹਿਬ ਦੇ ਆਰੰਭ ਵਿਚ ਵੀ ਆਇਆ ਹੈ:

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ।
ਕਲਿ ਕਲੇਸ ਤਨ ਮਾਹਿ ਮਿਟਾਵਉ।[18]

ਇਹੋ ਇਕ ਗੱਲ ਵੀ ਵਰਣਨਯੋਗ ਹੈ ਕਿ ਗੁਰੂ ਸਾਹਿਬਾਨ ਅਤੇ ਹੋਰ ਭਗਤ ਕਵੀਆਂ ਦੇ ਸਮੇਂ ਵਿਚ ਨਾਥ-ਜੋਗੀਆਂ, ਜੈਨੀਆਂ, ਸਿੱਧਾਂ ਤੇ ਸੂਫ਼ੀ ਆਦਿ ਦਰਵੇਸ਼ਾਂ ਦੇ ਕਈ ਮੱਤ ਪ੍ਰਚਲਿਤ ਸਨ ਜਿਹੜੇ ਆਪਣੇ ਆਪਣੇ ਢੰਗ ਨਾਲ ਵਿਅਕਤੀ ਨੂੰ ਹਠ ਜੋਗ ਨਾਲ ਗ੍ਰਿਹਸਥ ਤਿਆਗ ਕੇ ਜਾਂ ਕਰਮ-ਕਾਂਡ ਦੀ ਵਿਧੀ ਅਨੁਸਾਰ ਭਗਤੀ ਕਰਨ ਦੀ ਪ੍ਰੇਰਨਾ ਕਰਦੇ ਸਨ ਪਰ ਉਨ੍ਹਾਂ ਦੇ ਮੁਕਾਬਲੇ ਤੇ ਗੁਰਮਤਿ ਨੇ ਕੇਵਲ ਸਿਮਰਨ ਦਾ ਰਾਹ ਹੀ ਦੱਸਿਆ ਸੀ। ਸਿਮਰਨ ਬਗੈਰ ਹੋਰ ਹਰ ਪ੍ਰਕਾਰ ਦੇ ਕਰਮ-ਧਰਮ ਨੂੰ ਨਿਰਾਰਥਕ ਦੱਸਿਆ ਹੈ।

ਗੁਰਮਤਿ ਫ਼ਲਸਫ਼ੇ ਨੂੰ ਸੰਖੇਪ ਵਿਚ ਦੱਸਣ ਤੋਂ ਬਾਦ ਇਹ ਵਿਸ਼ਲੇਸ਼ਣ ਕਰਨ ਦਾ ਯਤਨ ਕਰਾਂਗੇ ਕਿ ਕੀ ਗੁਰੂ ਰਵਿਦਾਸ ਬਾਣੀ ਗੁਰਮਤਿ ਫ਼ਲਸਫ਼ੇ ਦਾ ਹੀ ਅਨੁਸਰਨ ਕਰਦੀ ਹੈ।

ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨ ਸਮੇਂ ਗੁਰੂ ਅਰਜਨ ਦੇਵ ਜੀ ਨੇ ਇਸ ਗੱਲ ਨੂੰ ਮੁੱਖ ਰਖਿਆ ਸੀ ਕਿ ਜਿਹੜੀ ਬਾਣੀ ਗੁਰਮਤਿ ਫਲਸਫੇ ਅਨੁਸਾਰ ਢੁੱਕਦੀ ਹੈ ਅਰਥਾਤ ਗੁਰਮਤਿ ਫਲਸਫੇ ਅਨੁਸਾਰ ਚਲਦੀ ਹੈ, ਉਸ ਨੂੰ ਹੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤੀ ਜਾਵੇ। ਜਿਸ ਨਾਲ ਸਮੁੱਚੀ ਬਾਣੀ ਦੀ ਇੱਕੋ ਹੀ ਸੁਰ ਰਹੇ।

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਹੋਰ ਭਗਤਾਂ ਦੀ ਬਾਣੀ ਵੀ ਸ਼ਾਮਿਲ ਹੈ। ਇਹ ਬਾਣੀ ਵੀ ਗੁਰਮਤਿ ਫਲਸਫੇ ਦਾ ਹੀ ਪ੍ਰਤਿਪਾਦਨ ਕਰਦੀ ਹੈ। ਗੁਰਮਤਿ ਫਲਸਫੇ ਦਾ ਮੁਖ ਸਿਧਾਂਤ ਤਾਂ ਉਸ ਨਿਰਗੁਣ ਪਾਰਬ੍ਰਹਮ ਦਾ ਗੁਣ-ਗਾਇਨ ਕਰਨਾ ਹੀ ਹੈ। ਇਸ ਲਈ ਇਸ ਵਿਚ ਦਰਜ ਸਾਰੀ ਬਾਣੀ ਨਿਰਗੁਣਧਾਰਾ ਦੇ ਪੱਖ ਨੂੰ ਹੀ ਪੇਸ਼ ਕਰਦੀ ਹੈ। ਆਦਿ ਗ੍ਰੰਥ ਵਿਚ ਸੰਤੀ ਬਾਣੀਕਾਰਾਂ ਦੇ ਨਾਲ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਵਿਸ਼ੇਸ਼ ਰੂਪ ਵਿਚ ਆਦਿ ਗ੍ਰੰਥ ਵਿਚ ਸ਼ਾਮਿਲ ਕੀਤਾ ਗਿਆ ਹੈ। ਆਦਿ ਗ੍ਰੰਥ ਵਿਚ ਇਨ੍ਹਾਂ ਦੀ ਬਾਣੀ ਸ਼ਬਦ ਸੰਖਿਆ ਦੀ ਦ੍ਰਿਸ਼ਟੀ ਤੋਂ ਸੰਤੀ ਬਾਣੀਕਾਰਾਂ ਵਿਚ ਤੀਸਰੇ ਸਥਾਨ ਤੇ ਆਉਂਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਰਵਿਦਾਸ ਬਾਣੀ ਦਾ ਕੁਝ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਹੈ: ਕੁਲ ਪਦੇ 40 ਹਨ ਜਿਨ੍ਹਾਂ ਵਿਚ/ਇਕ ਪਦਾ ਸਿਰੀ ਰਾਗ ਵਿਚ, ਪੰਜ ਪਦੇ ਗਉੜੀ ਰਾਗ ਵਿਚ, ਛੇ ਪਦੇ ਆਸਾ ਰਾਗ, ਇਕ ਪਦਾ ਰਾਗ ਗੂਜਰੀ ਵਿਚ, ਸੱਤ ਪਦੇ ਰਾਗ ਸੋਰਠਿ ਵਿਚ, ਤਿੰਨ ਪਦੇ ਰਾਗ ਧਨਾਸਰੀ ਵਿਚ, ਇਕ ਰਾਗ ਜੈਤਸਰੀ ਵਿਚ, ਤਿੰਨ ਰਾਗ ਸੂਹੀ ਵਿਚ, ਦੋ ਰਾਗ ਬਿਲਾਵਲ ਵਿਚ, ਦੋ ਰਾਗ ਗੋਂਡ ਵਿਚ, ਇਕ ਰਾਮਕਲੀ ਵਿਚ, ਦੋ ਰਾਗ ਮਾਰੂ ਵਿਚ, ਇਕ ਰਾਗ ਕੇਦਾਰਾ ਵਿਚ, ਇਕ ਰਾਗ ਭੈਰਉ ਵਿਚ, ਇਕ ਰਾਗ ਬਸੰਤ ਵਿਚ ਅਤੇ ਇਕ ਰਾਗ ਮਲ੍ਹਾਰ ਵਿਚ ਹਨ। ਇਸ ਦੇ ਨਾਲ ਇਕ

ਸਲੋਕ ਵੀ ਸ਼ਾਮਿਲ ਹੈ ਜੋ ਕਬੀਰ ਸਾਹਿਬ ਦੇ ਸਲੋਕਾਂ ਦੇ ਅਧੀਨ ਹੀ ਰੱਖਿਆ ਮਿਲਦਾ ਹੈ। ਕੁਲ ਸੋਲ੍ਹਾਂ ਰਾਗਾਂ ਵਿਚ ਬਾਣੀ ਦਰਜ ਹੈ।

ਅਜੋਕੇ ਯੁਗ ਦੀ ਖੋਜ ਮੁਤਾਬਕ ਗੁਰੂ ਗ੍ਰੰਥ ਸਾਹਿਬ ਤੋਂ ਬਾਹਰੀ ਗੁਰੂ ਰਵਿਦਾਸ ਜੀ ਦੀ ਬਾਣੀ ਕਾਫ਼ੀ ਮਾਤਰਾ ਵਿਚ ਹੈ। ਇਸ ਤੱਥ ਦਾ ਪ੍ਰਮਾਣ ਡਾ. ਧਰਮਪਾਲ ਸਿੰਗਲ ਦੁਆਰਾ ਸੰਪਾਦਤ ਪੁਸਤਕ ਤੋਂ ਮਿਲ ਜਾਂਦਾ ਹੈ ਜਿਸ ਵਿਚ ਗੁਰੂ ਰਵਿਦਾਸ ਜੀ ਦੇ 133 ਪਦੇ ਸ਼ਾਮਿਲ ਹਨ।

ਜਿਸ ਤਰ੍ਹਾਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ ਗੁਰਮਤਿ ਫ਼ਲਸਫ਼ੇ ਦਾ ਸਾਰ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਆਏ ਮੂਲ ਮੰਤਰ ਤੋਂ ਸਪਸ਼ਟ ਹੋਇਆ ਵੇਖਦੇ ਹਾਂ, ਇਸੇ ਤਰ੍ਹਾਂ ਰਵਿਦਾਸ ਬਾਣੀ ਦਾ ਅਧਿਐਨ ਕਰਨ ਉਪਰੰਤ ਇਸ ਮੂਲ ਮੰਤਰ ਦੀ ਸਪਸ਼ਟ ਵਿਆਖਿਆ ਰਵਿਦਾਸ ਬਾਣੀ ਵਿਚ ਕੀਤੀ ਮਿਲਦੀ ਹੈ ਜਿਸ ਦਾ ਭਾਵ ਹੈ ਕਿ ਗੁਰੂ ਰਵਿਦਾਸ ਜੀ ਨੇ ਗੁਰੂ ਸਾਹਿਬਾਨ ਤੋਂ ਬਹੁਤ ਪਹਿਲਾਂ ਹੀ ਇਸ ਵਿਚਾਰਧਾਰਾ ਨੂੰ ਜਨਮ ਦੇ ਦਿੱਤਾ ਸੀ। ਬ੍ਰਹਮ ਦੇ ਸਰੂਪ ਬਾਰੇ ਉਹੀ ਵਿਚਾਰ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਪ੍ਰਗਟਾਏ ਹਨ ਜਿਸ ਤਰ੍ਹਾਂ ਦੇ ਆਧਾਰ ਵਿਚ ਗੁਰੂ ਸਾਹਿਬਾਨ ਨੇ ਇਕ ਸੰਗਠਿਤ ਰੂਪ ਵਿਚ 'ਜਪੁਜੀ' ਵਿਚ ਪ੍ਰਗਟਾਏ ਹਨ। ਗੁਰੂ ਰਵਿਦਾਸ ਦੀ ਸਾਧਨਾ-ਪੱਧਤੀ ਆਪਣੇ ਸਮਕਾਲੀ ਸੰਤ-ਸਮਾਜ ਦੇ ਐਨ ਅਨੁਰੂਪ ਹੀ ਹੈ ਜਿਸ ਨੂੰ ਸਮਨਵੈਵਾਦੀ ਜਾਂ ਸੁਮੇਲਕਾਰੀ ਭਗਤੀ ਪੱਧਤੀ ਦਾ ਨਾਮ ਦਿੱਤਾ ਜਾ ਸਕਦਾ ਹੈ। ਉਨ੍ਹਾਂ ਦੀ ਭਗਤੀ ਵਿਚ ਪ੍ਰਭੂ ਪਿਆਰ ਦੀ ਡੂੰਘਾਈ ਅਤੇ ਵਿਸ਼ਾਲਤਾ ਹੈ, ਸਿੱਧਾਂ-ਨਾਥਾਂ ਅਤੇ ਜੋਗੀਆਂ ਵਾਲਾ ਮੇਲ, ਸੰਤੋਖ, ਜਪ-ਤਪ ਤੇ ਸੰਜਮ ਹੈ ਅਤੇ ਹਿਰਦੇ ਦੀ ਸ਼ੁੱਧੀ ਹੈ ਜਿਸ ਵਿਚ ਸਾਧੂ ਸਮਾਜ ਦੀ ਹਿਰਦੇ ਦੀ ਸਰਲਤਾ ਅਤੇ ਸਹਜਤਾ ਵੀ ਸ਼ਾਮਿਲ ਹੈ, ਇਕ ਸਮਾਜ-ਸੁਧਾਰਕ ਨਿਵਰਤੀਮੁਖੀ ਸੰਤ ਦੇ ਲੋਕ-ਹਿਤੈਸ਼ੀ ਮਨ ਦੀ ਪ੍ਰਵਿਰਤੀਮੁਖੀ ਸ਼ੁੱਧ ਸਾਤਵਿਕ ਕਰਮਯੋਗਿਕ ਸਹਿਜ ਸਮਾਈ ਹੈ।[19]

'ਓਿ' ਦੇ ਆਰੰਭ ਵਿਚ '੧' ਅੰਕ ਲਿਖ ਕੇ ਸਿੱਧ ਕੀਤਾ ਗਿਆ ਹੈ ਕਿ ਕਰਤਾਰ ਇਕ ਹੈ।[20] ਜਿਸ ਨਾਲ ਇਸ ਦਾ ਭਾਵ ਹੋਰ ਵੀ ਸਪਸ਼ਟ ਹੋ ਜਾਂਦਾ ਹੈ।

ਰਵਿਦਾਸ ਬਾਣੀ ਵੀ ਪਰਮਾਤਮਾ ਦੇ ਇਕ ਹੋਣ ਅਤੇ ਉਸ ਦਾ ਘਟ-ਘਟ ਵਿਚ ਨਿਵਾਸ ਕਰਨ ਦੇ ਭਾਵ ਨੂੰ ਹੀ ਦ੍ਰਿੜ੍ਹਾਉਂਦੀ ਹੈ।

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ।
ਕਹਿ ਰਵਿਦਾਸ ਹਾਥ ਪੈ ਨੇੜੈ ਸਹਜੇ ਹੋਇ ਸੁ ਹੋਈ।[21]

ਅਰਥਾਤ ਰਵਿਦਾਸ ਅਨੁਸਾਰ ਪ੍ਰਭੂ ਤਾਂ ਇਕ ਹੀ ਹੈ ਪਰੰਤੂ ਉਹ ਅਨੇਕ ਰੂਪ ਧਾਰ ਕੇ ਘਟ-ਘਟ ਵਿਚ ਨਿਵਾਸ ਕਰ ਰਿਹਾ ਹੈ। ਇਸੇ ਤਰ੍ਹਾਂ ਗੁਰੂ ਰਵਿਦਾਸ ਜੀ ਕਹਿੰਦੇ ਹਨ:

ਕਹਿ ਰਵਿਦਾਸ ਸਭੈ ਜਗੁ ਲੂਟਿਆ।
ਹਮ ਤਉ ਏਕ ਰਾਮ ਕਹਿ ਛੂਟਿਆ।[22]

ਗੁਰੂ ਰਵਿਦਾਸ ਜੀ ਦੇ ਕਹਿਣ ਦਾ ਭਾਵ ਹੈ ਕਿ ਸਾਰੀ ਦੁਨੀਆ ਹੀ ਮਾਇਆ, ਮੋਹ ਅਤੇ ਵਿਸ਼ੇ ਵਿਕਾਰਾਂ ਕਾਰਨ ਲੁੱਟੀਂਦੀ ਜਾ ਰਹੀ ਹੈ ਪਰੰਤੂ ਮੈਨੂੰ ਤਾਂ ਇਕ ਰਾਮ ਦੇ ਨਾਮ ਨਾਲ ਮੁਕਤੀ ਮਿਲ ਗਈ ਹੈ। ਇਹ ਸੰਸਾਰਕ ਮਾਇਆ-ਮੋਹ ਤੋਂ ਨਿਰਲੇਪ ਰਹਿਣ ਦੀ ਭਾਵਨਾ ਹੈ, ਜਿਸ ਸਦਕਾ ਸਾਧਕ ਦਾ ਮਨ ਰਾਮ ਨਾਮ ਵਿਚ ਜੁੜਦਾ ਹੈ।

ਇਸੇ ਹਕੀਕਤ ਨੂੰ ਪ੍ਰਮਾਣਿਤ ਕਰਦਾ ਹੋਇਆ ਇਕ ਹੋਰ ਉਦਾਹਰਣ ਹੇਠ ਲਿਖੇ ਅਨੁਸਾਰ ਹੈ:

ਹਰਿ ਜਪਤ ਤੇਊ ਜਨਾ ਪਦਮ ਕਵਲਾਸਪਤਿ,
ਤਾਸ ਸਮ ਤੁਲਿ ਨਹੀ ਆਨ ਕੋਊ।
ਏਕ ਹੀ ਏਕ ਅਨੇਕ ਹੋਇ ਬਿਸਥਰਿਓ,
ਆਨ ਰੇ ਆਨ ਭਰਪੂਰ ਸੋਊ।[23]

ਰਵਿਦਾਸ ਜੀ ਅਨੁਸਾਰ ਜਿਹੜੇ ਪੁਰਸ਼ ਪਰਮਾਤਮਾ ਦਾ ਸਿਮਰਨ ਕਰਦੇ ਹਨ, ਉਨ੍ਹਾਂ ਦੇ ਬਰਾਬਰ ਨਾ ਕੋਈ ਬ੍ਰਹਮਾ ਅਤੇ ਨਾ ਹੀ ਵਿਸ਼ਨੂੰ ਹੋ ਸਕਦਾ ਹੈ। ਉਨ੍ਹਾਂ ਨੂੰ ਇਕ ਪਰਮਾਤਮਾ ਹੀ ਅਨੇਕ ਰੂਪਾਂ ਵਿਚ ਘਟ-ਘਟ ਅੰਦਰ ਵਸਿਆ ਹੋਇਆ ਦਿਸਦਾ ਹੈ। ਜਦੋਂ ਸਾਧਕ ਦੇ ਮਨ ਦੀ ਇਹ ਸਥਿਤੀ ਹੋ ਜਾਂਦੀ ਹੈ, ਕੇਵਲ ਉਦੋਂ ਹੀ ਉਸ ਨੂੰ ਇਹ ਸਮਝ ਆਉਂਦੀ ਹੈ ਕਿ ਵਿਸ਼ਵ ਦੇ ਸਭੇ ਹੀ ਜੀਵ ਪਰਮਾਤਮਾ ਦੀ ਸਿਰਜਣਾ ਹਨ। ਇਸ ਸਮਝ ਨਾਲ ਹੀ 'ਸਰਬੱਤ ਦਾ ਭਲਾ' ਦਾ ਭਾਵ ਵਿਆਪਤ ਹੁੰਦਾ ਹੈ।

ਮੂਲ-ਮੰਤ੍ਰ ਦਾ ਦੂਸਰਾ ਸ਼ਬਦ 'ਸਤਿਨਾਮ' ਹੈ। 'ਸਤਿਨਾਮ' ਦਾ ਅਰਥ ਤਿੰਨ ਕਾਲਾਂ ਵਿਚ ਇਕ ਰਸ ਰਹਿਣ ਵਾਲਾ ਪ੍ਰਸਿੱਧ ਪਾਰਬ੍ਰਹਮ ਹੈ।[24] 'ਸਤਿ' ਅਤੇ 'ਨਾਮ' ਦਾ ਸਮਾਸ ਹੀ ਏਕ ਤੇ ਅਨੇਕ ਦਾ ਜੋੜ ਹੈ। ਸਤਿ ਸਦੀਵੀ ਹਸਤੀ ਜਾਂ ਮੂਲ ਹਕੀਕਤ ਦਾ ਪ੍ਰਤੀਕ ਹੈ, ਜਿਸ ਦਾ ਭਾਵ ਸਦਾ ਰਹਿਣ ਵਾਲੀ, ਅਟੱਲ ਸਚਾਈ ਹੈ, ਜੋ ਆਦਿ ਜੁਗਾਦਿ ਤੋਂ ਪਰ੍ਹੇ, ਸਮੇਂ ਸਥਾਨ ਦੀਆਂ ਹੱਦਾਂ ਤੋਂ ਉਪਰ ਤੇ ਨਾਸਮਾਨਤਾ ਤੋਂ ਸੁਤੰਤਰ ਹੈ।[25] 'ਸਤਿ' ਉਸ ਅਕਾਲਪੁਰਖ ਦੀ ਨਿਰਗੁਣ ਸੱਤਾ ਦਾ ਸੂਚਕ ਹੈ। 'ਨਾਮ' ਸਰਗੁਣ ਸੱਤਾ ਦਾ ਸੂਚਕ ਹੈ। ਅਕਾਲਪੁਰਖ ਸਤਿ ਵੀ ਹੈ ਅਤੇ ਨਾਮ ਵੀ ਸੱਚ ਹੈ।[26] ਅਰਥਾਤ ਨਾਮ ਸਦੀਵੀ ਹਸਤੀ ਹੈ।

ਗੁਰੂ ਰਵਿਦਾਸ ਬਾਣੀ ਵਿਚ ਵੀ 'ਸਤਿ-ਨਾਮ' ਸ਼ਬਦ ਦੀ ਵਰਤੋਂ ਹੋਈ ਹੈ:

ਦਸ ਅਠਾ ਅਠਸਠੇ ਚਾਰੇ ਖਾਣੀ ਇਹੋ ਵਰਤਣਿ ਹੈ ਸਗਲ ਸੰਸਾਰੇ।
ਕਹੈ ਰਵਿਦਾਸ ਨਾਮੁ ਤੇਰੋ ਆਰਤੀ ਸਤਿਨਾਮ ਹੈ ਹਰਿ ਭੋਗ ਤੁਹਾਰੇ।[27]

ਗੁਰੂ ਰਵਿਦਾਸ ਜੀ ਅਨੁਸਾਰ ਜੋ ਮਨੁੱਖ ਅਠਾਰ੍ਹਾਂ ਪੁਰਾਣਾਂ, ਅਠਾਹਠ ਤੀਰਥਾਂ ਦੇ ਇਸ਼ਨਾਨ ਅਤੇ ਪੁੰਨ-ਦਾਨ ਵਿਚ ਵਿਸ਼ਵਾਸ ਰਖਦੇ ਹਨ, ਉਹ ਚਾਰ ਖਾਣੀਆਂ ਦੀਆਂ ਜੂਨਾਂ

ਵਿਚ ਭਟਕ ਰਹੇ ਹਨ। ਪਰੰਤੂ ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਤਾਂ ਸਿਰਫ਼ ਤੇਰੇ ਨਾਮ ਦੀ ਹੀ ਆਰਤੀ ਕਰਦਾ ਹਾਂ ਅਤੇ ਉਸ ਨੂੰ ਸਤਿਨਾਮ ਅਰਥਾਤ ਸਦਾ ਕਾਇਮ ਰਹਿਣ ਵਾਲੇ ਨਾਮ ਦਾ ਹੀ ਭੋਗ ਲਗਾਉਂਦਾ ਹਾਂ। ਇਹ ਅਵਸਥਾ ਕੇਵਲ ਉਸ ਭਗਤ ਦੀ ਹੋ ਸਕਦੀ ਹੈ, ਜਿਸ ਨੇ ਕੇਵਲ ਪਰਮਾਤਮਾ ਦੇ ਨਾਮ ਨੂੰ ਹੀ ਆਪਣੇ ਜੀਵਨ ਦਾ ਆਧਾਰ ਮੰਨ ਲਿਆ ਹੋਵੇ। ਮਨੁੱਖ ਦੀ ਇਸ ਅਵਸਥਾ ਤੋਂ ਬਗੈਰ ਪਰਮਾਤਮਾ ਤਕ ਪਹੁੰਚ ਹੋ ਵੀ ਨਹੀਂ ਸਕਦੀ।

'ਕਰਤਾ ਪੁਰਖ' ਸ਼ਬਦ ਉਸ ਅਕਾਲਪੁਰਖ ਲਈ ਵਰਤਿਆ ਗਿਆ ਹੈ ਜੋ ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ ਅਤੇ ਪਾਲਣਹਾਰ ਹੈ। ਹਰ ਵਿਅਕਤੀ ਈਸ਼ਵਰ ਦਾ ਅੰਸ਼ ਹੈ — ਈਸ਼ਵਰ ਆਪ ਹੀ ਹਰ ਵਿਅਕਤੀ ਹੈ। ਜੋ, ਈਸ਼ਵਰ ਵਿਚ ਪੁਰਖੀ ਗੁਣ ਹਨ। ਉਸ ਦੀ ਚੇਤਨਤਾ, ਉਸ ਦੀ ਜੋਤੀ ਉਸ ਨੂੰ 'ਪੁਰਖ' ਬਣਾਂਦੇ ਹਨ। ਕਰਤਾ ਨੂੰ ਇਸੇ ਲਈ ਪੁਰਖ ਕਿਹਾ ਗਿਆ ਹੈ। ਪੁਰਖ ਵਿਚ ਨਾਮ ਦਾ ਨਿਯਮ ਕੰਮ ਕਰ ਰਿਹਾ ਹੈ; ਪੁਰਖ ਹੀ ਓਅੰਕਾਰ ਹੈ। 'ਪੁਰਖ' ਕਹਿ ਕੇ ਗੁਰੂ ਸਾਹਿਬ ਨੇ ਚੇਤਨਤਾ ਦੇ ਪੱਖ ਉੱਤੇ ਜ਼ੋਰ ਦਿੱਤਾ ਹੈ।[28]

ਤੂੰ ਆਪੇ ਕਰਤਾ ਤੇਰਾ ਕੀਆ ਸਭੁ ਹੋਇ॥
ਤੁਧੁ ਵਿਣੁ ਦੂਜਾ ਅਵਰੁ ਨ ਕੋਇ॥[29]

ਗੁਰੂ ਰਵਿਦਾਸ ਜੀ ਨੇ ਵੀ ਆਪਣੀ ਬਾਣੀ ਵਿਚ 'ਕਰਤਾ' ਸ਼ਬਦ ਦਾ ਪ੍ਰਯੋਗ ਕੀਤਾ ਹੈ ਜਿਹੜਾ ਕਿ ਨਿਰਸੰਦੇਹ ਉਸ ਪਾਰਬ੍ਰਹਮ ਪਰਮੇਸ਼ਰ ਦਾ ਹੀ ਸੂਚਕ ਹੈ।

ਰਵਿਦਾਸ ਉਪਜਈ ਸਭ ਇਕ ਨੂਰ ਤੇ, ਬ੍ਰਾਹਮਨ ਮੁੱਲਾਂ ਸ਼ੇਖ।
ਸਭ ਕੋ ਕਰਤਾ ਏਕ ਹੈ, ਸਭ ਕੂੰ ਏਕ ਹੀ ਪੇਖ।[30]

ਅਰਥਾਤ ਸਭਨਾਂ ਮਨੁੱਖਾਂ ਨੂੰ ਚਾਹੇ ਉਹ ਕਿਸੇ ਵੀ ਜਾਤੀ ਨਾਲ ਸੰਬੰਧ ਰਖਦਾ ਹੋਵੇ, ਸਭ ਨੂੰ ਉਸ ਕਰਤਾ ਨੇ ਹੀ ਪੈਦਾ ਕੀਤਾ ਹੈ, ਸਭ ਦਾ ਕਰਤਾ ਇੱਕੋ ਹੀ ਹੈ।
ਇਸੇ ਤਰ੍ਹਾਂ ਹੀ ਇਕ ਹੋਰ ਸਥਾਨ ਤੇ ਵੀ ਆਇਆ ਹੈ:

ਮਨ ਕਾ ਸੁਭਾਉ ਸਭੁ ਕੋਈ ਕਰੈ।
ਕਰਤਾ ਹੋਇ ਸੁ ਅਨਭੈ ਰਹੈ।[31]

ਅਰਥਾਤ ਮਨ ਦੇ ਪਿੱਛੇ ਹਰ ਕੋਈ ਚਲਦਾ ਹੈ, ਅਜਿਹਾ ਪੁਰਸ਼ ਭਟਕਦਾ ਫਿਰਦਾ ਹੀ ਪਿਆ ਰਹਿੰਦਾ ਹੈ ਪਰੰਤੂ ਜਿਹੜਾ ਪ੍ਰਭੂ ਦਾ ਨਾਮ ਸਿਮਰਨ ਕਰਦਾ ਹੈ, ਉਹ ਕਰਤਾ ਦਾ ਰੂਪ ਹੋ ਨਿਬੜਦਾ ਹੈ ਅਤੇ ਉਸ ਨੂੰ ਫਿਰ ਕਿਸੇ ਦਾ ਡਰ ਜਾਂ ਖੌਫ਼ ਨਹੀਂ ਰਹਿੰਦਾ।

ਇਸੇ ਤਰ੍ਹਾਂ ਗੁਰੂ ਰਵਿਦਾਸ ਜੀ ਪਰਮਾਤਮਾ ਨੂੰ ਆਪਣਾ 'ਪਿਤ ਮਾਤਾ' ਦੇ ਰੂਪ ਵਿਚ ਸਵੀਕਾਰ ਕਰਦੇ ਹਨ ਜਿਹੜਾ ਕਿ ਕਰਤਾ ਦੇ ਸਮਾਨ ਵੀ ਹੈ:

ਸੋਈ ਮੁਕੰਦੁ ਮੁਕਤਿ ਕਾ ਦਾਤਾ।
ਸੋਈ ਮੁਕੰਦੁ ਹਮਰਾ ਪਿਤ ਮਾਤਾ।[32]

ਗੁਰੂ ਰਵਿਦਾਸ ਜੀ ਨੇ ਕਰਤਾ ਲਈ ਬਾਜੀਗਰ ਸ਼ਬਦ ਦੀ ਇਸਤੇਮਾਲ ਕੀਤਾ ਹੈ, ਜਿਸ ਨੇ ਇਹ ਸਾਰਾ ਸੰਸਾਰ ਬਣਾਇਆ ਹੈ ਅਤੇ ਆਪ ਬਾਜੀਗਰ ਵਾਂਗ ਇਸ ਦਾ ਤਮਾਸ਼ਾ ਵੇਖ ਰਿਹਾ ਹੈ:

ਕਹਿ ਰਵਿਦਾਸ ਬਾਜੀ ਜਗੁ ਭਾਈ।
ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ।[33]

ਇਥੇ ਬਾਜੀਗਰ ਸ਼ਬਦ ਕਰਤਾਪੁਰਖ ਦਾ ਸਮਾਨਾਰਥਕ ਸ਼ਬਦ ਬਣ ਕੇ ਆਇਆ ਹੈ, ਜਿਸ ਰਾਹੀਂ ਇਸ ਦੇ ਅਰਥ ਵਿਆਪਕ ਭਾਵਾਂ ਦੇ ਸੂਚਕ ਹਨ।

ਨਿਰਭਉ ਦਾ ਅਰਥ ਹੈ ਭੈ ਰਹਿਤ ਜਾਂ ਡਰ ਰਹਿਤ। ਪਰਮਾਤਮਾ ਨਿਸ਼ਚੇ ਹੀ ਨਿਰਭਉ ਹੈ, ਉਸ ਨੂੰ ਕਿਸੇ ਦਾ ਡਰ ਨਹੀਂ ਹੈ, ਕਿਉਂਕਿ ਉਸ ਦੇ ਬਰਾਬਰ ਜਾਂ ਉਸ ਤੋਂ ਉਪਰ ਕੋਈ ਨਹੀਂ ਹੈ। ਗੁਰੂ ਸਾਹਿਬ ਨੇ ਸਰਬ-ਸ਼ਕਤੀਮਾਨ ਪੁਰਖ ਨੂੰ 'ਨਿਰਭਉ' ਕਹਿੰਦੇ ਇਹ ਦ੍ਰਿੜ੍ਹ ਕਰਾਇਆ ਹੈ ਕਿ ਓਅੰਕਾਰ ਉਪਰ ਕਿਸੇ ਹੋਰ ਦਾ ਅਧਿਕਾਰ, ਕਾਬੂ ਜਾਂ ਅਥਾਰਿਟੀ ਨਹੀਂ। 'ਨਿਰਭਉ' ਕਰਤਾਰ ਦੀ ਪੂਰਨ ਸੁਤੰਤਰਤਾ ਦਾ ਸੂਚਕ ਹੈ, ਉਸ ਦੇ ਆਨੰਦ-ਸਰੂਪ ਦਾ ਪ੍ਰਤੀਕ ਹੈ।[34]

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ।[35]

ਰਵਿਦਾਸ ਬਾਣੀ ਵਿਚ ਵੀ ਨਿਰੰਕਾਰ ਨੂੰ ਨਿਰਭਉ ਦਰਸਾਇਆ ਗਿਆ ਹੈ:

ਬੇਗਮਪੁਰਾ ਸਹਰ ਕੋ ਨਾਉ।
ਦੂਖੁ ਅੰਦੋਹੁ ਨਹੀਂ ਤਿਹਿ ਠਾਉ।
ਨਾਂ ਤਸਵੀਸ ਖਿਰਾਜੁ ਨ ਮਾਲੁ।
ਖਉਫੁ ਨ ਖਤਾ ਨ ਤਰਸੁ ਜਵਾਲੁ।[36]

ਇਸ ਸ਼ਬਦ ਵਿਚ ਗੁਰੂ ਰਵਿਦਾਸ ਜੀ ਨੇ ਇਕ ਐਸੀ ਆਦਰਸ਼ ਨਗਰੀ ਦਾ ਵਰਣਨ ਪ੍ਰਸਤੁਤ ਕੀਤਾ ਹੈ ਜਿਥੇ ਕੋਈ ਦੁੱਖ, ਚਿੰਤਾ ਨਹੀਂ ਵਿਆਪਦੀ। ਉਸ ਥਾਂ ਨਾ ਕੋਈ ਸੋਗ, ਨਾ ਟੈਕਸ, ਨਾ ਭੁੱਲ ਦਾ ਡਰ, ਨਾ ਹੇਠਾਂ ਡਿੱਗਣ ਦਾ ਖ਼ਤਰਾ ਹੈ। ਅਜਿਹੀ ਥਾਂ ਡਰ ਰਹਿਤ ਜਾਂ ਭੈ ਰਹਿਤ ਹੈ। ਅਜਿਹੀ ਨਗਰੀ ਵਿਚ ਨਿਰੰਕਾਰ ਦਾ ਵਾਸਾ ਹੈ, ਜੋ ਆਪ ਵੀ ਭੈ ਰਹਿਤ ਹੈ।

ਇਸੇ ਤਰ੍ਹਾਂ ਜੀਵਾਂ ਨੂੰ ਭੈਅ ਕਰਨ ਵਾਲਾ ਗੋਬਿੰਦ ਕਿਸੇ ਤੋਂ ਨਹੀਂ ਡਰਦਾ ਜਾਂ ਉਸ ਨੂੰ ਕਿਸੇ ਦਾ ਡਰ ਭਉ ਨਹੀਂ ਹੁੰਦਾ। ਉਹ ਨਿਰਭਉ ਹੈ:

ਐਸੀ ਲਾਲ ਤੁਝ ਬਿਨ ਕਉਨ ਕਰੈ।
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ।
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ।
ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ।[37]

ਇਹ ਪ੍ਰਕਰਣ ਉਸ ਸਮੇਂ ਨਾਲ ਸੰਬੰਧਤ ਹੈ ਜਦੋਂ ਕਾਸ਼ੀ ਦੇ ਪੰਡਿਤਾਂ ਨਾਲ ਮੁਕਾਬਲੇ ਵਿਚ, ਪੰਡਿਤਾਂ ਦੇ ਯਤਨਾਂ ਨਾਲ ਪ੍ਰਭੂ ਮੂਰਤੀ ਬਿਲਕੁਲ ਵੀ ਨਾ ਹਿਲੀ ਪਰੰਤੂ ਰਵਿਦਾਸ ਜੀ ਦੁਆਰਾ ਕੀਤੀ ਗਈ ਪਰਮਾਤਮਾ ਅੱਗੇ ਅਰਦਾਸ ਨਾਲ ਮੂਰਤੀ ਉਨ੍ਹਾਂ ਦੀ ਗੋਦ ਵਿਚ ਆ ਗਈ ਅਰਥਾਤ ਪ੍ਰਭੂ ਮੂਰਤੀ ਵੀ ਸੱਚੇ ਪ੍ਰੇਮ ਅੱਗੇ ਝੁਕਦੀ ਹੈ।

ਗੁਰੂ ਰਵਿਦਾਸ ਜੀ ਉਪਰੋਕਤ ਸ਼ਬਦ ਵਿਚ ਕਹਿੰਦੇ ਹਨ ਕਿ ਅਜਿਹਾ ਤੇਰੇ ਬਿਨਾਂ ਹੋਰ ਕੌਣ ਕਰ ਸਕਦਾ ਹੈ। ਮੇਰਾ ਪ੍ਰਭੂ ਗਰੀਬਾਂ ਉੱਤੇ ਮਿਹਰ ਕਰਨ ਵਾਲਾ ਹੈ ਅਤੇ ਉਸੇ ਨੇ ਹੀ ਮੇਰੇ ਸਿਰ ਉੱਤੇ ਜਿੱਤ ਦਾ ਛੱਤਰ ਰਖਿਆ ਹੈ। ਜਿਸ ਨੂੰ ਸਾਰਾ ਸੰਸਾਰ ਅਛੂਤ ਸਮਝਦਾ ਹੈ, ਈਸ਼ਵਰ ਤੂੰ ਹੀ ਉਸ ਉੱਤੇ ਮਿਹਰਬਾਨ ਹੋ ਸਕਦਾ ਹੈ। ਮੇਰਾ ਪ੍ਰਭੂ ਨੀਚ ਨੂੰ ਉੱਚਾ ਕਰ ਸਕਣ ਦੀ ਸਮਰੱਥਾ ਰੱਖਦਾ ਹੈ ਅਤੇ ਉਹ ਨਿਰਭਉ ਹੈ, ਉਸ ਨੂੰ ਕਿਸੇ ਦਾ ਡਰ ਨਹੀਂ ਹੈ।

ਨਿਰਵੈਰ ਦਾ ਅਰਥ ਵੈਰ-ਰਹਿਤ ਹੈ ਜਿਸ ਨੂੰ ਕਿਸੇ ਨਾਲ ਵੈਰ-ਭਾਵਨਾ ਨਾ ਹੋਵੇ। ਇਹ ਪ੍ਰਕਾਰ ਪਾਰਬ੍ਰਹਮ ਲਈ ਪੂਰਨ ਤੌਰ ਤੇ ਢੁੱਕਵਾਂ ਹੈ। ਪਾਰਬ੍ਰਹਮ ਜਿਸ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਉਸ ਨੂੰ ਕਿਸੇ ਨਾਲ ਵੈਰ ਕਿਸ ਤਰ੍ਹਾਂ ਹੋ ਸਕਦਾ ਹੈ। ਉਹ ਪਾਰਬ੍ਰਹਮ ਪੂਰੀ ਤਰ੍ਹਾਂ ਨਿਰਵੈਰ ਹੈ। ਨਿਰਵੈਰ ਤੋਂ ਭਾਵ ਨਿਰਵਿਰੋਧ ਹੈ, ਲਾਸਾਨੀ ਹਸਤੀ ਹੈ।[38]

ਨਿਰਭਉ ਨਿਰੰਕਾਰ ਨਿਰਵੈਰ ਪੂਰਨ ਜੋਤਿ ਸਮਾਈ।[39]

ਰਵਿਦਾਸ ਅਨੁਸਾਰ:

ਸਭ ਮਹਿ ਏਕੁ ਰਾਮੁ ਜੋਤਿ, ਸਗਲ ਏਕਉ ਸਿਰਜਨਹਾਰ।
ਰਵਿਦਾਸ ਰਾਮ ਰਮਹਿ ਸਭਨ ਮਹਿ, ਬਾਹਮਨ ਹੁਇ ਕ ਚਮਾਰ।[40]

ਗੁਰੂ ਰਵਿਦਾਸ ਜੀ ਨੇ ਸਪਸ਼ਟ ਕੀਤਾ ਹੈ ਕਿ ਸਾਰਿਆਂ ਮਨੁੱਖਾਂ ਵਿਚ ਹੀ ਇੱਕੋ ਉਸ ਰਾਮ ਦੀ ਜੋਤ ਜਗ ਰਹੀ ਹੈ, ਕਿਉਂਕਿ ਸਭ ਦਾ ਉਹੀ ਸਿਰਜਨਹਾਰ ਹੈ। ਇਸ ਲਈ ਉਹ ਰਾਮ ਸਭਨਾਂ ਵਿਚ ਹੀ ਰਮ ਰਿਹਾ ਹੈ, ਚਾਹੇ ਉਹ ਬ੍ਰਾਹਮਨ ਜਾਤੀ ਦਾ ਹੋਵੇ, ਚਾਹੇ ਚਮਾਰ ਜਾਤੀ ਦਾ ਹੋਵੇ, ਅਰਥਾਤ ਪਰਮਾਤਮਾ ਦੀਆਂ ਨਜ਼ਰਾਂ ਵਿਚ ਸਭ ਬਰਾਬਰ ਹਨ, ਕੋਈ ਊਚ-ਨੀਚ ਦਾ ਭੇਦ ਨਹੀਂ ਹੈ। ਜਿਹੜਾ ਵੀ ਪ੍ਰਾਣੀ ਉਸ ਨੂੰ ਪ੍ਰੇਮ ਕਰਦਾ ਹੈ ਉਹ ਉਸ ਦਾ ਹੀ ਹੋ ਜਾਂਦਾ ਹੈ।

ਅਕਾਲ ਮੂਰਤਿ ਤੋਂ ਭਾਵ ਉਹ ਮੂਰਤਿ ਜਿਹੜੀ ਕਾਲ ਤੋਂ ਰਹਿਤ ਹੈ। ਜਿਸ ਉੱਤੇ ਸਮੇਂ, ਸਥਾਨ ਦੀਆਂ ਬੰਦਸ਼ਾਂ ਨਹੀਂ ਹਨ। ਜਿਸ ਦਾ ਕੋਈ ਆਦਿ ਜਾਂ ਅੰਤ ਵੀ ਨਹੀਂ ਹੈ। "ਗੁਰੂ ਨਾਨਕ ਦਾ ਓਅੰਕਾਰ ਕਾਲ ਵਿਚ ਵਿਆਪਕ ਹੈ ਤੇ ਸਦੀਵੀ ਸਤਿ ਦੇ ਰੂਪ ਵਿਚ ਅਕਾਲ ਹੈ। ਕਾਲ-ਰਹਿਤ ਹਸਤੀ ਹੁੰਦਿਆਂ ਵੀ ਉਸ ਦਾ ਕੋਈ ਚਿੰਨ੍ਹ ਚਿਤਰਿਆ ਜਾ ਸਕਦਾ ਹੈ, ਉਸ ਦੀ ਕੋਈ ਮੂਰਤ ਕਲਪੀ ਜਾ ਸਕਦੀ ਹੈ।[41] ਗੁਰੂ ਰਵਿਦਾਸ ਜੀ ਅਨੁਸਾਰ:

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰ।
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ।[42]

ਗੁਰੂ ਰਵਿਦਾਸ ਜੀ ਅਨੁਸਾਰ ਇਹ ਸੰਸਾਰ ਤਾਂ ਕੁਸੁੰਭ ਦੇ ਰੰਗ ਵਰਗਾ ਹੈ ਅਰਥਾਤ ਕੱਚਾ ਹੈ, ਅਸਥਿਰ ਹੈ। ਇਕ ਨਾ ਇਕ ਦਿਨ ਹਰੇਕ ਵਸਤੂ ਦਾ ਅੰਤ ਹੋਣਾ ਹੀ ਹੈ ਪਰੰਤੂ ਮੇਰੇ ਰਮਈਏ ਦਾ ਰੰਗ ਮਜੀਠ ਵਰਗਾ ਪੱਕਾ ਅਰਥਾਤ ਸਥਿਰ ਹੈ, ਸਦਾ-ਸਦਾ ਰਹਿਣ ਵਾਲਾ ਹੈ, ਕਾਲ ਅਤੇ ਸਥਾਨ ਦੀਆਂ ਕੈਦਿਆਂ ਤੋਂ ਪਰ੍ਹੇ ਹੈ।

ਇਸੇ ਭਾਵ ਨੂੰ ਪ੍ਰਗਟਾਉਂਦੀ ਹੋਈ ਇਕ ਉਦਾਹਰਣ ਨਿਮਨ ਅਨੁਸਾਰ ਹੈ:

ਕਾਇਮੁ ਦਾਇਮੁ ਸਦਾ ਪਾਤਿਸਾਹੀ।
ਦੋਮ ਨ ਸੇਮ ਏਕ ਸੋ ਆਹੀ।[43]

ਇਸ ਸ਼ਬਦ ਵਿਚ ਗੁਰੂ ਰਵਿਦਾਸ ਜੀ ਨੇ ਇਕ ਆਦਰਸ਼ ਨਗਰੀ ਦੀ ਕਲਪਨਾ ਕੀਤੀ ਹੈ ਜਿਸ ਦੀ ਹਕੂਮਤ ਸਦਾ ਕਾਇਮ ਰਹਿਣ ਵਾਲੀ ਹੈ, ਸਦਾ ਸਥਿਰ ਰਹਿੰਦੀ ਹੈ।

'ਅਜੂਨੀ' ਦਾ ਭਾਵ, ਜੂਨ-ਰਹਿਤ ਹੈ। ਗੁਰੂ ਨਾਨਕ ਨੇ ਕਰਤਾਪੁਰਖ ਨੂੰ ਅਜੂਨੀ ਕਿਹਾ ਹੈ। ਬ੍ਰਹਮ ਓਅੰਕਾਰ ਦਾ ਰੂਪ ਧਾਰਦਾ ਹੈ, ਭਾਂਤ-ਭਾਂਤ ਦੀਆਂ ਜਾਤੀਆਂ ਵਿਚ ਵਿਅਕਤ ਹੁੰਦਾ ਹੈ, ਪਰ ਉਸ ਨੂੰ ਕਿਸੇ ਮਾਤਾ ਦੇ ਗਰਭ ਵਿਚ ਪੈਣ ਦੀ ਜਨਮ ਜਾਂ ਅਵਤਾਰ ਧਾਰਨ ਦੀ ਜ਼ਰੂਰਤ ਨਹੀਂ। ਨਾ ਹੀ ਉਸ ਨੂੰ ਕਿਸੇ ਵਿਸ਼ੇਸ਼ ਜੀਵ-ਜਾਤੀ ਦੇ ਰੂਪ ਵਿਚ ਪ੍ਰਗਟ ਹੋਣ ਦੀ ਆਵੱਸ਼ਕਤਾ ਹੈ।[44] ਭਗਤ ਕਬੀਰ ਅਨੁਸਾਰ:

ਸੰਕਟਿ ਨਹੀਂ ਪਰੈ ਜੋਨਿ ਨਹੀਂ ਆਵੈ ਨਾਮੁ ਨਿਰੰਜਨ ਜਾ ਕੋ ਰੇ।[45]

ਜਿਹੜਾ ਕਿਸੇ ਮਾਯਾਵੀ ਸੰਕਟ ਵਿਚ ਨਹੀਂ ਫਸਦਾ, ਕਿਸੇ ਜੂਨੀ ਵਿਚ ਨਹੀਂ ਪੈਂਦਾ, ਉਸੇ ਦਾ ਨਾਂ ਨਿਰੰਜਨ ਅਰਥਾਤ ਪਰਮਾਤਮਾ ਹੈ।

ਗੁਰੂ ਰਵਿਦਾਸ ਜੀ ਅਜੂਨੀ ਲਈ ਭਵਖੰਡਨਾ ਸ਼ਬਦ ਦੀ ਵਰਤੋਂ ਕਰਦੇ ਹਨ:

ਤੂੰ ਜਾਨਤ ਮੈਂ ਕਿਛੁ ਨਹੀ ਭਵਖੰਡਨ ਰਾਮ।
ਸਗਲ ਜੀਅ ਸਰਨਾਗਤ ਪ੍ਰਭੂ ਪੂਰਨ ਕਾਮ।[46]

ਉਹ ਪਰਮਾਤਮਾ ਕਿਉਂਕਿ ਅਜੂਨੀ ਹੈ, ਇਸ ਲਈ ਕੇਵਲ ਉਸ ਦੀ ਹਸਤੀ ਹੀ ਸਦਾ ਕਾਇਮ ਰਹਿਣ ਵਾਲੀ ਹੈ। ਹੋਰ ਸਭੇ ਹੀ ਪ੍ਰਾਣੀ ਜੂਨਾਂ ਦੇ ਗੇੜ ਵਿਚ ਭਟਕਦੇ ਹਨ, ਸੰਕਟਾਂ ਵਿਚ ਫਸਦੇ ਹਨ। ਇਨ੍ਹਾਂ ਜੂਨਾਂ ਦੇ ਸੰਕਟਾਂ ਤੇ ਤਬਾਹੀਆਂ ਤੋਂ ਬਚਣ ਲਈ ਉਹ ਅਜੂਨੀ ਭਵਖੰਡਨ ਦੀ ਸ਼ਰਣ 'ਚ ਜਾਂਦੇ ਹਨ। ਜਿਹੜੇ ਉਸ ਦੀ ਸ਼ਰਣ ਵਿਚ ਜਾਂਦੇ ਹਨ ਉਨ੍ਹਾਂ ਨੂੰ ਉਸ ਦੇ ਪੂਰਨ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ, ਜਿਸ ਕਰਕੇ ਉਨ੍ਹਾਂ ਦਾ ਜੂਨਾਂ ਵਿਚ ਭਟਕਣ ਦਾ ਗੇੜ ਖ਼ਤਮ ਹੋ ਜਾਂਦਾ ਹੈ।

## ਨਿਰਗੁਣਧਾਰਾ ਅਤੇ ਰਵਿਦਾਸ ਬਾਣੀ

ਨਿਰਗੁਣਧਾਰਾ ਭਗਤੀ ਸਾਹਿਤ ਦੀ ਪ੍ਰਮੁੱਖ ਧਾਰਾ ਹੈ। ਹਿੰਦੀ ਭਗਤੀ ਸਾਹਿਤ ਵਿਚ ਸਗੁਣ ਅਤੇ ਨਿਰਗੁਣਧਾਰਾ ਬਾਰੇ ਖਾਸਾ ਵਾਦ-ਵਿਵਾਦ ਪਾਇਆ ਜਾਂਦਾ ਹੈ। ਇਸ ਬਾਰੇ ਬਹੁਤੇ ਵਿਦਵਾਨ[47] ਇਸ ਵਿਚਾਰ ਨਾਲ ਸਹਿਮਤੀ ਪ੍ਰਗਟ ਕਰਦੇ ਹਨ ਕਿ "ਹਿੰਦੀ ਭਗਤੀ ਸਾਹਿਤ ਵਿਚ ਦੋ ਪ੍ਰਧਾਨ ਧਾਰਮਿਕ ਚਿੰਤਨ-ਧਾਰਾਵਾਂ ਪਾਈਆਂ ਜਾਂਦੀਆਂ ਹਨ — ਪਹਿਲੀ ਧਾਰਾ ਭਗਵਾਨ ਦੇ ਨਿਰਗੁਣ ਰੂਪ ਦੀ, ਦੂਸਰੀ ਉਸ ਦੇ ਸਗੁਣ ਸਾਕਾਰ ਲੀਲਾਵਤਾਰਾਂ ਦੀ। ਹਿੰਦੀ ਦਾ ਨਿਰਗੁਣ ਭਗਤੀ ਸਾਹਿਤ ਦੋ ਉਪਧਾਰਾਵਾਂ ਵਿਚ ਵਿਭਾਜਿਤ ਕੀਤਾ ਗਿਆ ਹੈ — ਗਿਆਨ ਮਾਰਗੀ ਸੰਤਾਂ ਦਾ ਸਾਹਿਤ ਅਤੇ ਪ੍ਰੇਮ ਮਾਰਗੀ ਸੂਫੀਆਂ ਦਾ ਸਾਹਿਤ। ਗਿਆਨ ਮਾਰਗੀ ਸਾਹਿਤ ਦੇ ਪ੍ਰਤਿਨਿਧ ਕਬੀਰਦਾਸ ਹਨ ਅਤੇ ਪ੍ਰੇਮਮਾਰਗੀ ਸਾਹਿਤ ਦੇ ਮਾਲਿਕ ਮੁਹੰਮਦ ਜਾਇਸੀ।"

ਨਿਰਗੁਣਧਾਰਾ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ, ਜਿਨ੍ਹਾਂ ਨੂੰ ਸੰਖੇਪ ਵਿਚ ਪ੍ਰਸਤੁਤ ਕਰਾਂਗੇ।

ਨਿਰਗੁਣਧਾਰਾ ਬਾਰੇ ਆਚਾਰੀਆ ਹਜ਼ਾਰੀ ਪ੍ਰਸਾਦ ਦ੍ਵਿਵੇਦੀ ਲਿਖਦੇ ਹਨ, "ਨਿਰਗੁਣ ਤੋਂ ਉਹ ਕੇਵਲ ਇਕ ਨਿਸ਼ੇਧਾਤਮਕ ਭਾਵ ਗ੍ਰਹਿਣ ਕਰਦੇ ਹਨ, ਇਹ ਗੱਲ ਨਹੀਂ ਹੈ। ਅਸਲ ਵਿਚ ਉਹ ਭਗਵਾਨ ਦੇ ਸਤ, ਰਜ ਅਤੇ ਤਮੋ ਗੁਣ ਨਾਲ ਅਤੀਤ ਮੰਨਦੇ ਹਨ ਅਤੇ ਇਸ ਗੁਣਾਤੀਤ ਰੂਪ ਨੂੰ ਨਿਰਗੁਣ ਸ਼ਬਦ ਨਾਲ ਪ੍ਰਗਟ ਕਰਦੇ ਹਨ।"[48] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਨਿਰਗੁਣ ਦਾ ਪ੍ਰਯੁਕਤ ਅਰਥ ਮਾਇਆ ਦੇ ਸਤੋ, ਰਜੋ ਅਤੇ ਤਮੋ ਗੁਣ ਤੋਂ ਰਹਿਤ ਜਾਂ ਸ਼ੁੱਧ ਬ੍ਰਹਮ ਹੈ।"[49] ਡਾ. ਧਰਮਪਾਲ ਮੈਨੀ ਵੀ ਇਸੇ ਗੱਲ ਨੂੰ ਸਵੀਕਾਰਦੇ ਹੋਏ ਕਹਿੰਦੇ ਹਨ, "ਸਤ, ਰਜ ਤੇ ਤਮ ਗੁਣਾਂ ਤੋਂ ਪਰ੍ਹੇ ਹੋਣ ਕਰਕੇ ਇਹਨੂੰ ਨਿਰਗੁਣ ਕਿਹਾ ਹੈ।"[50] ਨਿਰਗੁਣ ਤੋਂ ਆਮ ਅਰਥ ਇਹ ਵੀ ਲਿਆ ਜਾਂਦਾ ਹੈ ਕਿ ਕਿਸੇ ਵੀ ਤਰ੍ਹਾਂ ਦੇ ਗੁਣ ਤੋਂ ਰਹਿਤ, ਨਿਰਗੁਣ ਹੈ, ਪਰੰਤੂ ਡਾ. ਜੀਤ ਸਿੰਘ ਸੀਤਲ ਅਨੁਸਾਰ, "ਨਿਰਗੁਣ ਦਾ ਭਾਵ ਇਹ ਨਹੀਂ ਕਿ ਉਸ ਬ੍ਰਹਮ ਵਿਚ ਕੋਈ ਗੁਣ ਨਹੀਂ, ਸਗੋਂ ਇਸ ਦੇ ਅਰਥ ਹਨ ਕਿ ਉਹ ਕਿਸੇ ਇਕ ਗੁਣ ਵਿਚ ਕੈਦ ਜਾਂ ਸੀਮਿਤ ਨਹੀਂ। ਇਹ ਸਾਰੇ ਗੁਣ ਉਸ ਦੇ ਹੀ ਤਾਂ ਹਨ।"[51] ਸੰਤ ਕਾਵਿ ਵਿਚ 'ਨਿਰਗੁਣ' ਸ਼ਬਦ ਗੁਣਾਗੁਣ ਵਿਲੱਖਣ ਪਰਮਤੱਤ ਰੂਪੀ ਔਫਿਕ ਬ੍ਰਹਮ, ਯੌਗਿਕ ਸਾਧਨਾ ਅਤੇ ਵੇਦਾਂਤਿਕ ਵਿਚਾਰਧਾਰਾ ਦੇ ਪਾਰਿਭਾਸ਼ਿਕ ਅਰਥ ਵਿਚ ਰੂੜ੍ਹ ਹੋ ਗਿਆ ਸੀ। ਸੰਤਾਂ ਨੇ ਇਸੇ ਪਰਿਭਾਸ਼ਿਕ ਅਰਥ ਵਿਚ ਇਸ ਦਾ ਪ੍ਰਯੋਗ ਕੀਤਾ ਹੈ।[52]

ਉਪਰੋਕਤ ਪਰਿਭਾਸ਼ਾਵਾਂ ਤੋਂ ਨਿਰਗੁਣ ਸ਼ਬਦ ਦਾ ਅਰਥ ਕਾਫ਼ੀ ਹੱਦ ਤਕ ਸਪਸ਼ਟ ਹੋ ਜਾਂਦਾ ਹੈ। ਗੁਰਬਾਣੀ ਵਿਚਲੇ ਬ੍ਰਹਮ ਦੇ ਸਰੂਪ ਨੂੰ ਨਿਰਗੁਣ ਮੰਨਿਆ ਗਿਆ ਹੈ। ਗੁਰਬਾਣੀ ਅਨੁਸਾਰ ਬ੍ਰਹਮ ਦਾ ਵਾਸਤਵਿਕ ਰੂਪ ਨਿਰਗੁਣ-ਨਿਰਵਿਸ਼ੇਸ਼-ਨਿਰਵਿਕਾਰ ਹੈ। ਸਗੁਣਤਾ ਇਸ

ਦਾ ਰੂਪ ਨਹੀਂ ਸਗੋਂ ਲੱਛਣ ਹੈ। ਇਸ ਦੇ ਨਿਰਗੁਣ-ਸਰੂਪ ਵਿਚ ਜੀਵਾਂ ਦੇ ਰਾਗਦ੍ਵੇਸ਼ ਆਦਿ ਔਗੁਣਾਂ ਦੀ ਅਣਹੋਂਦ ਹੀ ਨਹੀਂ, ਸਗੋਂ ਇਸ ਸਰੂਪ ਬਿਲਕੁਲ ਤ੍ਰੈਗੁਣਾਤੀਤ ਹੈ। ਗੁਰਬਾਣੀ ਵਿਚ ਇਸ ਰੂਪ ਉੱਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਬ੍ਰਹਮ ਦੇ ਨਾਮ, ਗੁਰੂ ਆਦਿ ਹੋਰ ਸੰਕਲਪਾਂ ਨੂੰ ਨਿਰਗੁਣਤਾ ਤਕ ਉਚਿਆਣ ਤੋਂ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ।[53] ਬ੍ਰਹਮ ਆਪ ਨਿਰਗੁਣ ਹੈ, ਇਸ ਲਈ ਆਪਣੀ ਸ਼ਕਤੀ ਦੁਆਰਾ ਜਦ ਉਸ ਨੇ ਇਸ ਸੰਸਾਰ ਦੀ ਰਚਨਾ ਕੀਤੀ ਤਾਂ ਉਸ ਤੋਂ ਹੀ ਅਨੰਤ ਗੁਣ ਵਿਅਕਤ ਹੋ ਗਏ।[54]

ਭਗਤ ਕਵੀਆਂ ਦੇ ਯੁਗ ਵਿਚ ਪ੍ਰਭੂ ਦੇ ਸਰਗੁਣ ਅਤੇ ਨਿਰਗੁਣ ਸਰੂਪ ਨੂੰ ਲੈ ਕੇ ਕਈ ਵਾਰ ਵਾਦ-ਵਿਵਾਦ ਆਰੰਭ ਹੋ ਜਾਂਦਾ ਸੀ। ਇਸ ਲਈ ਭਗਤਾਂ ਨੇ ਪ੍ਰਭੂ ਦੇ ਸਗੁਣ ਤੇ ਨਿਰਗੁਣ ਸਰੂਪ ਨੂੰ ਇੱਕੋ ਹੀ ਜੋਤਿ ਕਹਿ ਕੇ ਵਿਵਾਦ ਦਾ ਖ਼ਾਤਮਾ ਕਰ ਦਿੱਤਾ ਸੀ। ਨਿਰਗੁਣ ਅਤੇ ਸਰਗੁਣ ਦੀ ਸਾਂਝ ਦੇ ਕੁਝ ਹੋਰ ਹਵਾਲੇ ਵੀ ਅਨੁਚਿਤ ਨਹੀਂ ਹੋਣਗੇ।

"ਨਿਰਗੁਣ ਨਿਰੋਲ ਹਸਤੀ 'ਤੱਤ' ਰੂਪ ਵਿਚ ਹੈ, ਪਰ ਜਦੋਂ ਇਹ ਵਿਆਪਕ ਅਤੇ ਸਰਗੁਣ ਹੋਂਦ ਵਿਚ ਪ੍ਰਗਟ ਹੁੰਦੀ ਹੈ ਤਾਂ ਇਸ ਦੇ ਨਾਮ ਅਤੇ ਰੂਪ ਮਿਥੇ ਜਾਂਦੇ ਹਨ।[55] ਨਿਰਗੁਣ ਭਗਤੀ ਸਾਧਨਾ ਬਾਰੇ ਡਾ. ਪ੍ਰੇਮਪ੍ਰਕਾਸ਼ ਸਿੰਘ ਲਿਖਦੇ ਹਨ, "ਇਸ ਨਾਮਕਰਨ ਵਿਚ ਦੋ ਸ਼ਬਦ 'ਨਿਰਗੁਣ' ਅਤੇ 'ਭਗਤੀ' ਖ਼ਾਸ ਮਹੱਤਾ ਦੇ ਧਾਰਨੀ ਹਨ। ਇਨ੍ਹਾਂ ਦੋਹਾਂ ਦੇ ਸੰਜੋਗ ਤੋਂ ਹੀ ਇਹ ਸਮਾਸ (ਮੁਰੱਕਬ) ਰਚਿਆ ਗਿਆ ਹੈ। ਇਸ ਦੀ ਵਿਆਖਿਆ ਦੋ ਪੱਖਾਂ ਤੋਂ ਹੋ ਸਕਦੀ ਹੈ, ਇਕ ਹੈ ਉਦੇਸ਼ ਦੇ ਪੱਖ ਤੋਂ ਅਤੇ ਦੂਜੀ ਹੈ ਸਾਧਨ (ਵਿਧੇਯ) ਦੇ ਪੱਖ ਤੋਂ। ਉਦੇਸ਼ ਦੇ ਪੱਖ ਤੋਂ ਨਿਰਗੁਣ ਭਗਤੀ ਦਾ ਅਰਥ ਹੈ ਉਹ ਭਗਤੀ ਜੋ ਉਸ ਪਰਮ ਹਸਤੀ ਲਈ ਕੀਤੀ ਜਾਂਦੀ ਹੈ ਜੋ ਅਰੂਪ ਹੈ, ਨਿਰਾਕਾਰ ਹੈ ਜਿਸ ਨੂੰ ਸਿਧਾਂਤਿਕ ਸ਼ਬਦਾਵਲੀ ਵਿਚ ਨਿਰਗੁਣ ਕਿਹਾ ਗਿਆ ਹੈ; ਦੂਜੇ ਸ਼ਬਦਾਂ ਵਿਚ ਨਿਰਗੁਣ ਬ੍ਰਹਮ ਦੀ ਭਗਤੀ। ਸਾਧਨ ਦੇ ਪੱਖ ਤੋਂ ਇਸ ਦਾ ਅਰਥ ਹੈ ਉਹ

ਭਗਤੀ ਜਿਹੜੀ ਨਿਰਗੁਣ ਸਾਧਕਾਂ ਨੂੰ ਪ੍ਰਵਾਨ ਹੈ, ਜਿਹੜੀ ਭਗਤੀ ਸੰਪ੍ਰਦਾਇ ਦੀ ਵੈਧੀ ਭਗਤੀ ਤੋਂ ਉਲਟ 'ਰਾਗਾਤਮਕਾ' ਭਗਤੀ ਨਾਲ ਮਿਲਦੀ ਹੈ। 'ਰਾਗਾਤਮਕਾ' ਦਾ ਅਰਥ ਹੈ ਰਾਗ ਅਰਥਾਤ ਸ਼ਰਧਾ, ਅਨੁਰਾਗ, ਰੱਜੀ ਪ੍ਰੀਤ ਦੇ ਆਸਰੇ ਨਾਲ ਚਲਣ ਵਾਲੀ ਭਗਤੀ, ਜੋ ਵਿਧਾਨ ਤੋਂ ਉਲਟ ਹੈ। ਪਰ ਰਾਗਾਤਮਕਾ ਤੇ ਨਿਰਗੁਣ ਵਿਚ ਥੋੜ੍ਹਾ ਜਿਹਾ ਫ਼ਰਕ ਹੈ। ਰਾਗਾਤਮਕਾ ਦਾ ਸੰਬੰਧ ਆਮ ਤੌਰ ਤੇ ਸਗੁਣ ਪ੍ਰਭੂ ਨਾਲ ਹੈ, ਪਰੰਤੂ ਨਿਰਗੁਣ ਦਾ ਸੰਬੰਧ ਨਿਰਗੁਣ ਪ੍ਰਭੂ ਨਾਲ ਹੈ ਪਰ ਦੋਹਾਂ ਦੀ ਤਾਸੀਰ ਤੇ ਸੁਭਾ ਇੱਕੋ ਜਿਹਾ ਹੈ।"[56]

ਜੇ ਵੇਖਿਆ ਜਾਵੇ ਤਾਂ ਸੰਤ ਕਾਵਿ ਸਾਰੀਆਂ ਧਾਰਾਵਾਂ ਦਾ ਸੰਗਮ ਹੈ। ਨਿਰਗੁਣੀਏ ਕਵੀਆਂ ਨੇ ਵੇਦਾਂਤ ਮੱਤ ਨੂੰ ਵੀ ਅਪਣਾਇਆ ਹੈ, ਹੱਠ ਯੋਗ ਦੀ ਵੀ ਚਰਚਾ ਕੀਤੀ ਹੈ, ਇਸਲਾਮ ਧਰਮ ਦੀ ਵੀ ਚਰਚਾ ਕੀਤੀ ਹੈ ਅਤੇ ਸੂਫ਼ੀਆਂ ਦਾ ਵੀ ਪ੍ਰਭਾਵ ਕਬੂਲ ਕੀਤਾ ਹੈ। ਡਾ. ਸਾਵਿਤ੍ਰੀ ਸ਼ੁਕਲ[57] ਹਿੰਦੀ ਦੇ ਨਿਰਗੁਣ ਕਵੀਆਂ ਦੀ ਵਿਚਾਰਧਾਰਾ ਉਪਨਿਸ਼ਦਾਂ ਅਤੇ ਗੀਤਾ ਤੋਂ ਪ੍ਰਭਾਵਿਤ ਹੋਈ ਮੰਨਦੇ ਹਨ। ਆਪ ਅਨੁਸਾਰ ਨਿਰਗੁਣ ਕਵੀ ਗੁਣਾਤੀਤ, ਸਤ, ਰਜ, ਤਾਮਸੀ ਪ੍ਰਵਿਰਤੀ ਤੋਂ ਦੂਰ, ਨਿਰਾਕਾਰ ਅਤੇ ਸਰਬਵਿਆਪੀ ਬ੍ਰਹਮ ਦੇ ਉਪਾਸ਼ਕ ਹਨ। ਸੰਤਾਂ ਦਾ ਬ੍ਰਹਮ ਨਿਰਾਕਾਰ ਹੁੰਦੇ ਹੋਏ ਵੀ ਸੰਸਾਰ ਦੇ ਕਣ-ਕਣ ਵਿਚ ਵਿਆਪਤ ਅਤੇ ਵਿਦਮਾਨ ਹੈ।

ਅਸਲ ਵਿਚ ਸੰਤ ਕਾਵਿਧਾਰਾ ਦੀ ਇਕ ਵੱਡੀ ਵਿਸ਼ੇਸ਼ਤਾ ਇਹੋ ਹੀ ਸੀ ਕਿ ਉਸ ਨੇ ਬਿਨਾਂ ਕਿਸੇ ਭੇਦ-ਭਾਵ ਦੇ ਪ੍ਰਭੂ-ਭਗਤੀ ਨਾਲ ਸੰਬੰਧਤ ਸਾਰੇ ਹਰ ਧਰਮ ਅਤੇ ਹਰ ਕੌਮ ਦੇ ਵਿਚਾਰ ਲਿਖੇ ਹਨ ਤੇ ਇਕ ਸਾਂਝੇ ਵਿਚਾਰ ਦਾ ਆਧਾਰ ਕਾਇਮ ਕੀਤਾ ਜਿਸ ਨੂੰ ਹਰ ਕੋਈ ਅਪਨਾ ਸਕਦਾ ਅਤੇ ਆਪਣਾ ਸਮਝ ਤੇ ਗੌਰਵ ਕਰ ਸਕਦਾ ਸੀ। ਡਾ. ਸ਼ਿਵ ਕੁਮਾਰ ਵਰਮਾ[58] ਭਗਤੀ ਕਾਵਿ ਦੇ ਇਕ ਹੋਰ ਪਹਿਲੂ ਵੱਲ ਸੰਕੇਤ ਕਰਦੇ ਹੋਏ ਲਿਖਦੇ ਹਨ ਕਿ

ਭਗਤੀ ਕਾਵਿ ਜਿੱਥੇ ਉੱਤਮ ਧਰਮ ਦੀ ਵਿਆਖਿਆ ਕਰਦਾ ਹੈ, ਉਥੇ ਉਸ ਵਿਚ ਉਚ ਕੋਟੀ ਦੇ ਕਾਵਿ ਦੇ ਵੀ ਦਰਸ਼ਨ ਹੁੰਦੇ ਹਨ। ਉਸ ਦੀ ਆਤਮਾ ਭਗਤੀ ਹੈ, ਉਸ ਦਾ ਜੀਵਨ ਸ੍ਰੋਤ ਰਸ ਹੈ, ਉਸ ਦਾ ਸਰੀਰ ਮਾਨਵੀ ਹੈ। ਰਸ ਦੀ ਦ੍ਰਿਸ਼ਟੀ ਤੋਂ ਵੀ ਇਹ ਕਾਵਿ ਉੱਤਮ ਹੈ। ਇਹ ਸਾਹਿਤ ਜਿੱਥੇ ਕੋਮਲ ਹਿਰਦੇ, ਮਨ ਅਤੇ ਆਤਮਾ ਦੀ ਭੁੱਖ ਨੂੰ ਤ੍ਰਿਪਤ ਕਰਦਾ ਹੈ।

ਜਿਸ ਤਰ੍ਹਾਂ ਕਿ ਅਸੀਂ ਪਹਿਲੇ ਅਧਿਆਇ ਵਿਚ ਸਪਸ਼ਟ ਕਰ ਚੁੱਕੇ ਹਾਂ ਕਿ ਪੁਰਾਣਾਂ ਵਿਚ ਸਗੁਣਧਾਰਾ ਦੀ ਪ੍ਰਮੁੱਖਤਾ ਹੈ। ਹਰੇਕ ਪੁਰਾਣ ਕਿਸੇ ਦੇਵਤਾ ਵਿਸ਼ੇਸ਼ ਦੀ ਉਸਤਤ ਵਿਚ ਲਿਖਿਆ ਗਿਆ ਹੁੰਦਾ ਹੈ। ਇਸ ਤਰ੍ਹਾਂ ਪੁਰਾਣਾਂ ਵਿਚ ਨਿਰਗੁਣ ਦੀ ਥਾਂਵੇਂ ਸਗੁਣ ਵਿਚਾਰਧਾਰਾ ਦੀ ਪ੍ਰਮੁੱਖਤਾ ਹੈ, ਇਸ ਲਈ ਪੁਰਾਣਾਂ ਨੂੰ ਨਿਰਗੁਣਧਾਰਾ ਨਾਲ ਜੋੜਨਾ, ਕੁਝ ਓਪਰਾ ਜਿਹਾ ਵਿਚਾਰ ਪ੍ਰਤੀਤ ਹੁੰਦਾ ਹੈ, ਪਰੰਤੂ ਜਿਸ ਤਰ੍ਹਾਂ ਕਿ ਅਸੀਂ ਉਪਰੋਕਤ ਅਨੁਸਾਰ ਵੀ ਸਪਸ਼ਟ ਕੀਤਾ ਹੈ ਕਿ ਸਗੁਣ ਅਤੇ ਨਿਰਗੁਣ ਦੋਵੇਂ ਪੱਖ ਇਕ ਦੂਜੇ ਵਿਚ ਅਭੇਦ ਹੁੰਦੇ ਜਾਪਦੇ ਹਨ। ਇਸੇ ਵਿਚਾਰ ਨੂੰ ਇਥੇ ਹੋਰ ਸਪਸ਼ਟ ਕਰਾਂਗੇ। Cp. ... 151-53 etc. Cmp. 243-44

ਆਚਾਰੀਆ ਹਜ਼ਾਰੀ ਪ੍ਰਸਾਦ ਦ੍ਵਿਵੇਦੀ ਅਨੁਸਾਰ ਬ੍ਰਹਮ ਆਪਣੇ ਆਪ ਵਿਚ ਤਾਂ
49 ਨਿਰਗੁਣ ਨਿਰਾਕਾਰ, ਨਿਰਵਿਸ਼ੇਸ਼ ਅਤੇ ਨਿਰੁਪਾਧਿ ਹੀ ਹੈ, ਪਰੰਤੂ ਅਵਿਦਿਆ ਜਾਂ ਗ਼ਲਤ-ਫ਼ਹਿਮੀ ਦੇ ਕਾਰਨ ਜਾਂ ਉਪਾਸਨਾ ਲਈ ਅਸੀਂ ਉਸ ਵਿਚ ਉਪਾਧੀਆਂ ਜਾਂ ਸੀਮਾਵਾਂ ਆਰੋਪ ਕਰਦੇ ਹਾਂ। ਵਾਸਤਵ ਵਿਚ ਸੋਪਾਧਿਕ ਬ੍ਰਹਮ ਭ੍ਰਮ ਮਾਤਰ ਹੈ, ਠੀਕ ਉਸੇ ਤਰ੍ਹਾਂ ਤਾਂ ਨਹੀਂ ਜਿਸ ਤਰ੍ਹਾਂ ਸਿੱਪੀ ਨੂੰ ਚਾਂਦੀ ਸਮਝਣਾ, ਸਮਝਣ ਵਾਲੇ ਦਾ ਭ੍ਰਮ ਮਾਤਰ ਹੈ, ਅਸਲ ਵਿਚ ਉਹ ਆਤਮਭ੍ਰਮ ਹੈ; ਫਿਰ ਵੀ ਗ਼ਲਤੀ ਨਾਲ ਜੇਕਰ ਕੋਈ ਸਿੱਪੀ ਨੂੰ ਚਾਂਦੀ ਸਮਝ ਲਵੇ ਤਾਂ ਵੀ ਸਿੱਪੀ, ਸਿੱਪੀ ਹੀ ਰਹੇਗੀ, ਚਾਂਦੀ ਨਹੀਂ ਬਣ ਸਕੇਗੀ। ਇਸੇ ਪ੍ਰਕਾਰ ਨਿਰਗੁਣ ਅਤੇ ਨਿਰੁਪਾਧਿ ਬ੍ਰਹਮ ਨੂੰ ਜਦ ਅਸੀਂ ਭਗਤੀ ਨਾਲ ਸਗੁਣ ਅਤੇ ਸੋਪਾਧਿ ਮੰਨ ਲੈਂਦੇ ਹਾਂ ਤਦ ਵੀ ਵਾਸਤਵ ਵਿਚ ਅਸੀਂ ਭ੍ਰਮ ਵਿਚ ਹੁੰਦੇ ਹਾਂ, ਬ੍ਰਹਮ ਤਾਂ ਨਿਰਗੁਣ ਦਾ ਨਿਰਗੁਣ ਅਤੇ ਨਿਰੁਪਾਧਿ

ਦਾ ਨਿਰੂਪਣ ਹੀ ਕਰਿਆ ਰਹਿੰਦਾ ਹੈ।[59]

ਆਚਾਰੀਆ ਤ੍ਰਿਵੇਦੀ ਜੀ ਠੀਕ ਹੀ ਲਿਖਦੇ ਹਨ ਕਿ ਪੁਰਾਣਾਂ ਦਾ ਸਗੁਣਵਾਦ ਜਿੰਨਾ ਪ੍ਰਬਲ ਹੈ, ਉਨਾਂ ਹੀ ਨਿਰਗੁਣਵਾਦ ਵੀ। ਉਹ ਵੀ ਵੇਦਾਂਤ ਦੇ ਪ੍ਰਭਾਵਾਂ ਨਾਲ ਪ੍ਰਭਾਵਿਤ ਹੈ ਅਤੇ ਵੈਸ਼ਨਵ ਪੁਰਾਣਾਂ ਵਿਚ ਉਨ੍ਹਾਂ ਦਾ ਬੜਾ ਹੀ ਭਾਵਪੂਰਤ ਵਿਵੇਚਨ ਹੈ। ਪਰੰਤੂ ਉਹ ਜਾਣਦੇ ਹਨ ਕਿ ਨਿਰਗੁਣਵਾਦ ਦੇ ਤੱਤਾਂ ਨੂੰ ਸਮਝਣਾ ਸਿਰਫ਼ ਤੱਤ ਗਿਆਨੀਆਂ ਦਾ ਹੀ ਕੰਮ ਹੈ, ਇਸ ਲਈ ਉਨ੍ਹਾਂ ਵਿਚ ਸਗੁਣਵਾਦ ਦਾ ਹੀ ਵਿਸਤਾਰ ਹੈ। ਕਿਉਂਕਿ ਉਹ ਲੋਕਮੂਲਕ ਹੈ। ਬਿਨਾਂ ਉਪਾਸਨਾ ਕੀਤੇ ਉਪਾਸਕ ਸਿੱਧੀ ਨਹੀਂ ਪਾ ਸਕਦਾ।[60]

ਤ੍ਰਿਵੇਦੀ ਜੀ ਦੀ ਇਸ ਚਰਚਾ ਦਾ ਭਾਵ ਹੈ ਕਿ ਪ੍ਰਭੂ ਪ੍ਰਾਪਤੀ ਦਾ ਮੂਲ ਮੰਤਰ ਤਾਂ ਉਪਾਸਨਾ ਹੀ ਹੈ। ਉਹ ਉਪਾਸਨਾ ਹਰੇਕ ਸਾਧਕ ਦੀ ਆਪਣੀ ਕਿਸਮ ਦੀ ਵਿਧੀ ਨਾਲ ਸੰਪੂਰਨ ਹੋ ਸਕਦੀ ਹੈ। ਪਰ ਉਸ ਤੋਂ ਬਗੈਰ ਸਿੱਧੀ ਨਹੀਂ ਹੋ ਸਕਦੀ। ਇਸ ਲਈ ਸਾਧਕ ਦਾ ਉਦੇਸ਼ ਤਾਂ ਸਿੱਧੀ ਦੀ ਪ੍ਰਾਪਤੀ ਹੈ ਨਾ ਕਿ ਉਪਾਸਨਾ ਦੀ ਵਿਧੀ ਲਈ ਫੋਕੇ ਵਾਦ-ਵਿਵਾਦ ਵਿਚ ਫਸਣਾ। ਪ੍ਰਭੂ ਦੇ ਅਨੇਕ ਨਾਮ ਹਨ ਅਤੇ ਹਰ ਵਿਅਕਤੀ ਵਿਚ ਉਸ ਦਾ ਅਸਤਿਤਵ ਹੋਣ ਕਰਕੇ ਉਸ ਦੇ ਅਨੇਕ ਹੀ ਸਰੂਪ ਹਨ। ਵੇਦ ਜਾਂ ਉਪਨਿਸ਼ਦਾਂ ਦਾ ਬ੍ਰਹਮ ਪੁਰਾਣਾਂ ਵਿਚ ਦੇਹਧਾਰੀ ਜਾਂ ਪ੍ਰਤੀਕ ਦੇ ਰੂਪ ਵਿਚ ਪ੍ਰਗਟ ਹੋਇਆ ਹੈ।

ਪੁਰਾਣਾਂ ਵਿਚ ਬ੍ਰਹਮ ਦੇਹਧਾਰੀ ਜਾਂ ਪ੍ਰਤੀਕ ਦੇ ਰੂਪ ਵਿਚ ਪ੍ਰਗਟ ਹੋਣ ਨੂੰ ਡਾ. ਓਮ ਪ੍ਰਕਾਸ਼ ਆਨੰਦ[61] ਇਨ੍ਹਾਂ ਸ਼ਬਦਾਂ ਵਿਚ ਸੂਤਰਬੱਧ ਕਰਦੇ ਹਨ : ਪੁਰਾਣਾਂ ਵਿਚ ਭਗਤੀ ਲਈ ਕਿਸੇ ਨਾ ਕਿਸੇ ਪ੍ਰਤੀਕ ਦੀ ਜ਼ਰੂਰਤ ਇਸ ਲਈ ਪਈ ਕਿਉਂ ਜੋ ਜੀਵ ਨੂੰ ਆਪਣੀ ਸੰਤੁਸ਼ਟੀ ਤਦੋਂ ਹੀ ਹੁੰਦੀ ਹੈ ਜਦੋਂ ਕਿ ਉਹਨੂੰ ਇਹ ਤਸੱਲੀ ਹੋ ਜਾਵੇ ਕਿ ਉਹ ਜਿਸ ਦੀ ਸਤੁਤੀ ਕਰ ਰਿਹਾ ਹੈ ਉਹ ਸੁਣ ਸਕਦਾ ਹੈ, ਦੇਖ ਸਕਦਾ ਹੈ, ਤੇ ਬੋਲ ਵੀ ਸਕਦਾ

ਹੈ। ਇਹੋ ਕਾਰਨ ਹੈ ਕਿ ਪੁਰਾਣਾਂ ਦੀ ਭਗਤੀ ਦਾ ਹਰੇਕ ਪ੍ਰਤੀਕ ਭਾਵੇਂ ਉਹ ਸ਼ਿਵ ਜੀ ਹੋਣ ਜਾਂ ਵਿਸ਼ਨੂੰ ਤੇ ਜਾਂ ਕੋਈ ਦੇਵੀ ਹੋਵੇ — ਦੇਹਧਾਰੀ ਹੈ। ਉਹ ਸੁਣ ਤੇ ਦੇਖ ਹੀ ਨਹੀਂ ਸਕਦਾ ਸਗੋਂ ਭੀੜ ਪੈਣ ਤੇ ਸਹਾਇਤਾ ਵੀ ਕਰ ਸਕਦਾ ਹੈ। ਇਸੇ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਵੱਖ-ਵੱਖ ਪ੍ਰਤੀਕਾਂ ਦੀ ਸ੍ਰਿਸ਼ਟੀ ਦਾ ਹੋਣਾ ਵੀ ਆਪੋ ਆਪਣੀ ਰੁਚੀ ਤੇ ਆਪੋ ਆਪਣੇ ਪ੍ਰਾਪਤ ਅਧਿਕਾਰਾਂ ਦੇ ਪ੍ਰਯੋਗ ਦਾ ਸਿੱਟਾ ਹੈ। ਥੋੜ੍ਹੇ ਸ਼ਬਦਾਂ ਵਿਚ ਇਹ ਕਹਿਆ ਜਾ ਸਕਦਾ ਹੈ ਕਿ ਜਿਸ ਕਿਸੇ ਨੂੰ ਜਿਹੜਾ ਪ੍ਰਤੀਕ ਚੰਗਾ ਲੱਗਾ ਉਸ ਨੇ ਉਸ ਨੂੰ ਅਪਣਾ ਕੇ ਆਪਣਾ ਇਸ਼ਟ ਮੰਨ ਲਿਆ।

ਨਤੀਜੇ ਵਜੋਂ ਕਿਹਾ ਜਾ ਸਕਦਾ ਹੈ ਕਿ ਪੁਰਾਣਾਂ ਵਿਚ ਸਰਗੁਣ ਉਪਾਸਨਾ ਇਕ ਮਾਧਿਅਮ ਹੈ, ਇਕ ਸਾਧਨ ਹੈ, ਜੋ ਬ੍ਰਹਮ ਤਕ ਪਹੁੰਚਣ ਵਿਚ ਸਹਾਈ ਹੁੰਦੀ ਹੈ।

ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ ਕਿ ਗੁਰੂਆਂ ਜਾਂ ਭਗਤਾਂ ਨੇ ਆਪਣੀ ਬਾਣੀ ਵਿਚ ਪੌਰਾਣਿਕ ਪ੍ਰਤੀਕ ਇਸ ਲਈ ਵਰਤੇ ਹਨ ਤਾਂ ਜੋ ਆਪਣੀ ਗੱਲ ਨੂੰ ਸਪਸ਼ਟ ਰੂਪ ਵਿਚ ਆਮ ਲੋਕਾਂ ਤਕ ਪਹੁੰਚਾਇਆ ਜਾ ਸਕੇ। ਦੂਸਰੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਆਪਣੇ ਭਾਵਾਂ ਅਤੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਜਨ-ਜੀਵਨ ਵਿਚ ਘਰ ਕਰ ਚੁੱਕੇ ਹਵਾਲਿਆਂ ਦੀ ਵਰਤੋਂ ਬਾਣੀ ਵਿਚ ਕੀਤੀ ਮਿਲਦੀ ਹੈ।

ਇਹ ਇਕ ਆਮ ਧਾਰਨਾ ਹੈ ਕਿ ਪੁਰਾਣ ਸਗੁਣਵਾਦ ਨਾਲ ਸੰਬੰਧਤ ਗ੍ਰੰਥ ਹਨ ਅਰਥਾਤ ਅਵਤਾਰਵਾਦ ਪੁਰਾਣਾਂ ਦਾ ਪ੍ਰਮੁੱਖ ਲੱਛਣ ਹੈ ਜਦ ਕਿ ਗੁਰਬਾਣੀ ਅਤੇ ਗੁਰਮਤਿ ਫਲਸਫੇ ਦਾ ਮੁੱਖ ਸਿਧਾਂਤ ਨਿਰਗੁਣਵਾਦ ਹੈ। ਪਰੰਤੂ ਕੀ ਕਾਰਨ ਹੈ ਕਿ ਗੁਰੂ ਸਾਹਿਬਾਨ ਅਤੇ ਭਗਤਾਂ ਨੇ ਆਪਣੀ ਬਾਣੀ ਵਿਚ ਪੌਰਾਣਿਕ ਪ੍ਰਤੀਕਾਂ, ਥਾਵਾਂ, ਨਾਵਾਂ ਦੀ ਵਰਤੋਂ ਆਮ ਕੀਤੀ ਹੈ।

ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਪੌਰਾਣਿਕ ਹਵਾਲਿਆਂ ਦੀ ਵਰਤੋਂ ਕੀਤੇ ਬਗ਼ੈਰ ਬਾਣੀਕਾਰ ਆਪਣੇ ਮਨ ਦੀਆਂ ਸੂਖਮ ਗੱਲਾਂ ਨੂੰ ਸਥੂਲ ਰੂਪ ਵਿਚ ਲੋਕਾਂ ਤਕ ਪਹੁੰਚਾ ਹੀ ਨਹੀਂ ਸਨ ਸਕਦੇ। ਰਾਮ, ਕ੍ਰਿਸ਼ਨ, ਅਹੱਲਿਆ ਅਤੇ ਕੰਸ ਦੇ ਸ਼ਬਦ ਬਾਣੀ ਵਿਚ ਆ ਕੇ ਕੇਵਲ ਸ਼ਬਦ ਨਹੀਂ ਰਹੇ ਬਲਕਿ ਗੁਣ ਧਰਮ ਦੇ ਪ੍ਰਤੀਕ ਬਣ ਗਏ ਹਨ। ਡਾ. ਤਾਰਨ ਸਿੰਘ[62] ਦਾ ਮਤ ਵੀ ਸਾਡੀ ਇਸ ਗੱਲ ਦੀ ਪੁਸ਼ਟੀ ਕਰਦਾ ਪ੍ਰਤੀਤ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਕਵੀ ਆਪਣੀ ਸਿਖਰ ਤੇ ਅਦ੍ਵੈਤਵਾਦੀ ਸਨ ਤੇ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੀ ਸਿਖਰ ਦੀ ਕਵਿਤਾ ਹੀ ਸੰਗ੍ਰਹਿਤ ਹੈ। ਇਹ ਮੂਲ ਰੂਪ ਵਿਚ ਨਿਰਗੁਣਵਾਦੀ ਸਨ ਪਰ ਪ੍ਰਭੂ ਲਈ ਸਰਗੁਣਵਾਦੀ ਨਾਮ ਵੀ ਵਰਤ ਲੈਂਦੇ ਸਨ ਕਿਉਂਕਿ ਇਹ ਕਵੀ ਸਨ, ਕੇਵਲ ਦਾਰਸ਼ਨਿਕ ਨਹੀਂ। ਹਰ ਰੂਪ ਵਿਚ ਇਹਨਾਂ ਨੂੰ ਕੇਵਲ ਬ੍ਰਹਮ ਪਸਾਰਾ ਹੀ ਮਿਲਦੇ ਹਨ ਜਦੋਂ ਆਤਮਾ ਹਉਮੈ ਦੇ ਅਧੀਨ ਆਵਾਗਵਨ ਵਿਚ ਹੈ, ਪ੍ਰਭੂ ਕਿਰਪਾ ਹੀ ਆਤਮਾ ਦੇ ਛੁਟਕਾਰੇ ਦਾ ਸਾਧਨ ਹੈ।

ਰਵਿਦਾਸ ਬਾਣੀ ਦਾ ਅਧਿਐਨ ਕਰਨ ਉਪਰੰਤ ਇਹ ਗੱਲ ਭਲੀ-ਭਾਂਤ ਕਹੀ ਜਾ ਸਕਦੀ ਹੈ ਕਿ ਪੌਰਾਣਿਕ ਹਵਾਲਿਆਂ ਦੀ ਵਰਤੋਂ ਰਵਿਦਾਸ ਬਾਣੀ ਦਾ ਪ੍ਰਮੁੱਖ ਲੱਛਣ ਹੈ। ਗੁਰਮਤਿ ਧਾਰਾ ਦਾ ਅੰਗ ਹੋਣ ਕਾਰਨ ਇਹ ਨਿਰਗੁਣ ਵਾਦ ਦਾ ਵੀ ਅਨੁਸਰਨ ਕਰਦੀ ਹੈ। ਇਸ ਵਿਚ ਕੋਈ ਸ਼ੰਕਾ ਨਹੀਂ ਕਿ ਗੁਰੂ ਰਵਿਦਾਸ ਜੀ ਨੇ ਪੌਰਾਣਿਕ ਹਵਾਲਿਆਂ ਦੀ ਵਰਤੋਂ ਖੁੱਲ੍ਹ ਕੇ ਕੀਤੀ ਹੈ ਅਤੇ ਦੂਸਰੇ ਪਾਸੇ ਨਿਰਗੁਣਧਾਰਾ ਨੂੰ ਵੀ ਨਾਲ ਲੈ ਕੇ ਚਲਦੀ ਹੈ। ਇਸ ਵਿਚਾਰ ਨੂੰ ਤਕਰੀਬਨ ਸਾਰੇ ਵਿਦਵਾਨਾਂ ਨੇ ਸਵੀਕਾਰ ਕੀਤਾ ਹੈ। ਡਾ. ਅਜੋਠੀਆ[63] ਅਨੁਸਾਰ ਰੈਦਾਸ ਦੀ ਉਪਾਸਨਾ ਨਿਰਾਕਾਰ ਨਿਰਗੁਣ ਬ੍ਰਹਮ ਦੀ ਉਪਾਸਨਾ ਸੀ। ਉਨ੍ਹਾਂ ਦਾ

ਭਗਤ ਤਾਂ ਇੱਛਾ ਰਹਿਤ ਹੈ। ਉਹ ਕੇਵਲ ਭਗਵਾਨ ਦੇ ਦਰਸ਼ਨ ਹੀ ਚਾਹੁੰਦਾ ਹੈ। ਉਸ ਦਾ ਫਲ ਨਹੀਂ। ਡਾ. ਰਤਨ ਸਿੰਘ ਜੱਗੀ[64] ਅਨੁਸਾਰ ਗੁਰੂ ਰਵਿਦਾਸ ਅਨੁਸਾਰ ਬ੍ਰਹਮ ਪਰਮ ਸੱਤਾ ਹੈ ਅਤੇ ਉਸ ਦਾ ਸਰੂਪ ਨਿਰੰਜਨ, ਨਿਰਵਿਕਾਰ ਅਤੇ ਨਿਰਲੇਪ ਹੈ। ਉਸ ਦਾ ਨਾ ਆਦਿ ਹੈ, ਨਾ ਅੰਤ, ਨਾ ਵਰਣ ਅਤੇ ਨਾ ਰੂਪ। ਇਹ ਸਾਰੇ ਵਿਸ਼ੇਸ਼ਣ ਉਸ ਦੀ ਨਿਰਗੁਣਤਾ ਦੇ ਸੂਚਕ ਹਨ। ਗੁਰੂ ਰਵਿਦਾਸ ਜੀ ਅਨੁਸਾਰ ਪਰਮਾਤਮਾ ਭੇਦ ਰਹਿਤ ਅਵਿਕਾਰੀ ਤੱਤ ਹੈ। ਉਹ ਸੱਤ ਸਰੂਪ ਅਤੇ ਅਵਿਨਾਸੀ ਹੈ।

ਪਰੰਤੂ ਕਿਤੇ-ਕਿਤੇ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਬ੍ਰਹਮ ਦੇ ਨਾਮ ਵੀ ਵਿਅਕਤ ਕੀਤੇ ਹਨ, ਜਿਵੇਂ ਮੁਰਾਰੀ, ਹਰਿ, ਮੁਕੰਦ ਆਦਿ। ਜਿਸ ਤੋਂ ਕੁਝ ਵਿਦਵਾਨ[65] ਇਹ ਅੰਦਾਜ਼ਾ ਲਗਾਉਂਦੇ ਹਨ ਕਿ ਗੁਰੂ ਰਵਿਦਾਸ ਜੀ ਨੇ ਆਪਣੇ ਗੁਰੂ ਦੇ ਸੱਚੇ ਅਨੁਯਾਈ ਰਹਿੰਦੇ ਹੋਏ ਵਿਸ਼ਿਸ਼ਟਾਦ੍ਵੈਤਵਾਦੀ ਵੈਸ਼ਨਵ ਭਗਤੀ ਪਰੰਪਰਾ ਦਾ ਪੂਰਨ ਰੂਪ ਵਿਚ ਅਨੁਸਰਨ ਕੀਤਾ ਹੈ। ਇਸ ਤਰ੍ਹਾਂ ਇਨ੍ਹਾਂ ਨੇ ਗੁਰੂ ਰਵਿਦਾਸ ਜੀ ਨੂੰ ਸਗੁਣ ਮਾਰਗੀ ਭਗਤਾਂ ਦੀ ਕੋਟਿ ਵਿਚ ਲਿਆ ਖੜ੍ਹਾ ਕੀਤਾ ਹੈ। ਪਰੰਤੂ ਡਾ. ਚੰਦਰਦੇਵ ਰਾਏ[66] ਨੇ ਇਸ ਮੱਤ ਦਾ ਖੰਡਨ ਕਰਦੇ ਹੋਏ ਕਿਹਾ ਹੈ ਕਿ ਇਨ੍ਹਾਂ ਨੂੰ ਸਗੁਣਮਾਰਗੀ ਭਗਤਾਂ ਦੀ ਕੋਟਿ ਵਿਚ ਲਿਆਉਣਾ ਨਿਆਂਸੰਗਤ ਨਹੀਂ ਹੋਵੇਗਾ ਅਤੇ ਨਾ ਹੀ ਇਨ੍ਹਾਂ ਨੂੰ ਅਵਤਾਰਵਾਦੀ ਘੋਸ਼ਿਤ ਕਰਨਾ ਹੀ ਉਚਿੱਤ ਹੋਵੇਗਾ, ਜਦ ਕਿ ਇਨ੍ਹਾਂ ਦਾ ਸੰਪੂਰਨ ਜੀਵਨ ਮੂਰਤੀਪੂਜਾ ਅਤੇ ਬਹੁਦੇਵਉਪਾਸਨਾ ਦੇ ਪ੍ਰਤੀਰੋਧ ਵਿਚ ਹੀ ਬੀਤਿਆ। ਇਨ੍ਹਾਂ ਜਿੱਥੇ ਕਿਤੇ ਵੀ ਬ੍ਰਹਮ ਦਾ ਸਗੁਣ ਸਰੂਪ ਵਰਣਨ ਕੀਤਾ ਹੈ, ਉਹ ਭਾਵਨਾ ਦੇ ਆਵੇਸ਼ ਵਿਚ ਹੀ। ਸਗੁਣ ਬ੍ਰਹਮ ਕਦੀ ਇਨ੍ਹਾਂ ਦਾ ਅਰਾਧਨੀਯ ਨਹੀਂ ਰਿਹਾ। ਮੂਲ ਰੂਪ ਵਿਚ ਇਹ ਬ੍ਰਹਮ ਦੇ ਨਿਰਗੁਣ ਰੂਪ ਦੇ ਹੀ ਉਪਾਸਕ ਰਹੇ ਹਨ।

ਉਪਰੋਕਤ ਚਰਚਾ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਰਵਿਦਾਸ ਜੀ ਮੂਲ ਰੂਪ ਵਿਚ ਨਿਰਗੁਣਮਾਰਗੀਏ ਸੰਤਾਂ ਦੀ ਕੋਟਿ ਵਿਚ ਹੀ ਆਉਂਦੇ ਹਨ। ਜੇਕਰ ਉਨ੍ਹਾਂ ਬ੍ਰਹਮ ਲਈ ਹਰਿ, ਮੁਕੰਦ ਜਾਂ ਮੁਰਾਰੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ ਤਾਂ ਸਿਰਫ਼ ਉਸ ਅਨਾਮ, ਅਰੂਪ ਬ੍ਰਹਮ ਦਾ ਸਰੂਪ ਵਿਅਕਤ ਕਰਨ ਲਈ ਹੀ। ਇਸ ਤਰ੍ਹਾਂ ਰਵਿਦਾਸ ਬਾਣੀ ਨਿਰਗੁਣਧਾਰਾ ਦਾ ਇਕ ਪ੍ਰਮੁੱਖ ਅੰਗ ਹੈ।

ਰਵਿਦਾਸ ਬਾਣੀ ਵਿਚ ਨਿਰਗੁਣਧਾਰਾ ਨਾਲ ਸੰਬੰਧਤ ਪੌਰਾਣਿਕ ਹਵਾਲਿਆਂ ਦੀ ਵਰਤੋਂ ਨੂੰ ਜਾਨਣਾ, ਇਸ ਅਧਿਆਇ ਦਾ ਪ੍ਰਮੁੱਖ ਅੰਗ ਹੈ। ਨਿਰਗੁਣਧਾਰਾ ਦਾ ਅਰਥ ਕਾਫ਼ੀ ਹੱਦ ਤਕ ਸਪਸ਼ਟ ਕਰ ਲੈਣ ਉਪਰੰਤ ਰਵਿਦਾਸ ਬਾਣੀ ਵਿਚ ਇਸ ਨੂੰ ਜਾਨਣ ਦੀ ਲੋੜ ਹੈ।

ਨਿਰਗੁਣਧਾਰਾ, ਸਗੁਣਧਾਰਾ ਦੇ ਉਲਟ ਇਕ-ਈਸ਼ਵਰ ਵਿਚ ਹੀ ਵਿਸ਼ਵਾਸ ਰਖਦੀ ਹੈ ਅਰਥਾਤ ਏਕ-ਈਸ਼ਵਰਵਾਦ ਨਿਰਗੁਣਧਾਰਾ ਦਾ ਮੂਲ ਸਿਧਾਂਤ ਹੈ। ਜਦ ਕਿ ਸਗੁਣ ਉਪਾਸਕ ਅਨੇਕ ਹੀ ਦੇਵੀ-ਦੇਵਤਿਆਂ ਨੂੰ ਆਪਣਾ ਇਸ਼ਟ ਸਵੀਕਾਰ ਕਰਦੇ ਹਨ। ਗੁਰਬਾਣੀ ਦਾ ਮੂਲ ਸਿਧਾਂਤ ਉਸ ਪਾਰਬ੍ਰਹਮ, ਅਕਾਲਪੁਰਖ ਨੂੰ ਹੀ ਆਪਣਾ ਇਸ਼ਟ ਮੰਨਣਾ ਹੈ। ਡਾ. ਸ਼ਿਵਕੁਮਾਰ ਸ਼ਰਮਾ[67] ਦੇ ਮੱਤ ਅਨੁਸਾਰ ਸੰਤ ਕਵੀਆਂ ਨੇ ਬਹੁਦੇਵਵਾਦ ਅਤੇ ਅਵਤਾਰਵਾਦ ਅਤੇ ਅਵਿਸ਼ਵਾਸ ਪ੍ਰਗਟ ਕਰਦੇ ਹੋਏ ਇਸ ਭਾਵਨਾ ਦਾ ਨਿਰਭੈਤਾਪੂਰਵਕ ਖੰਡਨ ਕੀਤਾ ਹੈ। ਸੰਤਾਂ ਦਾ ਵਿਸ਼ਵਾਸ ਹੈ ਕਿ ਅਵਤਾਰ ਜਨਮ-ਮਰਨ ਦੇ ਬੰਧਨ ਵਿਚ ਗ੍ਰਸਤ ਹਨ ਅਤੇ ਉਹ ਵੀ ਪਰਮ ਬ੍ਰਹਮ ਦੀ ਭਗਤੀ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਕਰ ਸਕਦੇ। ਬ੍ਰਹਮਾ, ਵਿਸ਼ਨੂੰ, ਮਹੇਸ਼

ਦੀ ਸਾਰੇ ਮੱਤਾਂ ਨੇ ਨਿੰਦਾ ਕੀਤੀ ਹੈ ਅਤੇ ਉਨ੍ਹਾਂ ਨੂੰ ਮਾਇਆ ਗ੍ਰਸਤ ਕਿਹਾ ਹੈ।

ਗੁਰੂ ਰਵਿਦਾਸ ਜੀ ਨੇ ਵੀ ਆਪਣੀ ਬਾਣੀ ਵਿਚ ਇਸੇ ਹਕੀਕਤ ਨੂੰ ਦ੍ਰਿੜ੍ਹ ਕੀਤਾ ਹੈ ਕਿ ਇਕ-ਈਸ਼੍ਵਰ ਦੀ ਭਗਤੀ ਹੀ ਸਭ ਤੋਂ ਉੱਤਮ ਹੈ। ਇਸ ਮੱਤ ਦੀ ਪੁਸ਼ਟੀ ਲਈ ਆਪ ਨੇ ਪੌਰਾਣਿਕ ਦੇਵਤਿਆਂ ਦਾ ਹਵਾਲਾ ਵੀ ਦਿੱਤਾ ਹੈ। ਉਦਾਹਰਣ ਵਜੋਂ:

ਹਰਿ ਜਪਤ ਤੇਊ ਜਨਾ ਪਦਮ ਕਵਲਾਸਪਤਿ ਤਾਸ ਸਮ ਤੁਲਿ ਨਹੀ ਆਨ ਕੋਊ।
ਏਕ ਹੀ ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ ਸੋਊ।[68]

ਅਰਥਾਤ ਜਿਹੜੇ ਪੁਰਸ਼ ਉਸ ਪ੍ਰਭੂ ਦਾ ਨਾਮ ਜਪਦੇ ਹਨ, ਉਨ੍ਹਾਂ ਦੇ ਸਮਾਨ ਨਾ ਤਾਂ ਵਿਸ਼ਨੂੰ ਹੈ ਅਤੇ ਨਾ ਹੀ ਬ੍ਰਹਮਾ ਹੈ। ਉਹ ਇੱਕੋ ਪ੍ਰਭੂ ਅਨੇਕ ਰੂਪ ਧਾਰ ਕੇ ਸਭ ਥਾਂ ਵਿਆਪ ਰਿਹਾ ਹੈ।

ਇਸੇ ਤਰ੍ਹਾਂ ਇਕ ਹੋਰ ਸਥਾਨ 'ਤੇ ਲਿਖਦੇ ਹਨ:

ਰਵਿਦਾਸ ਉਪਜਇ ਸਭ ਇਕ ਬੂੰਦ ਤੇ, ਕਾ ਬ੍ਰਾਹਮਨ ਕਾ ਸੂਦ।
ਮੂਰਖ ਜਨ ਨ ਜਾਨਇ, ਸਭ ਮਹਿ ਰਾਮ ਸਮੂਦ।[69]

ਅਰਥਾਤ ਸਭ ਮਨੁੱਖਾਂ ਵਿਚ, ਚਾਹੇ ਉਹ ਉੱਚੀ ਜਾਤ ਦਾ ਹੋਵੇ ਤੇ ਚਾਹੇ ਨੀਵੀਂ ਜਾਤ ਦਾ, ਉਹੋ ਅੰਤਰਯਾਮੀ ਰਾਮ ਨਿਵਾਸ ਕਰ ਰਿਹਾ ਹੈ। ਇਥੇ 'ਰਾਮ' ਸ਼ਬਦ ਉਸ ਪਾਰਬ੍ਰਹਮ ਪਰਮੇਸ਼ਰ ਦਾ ਸੂਚਕ ਹੈ ਨਾ ਕਿ ਦਸ਼ਰਥ ਪੁੱਤਰ ਰਾਮ ਦਾ। ਦਸ਼ਰਥ ਪੁੱਤਰ ਰਾਮ ਤਾਂ ਪਾਰਬ੍ਰਹਮ ਪਰਮੇਸ਼ਰ ਦਾ ਸਮੂਰਤ ਰੂਪ ਹੀ ਹੈ। ਗੁਰੂ ਰਵਿਦਾਸ ਜੀ ਇਕ ਹੋਰ ਥਾਂ ਤੇ ਲਿਖਦੇ ਹਨ:

ਰਵਿਦਾਸ ਹਮਾਰੋ ਸਾਂਇਯਾਂ, ਰਾਘਵ ਰਾਮ ਰਹੀਮ।
ਸਭ ਹੀ ਰਾਮ ਕੋ ਰੂਪ ਹੈਂ, ਕੇਸੋ ਕ੍ਰਿਸ਼ਨ ਕਰੀਮ।[70]

ਸਾਰੇ ਹੀ ਪਰਮਾਤਮਾ ਦੇ ਰੂਪ ਹਨ, ਚਾਹੇ ਉਸ ਨੂੰ ਕਿਸ ਨਾਮ ਨਾਲ ਮਰਜ਼ੀ ਸੰਬੋਧਨ ਕਰ ਲਵੋ। ਰਾਮ ਦੇ ਨਾਮ ਨਾਲ ਹਿੰਦੂ ਅਤੇ ਰਹੀਮ (ਰਹਿਮ ਕਰਨ ਵਾਲਾ, ਦਇਆਵਾਨ) ਦੇ ਨਾਮ ਨਾਲ ਮੁਸਲਮਾਨ ਉਸ ਪਰਮਾਤਮਾ ਨੂੰ ਚੇਤੇ ਕਰਦੇ ਹਨ।

ਨਿਰਗੁਣ ਭਗਤੀ ਪਰੰਪਰਾ ਵਿਚ ਨਾਮ ਸਿਮਰਨ ਉੱਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਭਗਤੀ ਸਾਧਨਾ ਵਿਚ ਨਾਮ ਜਪਣ ਦੀ ਵੀ ਬਹੁਤ ਮਹਿਮਾ ਹੈ। ਉਪਨਿਸ਼ਦ ਕਾਲ ਤਕ ਪ੍ਰਭੂ ਦਾ ਮੁੱਖ ਨਾਮ ਓਮ ਰਿਹਾ ਹੈ ਜੋ ਕਿ ਅੱਜ ਵੀ ਨਾਮ-ਜਪ ਦਾ ਸਾਧਨ ਬਣਿਆ ਹੋਇਆ ਹੈ।[71] ਸੰਤਾਂ ਦੀ ਬਾਣੀ ਵਿਚ ਸਾਨੂੰ ਨਾਮ-ਸਾਧਨਾ ਦਾ ਵੀ ਰੂਪ ਕੇਵਲ ਇਕ ਹੀ ਪ੍ਰਕਾਰ ਦਾ ਨਹੀਂ ਮਿਲਦਾ। ਇਕ ਪਾਸੇ ਜਿੱਥੇ ਅਸੀਂ ਉਸਨੂੰ ਆਪਣੇ ਇਸ਼ਟਦੇਵ ਦੇ ਵਿਸ਼ੇ ਵਿਚ ਉਨ੍ਹਾਂ ਦੁਆਰਾ ਕੀਤੇ ਗਏ ਗੁਣਗਾਨ ਦੇ ਰੂਪ ਵਿਚ ਪਾਉਂਦੇ ਹਾਂ ਤਾਂ ਦੂਸਰੀ ਪਾਸੇ ਸਾਨੂੰ ਇੰਜ ਲਗਦਾ ਹੈ ਉਹ ਕੋਈ ਕੋਰਾ 'ਅਨਾਹਦ ਨਾਦ' ਦਾ ਸੁਰਵਣ ਮਾਤਰ ਹੀ ਤਾਂ ਨਹੀਂ ਹੋਵੇਗਾ। ਪਹਿਲੀ ਸ਼੍ਰੇਣੀ ਵਿਚ, ਉਹ ਸੰਤ ਕਵੀ, ਉਸ ਤਰ੍ਹਾਂ ਦੇ ਨਾਮਾਂ ਦਾ ਹੀ ਸਿਮਰਨ ਕਰਦੇ ਲਗਦੇ ਹਨ ਜੋ ਕਿ ਸਗੁਣਵਾਦੀ ਭਗਤਾਂ ਦੇ ਲਈ ਵੀ ਅਤਿਅੰਤ ਮਹੱਤਵਪੂਰਨ ਹੈ।[72]

ਰਵਿਦਾਸ ਬਾਣੀ ਵਿਚ ਵੀ ਨਾਮ ਸਿਮਰਨ ਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਨਾਮ ਦੀ ਅਰਾਧਨਾ ਸਭ ਤੋਂ ਉੱਚੀ ਹੈ।

ਦੁਲਭ ਜਨਮ ਪੁੰਨ ਫਲ ਪਾਇਓ ਬਿਰਥਾ ਜਾਤਿ ਅਬਿਬੇਕੈ।
ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ।
ਬਿਨ ਹਰਿ ਭਗਤਿ ਕਹਹੁ ਕਿਹ ਲੇਖੈ।
ਨ ਬੀਚਾਰਿਓ ਰਾਜਾ ਰਾਮ ਕੋ ਰਸੁ,
ਜਿਹ ਰਸ ਅਨਰਸ ਬੀਸਰਿ ਜਾਹੀ।[73]

ਇਹ ਮਨੁੱਖਾ ਜਨਮ ਬੜੇ ਜਤਨਾਂ ਤੋਂ ਬਾਅਦ ਪ੍ਰਾਪਤ ਹੋਇਆ ਹੈ ਪਰ ਮਨੁੱਖ ਦੀ ਭੁੱਲ ਕਾਰਨ ਇਹ ਵਿਅਰਥ ਜਾ ਰਿਹਾ ਹੈ। ਰਾਜੇ ਇੰਦ੍ਰ ਵਰਗੇ ਦੇ ਰਾਜ-ਭਾਗ ਵੀ ਬਿਨਾਂ ਭਗਤੀ ਤੋਂ ਕਿਸੇ ਕੰਮ ਨਹੀਂ ਹਨ। ਮਨੁੱਖ ਨੇ ਆਪਣੇ ਜੀਵਨ ਵਿਚ ਰਾਜਾ ਰਾਮ ਦਾ ਨਾਮ ਨਹੀਂ ਲਿਆ ਜਿਸ ਨੇ ਕਿ ਹੋਰ ਸਾਰੇ ਹੀ ਕਰਮ ਵਿਸਾਰ ਦਿੱਤੇ ਹਨ ਅਰਥਾਤ ਨਾਮ ਜਾਂ ਭਗਤੀ ਤੋਂ ਬਗੈਰ ਮਨੁੱਖਾ ਜਨਮ ਬੇਕਾਰ ਹੈ।

ਇਸੇ ਤਰ੍ਹਾਂ ਗੁਰੂ ਰਵਿਦਾਸ ਜੀ ਆਖਦੇ ਹਨ ਕਿ ਸੰਸਾਰਕ ਪਦਾਰਥਾਂ ਦਾ ਰਾਮ ਨਾਮ ਤੋਂ ਬਗੈਰ ਕੋਈ ਲਾਭ ਨਹੀਂ:

ਊਚੇ ਮੰਦਰ ਸੁੰਦਰ ਨਾਰੀ।
ਰਾਮ ਨਾਮ ਬਿਨੁ ਬਾਜੀ ਹਾਰੀ।[74]

ਗੁਰੂ ਰਵਿਦਾਸ ਜੀ ਦੇ ਬਾਣੀ ਦੇ ਇਹ ਉਦਾਹਰਨ ਮਨੁੱਖ ਨੂੰ ਇਹ ਸੋਝੀ ਦੇਣ ਹਿਤ ਹੀ ਹਨ ਕਿ ਉਹ ਮੋਹ ਮਾਇਆ ਵਿਚ ਹੀ ਨਾ ਲਿਪਤ ਰਹੇ। ਸੰਸਾਰਕ ਮਾਇਆ ਮੋਹ ਵਿਚ ਫਸੇ ਹੋਏ ਲੋਕਾਂ ਬਾਰੇ ਗੁਰੂ ਰਵਿਦਾਸ ਜੀ ਹੋਰ ਵੀ ਆਖਦੇ ਹਨ:

ਬਿਨ ਦੇਖੇ ਉਪਜੈ ਨਹੀ ਆਸਾ।
ਜੋ ਦੀਸੈ ਸੋ ਹੋਇ ਬਿਨਾਸਾ।
ਬਰਨ ਸਹਿਤ ਜੋ ਜਾਪੈ ਨਾਮੁ।
ਸੋ ਜੋਗੀ ਕੇਵਲ ਨਿਹਕਾਮੁ।
ਪਰਚੈ ਰਾਮ ਰਵੈ ਜਉ ਕੋਈ।
ਪਾਰਸ ਪਰਸੈ ਦੁਬਿਧਾ ਨ ਹੋਈ।[75]

ਗੁਰੂ ਰਵਿਦਾਸ ਜੀ ਫ਼ਰਮਾਉਂਦੇ ਹਨ ਕਿ ਜਿਨ੍ਹਾਂ ਉਸ ਪਰਮਾਤਮਾ ਨੂੰ ਵੇਖਿਆਂ ਮਨ ਵਿਚ ਚਾਉ ਨਹੀਂ ਪੈਦਾ ਹੁੰਦਾ। ਜੋ ਦਿਸਦਾ ਹੈ ਉਹ ਨਾਸਮਾਨ ਹੈ। ਇਸ ਲਈ ਨਿਰੰਕਾਰ ਨਾਲ ਪ੍ਰੀਤ ਕਿਸ ਤਰ੍ਹਾਂ ਪਵੇ। ਜੋ ਉਸ ਦੀ ਸੱਚੀ ਵਡਿਆਈ ਕਰਕੇ ਉਸ ਦਾ ਨਾਮ ਜਪਦਾ ਹੈ, ਉਹ ਜੋਗੀ ਕਾਮਨਾ ਰਹਿਤ ਹੋ ਕੇ ਸਭ ਤੋਂ ਵੱਖਰਾ ਪ੍ਰਤੀਤ ਹੁੰਦਾ ਹੈ। ਜੋ ਕੋਈ ਵੀ ਨਾਮ ਦੇ ਪਰਦੇ ਵਿਚ ਨਚਦਾ ਹੈ, ਉਸ ਵਿਚ ਪਾਰਸ ਨਾਲ ਛੁਹ ਕੇ ਦੁਬਿੱਧਾਪਣ ਨਹੀਂ ਰਹਿੰਦਾ।

ਗੁਰੂ ਰਵਿਦਾਸ ਬਾਣੀ ਆਪਣੇ ਇਸ ਮੰਤਵ ਵਿਚ ਬਹੁਤ ਸਪਸ਼ਟ ਹੈ ਕਿ ਰਾਮ ਨਾਮ ਨਾਲ ਹੀ ਮਨੁੱਖ ਦੇ ਕਸ਼ਟ ਦੂਰ ਹੋ ਸਕਦੇ ਹਨ। ਪਰ ਰਾਮ ਨਾਮ ਦੇ ਜਾਪ ਲਈ ਮੰਦਿਰ ਆਦਿ ਵਿਅਰਥ ਹਨ। ਉਹ ਰਾਮ ਨਾਮ ਵਿਅਕਤੀ ਦੇ ਹਿਰਦੇ ਵਿਚ ਹੀ ਹੈ, ਪਰ ਜੇਕਰ ਉਸ ਨੂੰ ਲੱਭਿਆ ਜਾ ਸਕੇ। ਨਾਮ ਭਗਤੀ ਦੇ ਟਾਕਰੇ ਤੇ ਬਾਕੀ ਸਭ ਸਾਧਨ ਫਿੱਕੇ ਹਨ। ਕਲਿਜੁਗ ਵਿਚ ਤਾਂ ਬਿਨਾਂ ਨਾਮ-ਭਗਤੀ ਦੇ ਪਰਮਾਤਮਾ ਨਾਲ ਮਿਲਾਪ ਦਾ ਕੋਈ ਦੂਜਾ ਸਾਧਨ ਨਹੀਂ ਹੈ। ਗੁਰੂ ਰਵਿਦਾਸ ਜੀ ਨੇ ਬਹੁਤ ਸਾਫ਼ ਸ਼ਬਦਾਂ ਵਿਚ ਕਿਹਾ ਹੈ ਕਿ ਸੰਸਾਰ ਰੂਪੀ ਦੁਤਰ ਸਮੁੰਦਰ ਨੂੰ ਤਰਨ ਦਾ ਸਿਰਫ਼ ਇਕ ਸਾਧਨ ਨਾਮ ਰੂਪੀ ਬੇੜੀ ਹੈ। ਜਿਹੜਾ ਪ੍ਰਾਣੀ ਨਾਮ ਰੂਪੀ ਮੁਕਤੀਦਾਤੀ ਸਹਾਰੇ ਨੂੰ ਤਜ ਕੇ ਦੂਸਰੇ ਕਿਸੇ ਸਾਧਨ ਦਾ ਸਹਾਰਾ ਲੈਂਦਾ ਹੈ, ਉਹ ਭਵ-ਸਾਗਰ ਵਿਚ ਹੀ ਗੋਤੇ ਖਾਂਦਾ ਰਹਿੰਦਾ ਹੈ। ਨਾਮ ਦੀ ਛੋਟੀ ਜਿਹੀ ਚਿਣਗ ਵਿਚ ਕਰਮਾਂ ਦੇ ਅਥਾਹ ਭੰਡਾਰ ਭਸਮ ਕਰ ਦੇਣ ਦੀ ਸ਼ਕਤੀ ਹੈ।[76]

ਉਪਰੋਕਤ ਦੇ ਸੰਦਰਭ ਵਿਚ ਇਕ ਗੱਲ ਤਾਂ ਪੂਰਨ ਰੂਪ ਵਿਚ ਦ੍ਰਿਸ਼ਟਮਾਨ ਹੁੰਦੀ ਹੈ ਕਿ ਰਵਿਦਾਸ ਬਾਣੀ ਦੀ ਚੇਤਨਾ ਸਹਿਜ ਸੁਭਾਅ ਅਜਿਹੇ ਪਾਸਾਰ ਛੂੰਹਦੀ ਹੈ, ਜਿਹੜੇ ਕਿ ਆਮ ਜਨ-ਮਾਨਸ ਅਤੇ ਪਰਾਲੌਕਿਕ ਚੇਤਨਾ ਵਿਚ ਇਕ ਕੜੀ ਦਾ ਕੰਮ ਕਰ ਸਕਣ। ਇਹ ਨਿਰੋਲ

ਉਚਰਿਤ ਚੇਤਨਾ ਨਹੀਂ, ਸਗੋਂ ਵਿਧੀ ਅਤੇ ਵਿਚਾਰ ਰਾਹੀਂ ਰਵਿਦਾਸ ਕਾਵਿ ਅਧੀਨ ਵਿਅਕਤ ਹੁੰਦੀ ਹੈ।

ਸਤਿਜੁਗਿ ਸਤੁ ਤੇਤਾ ਜਗੀ, ਦੁਆਪਰਿ ਪੂਜਾਚਾਰ।
ਤੀਨੌ ਜੁਗ ਤੀਨੌ ਦਿੜੇ, ਕਲਿ ਕੇਵਲ ਨਾਮ ਅਧਾਰ।[77]

ਅਰਥਾਤ ਸਤਿਜੁਗ ਵਿਚ ਸੱਚ ਦਾ, ਤ੍ਰੇਤਾ ਜੁਗ ਵਿਚ ਜੱਗ ਦਾ, ਦੁਆਪਰ ਵਿਚ ਪੂਜਾਚਾਰ ਦਾ ਮਹੱਤਵ ਸੀ, ਪਰੰਤੂ ਕਲਜੁਗ ਵਿਚ ਕੇਵਲ 'ਨਾਮ' ਹੀ ਭਗਤੀ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਗੁਰੂ ਰਵਿਦਾਸ ਜੀ 'ਨਾਮ' ਦੀ ਮਹਿਮਾ ਨੂੰ ਦ੍ਰਿੜ੍ਹਾਉਂਦੇ ਹੋਏ ਹੋਰ ਕਹਿੰਦੇ ਹਨ:

ਕਹਿ ਰਵਿਦਾਸ ਜੋ ਜਪੈ ਨਾਮ, ਤਿਸੁ ਜਾਤਿ, ਨ ਜਨਮੁ ਨ ਜੋਨਿ ਕਾਮੁ।[78]

ਨਿਰਗੁਣ ਬ੍ਰਹਮ ਦੀ ਆਰਤੀ ਲਈ ਉਸ ਦੇ 'ਨਾਮ ਦਾ ਭਜਨ' ਹੀ ਸਰਵੋਤਮ ਸਾਧਨ ਹੈ:

ਨਾਮ ਤੇਰੋ ਆਰਤੀ ਭਜਨ ਮੁਰਾਰੇ।
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥ ਰਹਾਉ।
ਨਾਮੁ ਤਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ।
ਨਾਮੁ ਤਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ।
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ।
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ।
ਨਾਮੁ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ।
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ।[79]

ਅਰਥਾਤ ਹੇ ਮੁਰਾਰੀ! (ਵਿਸ਼ਣ, ਇਥੇ ਨਿਰਗੁਣ ਬ੍ਰਹਮ) ਤੇਰਾ ਨਾਮ ਹੀ ਮੇਰੀ ਆਰਤੀ ਹੈ, ਮੇਰਾ ਇਸ਼ਨਾਨ ਹੈ, ਨਾਮ ਹੀ ਸਿਲਾ ਹੈ, ਨਾਮ ਹੀ ਉਹ ਕੇਸਰ ਹੈ ਜਿਸ ਨੂੰ ਮੈਂ ਤੇਰੇ ਉਪਰ ਛਿੜਕਦਾ ਹਾਂ। ਤੇਰਾ ਨਾਮ ਹੀ ਜਲ ਹੈ ਤੇ ਉਹੀ ਚੰਦਨ ਵੀ। ਉਸ ਚੰਦਨ ਨੂੰ ਮੈਂ ਜਾਪ ਦੁਆਰਾ ਘਿਸਾਂਦਾ ਹਾਂ ਅਤੇ ਉਪਰੰਤ ਤੈਨੂੰ ਅਰਪਿਤ ਕਰਦਾ ਹਾਂ। ਤੇਰਾ ਨਾਮ ਹੀ ਦੀਵਾ ਹੈ, ਬਾਤੀ ਵੀ ਹੈ। ਤੇਰੇ ਨਾਮ ਰੂਪੀ ਤੇਲ ਨੂੰ ਹੀ ਇਸ ਵਿਚ ਪਾਉਂਦਾ ਹਾਂ। ਤੇਰੇ ਨਾਮ ਦੀ ਜੋਤਿ ਨਾਲ ਉਸ ਨੂੰ ਜਲਾਉਂਦਾ ਹਾਂ। ਫਲਸਰੂਪ ਸਾਰਾ ਸੰਸਾਰ ਪ੍ਰਕਾਸ਼ਿਤ ਹੋ ਰਿਹਾ ਹੈ।

ਗੁਰੂ ਨਾਨਕ ਦੇਵ ਜੀ ਦੀ ਆਰਤੀ ਵਾਲੇ ਸ਼ਬਦ ਵਿਚ ਫਰਮਾਉਂਦੇ ਹਨ ਕਿ ਸਾਰੀ ਪ੍ਰਕ੍ਰਿਤੀ ਹੀ ਹਕੀਕਤ ਵਿਚ ਉਸ ਪਾਰਬ੍ਰਹਮ ਦੀ ਆਰਤੀ ਉਤਾਰ ਰਹੀ ਹੈ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।[80]

ਨਿਰਗੁਣਧਾਰਾ ਸਾਧ-ਸੰਗਤ ਤੇ ਵੀ ਵਿਸ਼ੇਸ਼ ਬਲ ਦਿੰਦੀ ਹੈ। ਸਾਧ ਸੰਗਤ ਦੁਆਰਾ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਸਤਸੰਗ ਤੋਂ ਬਗੈਰ ਮਨ ਵਿਸ਼ੈ-ਵਿਕਾਰਾਂ, ਹੰਕਾਰ ਅਤੇ ਤ੍ਰਿਸ਼ਨਾ ਤੋਂ ਨਿਰਲੇਪ ਨਹੀਂ ਹੋ ਸਕਦਾ। ਜਿਹੋ ਜਿਹੀ ਸੰਗਤ ਹੁੰਦੀ ਹੈ, ਉਹੋ ਜਿਹੇ ਭਾਵ ਅਤੇ ਸੰਸਕਾਰ ਸਾਡੇ ਅੰਦਰ ਪੈਦਾ ਹੁੰਦੇ ਹਨ। ਜਿਨਾ ਸੰਤਾਂ ਦੀ ਸੰਗਤ ਦੇ ਸਾਡੇ ਅੰਦਰ ਪਰਮਾਰਥੀ ਬਿਰਤੀ ਪੈਦਾ ਨਹੀਂ ਹੁੰਦੀ ਅਤੇ ਜਿਨਾਂ ਇਸ ਤਰ੍ਹਾਂ ਦੀ ਬਿਰਤੀ ਦੇ ਸਾਡੇ ਅੰਦਰ ਪਰਮਾਤਮਾ ਦੀ ਭਗਤੀ ਦੇ ਸੰਸਕਾਰ ਨਹੀਂ ਜਾਗਦੇ। ਸੰਤਾਂ ਦੀ ਸੰਗਤ ਦੁਆਰਾ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ। ਮਨ ਦੇ ਵਿਕਾਰਾਂ ਨੂੰ ਦੂਰ ਕਰਨ ਅਤੇ ਹਿਰਦੇ ਵਿਚ ਪਰਮਾਤਮਾ ਦੀ ਭਗਤੀ, ਪਰਮਾਤਮਾ ਦਾ ਪ੍ਰੇਮ ਪੈਦਾ ਕਰਨ ਦਾ, ਸੰਤਾਂ ਦੇ ਸਤਿਸੰਗ ਤੋਂ ਵਧ ਕੇ ਦੂਜਾ

ਭੇਟੀ ਸਾਧਨ ਨਹੀਂ ਹੈ।[81] ਸੰਤ ਰੈਦਾਸ ਨੇ ਵੀ ਕਬੀਰ ਜੀ ਦੀ ਹੀ ਭਾਂਤੀ ਸਾਧ-ਸੰਗਤ ਵਿਚ ਵਿਸ਼ੇਸ਼ ਆਸਥਾ ਵਿਅਕਤ ਕੀਤੀ ਹੈ। ਉਹ ਸਾਧੂ ਸੰਗਤ ਨੂੰ ਇੰਨਾ ਮਹੱਤਵ ਦਿੰਦੇ ਹਨ ਕਿ ਜੇਕਰ ਤੁਸੀਂ ਸਾਧੂ ਸੰਗਤ ਵਿਚ ਰਹਿ ਕੇ ਨਾਮ ਦਾ ਅਨੁਮਾਨ ਨਹੀਂ ਕੀਤਾ ਤਾਂ ਇਹ ਤੇਰਾ ਸਾਰਾ ਜੀਵਨ ਨਿਰਾਰਥਕ ਬੀਤ ਗਿਆ।[82]

ਧਨ ਹਰਿ ਭਗਤਿ ਤ੍ਰਿਲੋਕ ਜਸ ਪਾਵਨੀ।
ਕਹੈ ਸਤਸੰਗ ਦਿਖਿ ਗਿਆਨ ਜਸ ਗਾਵਨੀ। ਟੇਕ।
ਵੇਦ ਤੈਂ ਪੁਰਾਨ ਤੇ ਭਾਗਵਤ ਭਾਗਵਤ ਤੇ ਭਗਤਿ ਪ੍ਰਗਟ ਕੀਨੀਂ।
ਭਗਤਿ ਤੈਂ ਪ੍ਰੇਮ ਤੈਂ ਲੱਛਨਾ, ਬਿਨਾਂ ਸਤਸੰਗ ਨਹੀਂ ਜਾਇ ਚੀਨੀ।[83]

ਜਿਸ ਦਾ ਸਿੱਧਾ ਜਿਹਾ ਭਾਵ ਇਹ ਹੈ ਕਿ ਸਤਿਸੰਗ (ਚੰਗੇ ਤੇ ਭਗਤ ਲੋਕਾਂ ਦੀ ਸੰਗਤ) ਕਰਨੀ ਚਾਹੀਦੀ ਹੈ। ਵੇਦ, ਪੁਰਾਣ ਅਤੇ ਭਾਗਵਤ ਦਾ ਬਹੁਤ ਮਹੱਤਵ ਹੈ ਪਰ ਉਨ੍ਹਾਂ ਦੀ ਸਮਝ ਵੀ ਸਤਿਸੰਗ ਨਾਲ ਹੀ ਆਉਂਦੀ ਹੈ।

ਸਾਧ-ਸੰਗਤ ਬਾਰੇ ਗੁਰਬਾਣੀ ਵਿਚ ਵੀ ਵਿਸਤਾਰ ਸਹਿਤ ਵਿਆਖਿਆ ਕੀਤੀ ਗਈ ਹੈ। ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਸਾਧ-ਸੰਗਤ ਬਾਰੇ ਪੂਰੀ ਅਸ਼ਟਪਦੀ ਦਾ ਉਚਾਰਣ ਕੀਤਾ ਹੈ:

ਸਾਧ ਕੈ ਸੰਗਿ ਮਿਟੈ ਸਭਿ ਰੋਗ।
ਨਾਨਕ ਸਾਧ ਭੇਟੈ ਸੰਜੋਗ।[84]

ਇਕ ਹੋਰ ਥਾਂ ਤੇ ਰਵਿਦਾਸ ਜੀ ਆਖਦੇ ਹਨ:

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ।
ਸਾਧ ਸੰਗਤਿ ਪਾਈ ਪਰਮ ਗਤੇ।[85]

ਮੇਰਾ ਪਿਆਰਾ ਪ੍ਰਾਨ ਨਾਥ ਕਰਤਾਰ ਪ੍ਰਭੂ ਕਿਸ ਤਰ੍ਹਾਂ ਦੀ ਭਗਤੀ ਕਰਨ ਤੇ ਪ੍ਰਾਪਤ ਹੋ ਸਕਦਾ ਹੈ। ਇਸ ਦਾ ਉੱਤਰ ਭਗਤੀ ਮਤ ਵਿਚ ਲਿਖਦੇ ਹਨ ਕਿ ਸਾਧ-ਸੰਗਤ ਦੁਆਰਾ ਪਰਮ ਗਤੀ ਪਾਈ ਜਾ ਸਕਦੀ ਹੈ:

ਇਸੇ ਤਰ੍ਹਾਂ ਦੀ ਇਕ ਹੋਰ ਉਦਾਹਰਣ ਨਿਮਨਲਿਖਤ ਅਨੁਸਾਰ ਹੈ:

ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ।
ਕਹੈ ਰਵਿਦਾਸ ਇਕ ਬੇਨਤੀ ਹਰਿ ਸਿਉ ਪੈਜ ਰਾਖਹੁ ਰਾਜਾ ਰਾਮ ਮੇਰੀ।[86]

ਭਾਵ ਭਗਤੀ ਦਾ ਉਦੈ ਹਿਰਦੇ ਵਿਚੋਂ ਹੁੰਦਾ ਹੈ। ਇਹ ਮਨ ਦੀ ਇਕ ਸਹਿਜੀ ਵਿਸ਼ੇਸ਼ ਵਿਚ ਨਿਰਤ ਰਹਿਣ ਅਤੇ ਉਸੇ ਅਨੁਸਾਰ ਨਿਰੰਤਰ ਚੇਸ਼ਟਾ ਕਰਨ ਦੀ ਭਾਵਨਾ ਵਿਚ ਨਿਹਿਤ ਹੈ। ਭਾਵ ਭਗਤੀ ਕਰਨ ਵਾਲਾ ਬਾਹਰੀ ਆਡੰਬਰ ਵਿਚ ਵਿਸ਼ਵਾਸ ਨਾ ਰਖਦੇ ਹੋਏ ਨਿਸ਼ਕਾਮ ਸੇਵਾ-ਭਾਵਨਾ ਵਿਚ ਵਿਸ਼ਵਾਸ ਰਖਦਾ ਹੈ।[87]

ਨਿਰਗੁਣਵਾਦੀ ਬਾਣੀਕਾਰ ਜਾਤ-ਪਾਤ ਵਿਚ ਵਿਸ਼ਵਾਸ ਨਹੀਂ ਰਖਦੇ। ਗੁਰੂ ਸਾਹਿਬਾਨ ਦਾ ਬਿਨਾਂ ਕਿਸੇ ਭੇਦ-ਭਾਵ, ਜਾਤ-ਪਾਤ ਦੇ ਸਭ ਧਰਮਾਂ ਦੇ ਭਗਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰਨਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਗੁਰੂ ਸਾਹਿਬਾਨ ਜਾਤ-ਪਾਤ ਵਿਚ ਵਿਸ਼ਵਾਸ ਨਹੀਂ ਸਨ ਰਖਦੇ। ਭਗਤਾਂ ਦੀ ਬਾਣੀ ਵਿਚ ਜਾਤ-ਪਾਤ ਦੇ ਖੰਡਨ ਦੇ ਕਈ ਪ੍ਰਮਾਣ ਮਿਲਦੇ ਹਨ। ਕੋਈ ਵੀ ਵਿਅਕਤੀ ਸਿਰਫ਼ ਜਾਤ ਕਾਰਨ ਉੱਚਾ ਨਹੀਂ ਹੋ ਸਕਦਾ।

ਗੁਰੂ ਰਵਿਦਾਸ ਜੀ ਨੇ ਨੀਵੀਂ ਜਾਤ ਦੇ ਲੋਕਾਂ ਅੰਦਰ ਸਵੈਮਾਨ ਦਾ ਅਹਿਸਾਸ ਲਿਆਂਦਾ। ਉਨ੍ਹਾਂ ਨੇ ਆਪਣੀ ਕਰਨੀ ਦੁਆਰਾ ਇਹ ਦਿਖਾ ਦਿੱਤਾ ਕਿ ਜਿਹੜੇ ਬ੍ਰਾਹਮਣ ਸੂਦਰ ਦੀ ਛੋਹ ਨਹੀਂ ਸਨ ਕਰਨੀ ਚਾਹੁੰਦੇ ਹੁਣ ਉਹ ਉਨ੍ਹਾਂ ਦੇ ਚਰਨਾਂ ਤੇ ਝੁਕਦੇ ਹਨ। ਸਮਾਜ ਵਿਚ ਇਹ ਇਕ ਇਨਕਲਾਬੀ ਮੋੜ ਸੀ। ਉੱਚ ਵਰਗ ਦਾ ਹੱਠ ਟੁੱਟ ਗਿਆ ਸੀ ਅਤੇ ਨੀਵੀਂ ਜਾਤੀ ਉਚੇਰੀ ਉੱਠ ਰਹੀ ਸੀ।[88]

ਰੇ ਚਿਤ ਚੇਤਿ ਅਚੇਤ। ਕਾਹੇ ਨ ਬਾਲਮੀਕਹਿ ਦੇਖ।
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ।[89]

ਇਨ੍ਹਾਂ ਸਤਰਾਂ ਵਿਚ ਗੁਰੂ ਰਵਿਦਾਸ ਜੀ ਬਾਲਮੀਕਿ ਦੀ ਉਦਾਹਰਨ ਦਿੰਦੇ ਹਨ ਜਿਹੜਾ ਕਿ ਨੀਚ ਜਾਤੀ ਨਾਲ ਸੰਬੰਧਤ ਸੀ ਪਰੰਤੂ ਭਗਤੀ ਅਤੇ ਆਸਥਾ ਨਾਲ ਉਸ ਨੇ ਰਾਮ ਨੂੰ ਅਵਤਾਰ ਪ੍ਰਭੂ ਨੂੰ ਵੀ ਪਾ ਲਿਆ ਸੀ। ਜਾਤੀ ਨੂੰ ਪੂਰਬ-ਜਨਮ ਦੇ ਕਰਮਾਂ ਅਨੁਸਾਰ ਨਿਰਧਾਰਤ ਕਰਨਾ ਮੂਰਖ ਬਣਾਉਣ ਦਾ ਪ੍ਰਯਾਸ ਹੈ। ਇਸ ਵਿਚ ਇਕ ਵਰਗ ਤੇ ਦੂਸਰੇ ਵਰਗ ਦੁਆਰਾ ਸੋਸ਼ਣ ਦੀ ਭਾਵਨਾ ਬਣੀ ਰਹਿੰਦੀ ਹੈ। ਇਕ ਵਰਗ ਜਦ ਇਕ ਵਾਰ ਥੱਲੇ ਆ ਗਿਆ ਤਾਂ ਫਿਰ ਉਸ ਨੂੰ ਸਿਰ ਚੁੱਕਣ ਦਾ ਸਾਹਸ ਹੀ ਨਹੀਂ ਹੋਇਆ ਅਤੇ ਉਚ ਵਰਗ ਵਾਲਿਆਂ ਨੇ ਉਸ ਨੂੰ ਉਠਣ ਨਾ ਦੇਣ ਲਈ ਸਵਾਰਥਪੂਰਨ ਵਿਧਾਨ ਬਣਾ ਲਏ।[90]

ਜਾਤ-ਪਾਤ ਸੰਬੰਧੀ ਸਭ ਤੋਂ ਉੱਤਮ ਉਦਾਹਰਨ ਤਾਂ ਗੁਰੂ ਰਵਿਦਾਸ ਜੀ ਨੇ ਆਪਣੀ ਹੀ ਪ੍ਰਸਤੁਤ ਕੀਤੀ ਹੈ। ਗੁਰੂ ਰਵਿਦਾਸ ਜੀ ਆਪ ਨੀਵੀਂ ਜਾਤ ਨਾਲ ਸੰਬੰਧਿਤ ਸਨ। ਸਾਰੀ ਉਮਰ ਹੱਥੀਂ ਕੰਮ ਕਰਕੇ ਮਿਹਨਤ ਨਾਲ ਰੋਟੀ ਕਮਾਈ ਪਰੰਤੂ ਆਪਣੀ ਆਸਥਾ ਅਤੇ ਨਾਮ ਸਿਮਰਨ ਸਦਕਾ ਉਨ੍ਹਾਂ ਦਾ ਦਰਜਾ ਬ੍ਰਾਹਮਣਾਂ ਨਾਲੋਂ ਵੀ ਉੱਚਾ ਹੋ ਗਿਆ। ਉਦਾਹਰਣ ਵਜੋਂ:

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ।

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।[91]

ਇਸ ਪਦੇ ਵਿਚ ਇਕ ਉਚੇਰੀ ਅਵਸਥਾ ਵਾਲੇ ਭਗਤ ਦਾ ਗੌਰਵ ਹੈ ਕਿ ਭਾਵੇਂ ਚਮਾਰ ਹੋਣ ਕਰਕੇ ਵਰਣ-ਵਿਵਸਥਾ ਵਾਲੇ ਸਮਾਜ ਵਿਚ ਨੀਵੀਂ ਜਾਤ ਦਾ ਸਮਝਿਆ ਜਾਂਦਾ ਹੈ, ਪਰ ਹੁਣ ਕਿਉਂਕਿ ਉਹ ਰਾਮ ਨਾਮ ਦਾ ਉਪਾਸਕ ਹੋ ਗਿਆ ਹੈ, ਪਰਮਾਤਮਾ ਉਸ ਤੇ ਮਿਹਰਬਾਨ ਹੋ ਗਿਆ ਹੈ, ਅਤੇ ਉਹ ਰਾਮ ਰੂਪ ਹੋ ਗਿਆ ਹੈ, ਇਸ ਲਈ ਉੱਚੀ ਜਾਤ ਵਾਲੇ ਵੀ ਉਸ ਦੇ ਸਾਹਮਣੇ ਨਿਉਂਦੇ ਹਨ। ਉੱਚੀ ਜਾਤ ਵਾਲੇ ਕੇਵਲ ਕਰਮ-ਕਾਂਡ ਵਿਚ ਫਸ ਕੇ ਰਹਿ ਗਏ ਸਨ ਜਦੋਂ ਕਿ ਗੁਰੂ ਰਵਿਦਾਸ ਜੀ ਨੇ ਪ੍ਰੇਮਾ-ਭਗਤੀ ਨਾਲ ਪ੍ਰਭੂ ਭਗਤੀ ਕਰ ਲਈ ਸੀ।

ਨਿਰਗੁਣਵਾਦ ਵਿਚ ਕਰਮ-ਕਾਂਡ ਲਈ ਕੋਈ ਸਥਾਨ ਨਹੀਂ ਹੈ। ਹਿੰਦੂ ਸਮਾਜ ਵਿਚ ਪ੍ਰਚਲਿਤ ਦਿਖਾਵੇ ਦੇ ਵਰਤ, ਪੂਜਾ, ਇਸ਼ਨਾਨ, ਦੇਵੀ-ਦੇਵਤਿਆਂ ਦੀ ਪੂਜਾ ਆਦਿ ਦਾ ਗੁਰੂ ਸਾਹਿਬਾਨ ਅਤੇ ਭਗਤਾਂ ਨੇ ਵੀ ਜ਼ੋਰਦਾਰ ਖੰਡਨ ਕੀਤਾ ਹੈ। ਅਨੁਭਵ ਵਿਹੂਣੇ ਧਾਰਮਿਕ ਜੀਵਨ ਦੇ ਨਾਮਕ-ਬ੍ਰਾਹਮਣਾਂ ਦਾ ਭਗਤ ਰਵਿਦਾਸ ਜੀ ਨੇ ਦੂਜੇ ਭਗਤਾਂ ਵਾਂਗ ਵਿਰੋਧ ਕੀਤਾ ਅਤੇ ਲੋਕਾਂ ਨੂੰ ਸਮਝਾਇਆ ਕਿ ਬ੍ਰਾਹਮਣਾਂ ਦਾ ਕਰਮ-ਕਾਂਡੀ ਮਾਰਗ ਉੱਚੇ ਟਿਕਾਣੇ ਵੱਲ ਨਹੀਂ ਲਿਜਾ ਸਕਦਾ।[92] ਰਵਿਦਾਸ ਜੀ ਅਨੁਸਾਰ:

ਜੇ ਉਹ ਅਠਸਠਿ ਤੀਰਥ ਨਾਵੈ।
ਜੇ ਉਹ ਦੁਆਦਸ ਸਿਲਾ ਪੂਜਾਵੈ।
ਜੇ ਉਹ ਕੂਪ ਤਟਾ ਦੇਵਾਵੈ।
ਕਰੈ ਨਿੰਦ ਸਭ ਬਿਰਥਾ ਜਾਵੈ।
ਸਾਧ ਕਾ ਨਿੰਦਕ ਕੈਸੇ ਤਰੈ।

ਸਰਪਰ ਜਾਣਹੁ ਨਰਕ ਹੀ ਪਰੈ।
ਜੇ ਓਹੁ ਗ੍ਰਹਨ ਕਰੈ ਕੁਲਖੇਤਿ।
ਅਰਪੈ ਨਾਰਿ ਸੀਗਾਰ ਸਮੇਤਿ।
ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ।
ਕਰੈ ਨਿੰਦ ਕਵਨੈ ਨਹੀ ਗੁਨੈ।[93]

ਅਰਥਾਤ ਕੋਈ ਵਿਅਕਤੀ ਜੇਕਰ ਪੁਰਾਣਾਂ ਵਿਚ ਦੱਸੇ ਅਠਾਹਟ ਤੀਰਥਾਂ ਦਾ ਇਸ਼ਨਾਨ ਕਰੇ, ਬਾਰ੍ਹਾਂ ਸ਼ਿਵਲਿੰਗਾਂ ਦਾ ਪੂਜਨ ਕਰੇ, ਖੂਹ ਅਤੇ ਤਲਾ ਦਾਨ ਕਰੇ, ਪਰ ਜੇ ਉਹ ਸਾਧ ਜਨਾਂ ਦੀ ਨਿੰਦਾ ਕਰੇ ਤਾਂ ਸਭ ਅਜਾਈ ਜਾਵੇਗਾ। ਸਾਧ ਦੀ ਨਿੰਦਾ ਕਰਨ ਵਾਲਾ ਕਿਸ ਤਰ੍ਹਾਂ ਪਾਰ ਉਤਰ ਸਕਦਾ ਹੈ, ਨਿਸਚੇ ਹੀ ਉਹ ਨਰਕਾਂ ਵਿਚ ਜਾਵੇਗਾ। ਜੇਕਰ ਉਹ ਕੁਰਖੇਤਰ ਵਿਚ ਜਾ ਕੇ ਗ੍ਰਹਿਣ ਦਾ ਸਮਾਂ ਬਿਤਾਵੇ, ਸਜੇ ਇਸਤ੍ਰੀ ਦਾਨ ਕਰੇ। ਸਾਰੇ ਵੇਦਾਂ ਦਾ ਪਾਠ ਆਪਣੀ ਕੰਨੀ ਸੁਣੇ, ਪਰੰਤੂ ਸਾਧ ਜਨਾਂ ਦੀ ਨਿੰਦਾ ਕਰਨ ਵਾਲੇ ਦਾ ਅਜਿਹਾ ਕੋਈ ਵੀ ਗੁਣ ਨਹੀਂ ਗਿਣਿਆ ਜਾਵੇਗਾ। ਉਸ ਦੇ ਸਭੇ ਦਾਨ-ਕਰਮ ਨਿਸਫਲ ਹੋ ਜਾਂਦੇ ਹਨ। ਇਸੇ ਤਰ੍ਹਾਂ ਹੋਰ ਕਹਿੰਦੇ ਹਨ:

ਕਾਬੇ ਅਰੁ ਕੈਲਾਸ ਮਹੰ, ਜਿਹ ਤੂੰ ਢੂਢਣ ਜਾਹ।
ਰਵਿਦਾਸ ਪਿਆਰਾ ਰਾਮ ਤਉ ਬਾਇਠਹਿੰ ਮਨ ਮਾਹਿ।[94]

ਭਾਵ ਕਾਬੇ ਅਤੇ ਕੈਲਾਸ਼ ਵਿਚ ਜਿਸ ਨੂੰ ਲੱਭਣ ਜਾਂਦੇ ਹੋ, ਉਹ ਪਿਆਰਾ ਰਾਮ ਤਾਂ ਤੁਹਾਡੇ ਮਨ ਵਿਚ ਹੀ ਬੈਠਾ ਹੈ। ਕਾਬਾ ਮੁਸਲਮਾਨਾਂ ਦਾ ਅਤੇ ਕੈਲਾਸ਼ ਹਿੰਦੂਆਂ ਦਾ ਧਾਰਮਿਕ ਅਸਥਾਨ ਹੈ। ਜਿਸ ਕਰਕੇ ਇਹ ਸਥਾਨ ਧਰਮ ਦੇ ਪ੍ਰਤੀਕ ਹੋ ਨਿਬੜੇ ਹਨ।

## ਸਮੁੱਚਾ ਵਿਵੇਚਨ

ਉਪਰੋਕਤ ਵਿਚਾਰ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਗੁਰਮਤਿ ਸਿਧਾਂਤ ਅਤੇ ਰਵਿਦਾਸ ਬਾਣੀ ਦੀ ਸੁਰ ਇੱਕੋ ਹੀ ਹੈ। ਉਹ ਇੱਕੋ ਹੀ ਮੰਤਵ ਵਾਸਤੇ ਰਚੀ ਗਈ ਹੈ, ਅਤੇ ਉਸ ਵਿਚ ਵਿਰੋਧ ਦਾ ਭਾਵ ਕੋਈ ਨਹੀਂ ਹੈ। ਦੂਜੀ ਹਕੀਕਤ ਇਹ ਹੈ ਕਿ ਗੁਰਮਤਿ ਕਾਵਿ ਵਾਂਗ ਹੀ ਗੁਰੂ ਰਵਿਦਾਸ ਬਾਣੀ ਵੀ ਭਾਰਤੀ ਵਿਰਸੇ ਵਿਚੋਂ ਪੌਰਾਣਿਕ ਹਵਾਲਿਆਂ ਦੀ ਸਹਾਇਤਾ ਨਾਲ ਆਪਣੇ ਸੂਖਮ ਭਾਵਾਂ ਨੂੰ ਆਮ ਲੋਕਾਂ ਤਕ ਪਹੁੰਚਾਉਣ ਵਾਸਤੇ ਸਥੂਲ ਰੂਪ ਦਿੰਦੀ ਹੈ। ਇਸ ਖੇਤਰ ਵਿਚ ਵੀ ਰਵਿਦਾਸ ਬਾਣੀ ਦੀ ਸੁਰ ਗੁਰਮਤਿ ਕਾਵਿ ਨਾਲ ਪੂਰੀ ਤਰ੍ਹਾਂ ਇਕਸੁਰ ਹੈ, ਕਿਉਂਕਿ ਇਸ ਬਾਣੀ ਨੇ ਆਪਣੇ ਮਰਕਜ਼ੀ ਸਮੁੱਚੀ ਬਾਣੀ ਦਾ ਰੂਪ ਸੁਨਿਸ਼ਚਿਤ ਕੀਤਾ ਹੈ।

## ਪਦ-ਟਿੱਪਣੀਆਂ ਅਤੇ ਹਵਾਲੇ

1. ਡਾ. ਸੁਰਜਨ ਸਿੰਘ ਮਜੀਠੀਆ, ਸੰਤ ਸਾਹਿਤਯ, ਪੰਨਾ 71.
2. ਡਾ. ਦਲੀਪ ਸਿੰਘ ਦੀਪ, ਸਾਧਨ ਮੇਂ ਰਵਿਦਾਸ ਸੰਤ, ਪੰਨਾ 87.
3. ਰਾਮ ਪ੍ਰਤਾਪ ਆਨੰਦ, ਪੰਜਾਬ ਸੌਰਭ, ਰਵਿਦਾਸ ਅੰਕ, ਪੰਨਾ 110
4. ਆ. ਪਰਸ਼ੂਰਾਮ ਚਤੁਰਵੇਦ, ਸੰਤ ਸਾਹਿਤਯ ਕੇ ਪ੍ਰੇਰਨਾ ਸ੍ਰੋਤ, ਪੰਨਾ 58.
5. ਡਾ. ਸ਼ਿਵ ਕੁਮਾਰ ਸ਼ਰਮਾ, ਹਿੰਦੀ ਸਾਹਿਤਯ: ਯੁਗ ਔਰ ਪ੍ਰਵਿਰਤੀਆਂ, ਪੰਨਾ 126.
6. ਉਹੀ, ਪੰਨਾ 101.
7. ਡਾ. ਬੀ. ਪੀ. ਸ਼ਰਮਾ, ਸੰਤ ਰਵਿਦਾਸ ਕੀ ਭਕਤਿ ਸਾਧਨਾ, ਪੰਨੇ 1-2.
8. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ 48.
9. ਆ. ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਪੰਨਾ 4.
10. ਆ. ਪ੍ਰਿਥਵੀ ਸਿੰਘ, ਆਜ਼ਾਦ, ਪੰਜਾਬੀ ਦੁਨੀਆਂ (ਭਗਤੀ ਅੰਕ), ਪੰਨਾ 249.
11. ਉਹੀ, ਪੰਨਾ 249-50.
12. Taran Singh (ed.), Sikh Gurus and the Indian Spiritual Thought, pp. 184-87.
13. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹੱਲਾ 1, ਪੰਨਾ 1.
14. ਡਾ. ਤਾਰਨ ਸਿੰਘ, ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, ਪੰਨੇ 247-48.

15. ਕਸ਼ੋਰ ਸਿੰਘ, ਨਾਨਕ ਬਾਣੀ ਚਿੰਤਨ, ਪੰਨਾ 57.

16. ਡਾ. ਟੀ. ਆਰ. ਸ਼ੰਗਾਰੀ, ਖੋਜ ਪਤ੍ਰਿਕਾ (ਗੁਰਮਤਿ ਕਾਵਿ ਅੰਕ), ਪੰਨਾ 81

17. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹੱਲਾ 5, ਪੰਨਾ 12.

18. ਉਹੀ, ਪੰਨਾ 262.

19. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਗੁਰੂ ਰਵਿਦਾਸ, ਪੰਨਾ 113.

20. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 16.

21. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 658.

22. ਉਹੀ, ਪੰਨਾ 794.

23. ਉਹੀ, ਪੰਨਾ 1293

24. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 112.

25. ਕਸ਼ੋਰ ਸਿੰਘ, ਨਾਨਕ ਬਾਣੀ ਚਿੰਤਨ, ਪੰਨਾ 50.

26. ਕਰਮ ਸਿੰਘ ਭਾਗੂ, ਹਉਂ ਬਨਾਰਸੋ ਦਾਸ ਹੋ: ਗੁਰੂ ਰਵਿਦਾਸ, ਪੰਨਾ 126

27. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 694.

28. ਕਸ਼ੋਰ ਸਿੰਘ, ਨਾਨਕ ਬਾਣੀ ਚਿੰਤਨ, ਪੰਨਾ 53.

29. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹੱਲਾ 1, ਪੰਨਾ 12.

30. ਡਾ. ਧਰਮਪਾਲ ਸਿੰਗਲ (ਸੰਪਾ.), ਗੁਰੂ ਰਵਿਦਾਸ ਬਾਣੀ, ਪੰਨਾ 26

31. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1167.

32. ਉਹੀ, ਪੰਨਾ 875.

33. ਉਹੀ, ਪੰਨਾ 487.

34. ਕਸ਼ੀਰ ਸਿੰਘ, ਨਾਨਕ ਬਾਣੀ ਚਿੰਤਨ, ਪੰਨਾ 54.

35. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ

36. ਉਹੀ, ਪੰਨਾ 345

37. ਉਹੀ, ਪੰਨਾ 1106.

38. ਕਸ਼ੀਰ ਸਿੰਘ, ਨਾਨਕ ਬਾਣੀ ਚਿੰਤਨ, ਪੰਨਾ 54.

39. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹੱਲਾ 1, ਪੰਨਾ 596.

40. ਡਾ. ਧਰਮਪਾਲ ਸਿੰਗਲ, ਗੁਰੂ ਰਵਿਦਾਸ ਬਾਣੀ, ਪੰਨਾ 52

41. ਕਸ਼ੀਰ ਸਿੰਘ, ਨਾਨਕ ਬਾਣੀ ਚਿੰਤਨ, ਪੰਨਾ 54

42. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346

43. ਉਹੀ, ਪੰਨਾ 345.

44. ਕਸ਼ੀਰ ਸਿੰਘ, ਨਾਨਕ ਬਾਣੀ ਚਿੰਤਨ, ਪੰਨਾ 55

45. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 339.

46. ਉਹੀ, ਪੰਨਾ 858.

47. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ 41
ਰਵਿੰਦ੍ਰ ਕੁਮਾਰ, ਹਿੰਦੀ ਭਗਤੀ ਸਾਹਿਤ੍ਯ ਮੇਂ ਲੋਕ-ਤੱਤ੍ਵ, ਪੰਨਾ 16.

48. ਆਚਾਰੀਆ ਹਜ਼ਾਰੀ ਪ੍ਰਸਾਦ ਦ੍ਵਿਵੇਦੀ, ਕਬੀਰ, ਪੰਨਾ 132

49. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 532.

50. ਡਾ. ਧਰਮਪਾਲ ਮੈਣੀ, ਪੰਜਾਬੀ ਦੁਨੀਆ (ਨਿਰਗੁਣ ਸਾਹਿਤ ਅੰਕ), ਪੰਨਾ 18.

51. ਡਾ. ਜੀਤ ਸਿੰਘ ਸੀਤਲ, ਪੰਜਾਬੀ ਦੁਨੀਆਂ (ਨਿਰਗੁਣ ਸਾਹਿਤ ਅੰਕ), ਪੰਨਾ 204-05.

52 ਡਾ. ਬਾਬੂ ਰਾਮ ਜੋਸ਼ੀ, ਸੰਤ ਤਾਰਿਕਾ ਮੇਂ ਪਰੋਕਸ਼ਸੱਤਾ ਕਾ ਸਰੂਪ, ਪੰਨਾ 6.

53. ਜਸਬੀਰ ਸਿੰਘ ਰਾਏ, ਪੰਜ ਦਰਿਆ, ਜਨਵਰੀ 1978, ਪੰਨਾ 58.

54. ਡਾ. ਵਿਦਿਆਧਰ ਧਸਮਾਨਾ, ਨੈਤਿਕਤਾ ਔਰ ਸਗੁਣ ਭਕਤੀ ਸਾਹਿਤਯ, ਪੰਨਾ 50

55. ਡਾ. ਜਗੀਰ ਸਿੰਘ, ਸਿੱਖ ਧਰਮ ਦਰਸ਼ਨ, ਪੰਨਾ 36.

56 ਡਾ. ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਅਤੇ ਨਿਰਗੁਣਧਾਰਾ, ਪੰਨਾ 170.

57. ਡਾ. ਸਵਿਤ੍ਰੀ ਸ਼ੁਕਲ, ਸੰਤ ਸਾਹਿਤਯ ਕੀ ਸਾਮਾਜਿਕ ਔਰ ਸਾਂਸਕ੍ਰਿਤਕ ਪ੍ਰਿਸ਼ਠਭੂਮੀ, ਪੰਨਾ 14.

58. ਡਾ. ਸ਼ਿਵ ਕੁਮਾਰ ਸ਼ਰਮਾ, ਹਿੰਦੀ ਸਾਹਿਤ: ਯੁਗ ਔਰ ਪ੍ਰਵਿਰਤੀਆਂ, ਪੰਨਾ 105

59. ਆਚਾਰੀਆ ਹਜ਼ਾਰੀ ਪ੍ਰਸਾਦ ਦ੍ਵਿਵੇਦੀ, ਕਬੀਰ, ਪੰਨਾ 111.

60. ਉਹੀ, ਪੰਨਾ 127.

61. ਓਮ ਪ੍ਰਕਾਸ਼ ਆਨੰਦ, ਪੰਜਾਬੀ ਦੁਨੀਆਂ, ਪੰਨਾ 34.

62. ਡਾ. ਤਾਰਨ ਸਿੰਘ, ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ (ਮੁੱਖਬੰਦ), ਪੰਨਾ 18.

63. ਡਾ. ਗੁਰਚਰਨ ਸਿੰਘ ਮਹਿਤਾਬੀਆ, ਸੰਤ ਸਾਹਿਤ, ਪੰਨਾ 240.

64. ਡਾ. ਰਤਨ ਸਿੰਘ ਜੱਗੀ (ਸੰਪਾ.), ਬਾਣੀ ਗੁਰੂ ਰਵਿਦਾਸ, ਪੰਨਾ 8.

65. ਡਾ. ਬੀ. ਪੀ. ਸ਼ਰਮਾ, ਸੰਤ-ਗੁਰੂ ਰਵਿਦਾਸ ਵਾਣੀ, ਪੰਨਾ 54

66. ਡਾ. ਚੰਦਰਦੇਵ ਰਾਏ, ਕਬੀਰ ਔਰ ਰੈਦਾਸ, ਪੰਨੇ 196-98.

67. ਡਾ. ਸ਼ਿਵ ਕੁਮਾਰ ਸ਼ਰਮਾ, ਹਿੰਦੀ ਸਾਹਿਤਯ: ਯੁਗ ਔਰ ਪ੍ਰਵਿਰਤੀਆਂ, ਪੰਨਾ 116.

68. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293.

69. ਡਾ. ਧਰਮਪਾਲ ਸਿੰਗਲ, ਗੁਰੂ ਰਵਿਦਾਸ ਬਾਣੀ, ਸਾਖੀ 90.

70. ਉਹੀ, ਸਾਖੀ 103.

71. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਪੰਨਾ 18

72. ਪਰਸ਼ੂਰਾਮ ਚਤੁਰਵੇਦੀ, ਸੰਤ ਸਾਹਿਤ ਕੇ ਪ੍ਰੇਰਨਾਸ੍ਰੋਤ, ਪੰਨਾ 147.

73. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 658

74. ਉਹੀ, ਪੰਨਾ 658.

75. ਉਹੀ, ਪੰਨਾ 1167.

76. ਜਗਦੀਸ਼ਨਾਥ ਉਪਾਧਿਆਏ, ਗੁਰੂ ਰਵਿਦਾਸ, ਪੰਨਾ 133

77. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346

78. ਉਹੀ, ਪੰਨਾ 1196

79. ਉਹੀ, ਪੰਨਾ 694.

80. ਉਹੀ, ਮਹਲਾ 1, ਪੰਨਾ 663.

81. ਜਗਦੀਸ਼ਨਾਥ ਉਪਾਧਿਆਏ, ਗੁਰੂ ਰਵਿਦਾਸ, ਪੰਨਾ 128.

82. ਡਾ. ਚੰਦਰਦੇਵ ਰਾਏ, ਰੈਦਾਸ ਔਰ ਕਬੀਰ, ਏਕ ਤੁਲਨਾਤਮਕ ਅਧਿਐਨ, ਪੰਨਾ 217-18.

83. ਡਾ. ਧਰਮਪਾਲ ਸਿੰਗਲ, ਗੁਰੂ ਰਵਿਦਾਸ ਬਾਣੀ, ਪੰਨਾ 52

84. ਸ੍ਰੀ ਗੁਰੂ ਗ੍ਰੰਥ ਸਾਹਿਬ, ਮਹੱਲਾ 5, ਪੰਨਾ 271.

85. ਉਹੀ, ਪੰਨਾ 1293

86. ਉਹੀ, ਪੰਨਾ 693.

87. ਡਾ. ਧਰਮਪਾਲ ਮਈਨ, ਨੀਰ ਤੇ ਛੇਕ ਕੀਤੇ ਮੇਰੇ ਸਤਿਗੁਰੂ, ਪੰਨਾ 68.

88. ਡਾ. ਰਣਧੀਰ ਸਿੰਘ ਦੀਪ, ਭਾਰਤ ਮੇਂ ਰਵਿਦਾਸ ਮਤ, ਪੰਨਾ 85.

89. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1124

90. ਇੰਦਰਰਾਜ ਸਿੰਘ, ਸੰਤ ਰਵਿਦਾਸ, ਪੰਨਾ 1[illegible]

91. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293.

92. ਡਾ. ਜਨੇਂਧ ਸਿੰਘ ਰੋਪ, ਸਾਧਨ ਮੇਂ ਰਵਿਦਾਸ ਮਤ, ਪੰਨਾ 39.

93. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 875.

94. ਡਾ. ਧਰਮਪਾਲ ਸਿੰਗਲ, ਗੁਰੂ ਰਵਿਦਾਸ ਬਾਣੀ, ਸਾਖੀ 59.

# ਸਾਰ ਅਤੇ ਸਥਾਪਨਾਵਾਂ

ਮੱਧਕਾਲ ਦੇ ਲੇਖਕਾਂ ਨੇ ਪੌਰਾਣਿਕ ਸੰਕੇਤਾਂ ਦਾ ਪ੍ਰਯੋਗ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਲਈ ਕੀਤਾ ਹੈ। ਇਨ੍ਹਾਂ ਦੀ ਵਰਤੋਂ ਪ੍ਰਤੀਕਾਂ ਦੇ ਰੂਪ ਵਿਚ ਹੋਈ ਹੈ। ਕਈ-ਕਈ ਤੇ ਨੈਤਿਕ ਆਦਰਸ਼ਾਂ ਨੂੰ ਅਧਿਕ ਪ੍ਰਭਾਵਸ਼ਾਲੀ ਢੰਗ ਨਾਲ ਸਮਝਣ ਲਈ ਇਨ੍ਹਾਂ ਪੌਰਾਣਿਕ ਕਹਾਣੀਆਂ ਦਾ ਸਹਾਰਾ ਲਿਆ ਜਾਂਦਾ ਹੈ। ਰਵਿਦਾਸ ਬਾਣੀ ਵੀ ਹਿੰਦੂ ਮਿੱਥ ਅਤੇ ਪੌਰਾਣਿਕ ਵੇਰਵਿਆਂ ਨੂੰ ਲਗਾਤਾਰ ਸਮਿਲਿਤ ਕਰਕੇ ਵਿਕਸਿਤ ਹੁੰਦੀ ਹੈ। ਗੁਰੂ ਰਵਿਦਾਸ ਆਪਣੀ ਬਾਣੀ ਵਿਚ ਸਮਕਾਲੀ ਉਪਯੋਗਤਾ ਅਨੁਕੂਲ ਪੌਰਾਣਿਕ ਕਹਾਣੀਆਂ ਨੂੰ ਹੀ ਅਪਣਾਉਂਦੇ ਹਨ। ਉਹ ਇਸ ਨੂੰ ਕਿਸੇ ਲਿਖਤ ਦਾ ਮੂਲਾਧਾਰ ਨਹੀਂ ਮੰਨਦੇ, ਸਗੋਂ ਪੌਰਾਣਿਕ ਕਹਾਣੀਆਂ ਦੇ ਆਧਾਰ ਤੇ ਸਮਾਜ ਵਿਚ ਮੌਜੂਦ ਵਿਸੰਗਤੀਆਂ ਦਾ ਖੰਡਨ ਕਰਦੇ ਹਨ।

ਅਜੋਕੇ ਯੁਗ ਵਿਚ ਜਦੋਂ ਕਿ ਮਨੁੱਖ ਆਪਣੇ ਯੁਗ ਉੱਪਰ ਵਿਜੈ-ਭਾਵ ਮਾਣਨਾ ਚਾਹ ਰਿਹਾ ਹੈ, ਪੁਰਾਤਨ ਸਾਹਿਤ ਅਤੇ ਪੁਰਾਤੱਤਵ ਵਸਤਾਂ ਦੀ ਮਹੱਤਤਾ ਸੁਤੇ-ਸਿਧ ਹੀ ਉਜਾਗਰ ਹੋ ਰਹੀ ਹੈ। ਸਾਹਿਤ ਤਾਂ ਪੁਰਾਤਨ ਵਸਤਾਂ ਤੋਂ ਵੀ ਵੱਧ ਮਹੱਤਵਪੂਰਨ ਹੁੰਦਾ ਹੈ, ਕਿਉਂਕਿ ਇਹ ਤੱਤਕਾਲੀ ਪ੍ਰਮਾਣਿਕ ਨਹੀਂ ਹੁੰਦਾ, ਸਗੋਂ ਦੇਸ਼, ਕਾਲ ਜਾਂ ਕੌਮ ਦੀ ਧਰਮ-ਇਤਿਹਾਸ ਤੇ ਮਿਥਿਹਾਸਕ ਭਾਵਨਾ ਦਾ ਉਦਾਤੀਕਰਨ ਹੁੰਦਾ ਹੈ। ਅਜੋਕੇ ਪੰਜਾਬੀ ਸਾਹਿਤ ਅਧਿਐਨ ਦੇ ਸੰਦਰਭ ਵਿਚ ਇਸੇ ਕਰਕੇ ਮੱਧਕਾਲੀ ਸਾਹਿਤ ਪ੍ਰਤਿ ਸਮੀਖਿਅਕਾਂ ਅਤੇ ਖੋਜੀਆਂ ਦੀ ਰੁਚੀ ਜਾਗੀ ਹੈ। ਰਵਿਦਾਸ ਬਾਣੀ ਵੀ ਗੁਰਮਤਿ ਕਾਵਿ-ਧਾਰਾ ਦਾ ਇਕ ਮਹੱਤਵਪੂਰਨ ਅੰਗ ਹੈ ਅਤੇ ਇਹ ਭਾਰਤੀ ਦਰਸ਼ਨ ਦਾ ਵੀ ਉੱਤਮ ਨਮੂਨਾ ਆਪਣੇ ਵਿਚ ਸਮੋਈ ਬੈਠਾ ਹੈ।

ਮਾਨਵ-ਵਿਗਿਆਨ, ਮਨੋਵਿਗਿਆਨ ਅਤੇ ਸਾਹਿਤ ਦੇ ਕਾਵਿ-ਸ਼ਾਸਤਰ ਨੂੰ ਨਿਸ਼ਚਿਤ ਕਰ ਰਹੇ ਵਿਦਵਾਨਾਂ ਦੇ ਖੇਤਰ ਵਿਚ ਅਜਿਹੇ ਬਹੁਪੱਖੀ ਅਧਿਐਨ ਨੂੰ ਪਹਿਲਾਂ ਹੀ

ਮਾਨਤਾ ਮਿਲ ਰਹੀ ਹੈ।

ਇਸੇ ਸੇਧ ਨੂੰ ਰੂਪਮਾਨ ਕਰਨ ਲਈ ਹੀ ਅਸੀਂ ਆਪਣੇ ਪਹਿਲੇ ਅਧਿਆਇ ਪੁਰਾਣ ਸਾਹਿਤ ਦੀ ਪਰਿਭਾਸ਼ਾ ਤੇ ਪੌਰਾਣਿਕਤਾ ਨੂੰ ਸਿਧਾਂਤਕ ਪਰਿਪੇਖ ਅਨੁਸਾਰ ਸਮਝਣ ਦਾ ਯਤਨ ਕੀਤਾ ਹੈ। ਇਸ ਦੇ ਅੰਤਰਗਤ ਪੁਰਾਣ ਸਾਹਿਤ ਦੀ ਪਰਿਭਾਸ਼ਾ ਨੂੰ ਨਿਸ਼ਚਿਤ ਅਰਥਾਂ ਵਿਚ ਕਲਮਬੰਦ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪੁਰਾਣਾਂ ਦੇ ਰਚੈਤਾ, ਪੁਰਾਣਾਂ ਦਾ ਰਚਨਾ-ਕਾਲ, ਪੁਰਾਣਾਂ ਦੇ ਲੱਛਣ, ਪੁਰਾਣਾਂ ਦਾ ਵਰਗੀਕਰਨ ਅਤੇ ਪੁਰਾਣਾਂ ਦਾ ਮਹੱਤਵ ਅਤੇ ਉਪਯੋਗਤਾ ਨੂੰ ਵਿਸ਼ਲੇਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਕਾਰਜ ਲਈ ਵਿਦਵਾਨਾਂ ਦੀ ਖੋਜ ਨੂੰ ਹੀ ਆਧਾਰ ਬਣਾਇਆ ਹੈ।

ਇੰਜ ਹੀ ਦੂਜੇ ਅਧਿਆਇ ਵਿਚ ਰਵਿਦਾਸ ਬਾਣੀ ਵਿਚ ਸਾਹਿਤਕ ਪ੍ਰਵਿਰਤੀਆਂ ਦੇ ਸੰਦਰਭ ਵਿਚ ਪੌਰਾਣਿਕਤਾ ਨੂੰ ਖੋਜ ਦਾ ਆਧਾਰ ਬਣਾਇਆ ਹੈ। ਪ੍ਰਵਿਰਤੀ ਦਾ ਸੰਬੰਧ ਮਨੁੱਖਾ ਚੇਤਨਾ ਦੇ ਅਚੇਤ ਅਤੇ ਅਰਧ-ਸੁਚੇਤ ਪੱਖ ਨਾਲ ਹੈ। ਭਗਤ ਬਾਣੀਆਂ ਵਿਚੋਂ ਰਵਿਦਾਸ ਬਾਣੀ ਚੇਤਨਾਤਮਕ ਸੁਰ ਅਪਣਾਉਂਦੀ ਦਿੱਸਦੀ ਹੈ ਅਤੇ ਇਹ ਸੁਰ ਉਹ ਆਪਣੀ ਦਾਸ ਚੇਤਨਾ ਜਾਂ ਦਾਸ ਸ੍ਰੇਣੀ ਵਿਚੋਂ ਉਪਜੀ ਮਾਨਸਿਕਤਾ ਸਦਕਾ ਪੂਰੀ ਤਾਕਤ ਨਾਲ ਇਸ ਨੂੰ ਰੱਦ ਕਰਦੀ ਹੈ। ਜਿਥੋਂ ਤਕ ਪੌਰਾਣਿਕਤਾ ਦਾ ਤਾਅਲੁੱਕ ਹੈ, ਰਵਿਦਾਸ ਬਾਣੀ ਇਸ ਨੂੰ ਪ੍ਰਤੀਕਗਾਮੀ ਰੂਪ ਵਿਚ ਲੈਂਦੀ ਹੈ, ਅਨੁਸਾਰੀ ਰੂਪ ਵਿਚ ਨਹੀਂ।

ਤੀਸਰਾ ਅਧਿਆਇ ਰਵਿਦਾਸ ਬਾਣੀ ਵਿਚ ਪੌਰਾਣਿਕ ਤੱਤ ਨਾਲ ਸੰਬੰਧਤ ਹੈ। ਇਸ ਦੇ ਅੰਤਰਗਤ ਰਵਿਦਾਸ ਬਾਣੀ ਵਿਚ ਆਏ ਪੌਰਾਣਿਕ ਪ੍ਰਤੀਕ/ਬਿੰਬ/ਚਿੰਨ੍ਹ, ਰਾਮਾਇਣ ਅਤੇ ਮਹਾਂਭਾਰਤ ਨਾਲ ਸੰਬੰਧਿਤ ਚਰਿਤ੍ਰ, ਪੌਰਾਣਿਕ ਘਟਨਾਵਾਂ ਸੂਚਕ ਪ੍ਰਾਪਤ ਪ੍ਰਭੂ-ਭਗਤਾਂ ਦੇ ਪ੍ਰਸੰਗ, ਰਿਸ਼ੀ-ਮੁਨੀਆਂ ਦੇ ਪ੍ਰਸੰਗ, ਪ੍ਰਾਚੀਨ ਰਾਜ-ਵੰਸ਼ਾਂ ਦੇ ਪ੍ਰਸੰਗ, ਭਗਤ ਰੱਖਿਆ

ਆਤਰ ਪ੍ਰਭੂ-ਅਵਤਰਣ ਆਦਿ ਵਿਚਾਰਾਂ ਨੂੰ ਛੁਹਿਆ ਗਿਆ ਹੈ। ਇਨ੍ਹਾਂ ਸਭ ਵਿਚਾਰਾਂ ਦਾ ਰਵਿਦਾਸ ਬਾਣੀ ਵਿਚ ਕਿਤੇ-ਕਿਤੇ ਸੰਖੇਪ ਰੂਪ ਵਿਚ ਅਤੇ ਕਿਤੇ ਵਿਸਤ੍ਰਿਤ ਰੂਪ ਵਿਚ ਉਲੇਖ ਮਿਲਦਾ ਹੈ, ਜਿਨ੍ਹਾਂ ਨੂੰ ਗੁਰੂ ਰਵਿਦਾਸ ਜੀ ਨੇ ਨਵੇਂ ਅਰਥਾਂ ਵਿਚ ਪੇਸ਼ ਵੀ ਕੀਤਾ ਹੈ।

<u>ਚੌਥਾ ਅਧਿਆਇ</u> ਕਥਾਨਕੀ ਸੂਚਕਾਂ ਅਧੀਨ ਪੌਰਾਣਿਕ ਹਵਾਲਿਆਂ ਨੂੰ ਵਿਸ਼ਲੇਸ਼ਤ ਕਰਨ ਵੱਲ ਰੁਚਿਤ ਹੁੰਦਾ ਹੈ। ਇਸ ਅਧਿਆਇ ਵਿਚ ਖੋਜ ਸੂਚਕਾਂ ਦੇ ਆਧਾਰ ਤੇ ਜੋ ਤੱਤ ਸਾਹਮਣੇ ਆਏ ਹਨ, ਉਸ ਅਧੀਨ ਸਭ ਤੋਂ ਪਹਿਲਾਂ ਮਨੁੱਖ ਦੇ ਚੇਤਨ, ਅਚੇਤਨ, ਆਦਿ-ਜੁਗਾਦਿ ਤੋਂ ਚਲਦੇ ਭਰਮਾਂ ਦੀਆਂ ਮਿਥਕਾਂ, ਰੂੜ੍ਹੀਆਂ ਅਤੇ ਮਿਥ ਜਗਤ ਨੂੰ ਵਿਸਤ੍ਰਿਤ ਰੂਪ ਵਿਚ ਸਮਝਿਆ ਹੈ। ਮਿਥ ਨੂੰ ਥੋੜ ਹੋਰ ਵਿਸਤ੍ਰਿਤ ਕਰਦੇ ਹੋਏ ਇਹ ਸਿੱਟਾ ਕੱਢਿਆ ਗਿਆ ਹੈ ਕਿ ਪੌਰਾਣਿਕਤਾ ਅਤੇ ਪੌਰਾਣਿਕ ਹਵਾਲਿਆਂ ਵਿਚ ਵੀ ਇਹੀ ਆਦਿ-ਜੁਗਾਦਿ ਮਿਥਾਂ ਕਾਰਜਸ਼ੀਲ ਹੁੰਦੀਆਂ ਹਨ। ਇਸ ਪ੍ਰਕਾਰ ਸਮੁੱਚਾ ਵਰਤਾਰਾ ਮਾਨਸ ਨੂੰ ਮਾਨਸ ਬਣਨ ਅਤੇ ਧਾਰਮਿਕ, ਸਮਾਜਿਕ ਸੰਸਕਾਰਾਂ ਦੀ ਸ਼ੁੱਧ ਰੂਪ ਵਿਚ ਪੂਰਤੀ ਕਰਨ ਵੱਲ ਅਗ੍ਰਸਰ ਹੈ। ਰਵਿਦਾਸ ਬਾਣੀ ਤਾਂ ਕੇਵਲ ਇਸ ਦਾ ਮਾਧਿਅਮ ਬਣਦੀ ਹੈ। ਨਾ ਕੇਵਲ ਗੁਰੂ ਰਵਿਦਾਸ, ਸਗੋਂ ਗੁਰੂ ਰਵਿਦਾਸ ਪੂਰਬਲੇ ਅਤੇ ਪਿਛਲੇਰੇ ਭਗਤ ਜਨ ਵੀ ਇਸੇ ਮਿਥਕ ਚੇਤਨਾ ਨੂੰ ਦ੍ਰਿੜਾਉਂਦੇ ਪ੍ਰਤੀਤ ਹੁੰਦੇ ਹਨ ਕਿ ਮਾਨਸ ਚੇਤਨਾ ਕਿਵੇਂ ਚੰਗਿਆਈ ਵੱਲ ਰੁਚਿਤ ਹੋਵੇ। ਅਜੋਕੇ ਆਧੁਨਿਕ ਯੁਗ ਵਿਚ ਵੀ ਇਸੇ ਲਈ ਰਵਿਦਾਸ ਬਾਣੀ ਦੀ ਸਾਰਥਕਤਾ ਅਤੇ ਪੌਰਾਣਿਕ ਚੇਤਨਾ ਦਾ ਵਿਗਿਆਨਕ ਨਜ਼ਰੀਏ ਤੋਂ ਅਧਿਐਨ ਮਹੱਤਵਪੂਰਨ ਬਣਿਆ ਹੋਇਆ ਹੈ। ਕਾਰਨ ਕਿ ਮਨੁੱਖੀ ਜਜ਼ਬੇ ਲੱਖਾਂ-ਹਜ਼ਾਰਾਂ ਵਰ੍ਹਿਆਂ ਤੋਂ ਇਸੇ ਪ੍ਰਕਾਰ ਦੀ ਸੰਗਲੀ ਵਿਚ ਬੱਝੇ ਹੋਏ ਹਨ।

ਗੁਰਮਤਿ ਚੇਤਨਾ ਗੁਰੂ ਰਵਿਦਾਸ ਦੇ ਸਮਾਂਤਰ ਹੈ ਤੇ ਤੁਰੀ। ਸਮਕਾਲ ਭਗਤ ਕਈ ਹੋਏ ਹਨ, ਪਰ ਗੁਰੂ ਨਾਨਕ ਚੇਤਨਾ ਅਚੇਤ, ਸੁਚੇਤ ਤੌਰ ਵੀ ਭਾਰਤ ਦੇ ਇਸ ਮਹਾਨ ਸੰਤ ਤੋਂ

ਪ੍ਰਭਾਵਿਤ ਦਿੱਸਦੀ ਹੈ। ਆਦਿ ਗ੍ਰੰਥ ਵਿਚ ਰਵਿਦਾਸ ਬਾਣੀ ਦਾ ਪ੍ਰਵੇਸ਼ ਇਸ ਮੱਤ ਦੀ ਪੁਸ਼ਟੀ ਕਰਦਾ ਹੈ। ਵਿਧ [illegible] ਅਤੇ ਵਿਚਾਰ ਦੇ ਪੱਖ ਤੋਂ ਵੀ ਇਨ੍ਹਾਂ ਦੀ ਇਕਸਾਰਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਪੰਜਵੇਂ ਅਧਿਆਇ ਵਿਚ ਅਸੀਂ ਦੋਵੇਂ ਬਾਣੀ ਰੂਪਾਂ ਨੂੰ ਵਿਚਾਰਧਾਰਕ ਪੱਧਰ ਉੱਤੇ, ਤੁਲਨਾਤਮਕ ਦ੍ਰਿਸ਼ਟੀ ਤੋਂ ਨਿਰਖ-ਪਰਖ ਦਾ ਆਧਾਰ ਬਣਾਇਆ ਹੈ। ਇਸ ਅਧਿਆਇ ਵਿਚ ਅਸੀਂ ਇਹ ਮੱਤ ਨਿਸ਼ਚਾਇਆ ਹੈ ਕਿ ਤੁਲਨਾਤਮਕ ਪੱਧਰ ਤੇ ਦੋਵੇਂ ਬਾਣੀ ਰੂਪਾਂ ਵਿਚ ਵਿਚਾਰਧਾਰਕ ਏਕਤਾ ਮਿਲਦੀ ਹੈ। ਸਮਿਤੀ ਦਾ ਅਧਿਆਸ ਕੇਵਲ ਬੋਲੀ ਅਤੇ ਅਭਿਵਿਅਕਤੀ ਨੂੰ ਤਬਦੀਲ ਕਰਦਾ ਹੈ ਪਰ ਵਿਚਾਰਧਾਰਕ ਪਹੁੰਚ ਦੋਵੇਂ ਬਾਣੀ ਰੂਪਾਂ ਦੀ ਇਕ ਹੈ। ਨਿਰਗੁਣਧਾਰਾ ਦੇ ਸੰਬੰਧ ਵਿਚ ਇਸ ਦਾ ਵਿਸ਼ੇਸ਼ ਉਲੇਖ ਵੀ ਇਸ ਅਧਿਆਇ ਵਿਚ ਕੀਤਾ ਹੈ।

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਆਖ ਸਕਦੇ ਹਾਂ ਕਿ ਇਹ ਸਮੁੱਚਾ ਸ਼ੋਧ ਕਾਰਜ ਰਵਿਦਾਸ ਬਾਣੀ ਦੇ ਹੋਰ, ਹੋਰ ਵਿਸਤ੍ਰਿਤ ਅਰਥਾਂ ਨੂੰ ਸਮਝਣ ਦੇ ਨਵੇਂ ਆਯਾਮ ਖੋਲ੍ਹੇਗਾ।

# ਪੁਸਤਕ-ਸੂਚੀ

# ਪੁਸਤਕ-ਸੂਚੀ

ਓਮ ਪ੍ਰਕਾਸ਼ ਵਸ਼ਿਸ਼ਟ, ਵਿਰਹ ਵਿਗਿਆਨ ਅਤੇ ਗੁਰੂ ਨਾਨਕ ਬਾਣੀ, ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ, 1987.

ਅਕਾਲੀ ਕੌਰ ਸਿੰਘ, ਗੁਰੂ ਸ਼ਬਦ ਰਤਨ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1986.

ਸਰਦੂਲ ਸਿੰਘ ਕਵੀਸ਼ਰ, ਸਿੱਖ ਧਰਮ ਦਰਸ਼ਨ, ਸੰਪਾ. ਜਗੀਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

ਸਾਹਿਬ ਸਿੰਘ (ਪ੍ਰੋਫੈਸਰ), ਸਟੀਕ ਭਗਤ ਬਾਣੀ (ਪੰਜ ਭਾਗ), ਸਿੰਘ ਬ੍ਰਦਰਜ਼, ਅੰਮ੍ਰਿਤਸਰ.

ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬ ਦਾ ਲੋਕ ਸਾਹਿਤ, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1968.

— ਮੱਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ, ਪ੍ਰੀਤਾ ਪ੍ਰਕਾਸ਼ਨਾ, ਦਿੱਲੀ, 1977.

ਹਰਭਜਨ ਸਿੰਘ ਸਾਗਰ, ਭਗਤ ਰਵਿਦਾਸ, ਜੀਵਨ ਤੇ ਰਚਨਾ, ਬਾਬਾ ਮਹਾ ਸਿੰਘ ਪ੍ਰਕਾਸ਼ਨ, ਲੁਧਿਆਣਾ, 1989.

ਹਰਿਭਜਨ ਸਿੰਘ (ਡਾ.), ਰਚਨਾ-ਸੰਰਚਨਾ, ਨਵਚੇਤਨ ਪਬਲਿਸ਼ਰਜ਼, ਘੰਟਾਘਰ, ਅੰਮ੍ਰਿਤਸਰ, 1977.

ਕਰਨੈਲ ਸਿੰਘ ਥਿੰਦ (ਡਾ.), ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1973.

— (ਸੰਪਾ.), ਲੋਕਯਾਨ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1978.

ਕਰਮ ਸਿੰਘ ਰਾਜੂ, ਰਤੂ ਕਲਜਾਵੇ ਰਾਮ ਤੋ: ਗੁਰੂ ਰਵਿਦਾਸ, ਰਤਨਾ ਮੈਮੋਰੀਅਲ ਟਰੱਸਟ, ਚੰਡੀਗੜ੍ਹ, ਮਿਤੀਹੀਣ.

ਕਾਸ਼ੀ ਨਾਥ ਉਪਾਧਿਆਏ, ਗੁਰੂ ਰਵਿਦਾਸ, ਰਾਧਾ ਸੁਆਮੀ ਸਤਿਸੰਗ, ਬਿਆਸ, ਪੰਜਾਬ, 1987.

ਕੁਲਬੀਰ ਸਿੰਘ ਕਾਂਗ (ਡਾ.), ਪੰਜਾਬੀ ਸਾਹਿਤ: ਅਧਿਐਨ ਤੇ ਚਿੰਤਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1988.

ਕੁਲਵੰਤ ਕੌਰ, ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦਾ ਆਲੋਚਨਾਤਮਕ ਅਧਿਐਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1986.

ਗੁਰਬਚਨ, ਫਿਰਨ, ਸੰਰਚਨਾ ਅਤੇ ਮਾਰਕਸਵਾਦ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1989.

ਜਸਬੀਰ ਸਿੰਘ ਸਾਬਰ, ਭਗਤ ਰਵਿਦਾਸ: ਸ੍ਰੋਤ ਪੁਸਤਕ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ,ਮਿਤੀਹੀਣ.

ਜੀਤ ਸਿੰਘ ਸੀਤਲ (ਡਾ.), ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪੈਪਸੂ ਬੁੱਕ ਡਿਪੂ, ਪਟਿਆਲਾ, 1977.

ਜੋਧ ਸਿੰਘ, ਭਾਈ, ਭਗਤ ਰਵਿਦਾਸ, ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974.

ਤਾਰਨ ਸਿੰਘ, ਡਾ., ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ, ਫ਼ਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, ਮਿਤੀਹੀਣ.

ਦਲੀਪ ਸਿੰਘ ਦੀਪ (ਡਾ.), ਨਾਟਕ ਮੈਂ ਰਵਿਦਾਸ ਸੰਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984.

ਨਰੈਣ ਸਿੰਘ, ਗਿਆਨੀ, ਸ੍ਰੀ ਗੁਰੂ ਭਗਤ ਮਾਲ (ਸਟੀਕ), ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੰਪਨੀ, ਬਾਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ, ਮਿਤੀਹੀਣ.

ਪ੍ਰੇਮ ਪ੍ਰਕਾਸ਼ ਸਿੰਘ (ਡਾ.), ਗੁਰੂ ਨਾਨਕ ਅਤੇ ਨਿਰਗੁਣਧਾਰਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1973.

ਧਰਮ ਪਾਲ ਸਿੰਗਲ (ਡਾ.), ਸੰਤ ਸ਼੍ਰੋਮਣੀ ਰਵਿਦਾਸ, ਦੀਪਕ ਪਬਲਿਸ਼ਰਜ਼, ਜਲੰਧਰ, 1983

— ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ, ਰਵਿਦਾਸ ਵੈਲਫੇਅਰ ਐਸੋਸੀਏਸ਼ਨ, ਯੂ. ਕੇ., 1985.

— ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1986.

ਰਤਨ ਸਿੰਘ ਜੱਗੀ, ਡਾ., ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ, ਹਿੰਦ ਬੁਕ ਕੰਪਨੀ, ਜਲੰਧਰ, 1965

— ਬਾਣੀ ਸ੍ਰੀ ਗੁਰੂ ਰਵਿਦਾਸ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ.

ਕਰੀਰ ਸਿੰਘ, ਡਾ., ਨਾਨਕ ਬਾਣੀ ਚਿੰਤਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1969.

ਕੋਸ਼ ਅਤੇ ਸੰਦਰਭ ਗ੍ਰੰਥ

ਹਰਕੀਰਤ ਸਿੰਘ (ਡਾ. ) (ਸੰਪਾ.), ਪੰਜਾਬੀ ਸ਼ਬਦ-ਰੂਪ ਤੇ ਸ਼ਬਦ ਜੋੜ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

ਜੈਨ ਜੈਨਸ, ਹਿੰਦੂ ਮਿਥਿਹਾਸ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963.

ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਸੰਕੇਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977.

ਕਾਨ੍ਹ ਸਿੰਘ ਨਾਭਾ (ਭਾਈ), ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ 1981.

ਖੋਜ-ਪੱਤਰ, ਪਤ੍ਰਿਕਾਵਾਂ ਅਤੇ ਰਸਾਲੇ

ਖੋਜ-ਦਰਪਣ, 1/1978, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ.

ਖੋਜ-ਪਤ੍ਰਿਕਾ (ਗੁਰਮਤਿ ਸਾਹਿਤ ਅੰਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.

ਪੰਜਾਬੀ ਦੁਨੀਆਂ (ਕਵੀ ਅੰਕ), ਸਤੰਬਰ-ਅਕਤੂਬਰ 1965, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ.

___ (ਗੁਰੂ ਰਵਿਦਾਸ ਅੰਕ), ਜੁਲਾਈ-ਅਗਸਤ 1971, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ.

___ (ਰਵਿਦਾਸ ਵਿਸ਼ੇਸ਼ਾਂਕ), ਜੂਨ-ਜੁਲਾਈ, 1977, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ.

ਜਾਗ੍ਰਤੀ (ਰਵਿਦਾਸ ਅੰਕ), ਫ਼ਰਵਰੀ 1977.

ਰਵਿਦਾਸ ਪਤ੍ਰਿਕਾ, ਫ਼ਰਵਰੀ 1977, ਜਲੰਧਰ.

## ਧਾਰਮਿਕ ਗ੍ਰੰਥ ਅਤੇ ਪੁਰਾਤਨ ਗ੍ਰੰਥ

ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1991.

ਸ੍ਰੀਮਦਭਾਗਵਤ ਪੁਰਾਣ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਅੰਮ੍ਰਿਤਸਰ, 1956.

ਕਵਿੱਤਰ ਨਾਟਕ, ਭਾਈ ਚਤਰ ਸਿੰਘ, ਜੀਵਨ ਸਿੰਘ, ਅੰਮ੍ਰਿਤਸਰ, 1989.

## ਖੋਜ-ਪ੍ਰਬੰਧ

ਜਸਵੰਤ ਸਿੰਘ ਛੋਟੇਵਾਲ, ਗੁਰੂ ਰਵਿਦਾਸ ਬਾਣੀ ਦਾ ਲੋਕਧਾਰਾਈ ਅਧਿਐਨ, (ਅਪ੍ਰਕਾਸ਼ਿਤ) ਗੁਰੂ ਰਵਿਦਾਸ ਚੇਅਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1988.

## ਹਿੰਦੀ ਪੁਸਤਕਾਂ

ਧਰਮਪਾਲ ਸਿੰਘ, ਸੰਤ ਰਵਿਦਾਸ, ਪ੍ਰਕਾਸ਼ਨ ਵਿਭਾਗ, ਸੂਚਨਾ ਔਰ ਪ੍ਰਸਾਰਣ ਮੰਤ੍ਰਾਲਯ, ਭਾਰਤ ਸਰਕਾਰ, ਦਿੱਲੀ, 1986.

ਸਤੇਂਦ੍ਰ (ਡਾ.), ਲੋਕ ਸਾਹਿਤ੍ਯ ਵਿਗਿਆਨ, ਸ਼ਿਵ ਲਾਲ ਅਗਰਵਾਲ ਐਂਡ ਕੰਪਨੀ, ਆਗਰਾ, 1962.

ਸੰਤ ਸ੍ਰੀ ਰੱਜਬ ਦੁਆਰਾ ਸੰਕਲਿਤ, ਪ੍ਰੋਫ਼ੈਸਰ ਧਰਮਪਾਲ ਸਿੰਗਲ (ਸੰਪਾ.), ਸਰਬੰਗੀ, ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ, 1990.

ਸ਼ੰਭੂਨਾਥ, ਮਿਥਕ ਔਰ ਆਧੁਨਿਕ ਕਵਿਤਾ, ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 1985.

ਸਵਿਤ੍ਰੀ ਸ਼ੁਕਲ, ਸੰਤ ਸਾਹਿਤਯ ਕੀ ਸਾਮਾਜਿਕ ਏਵਮ ਸਾਂਸਕ੍ਰਿਤਕ ਪ੍ਰਿਸ਼ਠਭੂਮੀ, ਵਿਸ਼ਵਵਿਦਿਆਲਯ ਹਿੰਦੀ ਪ੍ਰਕਾਸ਼ਨ, ਲਖਨਊ ਵਿਸ਼ਵਵਿਦਿਆਲਯ, 1963.

ਸ਼ਿਵ ਕੁਮਾਰ ਸ਼ਰਮਾ (ਡਾ.), ਹਿੰਦੀ ਸਾਹਿਤਯ: ਯੁੱਗ ਔਰ ਪ੍ਰਵਿਰਤੀਆਂ, ਅਸ਼ੋਕ ਪ੍ਰਕਾਸ਼ਨ, ਦਿੱਲੀ, 1973.

ਸੁਦਰਸ਼ਨ ਸਿੰਘ ਮਜੀਠੀਆ (ਡਾ.), ਸੰਤ ਸਾਹਿਤਯ, ਰੂਪਕਮਲ ਪ੍ਰਕਾਸ਼ਨ, ਦਿੱਲੀ, 1962.

ਸੁਰੇਸ਼ ਗੌਤਮ (ਡਾ.), ਸੰਧਯਾ ਭਾਸ਼ਾ: ਏਕ ਸਿਰਜਨਾਤਮਕ ਉਪਲਬਧੀ, ਸਾਹਿਤਯ ਪ੍ਰਕਾਸ਼ਨ, ਦਿੱਲੀ, 1973.

ਸੁਰਿੰਦਰ ਸਿੰਘ ਵਿਰਦੀ, ਆਦਿ ਗ੍ਰੰਥ ਦੇ ਪਰੰਪਰਾਗਤ ਤੱਤਾਂ ਦਾ ਅਧਿਐਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1978.

ਹਜ਼ਾਰੀ ਪ੍ਰਸਾਦ ਦ੍ਵਿਵੇਦੀ (ਆਚਾਰੀਆ), ਕਬੀਰ, ਰਾਜਕਮਲ ਪ੍ਰਕਾਸ਼ਨ, ਦਿੱਲੀ, 1971.

ਕ੍ਰਿਸ਼ਣਮਣੀ ਤ੍ਰਿਪਾਠੀ, ਪੁਰਾਣ ਤੱਤ੍ਵ ਮੀਮਾਂਸਾ, ਹਿੰਦੀ ਪ੍ਰਚਾਰਕ ਮੰਡਲ, ਲਖਨਊ, 1961.

ਚਤੁਰਵੇਦੀ ਦੁਆਰਕਾ ਪ੍ਰਸਾਦ ਸ਼ਰਮਾ (ਸੰਪਾ.), ਸੰਸਕ੍ਰਿਤ ਸ਼ਬਦਾਰਥ ਕੌਸਤੁਭ, ਰਾਮਨਾਰਾਇਣ ਲਾਲ ਬੇਨੀਪ੍ਰਸਾਦ, ਇਲਾਹਾਬਾਦ, 1978.

ਚੰਦ੍ਰਦੇਵ ਰਾਏ (ਡਾ.), ਕਬੀਰ ਔਰ ਰੈਦਾਸ: ਏਕ ਤੁਲਨਾਤਮਕ ਅਧਿਐਨ, ਸੌਹਾਰਦ ਪ੍ਰਕਾਸ਼ਨ, ਆਜ਼ਮਗੜ੍ਹ, 1978.

ਜਗਨਨਾਥ ਨਲਿਨ (ਡਾ.), ਭਕਤਿ ਕਾਵ੍ਯ ਮੇਂ ਮਾਧੁਰ੍ਯ ਭਾਵ ਕਾ ਸਵਰੂਪ, ਕੈਮਲ ਬੁਕ
ਕੰਪਨੀ, ਦਿੱਲੀ, 1966.

ਜਗਦੀਸ਼ ਤ੍ਰਿਪਾਠੀ (ਡਾ.), ਆਚਾਰਯ ਕੇਸ਼ਵ: ਸੰਸਕ੍ਰਿਤ ਕਾਵ੍ਯ ਸ਼ਾਸਤ੍ਰ ਕਾ ਇਤਿਹਾਸ,
ਦਰਸ਼ਨ, ਲੋਕਭਾਰਤੀ ਪ੍ਰਕਾਸ਼ਨ, ਇਲਾਹਾਬਾਦ, 1967.

ਤ੍ਰਿਲੋਚਨ ਪਾਂਡੇ, ਲੋਕ ਸਾਹਿਤ੍ਯ ਕਾ ਅਧਿਐਨ, ਲੋਕਭਾਰਤੀ ਪ੍ਰਕਾਸ਼ਨ, ਇਲਾਹਾਬਾਦ, 1978.

ਧਰਮਦੇਵ ਤਿਵਾਰੀ (ਡਾ.), ਹਿੰਦੀ ਔਰ ਆਸਾਮੀ ਕੇ ਪੌਰਾਣਿਕ ਨਾਟਕ, ਪ੍ਰਗਤੀ
ਪ੍ਰਕਾਸ਼ਨ, ਆਗਰਾ, 1979.

ਧਰਮਪਾਲ ਸਰੀਨ (ਡਾ.), ਨੋਰ ਤੇ ਤ੍ਰੈਹ ਕਵਿ ਮੇਰੇ ਗਤਿਕੂਚੂ, ਆਜ ਰੰਗ ਬੁੱਕ ਕੰਪਨੀ ਲਿ.,
ਨਵੀਂ ਦਿੱਲੀ, ਮਿਤੀਹੀਣ.

ਧਰਮਪਾਲ ਮੈਨੀ (ਡਾ.), ਸੰਤੋਂ ਕੇ ਧਾਰਮਿਕ ਵਿਸ਼ਵਾਸ, ਨਵੀਨ ਪਬਲੀਕੇਸ਼ਨ, ਮਲੇਰਕੋਟਲਾ,
1966.

ਨਗੇਂਦ੍ਰ (ਡਾ.), ਮਿਥਕ ਔਰ ਸਾਹਿਤ੍ਯ, ਕੇ. ਐਲ. ਮਲਿਕ ਐਂਡ ਸੰਨਜ਼, ਦਿੱਲੀ, ਮਿਤੀ ਰਹਿਤ.

ਨਾਭਾ ਜੀ, ਸ੍ਰੀ ਭਕਤਮਾਲ, ਤੇਜ ਕੁਮਾਰ ਬੁੱਕ ਡਿਪੂ (ਪ੍ਰਾ.) ਲਿਮਿ., ਲਖਨਊ, 1977.

ਪਰਸ਼ੂਰਾਮ ਚਤੁਰਵੇਦੀ (ਆਚਾਰਯ), ਸੰਤ ਸਾਹਿਤ੍ਯ ਕੇ ਪ੍ਰੇਰਣਾ ਸ੍ਰੋਤ, ਰਾਜਪਾਲ ਐਂਡ ਸੰਨਜ਼,
ਕਸ਼ਮੀਰੀ ਗੇਟ, ਦਿੱਲੀ, ਮਿਤੀ ਰਹਿਤ.

—— ਸੰਤ ਕਾਵ੍ਯਧਾਰਾ, ਕਿਤਾਬ ਮਹਲ, ਦਿੱਲੀ, 1981.

ਪ੍ਰਤਾਪ ਸਿੰਘ, ਭਕਤਮਾਲ, ਤੇਜਕੁਮਾਰ ਬੁੱਕ ਡਿਪੂ, ਲਖਨਊ, 1976.

ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਗੁਰੂ ਰਵਿਦਾਸ ਸੰਸਥਾਨ, ਚੰਡੀਗੜ੍ਹ, 1973.

ਬਲਦੇਵ ਉਪਾਧਿਆਏ (ਆਚਾਰਯ), ਪੁਰਾਣ-ਵਿਮਰਸ਼, ਚੌਖੰਭਾ ਵਿਦਿਆ ਭਵਨ, ਵਾਰਾਣਸੀ, 1987.

ਰਾਜਕੁਮਾਰ ਸੇਠੀ (ਡਾ.), ਸੰਤ ਕਾਵਯ ਮੇਂ ਪਰੋਕਸ਼ਸੱਤਾ ਕਾ ਸਵਰੂਪ, ਕੈਲਾਸ਼ ਪੁਸਤਕ ਸਦਨ, ਗਵਾਲੀਅਰ, 1967.

ਬੀ. ਪੀ. ਸ਼ਰਮਾ (ਡਾ.), ਸੰਤ-ਗੁਰੂ ਰਵਿਦਾਸ ਵਾਣੀ, ਸੂਰਜ ਪ੍ਰਕਾਸ਼ਨ, ਦਿੱਲੀ, ਸੰਮਤ 2035.

——— ਸੰਤ ਰਵਿਦਾਸ ਕੀ ਭਕਤਿ ਸਾਧਨਾ, ਵਿਸ਼ਵ ਭਾਰਤੀ ਪ੍ਰਕਾਸ਼ਨ, ਚੰਡੀਗੜ੍ਹ, ਮਿਤੀ ਰਹਿਤ.

ਭੋਲਾਨਾਥ ਤਿਵਾੜੀ, ਭਾਰਤੀਯ ਪੌਰਾਣਿਕ ਕਥਾਏਂ, ਰਾਜਕਮਲ ਪ੍ਰਕਾਸ਼ਨ, ਦਿੱਲੀ, ਮਿਤੀਹੀਣ.

ਮਨਮੋਹਨ ਸਹਿਗਲ (ਡਾ.), ਗੁਰੂ ਗ੍ਰੰਥ ਸਾਹਿਬ: ਏਕ ਸਾਂਸਕ੍ਰਿਤਿਕ ਸਰਵੇਖਣ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.

ਰਘੂਨਾਥ ਦੱਤ ਵੈਦ (ਪੰ.), ਪੁਰਾਣ-ਕਥਾ-ਕੌਮੁਦੀ, ਨੇਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 1962.

ਰਵੀਂਦ੍ਰ ਕੁਮਾਰ, ਹਿੰਦੀ ਭਕਤਿ-ਸਾਹਿਤਯ ਮੇਂ ਲੋਕ ਤੱਤ੍ਵ, ਭਾਰਤੀਯ ਸਾਹਿਤਯ ਮੰਦਿਰ, ਦਿੱਲੀ, 1965.

ਰਾਮਦੇਵ ਸਿੰਘ (ਡਾ.), ਸੰਤ ਸਾਹਿਤਯ : ਪੁਨਰ ਮੂਲਯਾਂਕਣ, ਆਰਯ ਬੁੱਕ ਡਿਪੋ, ਨਵੀਂ ਦਿੱਲੀ, 1973.

ਰਾਮਨਾਰਾਯਣ ਉਪਾਧਿਆਏ, ਕਥਾਓਂ ਕੀ ਕੰਠ-ਕਥਾਏਂ, ਪ੍ਰਭਾਤ ਪ੍ਰਕਾਸ਼ਨ, ਦਿੱਲੀ, 1981.

ਰਾਮੇਸ਼੍ਵਰ ਦਯਾਲ (ਡਾ.), ਸੰਤ ਕਬੀਰ ਦ੍ਰਿਸ਼ਟਕੂਟ ਪਰੰਪਰਾ ਔਰ ਤੰਤ੍ਰ-ਸੰਸਕ੍ਰਿਤ, ਪਾਂਡੁਲਿਪੀ ਪ੍ਰਕਾਸ਼ਨ, ਦਿੱਲੀ, 1975

ਵਿਦਿਆਧਰ ਪ੍ਰਸਾਦ, ਲੋਕਿਕਤਾ ਬੋਧ ਭਕਤਿ ਸਾਹਿਤ੍ਯ, ਪ੍ਰਭਾਤ ਪ੍ਰਕਾਸ਼ਨ, ਦਿੱਲੀ, 1978.

ਵਿਮਲ ਸ਼ੰਕਰ (ਡਾ.), ਨਿਰਗੁਣ ਕਵੀ ਤੇ ਸਾਮਾਜਿਕ ਆਦਰਸ਼, ਆਰ.ਜੇ ਪ੍ਰਕਾਸ਼ਨ ਗ੍ਰਹਿ, ਨਵੀਂ ਦਿੱਲੀ, 1979.

ਵਿਜੇਂਦ੍ਰ ਕਰੀ (ਡਾ.), ਰਾਮਾਇਣੀ ਪਰੰਪਰਾ, ਸਮਤਾ ਸਾਹਿਤ੍ਯ ਮੰਡਲ, 1967.

ਵੀਰੇਂਦ੍ਰ (ਡਾ.), ਸਿੱਖ ਦਰਸ਼ਨ ਕਾ ਵਿਕਾਸ, ਸ੍ਮ੍ਰਿਤਿ ਪ੍ਰਕਾਸ਼ਨ, ਇਲਾਹਾਬਾਦ, 1984.

## ਕੋਸ਼

ਸੰਸਕ੍ਰਿਤ ਸਾਹਿਤ੍ਯ ਕੋਸ਼, ਰਾਜਵੰਸ਼ ਸਹਾਏ ਹੀਰਾ (ਡਾ.) (ਸੰਪਾ.), ਚੌਖੰਭਾ ਸੰਸਕ੍ਰਿਤ ਸੀਰੀਜ਼ ਆਫ਼ਿਸ, ਵਾਰਾਣਸੀ, 1973.

ਹਿੰਦੀ ਸਾਹਿਤ੍ਯ ਕੋਸ਼, ਭਾਗ 1, ਧੀਰੇਂਦ੍ਰ ਵਰਮਾ (ਸੰਪਾ.), ਗਿਆਨ ਮੰਡਲ ਲਿਮਿ., ਵਾਰਾਣਸੀ, 2020 ਸੰਮਤ.

ਹਿੰਦੀ ਸ਼ਬਦ ਕੋਸ਼, ਹਿੰਦੁਸਤਾਨੀ ਅਕੈਡਮੀ, ਇਲਾਹਾਬਾਦ.

ਹਿੰਦੀ ਵਿਸ਼ਵਕੋਸ਼, ਖੰਡ 7, 10, ਨਾਗਰੀ ਪ੍ਰਚਾਰਣੀ ਸਭਾ, ਵਾਰਾਣਸੀ.

ਹਿੰਦੂ ਧਰਮ ਕੋਸ਼, ਰਾਜਬਲੀ ਪਾਂਡੇ (ਡਾ.) (ਸੰਪਾ.), ਉੱਤਰ ਪ੍ਰਦੇਸ਼ ਹਿੰਦੀ ਸੰਸਥਾਨ, ਲਖਨਊ.

ਪੌਰਾਣਿਕ ਕੋਸ਼, ਰਾਣਾ ਪ੍ਰਸਾਦ ਸ਼ਰਮਾ (ਸੰਪਾ.), ਗਿਆਨ ਮੰਡਲ ਲਿਮਿ., ਵਾਰਾਣਸੀ, ਸੰਮਤ 2027.

ਭਾਰਤੀਯ ਇਤਿਹਾਸ ਕੋਸ਼, ਸੱਚਿਦਾਨੰਦ ਭੱਟਾਚਾਰਯ (ਸੰਪਾ.), ਹਿੰਦੀ ਸਮਿਤਿ, ਲਖਨਊ.

ਭਾਰਤੀਯ ਮਿਥਕ ਕੋਸ਼, ਊਸ਼ਾਪੁਰੀ ਵਿਦਿਆਵਾਚਸਪਤੀ (ਡਾ.), (ਸੰਪਾ.), ਨੈਸ਼ਨਲ ਪਬਲਿਸ਼ਿੰਗ ਹਾਊਸ, ਨਵੀਂ ਦਿੱਲੀ, 1985.

ਵਾਲਮੀਕਿ ਰਾਮਾਇਣ ਕੋਸ਼, ਰਾਮਕੁਮਾਰ ਰਾਏ (ਸੰਪਾ.), ਚੌਖੰਬਾ ਸੰਸਕ੍ਰਿਤ ਸੀਰੀਜ਼ ਆਫ਼ਿਸ, ਵਾਰਾਣਸੀ.

**ਸਾਹਿਤ ਇਤਿਹਾਸ**

ਰਾਮਕੁਮਾਰ ਵਰਮਾ, ਹਿੰਦੀ ਸਾਹਿਤ ਕਾ ਆਲੋਚਨਾਤਮਕ ਇਤਿਹਾਸ, ਪ੍ਰਯਾਗ ਵਿਸ਼ਵਵਿਦਿਆਲਯ, ਇਲਾਹਾਬਾਦ.

**ਰਸਾਲੇ**

ਪ੍ਰਗਿਆਤਮਨ, ਦਸੰਬਰ, 1979, ਦਿੱਲੀ.

ਪੰਜਾਬ ਸੌਰਭ (ਗੁਰੂ ਰਵਿਦਾਸ ਵਿਸ਼ੇਸ਼ ਅੰਕ), ਮਈ-ਜੂਨ 1972, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ.

**ਧਾਰਮਿਕ ਗ੍ਰੰਥ**

ਸ਼ਿਵ ਪੁਰਾਣ, ਠਾਕੁਰ ਪ੍ਰਸਾਦ ਐਂਡ ਸੰਨਜ਼, ਬੁਕਸੈਲਰ, ਵਾਰਾਣਸੀ, 1984.

ਸ਼੍ਰੀਮਦਭਗਵਤ ਗੀਤਾ, ਗੀਤਾ ਪ੍ਰੈਸ, ਗੋਰਖਪੁਰ, ਸੰਮਤ 2024

ਬ੍ਰਹਮਵੈਵਰਤ ਪੁਰਾਣ, ਗੀਤਾ ਪ੍ਰੈਸ, ਗੋਰਖਪੁਰ.

ਵਿਸ਼ਣੂ ਪੁਰਾਣ, ਗੀਤਾ ਪ੍ਰੈਸ, ਗੋਰਖਪੁਰ.

English

Barthes, Roland, Writing Degree Zero, trans. Annettee Havers and Colin Smith, Cape, London, 1967.

___ Mythologies, trans. Annettee Havers and Colin Smith, Cape, London, 1 72.

Dimmitt, Buitenen, Classical Hindu Mythology, Rupa and Co., Delhi, 1983.

Freud, Sigmund, Totem and Taboo, Routledge and Kegan Paul, 1960.

Handy and Westbrook (eds.), Twentieth Century Criticism, Light and Life Publishers, New Delhi, 1976.

Hazra, R.C. (Dr), Studies in the Upa-Puranas, The Sanskrit College, Calcutta, 1963-63.

___ Studies in the Puranic Records on Hindu Rites and Customs, Motilal Banarssidass, Delhi, Patna, Varanasi, 1975.

Levi-Strauss, Claude, Myth and Meaning, Routledge and Kegan Paul, London and Henley, 1978.

Pulsker, A.D. (Dr), Studies in Epics and Puranas in India, Bharatya Vidya Bhavan, Bombay, 1955.

Radhakrishnan, S., The Bhagavadgita, Blackie and Sons (India), Bombay, Calcutta, Madras, New Delhi, 1976.

Radice, Betty, Hindu Myths, Penguin Classics, London, 1982.

Raja, C. Kunhan, Survey of Sanskrit Literature, Bharatiya Vidya Bhawan, Bombay, 1962.

Shakuntla Devi, Gods and Goddesses in Indian Mythology, India Book House Education Trust, Bombay, 1979.

Taran Singh, Sikh Gurus and the Indian Spiritual Thought, Punjabi University, Patiala, 1981.

Thomas, P., Epics, Myths and Legends of India, D.B. Taraporevala Sons and Company, Bombay.

Wilkins, W.J., Hindu Mythology, Rupa and Company, Delhi, 1978.

## Dictionaries

Dictionary of the History of Ideas (ed. Phillip P. Wiener), Charles Scribner's Sons, New York, 1973.

Dictionary of Mythology, Folklore and Symbols, (ed. Gertrude Jokes), The Scarecrow Press, New York, 1962.

Standard Dictionary of Folklore, Mythology and Legend, (ed. Maria Leach), Funk Wagnalls, New English Library, London, 1975.

The Fontana Dictionary of Modern Thought (ed. Bullock and Styllybrass), Fontana Books, London, 1977.

**Encyclopaedias**

Encyclopaedia Britannica, Encyclopaedia Britannica Ltd. London, Ed. Abbr. En. Br.), 1959.

Encyclopaedia of Religion and Ethics (ed. James Hastings), T and T Clark, Edinburgh, 1952.